
ਪ੍ਰਾਚੀਨ ਪੰਜਾਬੀ ਗੱਦ

1978

[illegible]-00

ਇਸੇ ਕਲਮ ਤੋਂ—

ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਰਬਾਬ, ਨਾਨਕੁ ਸਾਇਰ ਏਵ ਕਹਤ ਹੈ, ਗੁਰੂ ਨਾਨਕ ਜਿਨ ਸੁਣਿਆ ਪੇਖਿਆ, ਗੋਬਿੰਦ ਸਾਗਰ, ਦਸਮ ਗ੍ਰੰਥ ਦਰਸ਼ਨ, ਆਦਿ ਗ੍ਰੰਥ ਦਰਸ਼ਨ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਸੰਖੇਪ ਸਿਖ ਇਤਿਹਾਸ, ਗੁਰਬਾਣੀ ਕੋਸ਼, ਪ੍ਰਸਿਧ ਪੰਜਾਬੀ ਪੰਜਾਬੀ ਮਹਾਰਾਜਾ, ਮਹਾਂ ਕਵੀ ਸੰਤੋਖ ਸਿੰਘ, ਕਲਮ ਦੇ ਧਨੀ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਵਾਰਾਂ, ਪੰਜਾਬੀ ਜੰਗਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਹਾਸ਼ਮ ਰਚਨਾਵਲੀ, ਸਾਈਂ ਬੁਲ੍ਹੇ ਸ਼ਾਹ, ਵਾਰਿਸ ਸ਼ਾਹ, ਮਹਾਂਕਵੀ ਸੰਤ ਰੈਣ, ਮਿਰਜ਼ੇ ਦੀਆਂ ਸੱਦਾਂ, ਬੋਲੇ ਸ਼ੇਖ ਫਰੀਦ, ਦਰਸ਼ਨ ਭਗਤ, ਬਾਬਾ ਵਜੀਦ, ਜੰਗਨਾਮਾ, ਪੰਜਾਬੀ ਕਵੀ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਲਾ, ਪੁਸ਼ਪਾਂਜਲੀ, ਮਾਲੀ, ਪੰਛੀ, ਆਜ਼ਾਦੀ ਆਦਿ ।



੧੯੭੯ ਪਹਿਲੀ ਛਾਪ ਕੀਮਤ ਤੇਰਾਂ ਰੁਪਏ

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਰ, ਲੋਅਰ ਮਾਲ, ਪਟਿਆਲਾ ।

ਤਤਕਰਾ

ਸੋਧ— 13 ਪੰਨੇ ਤੇ ਮੀਰਾਂ ਜੀ ਖੁਦਾਨੁਮਾ ਤੇ 180 ਪੰਨੇ ਤੇ ਪਸਰੋਕਤਿ (ਚੁਗਲਖੋਰੀ) ਚਾਹੀਦਾ ਹੈ।

ਦੋ ਸ਼ਬਦ

ਪ੍ਰਾਚੀਨ ਸਾਹਿੱਤ ਦੀ ਸੰਭਾਲ ਸਮੇਂ ਦੀ ਸਭ ਤੋਂ ਜ਼ਰੂਰੀ ਮੰਗ ਹੈ। ਪਿਛਲੇ ਪੈਂਤੀ ਤੀਹ ਸਾਲਾਂ ਦੇ ਦਰਮਿਆਨ ਹਜ਼ਾਰਾਂ ਹੱਥ-ਲਿਖਤਾਂ ਦੇਖਣ ਦਾ ਮੌਕਾ ਮਿਲਿਆ ਤੇ ਕੁਝ ਜਤਨ ਵੀ ਕੀਤਾ ਹੈ ਕਿ ਵਧੀਆ ਪ੍ਰਾਚੀਨ ਪੰਜਾਬੀ ਕਵਿਤਾ ਕਿਵੇਂ ਨ ਕਿਵੇਂ ਪ੍ਰਕਾਸ਼ ਵਿਚ ਆ ਜਾਵੇ, ਜਿਸ ਤੋਂ ਸਾਨੂੰ ਆਪਣੇ ਵਿਰਸੇ ਦਾ ਗਿਆਨ ਅਤੇ ਮਾਣ ਹੋਵੇ। ਇਸ 'ਰਤਨ ਮਾਲਾ' ਹੇਠ ਪੰਜਾਬੀ ਮਾਝਾਂ, ਵਾਰਾਂ, ਬਾਰਾਂਮਾਹੇ, ਸੀਹਰਫੀਆਂ, ਸੱਦਾਂ, ਜੰਗਾਂ, ਝਗੜੇ ਤੇ ਕਿੱਸੇ ਆਦਿ ਦੇ ਕਾਵਿ-ਰੂਪਾਂ ਅਨੁਸਾਰ ਕਈ ਹਾਰ ਪਰੋਏ ਗਏ ਅਤੇ ਕੁਝ ਕੁ ਕਵੀਆਂ ਦੇ ਨਾਂ ਤੇ ਵੀ—ਸ਼ਾਹ ਹੁਸੈਨ, ਹਾਸ਼ਮ ਸ਼ਾਹ, ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਫਰੀਦ, ਦਰਸ਼ਨ ਭਗਤ, ਸਾਧੂ ਜਨ, ਸੰਤ ਰੇਣ, ਈਸ਼ਰ ਦਾਸ ਆਦਿਕ ਦੀ ਪੰਜਾਬੀ ਰਚਨਾਵਲੀ ਦੇ ਦੋਰੇ ਵੇਟੇ ਗਏ ਤਾਕਿ ਸਾਨੂੰ ਕਿਸੇ ਭੁਲੇਖੇ ਕਾਰਣ ਸਾਹਿਤਕ ਗਰੀਬੀ ਦਾ ਅਹਿਸਾਸ ਨ ਰਹੇ।

ਇਸ ਅਰਸੇ ਵਿਚ ਕਈ ਵਾਰ ਕਿਤਨੇ ਹੀ ਗੱਦ-ਗ੍ਰੰਥ ਵੇਖਣ ਦਾ ਵੀ ਮੌਕਾ ਮਿਲਿਆ ਤੇ ਕਈ ਐਸੀਆਂ ਚੀਜ਼ਾਂ ਨਜ਼ਰੀਂ ਪਈਆਂ, ਜੋ ਅਜੇ ਤਕ ਬਿਲਕੁਲ ਪ੍ਰੈਸ ਵਿਚ ਨਹੀਂ ਆਈਆਂ, ਜਿਵੇਂ ਕਿ 'ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ', ਸੂਫੀਆਂ ਸਾਧਾਂ ਦੇ ਬਚਨ, ਸੁਖਨ, ਗੋਸਟਾਂ, ਨਾਮੇ ਤੇ ਤਰਜਮੇ ਆਦਿ। ਇਹ ਚੀਜ਼ਾਂ ਸਿਖਿਆਦਾਇਕ ਵੀ ਸਨ ਤੇ ਰਸਦਾਇਕ ਵੀ। 'ਬਚਨ ਸਾਈਂ ਲੋਕਾਂ ਦੇ' ਨਾਮ ਹੇਠ ਕੁਝ ਰਚਨਾਵਾਂ ਪ੍ਰਕਾਸ਼ਤ ਵੀ ਕੀਤੀਆਂ, ਮਗਰ ਇਸ ਨਾਲ ਪੂਰੀ ਤਸੱਲੀ ਨ ਹੋਈ ਕਿਉਂਕਿ ਪ੍ਰਾਚੀਨ ਗੱਦ ਦੇ ਹੋਰ ਵੀ ਅਨੇਕਾਂ ਰੂਪ ਸਨ ਤੇ ਅਨੇਕਾਂ ਐਸੀਆਂ ਕਿਰਤਾਂ ਸਨ, ਜਿਨ੍ਹਾਂ ਨੂੰ ਪੇਸ਼ ਕਰਨ ਤੇ ਤਰਤੀਬ ਵਿਚ ਬੰਨ੍ਹਣ ਲਈ ਸਮੇਂ ਦੀ ਲੋੜ ਸੀ। ਮੌਲਿਕ ਰਚਨਾਵਾਂ ਤੋਂ ਬਿਨਾਂ ਕਈ ਸੰਸਕ੍ਰਿਤ, ਫਾਰਸੀ, ਅਰਬੀ ਤੋਂ ਅਨੁਵਾਦਿਤ ਐਸੇ ਗ੍ਰੰਥ ਸਨ, ਜਿਨ੍ਹਾਂ ਦਾ ਕੋਈ ਮੁਕਾਬਲਾ ਨਹੀਂ। ਇਹ ਠੀਕ ਹੈ ਕਿ ਵਡੇ ਸੰਪੂਰਣ ਗ੍ਰੰਥਾਂ ਨੂੰ ਛਾਪਣਾ ਵੱਡੀਆਂ ਸੰਸਥਾਵਾਂ ਦਾ ਹੀ ਕੰਮ ਹੈ; ਪਰ ਇਹ ਵਿਚਾਰੀਆਂ ਪ੍ਰਬੰਧਕ ਗੋਰਖ ਧੰਦੇ ਵਿਚੋਂ ਨਿਕਲਣੋਂ ਅਸਮੱਰਥ ਹਨ। ਪਰੰਤੂ ਇਨ੍ਹਾਂ ਚੀਜ਼ਾਂ ਦਾ ਪ੍ਰਕਾਸ਼ਨ ਇਤਨਾ ਮਹੱਤਵ ਪੂਰਨ ਕੰਮ ਕਿਸ ਵੇਲੇ ਕਰਨ।

ਹੈ ਕਿ ਇਨ੍ਹਾਂ ਨੂੰ ਛੱਡਿਆ ਵੀ ਨਹੀਂ ਜਾ ਸਕਦਾ। ਕਈ ਅੰਜਾਣ ਬੱਚੇ ਅਜੇਹੀ ਦੁਆ ਕਰਦੇ ਵੀ ਸੁਣੀਦੇ ਹਨ ਕਿ ਰੱਬਾ! ਰਿਜ਼ਕ ਨ ਦੇਈਂ; ਮਾਂ ਬਾਲਣ ਇਕੱਠਾ ਕਰਨ ਭੇਜੇਗੀ। ਜੋ ਬਹੁਤੇ ਲੋਕ ਵਡੇ ਕੰਮਾਂ ਤੋਂ ਉਂਜ ਸੰਕੁਚਦੇ ਹਨ, ਕੋਈ ਸ਼ੌਕ ਨਹੀਂ ਰਖਦੇ, ਪਰੰਤੂ ਇਨ੍ਹਾਂ ਦਾ ਪ੍ਰਕਾਸ਼ਨ ਇਤਨਾ ਜ਼ਰੂਰੀ ਹੈ ਕਿ ਇਸ ਪਾਸਿਓਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਦੂਜੇ ਪਾਸੇ ਇਤਿਹਾਸਕ ਵਿਕਾਸ ਵੀ ਸਾਨੂੰ ਵੰਗਾਰ ਪਿਆ ਪਾਉਂਦਾ ਹੈ।

ਗੱਦ, ਸਾਰੇ ਸੰਸਾਰ ਦੀ ਬੋਲਚਾਲ ਦਾ ਮਾਧਿਅਮ ਹੈ। ਸੋ ਇਸਦੀ ਹਸਤੀ ਆਦਿ, ਜੁਗਾਦੀ ਹੈ। ਅਸੀਂ ਕੇਵਲ ਇਸਦੇ ਲਿਖਤੀ ਸਰੂਪ ਤਕ ਜਾ ਸਕਦੇ ਹਾਂ, ਜਾਂ ਵਧ ਤੋਂ ਵਧ ਸਾਡਾ ਸ਼ੌਕ ਹੈ ਕਿ ਇਸਦੇ ਸਾਹਿਤਕ ਰੂਪਾਂ ਦੇ ਵਿਕਾਸ ਨੂੰ ਵੀ ਚੰਗੀ ਤਰ੍ਹਾਂ ਜਾਣਿਆ ਜਾਵੇ। ਵੇਦਾਂ ਦਾ ਕੁਝ ਭਾਗ ਗੱਦ ਹੈ, ਉਪਨਿਸ਼ਦ ਸਾਰੇ ਹੀ ਗੱਦ ਵਿਚ ਹਨ ਪਰ ਸੰਸਕ੍ਰਿਤ ਦੇ ਸਾਹਿਤਕ ਰੂਪ ਵਾਲੀ ਗੱਦ ਬਾਣ ਭੱਟ ਦੀ ਕਾਦੰਬਰੀ (ਸੱਤਵੀਂ ਸਦੀ) ਹੀ ਹੈ। ਪੁਰਾਤਨ ਸਾਧ-ਭਾਖਾ ਦੀ ਗੱਦ ਜੋਗੀਆਂ ਨਾਥਾਂ ਦੀ ਹੀ ਹੋ ਸਕਦੀ ਸੀ, ਜੋ 'ਗੋਰਖ ਸਾਰ' 1357 ਈ: ਦੀ ਰਚਨਾ ਮੰਨੀ ਜਾਂਦੀ ਹੈ। ਦੱਖਣੀ ਹਿੰਦੀ ਜਾਂ ਉਰਦੂ ਦਾ ਗੱਦ ਪੰਦ੍ਰਵੀਂ ਸਦੀ ਤੋਂ ਸ਼ੁਰੂ ਹੈ ਜਿਵੇਂ ਕਿ ਬੰਦਾ ਨਿਵਾਜ਼ ਦੀ 'ਮੇਅਰਾਜੁਲ ਆਸ਼ਕੀਨ' ਜਾਂ ਮੌਲਾਨਾ ਵਜਹੀ ਦਾ 'ਸਬ ਰਸ'। ਰਾਜਸਥਾਨੀ ਵਾਰਤਕ ਰਚਨਾ 'ਪ੍ਰਿਥਵੀ ਚੰਦ ਚਰਿਤ੍ਰ' 1421 ਈ: ਦੀ ਲਿਖੀ ਦਸੀ ਗਈ ਹੈ। ਵੈਸੇ ਇਸ ਤੋਂ ਪਹਿਲਾਂ ਉਥੇ ਦਾਨ-ਪੱਤਰਾਂ, ਸ਼ਿਲਾ ਲੇਖਾਂ, ਜੈਨੀ ਸਾਧੂਆਂ ਤੇ ਭੱਟਾਂ ਚਾਰਣਾਂ ਦੀਆਂ ਲਿਖੀਆਂ ਯਾਦਦਾਸ਼ਤਾਂ ਖਿਆਤਾਂ, ਬਾਤਾਂ ਤੇ ਬਚਨਿਕਾਵਾਂ ਢੇਰ ਮਾਤਰਾ ਵਿਚ ਪ੍ਰਾਪਤ ਹਨ। ਫਾਰਸੀ ਵਿਦੇਸ਼ੀ ਜ਼ਬਾਨ ਸੀ ਪਰ ਨੌਵੀਂ ਦਸਵੀਂ ਸਦੀ ਤੋਂ ਮਜ਼ਬੀ ਤੇ ਰਾਜਨੀਤਕ ਪ੍ਰਭਾਵ ਕਾਰਣ ਇਸਦੀ ਨਸਰ ਵੀ ਸਾਡੇ ਉਤੇ ਅਸਰਅੰਦਾਜ਼ ਹੋਈ। ਸੂਫ਼ੀ ਫ਼ਕੀਰਾਂ ਦੇ ਤਜ਼ਕਰੇ, ਮਲਫ਼ੂਜ਼ਾਤ, ਸੁਖ਼ਨ ਤੇ ਬਾਦਸ਼ਾਹ ਅਮੀਰਾਂ ਦੀਆਂ ਤ੍ਵਾਰੀਖ਼ਾਂ ਤੇ ਸ਼ਾਹੀ ਫੁਰਮਾਨ ਸਭ ਗੱਦ ਵਿਚ ਚਲਦੇ ਸਨ ਤੋਜ਼ਕਿ ਬਾਬਰੀ, ਤੋਜ਼ਕਿ ਜਹਾਂਗੀਰੀ ਵਰਗੀਆਂ ਡਾਇਰੀਆਂ ਤੇ ਪਿਛੋਂ ਅਬੂ ਫ਼ਜ਼ਲ ਜੈਸੇ ਵਿਦਵਾਨਾਂ ਨੇ ਅਕਬਰ ਨਾਮਾ ਤੇ ਆਇਨਿ ਅਕਬਰੀ ਆਦਿ ਲਿਖਕੇ ਫਾਰਸੀ ਨਸਰ ਦੀ ਉਤਕ੍ਰਿਸ਼ਟਤਾ ਸਥਾਪਨ ਕੀਤੀ ਤੇ ਸਾਡੀਆਂ ਬੋਲੀਆਂ ਉਤੇ

ਡੂੰਘਾ ਪ੍ਰਭਾਵ ਪਾਇਆ। ਫਿਰ ਫਾਰਸੀ ਸਿੱਖਿਆ ਦਾ ਵੀ ਮਾਧਿਅਮ ਸੀ ਇਸ ਕਰਕੇ ਕਸ਼ਫੁਲ ਮਹਜੂਬ (ਸ਼ਿਖਅਲੀ ਹੁਜਵੀਰੀ) ਕੀਮੀਆਇ ਸਆਦਤ (ਇਮਾਮ ਗੱਜ਼ਾਲੀ), ਚਹਾਰ ਮਕਾਲਾ (ਨਿਜ਼ਾਮੀ ਸਮਰਕੰਦੀ) ਤੇ ਕਈ ਅਰਬੀ ਦੇ ਉਚ ਗ੍ਰੰਥ ਅਧਿਐਨ ਦਾ ਵਿਸ਼ਾ ਬਣੇ। ਜ਼ਰੂਰੀ ਸੀ ਕਿ ਇਸ ਦੇ ਕੁਝ ਚੰਗੇ ਸਿੱਟੇ ਨਿਕਲਦੇ। ਸੋ ਸਾਡੇ ਲੋਕਾਂ ਵੀ ਮੌਲਿਕ ਤੇ ਤਰਜਮਿਆਂ ਦੇ ਰੂਪ ਵਿਚ ਉਚੀ ਭਾਂਤ ਦੀ ਗੱਦ ਰਚਨਾ ਕੀਤੀ। ਇਸ ਸਾਰੀ ਨੂੰ ਛਾਪ ਸਕਣਾ ਸਾਡੇ ਵਸ ਦੀ ਬਾਤ ਨਹੀਂ। ਪਰ ਇਸ ਨੂੰ ਅੱਖੋਂ ਉਹਲੇ ਵੀ ਨਹੀਂ ਕੀਤਾ ਜਾ ਸਕਦਾ। ਸਾਡੇ ਕੁਝ ਵਿਦਵਾਨਾਂ ਜਨਮਸਾਖੀ ਸਾਹਿਤ ਉਤੇ ਕੁਝ ਕੰਮ ਕੀਤਾ ਹੈ ਪਰ ਬਾਕੀ ਦਾ ਗੱਦ-ਸਾਹਿਤ ਬਹੁਤਾ ਅਣਗੌਲਿਆ ਹੀ ਪਿਆ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਨੇ 'ਪੁਰਾਤਨ ਪੰਜਾਬੀ ਵਾਰਤਕ' (1973) ਸੰਪਾਦਿਤ ਕਰਕੇ ਇਸ ਮੋਨ ਨੂੰ ਤੋੜਨ ਦਾ ਹੀਆ ਕੀਤਾ ਹੈ।

ਮੇਰੀ ਚਿਰੋਕਣੀ ਇਛਾ ਸੀ ਕਿ ਪ੍ਰਾਚੀਨ ਪੰਜਾਬੀ ਗੱਦ ਦੀ ਵੰਨ-ਸੁਵੰਨੀ ਵੰਨਗੀ ਗੁਲਦਸਤੇ ਵਾਂਙ ਸਾਜੀ ਜਾਵੇ ਤਾਂ ਕਿ ਸਾਡੇ ਪਾਠਕਾਂ ਨੂੰ ਇਹ ਅਨੁਭਵ ਹੋ ਸਕੇ ਕਿ ਅਸੀਂ ਕਿਵੇਂ ਵੀ ਕਿਸੇ ਤੋਂ ਪਿਛੇ ਨਹੀਂ। ਇਹ ਇਕ ਪਰਗਟ ਹਕੀਕਤ ਹੈ। ਸਾਡੇ ਗੱਦ ਸਾਹਿਤ ਵਿਚ ਸੂਖਮ ਤੇ ਸੁਹਾਵਣੇ ਵਿਚਾਰ ਦੀ ਸ਼ਕਤੀ ਅਤੇ ਸ਼ੈਲੀ ਦੀ ਖੂਬਸੂਰਤੀ ਤੇ ਮਟਕ ਮੌਜੂਦ ਹੈ।

ਪਾਠਕ ਵੇਖਣਗੇ ਕਿ ਕਿਤਨੀਆਂ ਮਨੋਹਰ ਚੀਜ਼ਾਂ ਸਾਡੇ ਖਰੜਿਆਂ ਦੇ ਬਸ-ਤਿਆਂ ਵਿਚ ਬੰਦ ਪਈਆਂ ਹਨ ਤੇ ਜੇ ਅਸੀਂ ਇਨ੍ਹਾਂ ਨੂੰ ਪ੍ਰੈਸ ਰਾਹੀਂ ਪ੍ਰਸਾਰ ਵਿਚ ਲੈ ਆਈਏ ਤਾਂ ਇਹ ਗੱਦ-ਗੁਲਜ਼ਾਰ ਕਵਿਤਾ ਦੀ ਬਹਾਰ ਵਾਂਙ ਸਾਨੂੰ ਸਭ ਨੂੰ ਸਰਸ਼ਾਰ ਕਰ ਸਕਦੀ ਹੈ। ਸਾਡੀ ਬੇਬਸੀ ਹੈ ਕਿ ਅਸੀਂ ਬਹੁਤ ਲੰਮੀਆਂ ਉਦਾਹਰਣਾਂ ਪੇਸ਼ ਕਰਨ ਦੇ ਸਮਰੱਥ ਨਹੀਂ। ਸੋ ਇਹ ਨਿਮਾਣਾ ਜਤਨ ਕੇਵਲ ਹਲੂਣਾ ਦੇਣ ਲਈ ਹੈ ਕਿ ਅਸੀਂ ਪੰਜਾਬੀ ਕਾਵਿ ਧਾਰਾ ਵਾਂਙ ਪੰਜਾਬੀ ਗੱਦ ਧਾਰਾ ਨੂੰ ਵੀ ਸੰਭਾਲ ਕੇ ਆਪਣੇ ਸਾਹਿਤ ਤੇ ਸਭਿਆਚਾਰ ਨੂੰ ਅਮੀਰ ਬਣਾਈਏ।

ਇਹ ਲਿਖਤਾਂ ਰਚਣ ਵਾਲੇ, ਹਥਲਿਖਤਾਂ ਲਿਖਣ ਵਾਲੇ ਅਤੇ ਇਨ੍ਹਾਂ ਦੀ ਸੰਭਾਲ ਕਰਨ ਵਾਲੇ ਸਮੂਹ ਪੁਸਤਕਪਾਲ, ਸਾਡੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਦੀ ਕ੍ਰਿਪਾ ਨਾਲ ਅਸੀਂ ਇਨ੍ਹਾਂ ਵਿਚਾਰਾਂ ਨਾਲ ਸਾਂਝ ਪਾ ਸਕੇ ਹਾਂ।

ਪਟਿਆਲਾ] [ਪਿਆਰਾ ਸਿੰਘ ਪਦਮ

ਪ੍ਰਸਤਾਵਨਾ

ਅੱਜ ਤੋਂ ਇਕ ਦੋ ਸਦੀਆਂ ਪਹਿਲਾਂ 'ਕਵਿਤਾ ਰਾਣੀ' ਨੂੰ ਇਹ ਚਿਤ ਚੇਤਾ ਨਹੀਂ ਸੀ ਕਿ ਤੋਲਹੀਣ, ਬੇਵਜ਼ਨੀ ਤੇ ਬੇਛੰਦੀ ਰਚਨਾ ਵੀ ਕਿਸੇ ਰੂਪ ਵਿਚ ਆ ਕੇ ਉਸ ਦੇ ਕਈ ਹਜ਼ਾਰ ਵਰ੍ਹੇ ਪੁਰਾਣੇ ਅਖੰਡ ਰਾਜ ਵਿੱਚ ਭੰਗਣਾ ਆ ਪਾਵੇਗੀ। ਇਸ ਅਨੋਖੇ ਪਰਿਵਰਤਨ ਦਾ ਜ਼ਿੰਮੇਵਾਰ ਵਿਚਾਰ-ਪਰਧਾਨ ਯੁਗ ਹੈ, ਜਿਸ ਨੇ ਸਾਹਿਤਕ ਖੇਤਰ ਵਿਚ ਕਵਿਤਾ ਦੇ ਟਾਕਰੇ ਤੇ 'ਵਾਰਤਕ ਦੇਵੀ' ਦੀ ਮੂਰਤੀ ਸਥਾਪਨ ਕੀਤੀ ਤੇ ਉਸ ਦਾ ਚਹੁੰ ਕੂੰਟਾਂ ਵਿਚ ਡੰਕਾ ਵਜਾਇਆ। ਅੱਜ ਕਵਿਤਾ ਦੇ ਆਦਰ ਸਤਿਕਾਰ ਦੇ ਬਾਵਜੂਦ ਵਾਰਤਕ ਦੀ ਪੂਜਾ-ਪ੍ਰਤਿਸ਼ਠਾ ਅਧਿਕ ਹੈ ਤੇ ਉਸ ਨੇ ਉਂਜ ਵੀ ਸਾਹਿਤ ਦੇ ਵਧੇਰੇ ਖੇਤਰ ਉੱਤੇ ਕਬਜ਼ਾ ਜਮਾਇਆ ਹੋਇਆ ਹੈ।

ਦੁਨੀਆਂ ਦਾ ਲਗਭਗ ਸਾਰਾ ਪੁਰਾਣਾ ਸਾਹਿਤ ਕਵਿਤਾ ਵਿਚ ਹੀ ਮਿਲਦਾ ਹੈ। ਉਨ੍ਹੀਂ ਦਿਨੀਂ ਕਾਵਿ ਰਚਨਾ ਹੀ ਸਾਹਿਤ ਸੀ ਤੇ ਸਾਹਿਤ, ਕਵਿਤਾ ਤੋਂ ਸਿਵਾ ਹੋਰ ਕੁਝ ਨਹੀਂ ਸੀ। ਯੂਨਾਨੀ, ਲਾਤੀਨੀ ਅਤੇ ਸੰਸਕ੍ਰਿਤ ਤੇ ਫ਼ਾਰਸੀ ਦਾ ਪੁਰਾਣਾ ਸਾਹਿਤ ਇਸੇ ਗੱਲ ਦੀ ਗਵਾਹੀ ਦਿੰਦੇ ਹਨ। ਜੇ ਕਿਤੇ ਗੱਦ-ਰਚਨਾ ਪਰਾਪਤ ਵੀ ਹੈਸੀ ਉਹ ਕਿਸੇ ਕਾਵਿ ਦੀ ਵਿਆਖਿਆ ਜਾਂ ਟੀਕਾ ਰੂਪ ਵਿਚ ਸੀ ਬਤੌਰ ਸੁਤੰਤਰ ਸਾਹਿਤ-ਰੂਪ ਦੇ ਨਹੀਂ। ਉਸ ਜ਼ਮਾਨੇ ਵਿਚ ਨਾਟਕ ਰਚਨਾ ਵੀ ਹੁੰਦੀ ਸੀ, ਪਰ ਉਹ ਵੀ ਛੰਦਾਬੰਦੀ ਵਿਚ। ਕਿਸੇ ਖ਼ਿਆਲ ਜਾਂ ਭਾਵ ਨੂੰ ਸਾਹਿਤ ਵਿਚ ਆਉਣ ਲਈ ਛੰਦਾਬੰਦੀ ਦੀ ਪੁਸ਼ਾਕ ਜ਼ਰੂਰ ਪਾਉਣੀ ਪੈਂਦੀ ਸੀ। ਇਸ ਤੋਂ ਬਗ਼ੈਰ ਹੋਰ ਕੋਈ ਰਾਹ ਨਹੀਂ ਸੀ। ਇਹ ਉਸ ਸਾਹਿਤਕ ਸੰਸਕ੍ਰਿਤੀ ਦੀ ਲਾਜ਼ਮੀ ਰੀਤਿ ਸੀ। ਇਸ ਪਰਮ ਪੁਰਾਤਨ ਸਨਾਤਨ ਮਰਯਾਦਾ ਦਾ ਗੁਮਾਨ ਕਿਵੇਂ ਟੁੱਟਿਆ? ਕਿਵੇਂ ਬੇਛੰਦੀ ਰਚਨਾ ਵੀ ਸਾਹਿਤਕ ਰੂਪ ਧਾਰਨ ਕਰਕੇ ਥੋੜੇ ਅਰਸੇ ਵਿਚ ਵਧ ਮਹੱਤਾ ਪਰਾਪਤ

ਕਰ ਗਈ, ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਪਦਾਰਥਕ ਤਰੱਕੀ ਕਾਰਣ ਹੋਏ ਸਮਾਜਕ ਵਿਕਾਸ ਤੋਂ ਭਲੀ-ਭਾਂਤ ਮਿਲਦਾ ਹੈ। ਵਾਰਤਕ ਅਸੀਂ ਹਮੇਸ਼ਾ ਬੋਲਦੇ ਹਾਂ ਪਰ ਇਸਨੂੰ ਸਾਹਿਤਕ ਸਰੂਪ ਧਾਰਨ ਲਈ ਕਈ ਕਿਸਮ ਦੇ ਅਭਿਆਸਾਂ ਵਿਚੋਂ ਲੰਘ ਕੇ ਤੇ ਕਈ ਮਰਯਾਦਾਵਾਂ ਦਾ ਪਾਲਣ ਕਰਕੇ ਇਥੋਂ ਤਕ ਪਹੁੰਚਣਾ ਨਸੀਬ ਹੋਇਆ, ਕੁਝ ਹੱਦ ਤਕ ਕਵਿਤਾ ਨਾਲੋਂ ਵੀ ਵਧ।

ਪੁਰਾਣਾ ਜ਼ਮਾਨਾ ਭਾਵ-ਪਰਧਾਨ ਸੀ, ਪਦਾਰਥਕ ਤੋਟਾ ਨ ਹੋਣ ਕਾਰਨ ਮਨੁਖ ਨਿਸਚਿੰਤ ਹੋ ਕੁਦਰਤ ਅਤੇ ਆਪਣੇ ਅੰਦਰ ਦਾ ਰਸ ਲੈਂਦਾ ਭਾਵਾਂ ਦੇ ਖੰਭਾਂ ਤੇ ਉਡਾਰੀਆਂ ਲਾਉਂਦਾ ਫਿਰਦਾ ਸੀ। ਇਸੇ ਭਾਵਮਈ ਜੀਵਨ ਨੇ ਕਾਵਿਮਈ ਸਾਹਿਤ ਨੂੰ ਜਨਮ ਦਿਤਾ ਅਤੇ ਕਵਿਤਾ ਉਸ ਯੁਗ ਦੀ ਪਰਧਾਨ ਕਲਾ ਬਣੀ। ਜਿਉਂ ਜਿਉਂ ਜਨ ਸੰਖਿਆ ਵਧਣ ਨਾਲ ਜ਼ਿੰਦਗੀ ਜ਼ਿਆਦਾ ਗੁੰਝਲਦਾਰ ਤੇ ਬਿਖਮ ਹੁੰਦੀ ਗਈ, ਤਿਉਂ ਤਿਉਂ ਇਨ੍ਹਾਂ ਗੁੰਝਲਾਂ ਦੇ ਸੁਲਝਾਉਣ ਲਈ ਮਨੁੱਖੀ ਦਿਮਾਗ ਦਾ ਬਹੁਪੱਖੀ ਵਿਕਾਸ ਹੋਣ ਲੱਗਾ। ਕਵਿਤਾ ਇਨ੍ਹਾਂ ਸਾਰੀਆਂ ਉਲਝਣਾਂ ਤੇ ਸੁਲਝਣਾਂ ਦੀ ਛਾਣਬੀਣ ਕਰਨੋਂ ਅਸਮਰੱਥ ਸੀ, ਉਹ ਆਪਣੇ ਖਾਸ ਥਾਂ ਵਿਚ ਬੱਝੀ ਹੋਈ ਕੁਝ ਕੁ ਗਿਣੀ-ਮਿਥੀ ਗੱਲ ਹੀ ਆਖ ਸਕਦੀ ਸੀ। ਪਰੰਤੂ ਇਸ ਸਮੇਂ ਮਨੁੱਖ ਨੂੰ ਵਿਚਾਰਾਂ ਦੇ ਨਿਖੇੜ ਤੇ ਨਿਖਰਵੀਂ ਸਪੱਸ਼ਟਤਾ ਦੀ ਅਧਿਕ ਲੋੜ ਸੀ। ਜ਼ਮਾਨੇ ਦੀ ਜ਼ਰੂਰਤ ਨੇ ਸਾਧਾਰਣ ਮਨੁੱਖੀ ਬੋਲ-ਚਾਲ ਨੂੰ ਸਾਹਿਤਕ ਰੂਪ ਦੇਣ ਵਿਚ ਅਗਵਾਈ ਕੀਤੀ ਤੇ ਇਉਂ ਹੌਲੀ ਹੌਲੀ ਛੰਦਹੀਣ ਰਚਨਾ ਮਨੁਖ ਦੀ ਕਲਾਮਈ ਛੂਹ ਨਾਲ ਸਾਹਿਤ ਦਾ ਰੂਪ ਧਾਰਨ ਕਰਨ ਲਗੀ। ਇਸੇ ਜ਼ਮਾਨੇ ਵਿਚ ਛਾਪੇਖਾਨਾ ਆ ਗਿਆ, ਥਾਂ ਥਾਂ ਰਮਤਾ ਬਣ ਕੇ ਵਿਚਰਨ ਵਾਲਾ ਅਖ਼ਬਾਰ ਆ ਗਿਆ ਜਿਸ ਵਰਗਾ ਸਾਧਨ ਕਵਿਤਾ ਬੇਚਾਰੀ ਨੂੰ ਹਜ਼ਾਰਾਂ ਵਰ੍ਹੇ ਨਸੀਬ ਨਹੀਂ ਸੀ ਹੋਇਆ। ਇਉਂ ਛਾਪੇ ਦੀ ਬਦੌਲਤ ਤੇ ਪੱਤਰਕਾਰੀ ਦੇ ਸਦਕੇ ਵਾਰਤਕ ਸਾਹਿਤ ਨੇ ਸਦੀਆਂ ਦਾ ਪੰਧ ਦਿਨਾਂ ਵਿਚ ਮੁਕਾ ਲਿਆ। ਕਵਿਤਾ ਨੂੰ ਜੋ ਮਾਣ ਹਜ਼ਾਰਾਂ ਵਰ੍ਹਿਆਂ ਵਿਚ ਮਿਲਿਆ ਸੀ, ਉਜੇਹੀ ਵਡਿਆਈ ਵਾਰਤਕ ਨੇ ਕੁਝ ਸਾਲਾਂ ਵਿਚ ਹੀ ਹਾਸਲ ਕਰ ਲਈ। ਭਾਵੇਂ ਪਦਵੀ ਦਾ ਅੰਤਰ ਰਿਹਾ ਪਰ ਵਲਵਲਿਆਂ ਦੀ ਵਾਹਕ ਕਵਿਤਾ ਨਾਲੋਂ ਗਿਆਨ ਵਿਗਿਆਨ ਦੀ ਮਾਧਿਅਮ-ਵਾਰਤਕ ਵਿਸ਼ਾਲ ਖੇਤਰ ਮੱਲਦੀ ਗਈ।

ਅੱਜ ਦਾ ਲਿਖਤੀ ਸਾਹਿਤ ੨੫ ਵੀਂ ਸਦੀ ਵਾਰਤਕ ਸਾਹਿਤ ਹੈ। ਫਿਰ ਵਾਰਤਕ ਦੀ ਵਰਤੋਂ ਇਤਨੀ ਸਰਬ-ਵਿਆਪੀ ਹੈ ਕਿ ਜੀਵਨ ਦੇ ਹਰ ਖੇਤਰ ਵਿਚ ਇਸ ਦੇ ਪਰ ਪਸਰੇ ਹੋਏ ਹਨ ! ਧਰਮ, ਰਾਜਨੀਤੀ, ਵਿਗਿਆਨ, ਵਪਾਰ, ਪ੍ਰਚਾਰ, ਇਤਿਹਾਸ, ਖੋਜ, ਤਜਰਬੇ ਤੇ ਹਰ ਤਰ੍ਹਾਂ ਦੇ ਕਾਰ ਵਿਹਾਰ ਦੇ ਨਿਰੂਪਣ ਲਈ ਅਭਿਲਾਸ਼ੀ ਨੂੰ ਵਾਰਤਕ ਦੀ ਸ਼ਰਣ ਜਾਣਾ ਪੈਂਦਾ ਹੈ ਤੇ ਕਈ ਵਾਰ ਕਿਤੇ ਕਿਤੇ ਸਿਆਣੇ ਰਸੀਏ ਵਾਰਤਕਕਾਰ ਦੇ ਹਥ ਆ ਕੇ ਇਹ ਕਵਿਤਾ ਦਾ ਅੱਧ-ਪਚੱਧਾ ਕੰਮ ਵੀ ਨਿਭਾ ਦਿੰਦੀ ਹੈ। ਇਹ ਸਰਬਮੁਖੀ ਵਰਤਾਰੇ ਨੇ ਵਾਰਤਕ ਦੀ ਮਹਿਮਾ ਖੂਬ ਵਧਾਈ ਹੈ। ਕਈ ਤਾਂ ਇਸ ਦੀ ਇਤਨੀ ਵਡਿਆਈ ਦੇਖ ਕੇ ਭਵਿੱਖਤ ਵਿਚ ਕਵਿਤਾ ਦੇ 'ਦੇਹਾਂਤ' ਹੋ ਜਾਣ ਦੀ ਚਿੰਤਾ ਕਰਦੇ ਵੇਖੇ ਗਏ ਹਨ; ਪਰ ਇਜੇਹਾ ਸੰਭਵ ਨਹੀਂ। ਪਰ ਇਸ ਤੋਂ ਇਨਕਾਰੀ ਨਹੀਂ ਹੋ ਸਕੀਦਾ ਕਿ ਵਾਰਤਕ ਆਪਣੀ ਸਜੋਗ ਆਜ਼ਾਦ ਬਣਤਰ ਤੇ ਖੁਲ੍ਹੇ ਮੋਕਲੇ, ਬੰਧਨ-ਰਹਿਤ ਪਿੰਡੇ ਕਾਰਣ ਹਰ ਥਾਂ ਵਰਤੇ ਜਾਣ ਦੇ ਯੋਗ ਹੈ, ਤੇ ਹਰ ਪਾਸੇ ਪਰਧਾਨ ਹੈ ਭਾਵੇਂ ਇਹ ਕਵਿਤਾ ਜਿਤਨੀ ਰੂਪਵੰਤ ਤੇ ਰਸਵੰਤ ਨਹੀਂ। ਇਸ ਮਹੱਤਤਾ ਕਾਰਣ ਇਸ ਯੁਗ ਨੂੰ ਕਈ ਵਾਰ ਵਾਰਤਕ ਦਾ ਸੁਨਹਿਰੀ ਯੁਗ ਕਹਿ ਦਿਤਾ ਜਾਂਦਾ ਹੈ ਜਿਸ ਤੋਂ ਇਨਕਾਰ ਸੰਭਵ ਨਹੀਂ।

ਸਰੂਪ ਤੇ ਲੱਛਣ —

ਹੁਣ ਅਸੀਂ ਵਾਰਤਕ ਦੇ ਸਰੂਪ ਬਾਰੇ ਵਿਚਾਰ ਕਰਦੇ ਹਾਂ ਕਿ ਇਹ ਕੀ ਹੈ ਤੇ ਇਸ ਦਾ ਸਾਹਿਤਕ ਰੂਪ ਕਿਵੇਂ ਵਿਕਸਿਆ ਹੈ ?

ਇਸ ਸਾਹਿਤ ਰੂਪ ਲਈ ਚਾਰ ਨਾਂ ਮੋਟੇ ਤੌਰ ਤੇ ਵਰਤੀਂਦੇ ਸੁਣਦੇ ਹਾਂ— ਵਾਰਤਕ ਲਈ 'ਗੱਦ' ਹਿੰਦੀ ਸੰਸਕ੍ਰਿਤ ਵਿਚ, ਨਸਰ ਉਰਦੂ ਵਿਚ ਤੇ ਪ੍ਰੋਜ਼ ਅੰਗਰੇਜ਼ੀ ਵਿਚ ਵਰਤਿਆ ਜਾਂਦਾ ਹੈ। ਜਦੋਂ ਅਸੀਂ ਇਨ੍ਹਾਂ ਸ਼ਬਦਾਂ ਦੇ ਮੂਲ ਕੋਸ਼ੀ ਅਰਥ ਵੇਖਦੇ ਹਾਂ, ਤਾਂ ਸਮੁਚੇ ਤੌਰ ਤੇ ਸਾਰਿਆਂ ਲਫਜ਼ਾਂ ਦਾ ਭਾਵ-ਅਰਥ ਇਕ ਵਿਸ਼ੇਸ਼ ਸਰੂਪ ਵੱਲ ਸੰਕੇਤ ਕਰਦਾ ਹੈ। ਇਸ ਲਈ ਪਹਿਲਾਂ ਇਕੱਲੇ ਇਕੱਲੇ ਦਾ ਅਰਥ ਵਿਚਾਰਨਾ ਹਿਤਕਾਰੀ ਹੈ।

(ੳ) ਵਾਰਤਕ—ਸੰਸਕ੍ਰਿਤ ਵਿਚ ਕਿਸੇ ਸੂਤਰ ਰਚਨਾ ਦੀ ਵਿਆਖਿਆ ਕਰਨ ਵਾਲੇ ਗ੍ਰੰਥ ਨੂੰ 'ਵਾਰਤਕ' ਕਿਹਾ ਜਾਂਦਾ ਹੈ।

'ਬ੍ਰਿਤੀ ਰੂਪੇਣ ਕ੍ਰਿਤੋ ਗ੍ਰੰਥ :— ਵਿਆਖਿਆ ਰੂਪ ਵਿਚ ਰਚਿਆ ਗਿਆ ਗ੍ਰੰਥ। ਸੂਤ੍ਰ ਵਿਚ ਨ ਕਹੇ ਗਏ ਆਦਿ ਅਰਥ ਨੂੰ ਪਰਕਾਸ਼ ਕਰਨੇਹਾਰਾ ਗ੍ਰੰਥ।

[ਪਦਮ ਚੰਦ੍ਰ ਕੋਸ਼, ਪੰਨਾ ੩੪੬

ਵਾਰਤਕ—ਸੰਵਾਦ ਸਬੰਧੀ, ਅਰਥ ਸਪੱਸ਼ਟ ਕਰਨ ਵਾਲਾ ਵਾਕ ਜਾਂ ਗ੍ਰੰਥ।

ਵਾਰਤਕ ਤੇ ਭਾਸ਼ਯ ਵਿਚ ਇਹ ਫਰਕ ਹੈ ਕਿ ਭਾਸ਼੍ਯ ਵਿਚ ਕੇਵਲ ਮੂਲ ਦਾ ਆਸ਼ਾ ਸਪਸ਼ਟ ਕੀਤਾ ਜਾਂਦਾ ਹੈ ਕਿੰਤੂ ਵਾਰਤਕ ਵਿਚ ਇਤਨੀ ਆਜ਼ਾਦੀ ਹੁੰਦੀ ਹੈ, ਵਾਰਤਕਕਾਰ ਨਵੀਆਂ ਗੱਲਾਂ ਵੀ ਕਹਿ ਸਕਦਾ ਹੈ। ਜਿਵੇਂ ਅਸ਼ਟਾਧਿਆਈ ਦਾ ਵਾਰਤਕ ਕਾਤਯਾਯਨ ਨੇ ਕੀਤਾ ਹੈ ਤੇ ਭਾਸ਼ਯ ਪਤੰਜਲੀ ਨੇ।

[ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਪੰਨਾ ੭੫੬

ਵਾਰਤਕ—Suplementary and corrective rule to a sutra.

[ਦੇ ਪ੍ਰੈਕਟੀਕਲ ਸਸਕ੍ਰਿਤ ਡਿਕਸ਼ਨਰੀ, ਪੰਨਾ ੭੨੮ (ਮੈਕਡਾਨਲ)

ਇਸ ਤੋਂ ਜ਼ਾਹਰ ਹੋਇਆ ਕਿ ਕਿਸੇ ਸੂਤ੍ਰ ਰਚਨਾ ਜਾਂ ਕਿਸੇ ਛੰਦ-ਬੱਧ ਰਚਨਾ ਦੀ ਜਦੋਂ ਵਿਆਖਿਆ ਆਮ ਤੌਰ ਤੇ ਆਮ ਬੋਲ-ਚਾਲ ਦੀ ਬੋਲੀ ਵਿਚ ਹੁੰਦੀ ਸੀ, ਤਾਂ ਫਿਰ ਅਜੇਹੀ ਬੋਲੀ ਵਾਲੇ ਸਾਹਿਤਕ ਰੂਪ ਨੂੰ 'ਵਾਰਤਕ' ਨਾਂ ਦਿਤਾ ਗਿਆ ਜੋ ਕਿ ਕਵਿਤਾ ਦੀ ਬਣਤਰ ਤੋਂ ਬਿਲਕੁਲ ਵਿਪਰੀਤ ਸੀ।

(ਅ) ਗੱਦ—ਇਹ ਸ਼ਬਦ ਗਦ ਧਾਤੂ ਤੋਂ ਬਣਾਇਆ ਗਿਆ ਹੈ, ਜਿਸ ਦਾ ਅਰਥ ਹੈ ਅਜੇਹਾ ਬੋਲ, ਜੋ ਸਮਝ ਆ ਜਾਵੇ।

[ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਪੰਨਾ ੮੭੮

ਗੱਦ—Spoken Speech. (ਦੇ ਪ੍ਰੈਕਟੀਕਲ ਸੰਸਕ੍ਰਿਤ ਡਿਕਸ਼ਨਰੀ (ਮੈਕਡਾਨਲ), ਪੰਨਾ ੮੧

(ੲ) 'ਨਸਰ' ਅਰਬੀ ਸ਼ਬਦ ਹੈ, ਇਸ ਦਾ ਅਰਥ ਹੈ 'ਬਿਖਰਨਾ'। ਉਹ ਇਬਾਰਤ ਜੋ ਨਜ਼ਮ (ਗੁੰਦਵੀਂ) ਨ ਹੋਵੇ। [ਜਾਮਿਅ ਲੁਗ਼ਾਤ, ਪੰਨਾ ੬੯੩

ਨਜ਼ਮ ਚੂੰਕਿ ਇਕ ਛੰਦਕ ਗੋਂਦ ਵਿਚ ਪਰੋਈ ਹੁੰਦੀ ਹੈ; ਇਸ ਲਈ ਜੋ ਲਿਖਤ ਇਉਂ ਪਰੋਈ ਹੋਈ ਨਹੀਂ, ਬਲਕਿ ਬਿਖਰੀ ਹੋਈ ਹੈ, ਜਾਂ ਖੁਲ੍ਹੀ ਹੈ, ਉਹ 'ਨਸਰ' ਕਹਾਉਣ ਦੀ ਹੱਕਦਾਰ ਹੋਈ।

(ਸ) ਪ੍ਰੋਜ਼—ਇਹ ਲਾਤੀਨੀ ਸ਼ਬਦ prosus ਤੋਂ ਬਣਿਆ ਹੈ, ਇਸ ਦਾ ਅਰਥ ਹੈ 'ਸਪੱਸ਼ਟ ਆਖਣਾ' ਜਾਂ ਸਿੱਧਾ ਸਾਦਾ ਬਿਆਨਣਾ।

ਇਨ੍ਹਾਂ ਚਾਰੇ ਸ਼ਬਦਾਂ ਦੇ ਕੋਸ਼ੀ ਅਰਥਾਂ ਤੋਂ ਇਹ ਗੱਲ ਤਾਂ ਭਲੀ ਭਾਂਤ ਪਰਗਟ ਹੋ ਜਾਂਦੀ ਹੈ ਕਿ ਵਾਰਤਕ ਜਾਂ ਗੱਦ ਸਿੱਧੇ ਸਪੱਸ਼ਟ ਬੋਲ ਜਾਂ ਬਿਆਨ, ਵਿਆਖਿਆ ਦਾ ਨਾਂ ਹੈ। ਚੂੰਕਿ ਕਵਿਤਾ ਦਾ ਬਿਆਨ ਜਾਂ ਵਰਣਨ, ਛੰਦਕ ਨੇਮਾਂ ਵਿਚ ਬੱਧਾ ਹੁੰਦਾ ਤੇ ਅਲੰਕਾਰਕ ਵਿਧਾਨ ਵਿਚ ਸਜਾਇਆ ਹੁੰਦਾ ਹੈ, ਇਸ ਲਈ ਜੋ ਵਰਣਨ ਜਾਂ ਬਿਆਨ ਇਨ੍ਹਾਂ ਬੰਧਨਾਂ ਤੋਂ ਰਹਿਤ ਹੋਵੇ, ਉਹ ਵਾਰਤਕ, ਗੱਦ, ਨਸਰ ਜਾਂ ਪ੍ਰੋਜ਼ ਕਿਹਾ ਜਾਣ ਲੱਗਾ। ਇਹ ਹੀ ਕਵਿਤਾ ਤੇ ਵਾਰਤਕ ਦੇ ਦਰਮਿਆਨ ਵੱਡੀ ਭੇਦ ਵਾਲੀ ਗੱਲ ਸੀ।

ਆਮ ਤੌਰ ਤੇ ਬੋਲਚਾਲ ਦੀ ਬੋਲੀ ਵਿਚ ਨ ਤਾਂ ਪੂਰੀ ਤਰ੍ਹਾਂ ਵਿਆਕਰਣਕ ਮਰਯਾਦਾ ਦਾ ਪਾਲਣ ਕੀਤਾ ਜਾਂਦਾ ਹੈ ਤੇ ਨਾਂ ਹੀ ਬਹੁਤਾ ਵੀਚਾਰ-ਲੜੀ ਨੂੰ ਤਰਤੀਬਿਆ ਜਾਂਦਾ ਹੈ, ਕਿਉਂਕਿ ਬੋਲਚਾਲ ਦੀ ਆਜ਼ਾਦੀ ਇਨ੍ਹਾਂ ਗੱਲਾਂ ਦੀ ਘਟ ਪਰਵਾਹ ਕਰਦੀ ਹੈ। ਇਸੇ ਤਰ੍ਹਾਂ ਆਮ ਵਾਰਤਾਲਾਪ ਵਿਚ (ਸਿਵਾਇ ਭਾਸ਼ਨੀ ਕਲਾਕਾਰ ਦੇ) ਕਿਸੇ ਸੁਹਜ-ਸੁਆਦ ਨੂੰ ਸ਼ਾਮਲ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ, ਪਰ ਜਦੋਂ ਇਹੋ ਬੋਲਚਾਲ ਦੀ ਬੋਲੀ ਵਾਰਤਕ ਸਾਹਿਤ ਦਾ ਰੂਪ ਧਾਰਦੀ ਹੈ ਤਾਂ ਇਹ ਜਿਥੇ ਵਿਆਕਰਣਕ ਮਰਯਾਦਾ ਤੇ ਵਿਚਾਰਾਂ ਦੀ ਤਰਤੀਬ ਦਾ ਖ਼ਿਆਲ ਰਖਦੀ ਹੈ, ਉਥੇ ਸੁਹਜ-ਸੁਆਦ ਪੈਦਾ ਕਰਨਾ ਵੀ ਇਸ ਦਾ ਇਕ ਜ਼ਰੂਰੀ ਆਦਰਸ਼ ਹੁੰਦਾ ਹੈ। ਜਦੋਂ ਇਹ ਤਿੰਨੇ ਚੀਜ਼ਾਂ ਆਮ ਬੋਲਚਾਲ ਦੀ ਬੋਲੀ ਵਿਚ ਆ ਪ੍ਰਵੇਸ਼ ਕਰਦੀਆਂ ਹਨ ਤਾਂ ਇਹੋ 'ਵਾਰਤਕ' ਕਹਾਉਂਦੀ ਹੈ।

ਇਸ ਦਾ ਮੁਖ ਗੁਣ ਹੈ-ਸਪੱਸ਼ਟ ਵਿਚਾਰ ਤੇ ਸਪੱਸ਼ਟ ਬਿਆਨ। ਕਵਿਤਾ ਵਿਚ ਵਿਚਾਰ ਧੁੰਦਲੇ ਹੁੰਦੇ ਤੇ ਬੋਲੀ ਸੰਕੇਤਮਈ ਹੁੰਦੀ ਹੈ ਪਰੰਤੂ ਵਾਰਤਕ ਲਿਖਾਰੀ ਵੀਚਾਰ, ਨਿਖਰਵੀਂ ਤੇ ਸਪੱਸ਼ਟ ਬੋਲੀ ਵਿਚ ਅੰਕਿਤ ਹੁੰਦੇ ਹਨ। ਇਸੇ ਕਰਕੇ ਜੇ. ਮਿਡਲਟਨ ਮਰੇ ਲਿਖਦੇ ਹਨ, 'ਵਾਰਤਕ ਕੇਵਲ ਸਹੀ ਸੋਚ ਵਿਚਾਰ ਦਾ ਹੀ ਨਾਂ ਨਹੀਂ ਲੇਕਿਨ ਸਹੀ ਨਿਰੂਪਣ ਦਾ ਨਾਂ ਵੀ ਹੈ।'*

---

* But prose is the language not merely or exact thinking but of exact description.' [The problem of style. P. 58

ਬਾਵਜੂਦ ਇਸ ਦੇ ਵਾਰਤਕ ਕਵਿਤਾ ਤੋਂ ਬਿਲਕੁਲ ਉਲਟ ਹੈ ਤੇ ਇਸ ਨੂੰ ਛੰਦਕ ਨੇਮਾਂ ਦੀ ਪਾਲਣਾ ਨਹੀਂ ਕਰਨੀ ਪੈਂਦੀ ਫਿਰ ਵੀ ਵਾਰਤਕਕਾਰ ਨੂੰ ਆਪਣੀ ਵਾਕ-ਰਚਨਾ ਵਿਚ ਇਕ ਮਨੋਹਰਤਾ ਤੇ ਤਾਲ ਪੈਦਾ ਕਰਨ ਲਈ ਵਿਸ਼ੇਸ਼ ਸ਼ਬਦ-ਚੋਣ ਤੇ ਭਾਵਾਂ ਅਨੁਕੂਲ ਭਾਸ਼ਾ ਦੀ ਵਿਉਂਤ ਕਰਨੀ ਪੈਂਦੀ ਹੈ, ਇਸ ਤੋਂ ਬਿਨਾਂ ਵਾਰਤਕ ਦਾ ਜ਼ਰੂਰੀ ਗੁਣ ਸੁਹਜ-ਸੁਆਦ ਪੈਦਾ ਨਹੀਂ ਹੁੰਦਾ। ਇਹ ਸੁਹਜ-ਸੁਆਦ ਦਰਅਸਲ ਹਰ ਵਾਰਤਕਕਾਰ ਦੀ ਆਪਣੀ ਸ਼ੈਲੀ ਦੇ ਰੂਪ ਵਿਚ ਉਜਾਗਰ ਹੋ ਕੇ ਵਾਰਤਕ ਜਾਂ ਗੱਦ ਨੂੰ ਮਨੋਹਰਤਾ ਤੇ ਸੌਂਦ੍ਰਯ ਪ੍ਰਦਾਨ ਕਰਦਾ ਹੈ।

ਸਾਡੀ ਪੁਰਾਣੀ ਵਾਰਤਕ, ਜਿਸ ਵਿਚ ਮੌਲਿਕ ਸ਼ੈਲੀ ਦਾ ਗੁਣ ਬਹੁਤਾ ਉਜਾਗਰ ਨਹੀਂ ਸੀ ਹੋਇਆ, ਇਤਨੀ ਰਸਦਾਇਕ ਤੇ ਹੁਲਾਰੇ ਵਾਲੀ ਨਹੀਂ। ਪੁਰਾਣੀਆਂ ਸਾਖੀਆਂ ਤੇ ਗੋਸ਼ਟਾਂ ਵਿਚ ਇਕ ਸੁਆਦ ਤਾਂ ਹੈ, ਪਰ ਇਸ ਸੁਆਦ ਦਾ ਕਾਰਣ ਰਹੱਸਵਾਦੀ ਅਨੁਭਵ ਦਾ ਵਿਸ਼ਾ ਹੈ ਨਾ ਕਿ ਕੇਵਲ ਬਿਆਨ-ਢੰਗ। ਬਿਆਨ-ਢੰਗ ਦਾ ਸੁਨੱਖਾਪਣ ਵਾਰਤਕ ਦੇ ਸਾਹਿਤਕ ਰੂਪ ਦੇ ਵਿਕਾਸ ਨਾਲ ਬਹੁਤਾ ਹੁਣੇ ਹੁਣੇ ਪ੍ਰਚਲਤ ਹੋਇਆ ਹੈ। ਭਾਵੇਂ ਪੁਰਾਤਨ ਫ਼ਾਰਸੀ ਆਦਿ ਕਲਾਸਕੀ ਜ਼ਬਾਨਾਂ ਵਿਚ ਇਹ ਗੁਣ ਪਹਿਲੇ ਮੌਜੂਦ ਸੀ ਤੇ ਸਾਡੀ ਗੱਦ ਵੀ ਇਸ ਤੋਂ ਸਖਣੀ ਨਹੀਂ।

ਵਾਰਤਕ ਖੇਤਰ ਦੀ ਵਿਸ਼ਾਲਤਾ ਤੇ ਵਿਆਪਕਤਾ ਕਾਰਣ ਇਸ ਦੇ ਅੰਤਰਗਤ ਰੂਪਾਂ, ਉਪ-ਰੂਪਾਂ ਯਾ ਭੇਦਾਂ ਪਤਭੇਦਾਂ ਦਾ ਵੀ ਖੁਲ੍ਹਾ ਵਿਕਾਸ ਹੋਇਆ ਹੈ। ਨਾਟਕ, ਗਲਪ ਤੇ ਨਿਬੰਧ ਆਦਿ ਇਸ ਦੇ ਮੁਖ ਭੇਦ ਹਨ। ਅੱਗੇ ਨਾਟਕ, ਪੂਰਾ ਨਾਟਕ ਤੇ ਇਕਾਂਗੀ ਭੇਦ ਕਰਕੇ ਦੋ ਕਿਸਮ ਦਾ ਮਿਲਦਾ ਹੈ, ਇਸੇ ਤਰ੍ਹਾਂ ਗਲਪ ਰਚਨਾ ਨਾਵਲ ਤੇ ਕਹਾਣੀ ਰੂਪ ਵਿਚ ਦੋ ਤਰ੍ਹਾਂ ਦੀ ਪਰਾਪਤ ਹੈ। ਹੁਣ ਇਨ੍ਹਾਂ ਨਾਟਕ, ਇਕਾਂਗੀ, ਨਾਵਲ, ਕਹਾਣੀ ਆਦਿ ਦਾ ਵਿਕਾਸ ਇਤਨਾ ਹੋ ਗਿਆ ਹੈ ਕਿ ਇਹ ਵਾਰਤਕ ਬ੍ਰਿਛ ਦੀਆਂ ਸ਼ਾਖਾਵਾਂ ਮਾਤਰ ਨਹੀਂ ਰਹੇ ਸਗੋਂ ਖ਼ੁਦ ਸੁਤੰਤਰ ਰੂਪ ਧਾਰ ਗਏ ਹਨ ਤੇ ਇਨ੍ਹਾਂ ਸਾਹਿਤਕ ਰੂਪਾਂ ਦੀ ਆਪਣੀ ਆਪਣੀ ਵੱਖਰੀ ਹਸਤੀ ਹੈ। ਸੋ ਜੇ ਹੁਣ ਸਹੀ ਤਰ੍ਹਾਂ ਜਾਚਿਆ ਜਾਵੇ ਤਾਂ ਵਾਰਤਕ ਦਾ ਨਿਵੇਕਲਾ ਰੂਪ ਤਾਂ ਨਿਬੰਧ ਤੇ ਵਿਵਰਣ ਆਦਿ ਹੀ ਹਨ। ਜੇਕਰ ਅਸੀਂ ਅਜ ਕਿਸੇ ਲੇਖਕ ਦੀ ਵਾਰਤਕ ਸ਼ੈਲੀ ਜਾਚਣੀ ਹੈ ਤਾਂ ਅਸੀਂ ਉਸ ਦੇ ਨਿਬੰਧਾਂ ਤੋਂ ਹੀ ਜਾਚ

ਸਕਦੇ ਹਾਂ ਕਿਉਂਕਿ ਨਾਵਲ, ਨਾਟਕ ਆਦਿ ਵਿਚ ਤਾਂ ਪਾਤਰ ਹੀ ਬੋਲਦੇ ਹਨ ਤੇ ਪਾਤਰਾਂ ਦਾ ਆਚਰਣ ਹੀ ਪਰਧਾਨ ਹੁੰਦਾ ਹੈ। ਲੇਖਕ ਨੂੰ ਮੌਕਾ ਨਹੀਂ ਹੁੰਦਾ ਕਿ ਉਹ ਆਪਣਾ ਨਿੱਜਪਣ ਸਪੱਸ਼ਟ ਭਾਂਤ ਸਿੱਧਾ ਦਰਸਾ ਸਕੇ। ਜੇਕਰ ਉਹ ਕਿਸੇ ਖਿਆਲ ਜਾਂ ਭਾਵ ਨੂੰ ਕਿਸੇ ਪਾਤਰ ਰਾਹੀਂ ਉਘਾੜਦਾ ਵੀ ਹੈ ਤਾਂ ਵੀ ਉਹ ਖਿਆਲ ਉਸ ਦੇ ਨਾਂ ਨਾਲ ਮਨਸੂਬ ਹੋਣ ਦੀ ਥਾਂ ਪਾਤਰ ਨਾਲ ਜੁੜਿਆ ਸਮਝਿਆ ਜਾਂਦਾ ਹੈ। ਲੇਖਕ ਦਾ ਵਿਅਕਤਿਤਵ ਸਿੱਧੇ ਤੇ ਉਜਾਗਰ ਰੂਪ ਵਿਚ ਜੇ ਕਿਤੇ ਦਿਖ ਸਕਦਾ ਹੈ, ਤਾਂ ਉਹ ਨਿਬੰਧ ਆਦਿ ਵਿਚ ਹੀ ਸੰਭਵ ਹੈ। ਇਹੋ ਕਾਰਨ ਹੈ ਕਿ ਜਦੋਂ ਕੋਈ ਸਮਾਲੋਚਕ ਕਿਸੇ ਗੱਦਕਾਰ ਦੀ ਸ਼ੈਲੀ ਦਾ ਨਿਰਣਾ ਕਰਦਾ ਹੈ ਤਾਂ ਉਹ ਨਾਵਲ, ਕਹਾਣੀ ਜਾਂ ਨਾਟਕ ਵਿਚੋਂ ਮਿਸਾਲਾਂ ਦੇਣ ਦੀ ਥਾਂ ਕਿਸੇ ਲੇਖ, ਜੀਵਨੀ, ਸਫਰਨਾਮੇਂ ਜਾਂ ਕਿਸੇ ਵਰਣਨ ਵਿਆਖਿਆ ਆਦਿ ਵਿਚੋਂ ਹੀ ਟੂਕਾਂ ਲੈ ਕੇ ਚਰਚਾ ਕਰਦਾ ਹੈ। ਇਹ ਠੀਕ ਹੈ ਕਿ ਨਾਵਲ ਵਿਚੋਂ ਵੀ ਅਜੇਹੀਆਂ ਵੰਨਗੀਆਂ ਲਈਆਂ ਜਾ ਸਕਦੀਆਂ ਹਨ, ਪਰ ਅਜੇਹਾ ਬਹੁਤ ਘੱਟ ਹੁੰਦਾ ਹੈ। ਇਸ ਤੋਂ ਭਲੀ ਭਾਂਤ ਪਰਗਟ ਹੈ ਕਿ ਗੱਦ-ਸਾਹਿਤ ਵਿਚ ਵੀ 'ਵਾਰਤਕ-ਕਲਾ' ਇਕ ਘੇਰੇ ਅੰਦਰ ਸੀਮਤ ਹੋ ਰਹੀ ਹੈ ਤੇ ਉਥੋਂ ਹੀ ਉਸ ਦਾ ਸਹੀ ਨਿਖਾਰ ਤੱਕਿਆ ਜਾ ਸਕਦਾ ਹੈ। ਭਵਿਸ਼ਤ ਵਿਚ ਅਜੇਹਾ ਹੋਣਾ ਵੀ ਕੋਈ ਅਨੋਖੀ ਗੱਲ ਨਹੀਂ ਕਿ ਇਕ ਦਿਨ ਖੁਲ੍ਹਾਂ ਵਿਚ ਜੰਮੀ ਵਾਰਤਕ ਵੀ ਕਵਿਤਾ ਵਾਂਗ ਚੋਰੀ ਰਕੜੇ ਮਰਯਾਦਾ-ਬੰਧਨਾਂ ਵਿਚ ਬੱਝ ਜਾਵੇ।

ਪ੍ਰਾਚੀਨ ਗੱਦ ਤੇ ਸਾਧ-ਭਾਖਾ—

ਇਹ ਇਕ ਇਤਿਹਾਸਕ ਹਕੀਕਤ ਹੀ ਹੈ ਕਿ ਪ੍ਰਾਚੀਨ ਪੰਜਾਬੀ ਗੱਦ ਅਜ ਕੱਲ ਵਾਲੀ ਪੰਜਾਬੀ ਵਿਚ ਨਹੀਂ ਸਗੋਂ ਬਹੁਤੀ ਸਾਧ-ਭਾਖਾ ਵਿਚ ਹੈ, ਉਸ ਵਿਚ ਪੰਜਾਬੀ ਦਾ ਅੰਸ਼ ਵੀ ਅਜੇਹਾ ਹੈ ਜੋ ਵਿਲੱਖਣ ਭਾਂਤ ਦਿਸਦਾ ਹੈ। ਇਸ ਦਾ ਕਾਰਣ ਪਹਿਲਾ ਤਾਂ ਇਹ ਹੈ ਕਿ ਇਸ ਸਾਰੀ ਗੱਦ ਦਾ ਵਿਸ਼ਾ-ਵਸਤੂ। ਵਧੇਰੇ ਅਧਿਆਤਮਕ ਵਿਚਾਰ ਹੈ। ਦੂਜੇ ਇਸ ਅਧਿਆਤਮ। ਵਿਚਾਰ ਧਾਰਾ ਦੇ ਪ੍ਰਚਾਰਕ ਬਹੁਤੇ ਪੰਜਾਬੀ ਸੰਤ ਸਾਧੂ ਜਾਂ ਜੋਗੀ ਨਾਥ ਸਨ। ਬਾਕੀ ਦੇ ਹਿੰਦੁਸਤਾਨ ਵਿਚੋਂ ਵੀ ਸੰਤ ਭਗਤ ਉਠੇ ਪਰ ਪੰਜਾਬ ਦੀ ਗੱਲ ਵੱਖਰੀ ਸੀ। ਇਹ ਲੋਕ ਅਸਲੀ ਤੌਰ ਤੇ ਮਰਦਾਨਾ

ਕ੍ਰੈਕਟਰ ਦੇ ਧਾਰਨੀ ਸਨ । ਮਰਦਾਨਾ ਆਚਰਨ ਦੀ ਖੂਬੀ ਇਹ ਹੈ ਕਿ ਉਹ ਚੰਗਾ ਗ੍ਰਿਸਤੀ ਹੋ ਸਕਦਾ ਹੈ, ਦੂਜੀ ਇਹ ਜੇ ਉਹ੍ਹ ਗ੍ਰਿਸਤ ਬੰਧਨ ਤਿਆਗ ਕੇ ਵਿਰਕਤ ਵੀ ਬਣੇ ਤਾਂ ਚੰਗਾ ਖਾੜਕੂ ਸਾਧ ਸਿਧ ਹੁੰਦਾ ਹੈ ਜਿਵੇਂ ਬਾਬਾ ਗੋਰਖ ਨਾਥ ਚੰਬੇ ਦਾ ਪਹਾੜੀਆ ਸਾਧ ਚਰਪਟ ਨਾਥ । ਜਾਂ ਫਿਰ ਹਾਜੀ ਰਤਨਨਾਥ । ਪੰਜਾਬ ਦੇ ਲੋਕ ਬਾਹਰੂਨੀ ਹਮਲਿਆਂ ਕਾਰਣ ਪਹਿਲਾਂ ਵਿਦੇਸੀ ਜਰਵਾਣਿਆਂ ਨਾਲ ਲੋਹਾ ਵੀ ਚੰਗਾ ਲੈਂਦੇ ਰਹੇ ਤੇ ਜਾਂ ਦੋਂ ਵੇਖਿਆ ਕਿ ਭਾਰਤੀ ਫੁਟ ਤੇ ਸ਼ਕਤੀ ਹੀਣਤਾ ਕਰ ਕੇ ਮੁਕਾਬਲਾ ਸੰਭਵ ਨਹੀਂ ਤਾਂ ਇਹ ਸਾਧ ਬਣ ਕੇ ਜੰਗਲਬੇਲਿਆਂ ਤੇ ਪਰਬਤਾਂ ਵਲ ਨਿਕਲ ਗਏ ਤੇ ਵੈਰਾਗੀ ਵਿਰਕਤ ਹੋ ਕੇ ਸੰਸਾਰ ਦੀ ਛਿਨ ਭੰਗਰਤਾ ਅਤੇ ਪਰਮਾਰਥਕ ਪ੍ਰਭੁਤਾ ਦਾ ਪ੍ਰਚਾਰ ਕਰਦੇ ਰਹੇ । ਇਹ ਬਹੁਤੇ ਪੰਜਾਬੀ ਸਨ ਪਰ ਦੇਸ਼ ਭ੍ਰਮਣ ਨੇ ਇਨ੍ਹਾਂ ਦੀ ਸਾਧ-ਭਾਸ਼ਾ ਨੂੰ ਪ੍ਰਾਂਤ ਪ੍ਰਾਂਤ ਦਾ ਪਾਣੀ ਪਿਲਾ ਕੇ ਸਰਬ ਸਾਂਝਾ ਬਣਾ ਦਿਤਾ ਸੀ ।

ਦੂਜੇ ਪਾਸੇ ਕਾਫੀ ਪੰਜਾਬੀ ਸਿਪਾਹੀ, ਲਾਹੌਰ, ਮੁਲਤਾਨ ਬਠਿੰਡੇ ਤੋਂ ਦਿਲੀ ਵਲ ਨੂੰ ਚੜ੍ਹਨ ਵੇਲੇ ਲਸ਼ਕਰਾਂ ਵਿਚ ਚੋਖੀ ਸ਼ਾਮਿਲ ਹੁੰਦੇ ਹਨ ਤੇ ਮੁਸਲਮਾਨੀ ਫੌਜਾਂ ਨਾਲ ਰਲ ਕੇ ਦੂਰ ਦੂਰ ਦੀਆਂ ਮੁਹਿੰਮਾਂ ਕਰ ਸਕਦੇ ਸਨ । ਸਾਨੂੰ ਪਤਾ ਹੈ ਕਿ ਜਦੋਂ ਗਿਆਰਵੀਂ ਸਦੀ ਵਿਚ ਰਾਜਾ ਜੈਪਾਲ ਨੇ ਕਾਬਲ ਤੋਂ ਵੀ ਅਗੇ ਜਾ ਕੇ ਆਪਣੀਆਂ ਬਲਵਾਨ ਸੈਨਾ ਸਦਕੇ ਤੁਰਕਾਂ ਨਾਲ ਲੋਹਾ ਲੈਂਦਾ ਰਿਹਾ ਤੇ ਫਿਰ ਉਸਦੇ ਪੁਤ ਪੋਤੇ ਅਨੰਗਪਾਲ, ਤ੍ਰਿਲੋਚਨਪਾਲ ਤੇ ਭੀਮ ਪਾਲ ਵੀ ਇਸ ਵਿਦੇਸੀ ਕਾਂਗ ਨੂੰ ਠੱਲਣ ਵਿਚ ਵਾਹ ਲਾਉਂਦੇ ਰਹੇ ਲੇਕਿਨ ਹੋਣੀ ਨੂੰ ਕੁਛ ਹੋਰ ਮਨਜ਼ੂਰ ਸੀ । ਮਹਿਮੂਦ ਗਜ਼ਨਵੀ ਦੇ ਤੇ ਉਸ ਤੋਂ ਬਾਦ ਮੁਹੰਮਦ ਗੌਰੀ ਆਦਿ ਭਾਰਤ ਨੂੰ ਅਧੀਨ ਕਰਨ ਵਿਚ ਕਾਮਯਾਬ ਹੋ ਗਏ । ਖਿਲਜੀ ਤੇ ਤੁਗਲਕ ਜ਼ਮਾਨੇ ਵਿਚ ਫੇਰ ਅਨੇਕਾਂ ਹਮਲੇ ਚਲਦੇ ਰਹੇ । ਜਦੋਂ ਮੁਹੰਮਦ ਤੁਗਲਕ ਦਿਲੀ ਤੋਂ ਜ਼ਬਰਦਸਤੀ ਦੌਲਤਾਬਾਦ ਰਾਜਧਾਨੀ ਲੈ ਗਿਆ ਤਾਂ ਉਸ ਸਮੇਂ ਵੀ ਹਜ਼ਾਰਾਂ ਪੰਜਾਬੀ ਸਿਪਾਹੀ, ਸ਼ਾਹੀ ਲਸ਼ਕਰਾਂ ਵਿਚ ਸ਼ਾਮਲ ਸਨ । ਸਾਧ ਭਾਖਾ ਵਾਂਗ ਇਕ ਫੌਜੀ ਭਾਖਾ ਜਾਂ ਲਸ਼ਕਰੀ ਜ਼ਬਾਨ ਵੀ ਹੌਲੀ ਹੌਲੀ ਵਿਕਸਤ ਹੋਈ, ਜਿਸਨੂੰ ਪਿਛੋਂ 'ਉਰਦੂ' ਨਾਮ ਮਿਲਿਆ । ਏਸ ਫੌਜੀ ਜ਼ਬਾਨ ਦੀ ਘਾੜਤ ਵਿਚ ਪੰਜਾਬੀਆਂ ਦਾ ਡਾਢਾ ਹਿਸਾ ਸੀ ਜਿਸ ਦਾ ਪ੍ਰੋ. ਮਹਿਮੂਦ ਸ਼ੀਰਾਨੀ

ਨੇ ਆਪਣੀ ਪ੍ਰਸਿੱਧ ਕਿਤਾਬ 'ਪੰਜਾਬ ਮੇਂ ਉਰਦੂ' ਵਿਚ ਵਿਸਤਾਰ ਨਾਲ ਚਰਚਾ ਕੀਤਾ ਹੈ। ਦੱਖਣ ਜਾ ਕੇ ਵਸ ਗਏ ਇਨ੍ਹਾਂ ਪੰਜਾਬੀਆਂ ਚੌਧਵੀਂ ਪੰਧਰਵੀਂ ਸਦੀ ਵਿਚ ਕਈ ਰਚਨਾਵਾਂ ਰਚੀਆਂ ਜਿਨ੍ਹਾਂ ਨੂੰ ਉਰਦੂ ਅਦਬ ਦੇ ਖੋਜੀਆਂ 'ਦੱਕਨੀ ਮਖ਼ਤੂਤਾਤ' ਅਤੇ ਹਿੰਦੀ ਵਾਲਿਆਂ 'ਦੱਕਨ ਮੇਂ ਹਿੰਦੀ ਪਦਯ ਗਦਯ' ਆਦਿ ਨਾਮਾਂ ਹੇਠ ਪ੍ਰਕਾਸ਼ਤ ਕੀਤਾ ਹੈ। ਕਈ ਇਨ੍ਹਾਂ ਨੂੰ ਪੜ੍ਹਕੇ ਹੈਰਾਨ ਹੁੰਦੇ ਹਨ ਕਿ ਇਨ੍ਹਾਂ ਲਿਖਤਾਂ ਵਿਚ ਪੰਜਾਬੀ ਕਿਧਰੋਂ ਆ ਗਈ। ਉਹ ਇਸ ਇਤਿਹਾਸਕ ਕਾਰਣ ਤੋਂ ਜਾਣੂ ਨਹੀਂ ਕਿ ਪੰਜਾਬੀ ਮੁਨਸ਼ੀ ਬਾਬੂ ਤੇ ਫੌਜੀ ਸਿਪਾਹੀ ਆਪਣੀ ਹਿੰਮਤ ਤੇ ਲਿਆਕਤ ਨਾਲ ਇਧਰ ਆਏ ਤੇ ਕਈ ਇਧਰ ਹੀ ਵਸ ਗਏ ਅਤੇ ਜੋ ਕੁਝ ਉਨ੍ਹਾਂ ਉਸ ਸਮੇਂ ਦੀ ਸਾਂਝੀ ਜ਼ਬਾਨ ਵਿਚ ਲਿਖਿਆ, ਉਸ ਵਿਚ ਪੰਜਾਬੀ ਸ਼ਬਦਾਵਲੀ ਦਾ ਆਉਣਾ ਕੁਦਰਤੀ ਗੱਲ ਸੀ।

ਉਸ ਸਮੇਂ ਦੱਖਣ ਦੇ ਰਾਜ ਕੇਂਦਰ ਬੀਜਾ ਪੁਰ, ਗੋਲ ਕੁੰਡਾ, ਗੁਲ ਬਰਗਾ ਤੇ ਅਹਿਮਦਨਗਰ ਆਦਿ ਸਨ ਤੇ ਇਥੇ ਹੀ ਸਰਕਾਰੀ ਸਰਪ੍ਰਸਤੀ ਵਿਚ ਲਿਖਣ ਵਾਲੇ ਸਾਹਿਤਕਾਰ ਜਾਂ ਅਦੀਬ ਹੋਏ ਤੇ ਕਿਤਨੇ ਹੀ ਹੋਰ ਸੂਫ਼ੀ ਦਰਵੇਸ਼ ਜਿਨ੍ਹਾਂ ਆਪਣੀ ਮੌਜ ਵਿਚ ਲਿਖਿਆ। ਇਹ ਪੁਰਾਣੇ ਖਰੜੇ ਬਹੁਤੇ ਪ੍ਰਕਾਸ਼ਤ ਨਹੀਂ ਹੋਏ। ਨਸੀਰੁੱਦੀਨ ਹਾਸ਼ਮੀ ਦੀ ਕਿਤਾਬ 'ਯੂਰਪ ਮੇਂ ਦੱਖਨੀ ਮਖ਼ਤੂਤਾਤ' ਤੇ ਉਰਦੂ ਮਖ਼ਤੂਤਾਤ ਕੁਤਬਖਾਨਾ ਆਸਫੀਆ ਵਿਚ ਕਈਆਂ ਦਾ ਚਰਚਾ ਹੈ ਤੇ ਹਿੰਦੀ ਵਿਚ ਸ੍ਰੀ ਰਾਮ ਸ਼ਰਮਾ ਨੇ 'ਦੱਖਨੀ ਕਾ ਪੱਦ ਔਰ ਗਦ'(1954)ਵਿਚ ਇਨ੍ਹਾਂ ਦੀਆਂ ਵੰਨਗੀਆਂ ਸੰਕਲਿਤ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਇਹ ਸਾਰੇ ਹੀ ਪੰਜਾਬ ਤੋਂ ਜਾਣ ਵਾਲੇ ਸਨ। ਹਾਂ,ਇਹ ਜ਼ਰੂਰ ਹੈ ਕਿ ਇਨ੍ਹਾਂ ਵਿਚ ਕਈ ਐਸੇ ਸਨ ਜੋ ਪੰਜਾਬੀ ਅਦੀਬ ਸਨ ਤੇ ਖਾਸ ਕਰਕੇ ਪੱਛਮੀ ਪੰਜਾਬ ਦੇ। ਕੁਝ ਵੰਨਗੀਆਂ ਵੇਖਣ ਯੋਗ ਹਨ—

ਗੇਸੂ ਦਰਾਜ਼ ਬੰਦਾ ਨਵਾਜ਼ (1322-1423 ਈ.) ਦੀ ਰਚਨਾ 'ਮੇਰਾਜੁਲ ਆਸ਼ਕੀਨ' ਹੈ। ਵੰਨਗੀ—

'ਬਾਤ ਸ਼ਰੀਅਤ ਕਹੇ ਤੋ ਕਿਆ ਮਾਨਾ—ਨਫਸ ਕਾ ਖ਼ਿਲਾਫਤ ਕਰੇ, ਹਲਾਲ ਹੋਰ ਹਰਾਮ ਕੂੰ ਪਛਾਨੇ, ਕਮ ਖਾਵੇ, ਕਮ ਪੀਵੇ, ਕਮ ਸੋਵੇ, ਕਮ ਬੋਲੇ, ਹੋਰ ਖਲਕ ਸੂੰ ਸੁਹਬਤ ਕਮ ਰਖੇ, ਹੋਰ ਪਰਹੇਜ਼ਗਾਰੀ ਸੂੰ ਰਹਵੇ—ਐਸੀ ਬਾਤ ਸ਼ਰੀਅਤ ਕਹਤੇ

ਹੈਂ। ਵਹੀ ਸਤੇ ਜ਼ਿਕਰਿ ਜੱਲੀ ਅਖ਼ਤਯਾਰ ਕਰੈ, ਵਮੁਆਫ਼ਿਕਤ ਹਦੀਸ ਯਾਨੀ ਲਫ਼ਲਕਾ ਉਸੇ ਬੋਲਤੇ ਹੈਂ—ਕਿ ਹਮੇਸ਼ਾ ਜ਼ਬਾਨ ਹਰਕਤ ਮੇਂ ਅਛੈ। ਕੋਰਕ ਜਾਕੇ ਹਜ਼ਰਤ ਸ਼ਾਹ ਬੁਰਹਾਨ ਸਾਹਬ ਫ਼ੁਰਮਾਤੇ ਹੈਂ ਕਿ ਅਪਨੇ ਕਾਮ ਸੂੰ ਫ਼ਾਰਗ ਹੋਏ ਬਾਦ ਅਛ ਖ਼ਾਲੀ ਹੁਜਰੇ ਮੇਂ ਜਾਕਰ ਬੈਠੇ, ਹੌਰ ਇਸਮੇ ਜ਼ਾਤ ਸੂੰ ਮਸ਼ਗੂਲ ਹੋਵੇ, ਬਲੰਦ ਆਵਾਜ਼ ਯਾਨੇ 'ਅੱਲ੍ਹਾ ਅੱਲ੍ਹਾ' ਬਹੁਤ ਬੋਲੇ।'

ਪੰਨਾ 395

ਮੌਲਾਨਾ ਵਜਹੀ--

ਮੁੱਲਾ ਵਜਹੀ ਮੁਗ਼ਲ ਸਮੇਂ ਦੇ ਦੱਖਣੀ ਸਾਹਿਤਕਾਰ ਸਨ ਜੋ ਬਹੁਤਾ ਸਮਾਂ ਗੋਲ ਕੁੰਡਾ ਹੀ ਰਹੇ। ਇਨ੍ਹਾਂ ਦੀ ਕਿਤਾਬ 'ਸਬ ਰਸ' ਪ੍ਰਸਿੱਧ ਹੈ ਜੋ 1636 ਈ: ਵਿਚ ਸਮਾਪਤ ਹੋਈ। ਇਸਦੀ ਵੰਨਗੀ ਇਸ ਪਰਕਾਰ ਹੈ—

'ਖ਼ੁਰਸ਼ੀਦ ਅਲਮ, ਸੁਬਹ ਕੇ ਵਖ਼ਤ ਬੈਠੇ ਤਖ਼ਤ, ਯਕਾ ਯਕ ਗ਼ੈਬ ਮੇਂ ਕੁਛ ਹਮਜ ਪਾ ਕਰ ਦਿਲ ਮੇਂ ਅਪਨੇ ਕੁਛ ਲਿਯਾ ਕਰ ਵਜੀਹ ਨਾਦਿਰ ਸੁਨ ਕੂੰ, ਦਰਿਆ ਦਿਲ ਗੌਹਰ ਸੁਖ਼ਨ ਕੂ, ਹਜ਼ੂਰ ਬੁਲਾਏ, ਪਾਨ ਦੀਏ, ਬਹੁਤ ਮਾਨ ਦੀਏ, ਹੋਰ ਫ਼ੁਰਮਾਏ ਕਿ ਇਨਸਾਨ ਕੇ ਵਜੂਦ ਬੀਚ ਮੇਂ ਕੁਛ ਇਸ਼ਕ ਕਾ ਬਿਆਨ ਕਰਨਾ, ਅਪਨਾ ਨਾਵ ਅਯਾਂ ਕਰਨਾ, ਕੁਛ ਨਿਸ਼ਾ ਧਰਨਾ। ਵਜਹੀ ਬਹੁ ਗੁਣ ਭਰਿਆ, ਤਸਲੀਮ ਕਰਿ ਕਰਿ ਸਿਰ ਪਰ ਹਾਥ ਧਰਿਯਾ, ਬਹੁਤ ਬੜਾ ਕਾਮ ਅੰਦੇਸ਼ਾ ਬਹੁਤ, ਬੜੀ ਫ਼ਿਕਰ ਕਰਿਆ। ਬਲੰਦ ਹਿੰਮਤੀ ਕੇ ਬਾਦਲ ਤੇ ਦਾਨਿਸ਼ ਕੇ ਮੈਦਾਨ ਮੇਂ ਗੁਫ਼ਤਾਰੀ ਬਰਸਾਯਾ, ਕੁਦਰਤ ਕੇ ਅਸਰਾਰੀ ਬਰਸਾਯਾ, ਬਾਦਸ਼ਾਹ ਕੇ ਫ਼ੁਰਮਾਇ ਧੱਰ ਖ਼ਿੱਤਿਯਾ ਆਗੇ ਕਿਆ ਨਿਹਾਰੇ ਹਮੀਂ ਭੀ ਕਛੂ ਥੇ ਕਰ ਸਮਝਵਾਰੇ।

ਜਿਨ੍ਹੇਂ ਕੁਛ ਸਮਝਿਆ ਆਕਬਤ ਲਗਾ ਉਨ੍ਹੇਂ ਅਪਨੀ ਜਾਗ੍ਹਾ; ਅਪਨਾ ਗੁਣ ਉਸਤੇ ਨਹੀਂ ਰਹਾ ਗਯਾ, ਕੁਛ ਕਹਾ ਗਯਾ ਕਿ ਸ਼ਾਇਦ ਜਿਧੀਂ ਕੋਈ ਆਸ਼ਕ ਫਿਰੇ, ਟੁਕ ਤਲਮਲੇ, ਟੁਕ ਚਲੇ ਫਿਰੇ, ਟੁਕ ਮਸਤੀ ਚਢੇ; ਟੁਕ ਤਲਫਲੇ, ਹੌਰ ਸਮਝੇ ਕਿ ਇਨ ਆਸ਼ਕ ਕਾਮਿਲ ਨੇ ਕਿਆ ਬੋਲਿਆ ਹੈ, ਕਿਸ ਜਾਗ੍ਹਾ ਪਰ ਕੈਸੇ ਕੈਸੇ ਭੇਦਾਂ ਖੋਲ੍ਹਿਆ ਹੈ, ਹਮ ਗੁਲਾਬ ਮੇਂ ਆਬ ਲੈਬ ਘੋਲਿਆ ਹੈ, ਹਮ ਮਾਣਕ ਮੋਤੀ ਰੋਲਿਆ ਹੈ। ਦਾਦ ਦੇਵੇ, ਇਮਦਾਦ ਦੇਵੇ, ਮੁਰਾਦ ਦੇਵੇ, ਕੈਸੇ ਕੁਛ ਸੁਨ ਪੜੇ,

ਕੈਸੇ ਫੈਜ਼ ਅਪਨੇ ।

'ਸ਼ਕਤਿ ਹੈ ਤੋ ਅਕਲ ਮੇਂ ਹਿੰਮਤ ਤੂੰ ਕਰ ਸ਼ਰੀਕ, ਜੋ ਪੰਦ ਹੈ, ਅਗਰ ਤੁਝ ਮੇਂ ਕੁਛ ਸਮਝ ਹੈ ਤੋ ਸੀਖ । ਜੋ ਕੋਈ ਚਲਨ ਚਲਤਾ ਹੈ, ਵੁਹ ਕਾਮਿਲ ਹੋਤਾ ਹੈ, ਰੌਸ਼ਨ, ਤਬੀਅਤ ਜ਼ਿੰਦਾਦਿਲ ਹੋਤਾ ਹੈ । ਅਕਲ ਮੇਂ ਕਾਬਲੀਤ, ਜਿਉਂ ਰੇਸ਼ਮ ਮੇਂ ਸੂਤ, ਜਿਉਂ ਦੂਧ ਮੇਂ ਫਾਛ, ਜਿਉਂ ਪਾਰ ਮੇਂ ਕਾਚ, ਜਿਉਂ ਸ਼ੀਰੇ ਮੇਂ ਮੀਠਾ, ਜਿਉਂ ਉਜਲੇ ਜੀਰੇ ਮੇਂ ਕਾਲਾ ਜੀਰਾ, ਜਿਨੇ ਦਿਲ ਕੋ ਜਲਾਯਾ, ਉਨੇ ਕੁਛ ਪਾਯਾ, ਜਿਨੇ ਕਦਮ ਆਗੇ ਧਰਿਯਾ, ਉਨੇ ਕਛੂ ਕਰਯਾ । ਮਰਦੀ ਵ ਨਾਮਰਦਗੀ ਏਕ ਕਦਮ ਹੈ, ਮਰਦ ਕੂੰ ਹੁਇ ਬੜੀ ਫਿਕਰ, ਨਾਮਰਦ ਕੂੰ ਕਯਾ ਗ਼ਮ ਹੈ । ਅਨਜਾਨ ਤੋ ਬੇਚਾਰਾ ਭਲਾ, ਜਾਨਨੇ ਪਰ ਪੜੇ ਬਲਾ ।'

ਪੰਨਾ 405—7

'ਖ਼ੁਦ ਬੇਖ਼ੁਦ ਹੂਏ ਤੋ ਖ਼ੁਦਾ ਕੌਨ ਪਾਵੇ, ਖ਼ੁਦੀ ਦੂਰ ਕਰੇ ਤੋ ਖ਼ੁਦਾ ਦਿਸ ਆਵੇ । ਜਿਤੇ ਆਕਿਲਾਂ ਨੇ ਕਲ ਦੌੜਾਏ, ਆਖਿਰ ਇਸ਼ਕ ਕੀ ਬੇਅਰਾਮੀ ਮੇਂ ਆਰਾਮ ਪਾਏ । ਇਸ਼ਕ ਮੇਂ ਜਾ, ਤੂ ਅਕਲ ਮੇਂ ਕਿਆ ਥਾ, ਸਮਝਨੇ ਕਾ ਨਹੀਂ ਸੋ ਸਮਝਾ ਕਿਉਂ ਜਾਤਾ । ਜਉ ਲਗ ਤੂ ਸਰ ਤੇ ਬੇਤਮ੍ਹਾ ਨ ਹੋਗੀ ਇਸ਼ਕ ਮੇਂ ਆਏ ਬਗੀਰ ਖ਼ਾਤਰ ਜਮ੍ਹਾ ਨ ਹੋਸੀ । ਅਗਰ ਮਰਦ ਹੈ ਤੋ ਅਪਣਾ ਕਮਾਲ ਕੌਣ ਅਪੜਾ ਫ਼ਿਰਾਕ ਮੇਂ ਕਿ ਹਲਾਕ ਹੋਨਾ, ਆਪਸ ਕੂ ਵਿਸਾਲ ਸੂੰ ਅਪੜਾ ਜੋ ਇਸ਼ਕ ਤੇਰਾ ਨਿਹਾਇਤ ਕੂੰ ਅਪੜੈਗਾ, ਉਸ ਧਾਤ ਪੀਛੇ ਦਿਲ ਆਪੇ ਬੋਲਿ ਉਠੈਗਾ ।

ਕਿਆ ਥਾ, ਕਿਆ ਹੈ, ਕਿਆ ਹੋਵੈਗਾ, ਇਸ ਬਾਤੋਂ ਸੂੰ ਹਮਨਾ ਕਿਆ ਕਾਮ, ਹਮਨਾ ਖ਼ੁਦਾ ਕੂੰ ਏਕ ਜਾਨਨਾ ਔਰ ਉਸਕਾ ਮੁਹੱਬਤ ਹੈ ਫਰਜ਼, ਖ਼ੁਦਾ ਕੇ ਕਾਮੋਂ ਸੂੰ ਹਮਨਾ ਕਿਆ ਗਰਜ਼, ਉਸਕਾ ਕਾਮ ਵੁਹ ਜਾਨੇ । ਕਿਸੇ ਕਿਆ ਕੁਦਰਤਿ ਜੁ ਆਵੇ ਮਿਆਨੇ ।

ਬਾਜ਼ੇ ਕਹਤੇ ਹੈਂ ਕਿ ਮੂਸਾ ਨੇ ਖ਼ੁਦਾ ਕੂ ਦੇਖਨੇ ਕਾ ਸਵਾਲ ਕੀਆ, ਨਹੀਂ ਦਿਸਤਾ ਸੋ ਦਿਸਤਾ ਕਰਿ ਖ਼ਯਾਲ ਕੀਆ, ਫਿਕਰੇ ਮੁਹਾਲ ਕੀਆ, ਯਹੀ ਬਾਤ ਹੈ, ਯਹੀ ਤਹਿਕੀਕਾਤ ਹੈ । ਅਗਰ ਦੇਖਨੇ ਕਾ ਨ ਹੋਤਾ, ਔਰ ਨ ਦੇਖਾ ਜਾਤਾ ਤੋ ਮੂਸਾ ਦੇਖਨੇ ਕਾ ਬਾਤ ਹਰਗਿਜ਼ ਮਜਾਲੇ ਜ਼ਬਾਨ ਨ ਲਾਤਾ, ਕਿਆ ਵਾਸਤਾ, ਵੁਹ

ਪੈਗੰਬਰ ਥਾ। ਉਸੇ ਯੂੰ ਇਸਰਾਰ ਰੌਸ਼ਨ ਥਾ ਬਲਕਿ ਰੌਸ਼ਨਤਰ ਥਾ। ਮੂਸਾ ਕੂ ਜਵਾਬ ਆਯਾ—ਲਨਤਰਾਨੀ—ਯਾਨੇ ਨ ਦੇਖਸੀ ਤੂ, ਯੂੰ ਅਨਵਾਰ ਸੁਬਹਾਨੀ। ਯਹੀ ਵਾਸਲਾਨ ਕਥੇ ਹੈਂ, ਸਾਹਿਬੇ ਹਾਸਲਾਨ ਕਥੇ ਹੈਂ, ਨ ਦੇਖੇਂ ਕਹੇ ਤੋ ਕਿਆ ਦੇਖਨਾ ਨਹੀਂ ਹੈ, ਜਾਨੈ ਮੁਹੱਬਤ ਹੋਰ ਖੁਦਾਈ ਹੈ। ਯਾ ਯੂੰ ਕਥੇ ਹੈਂ ਜੁ ਕੋਈ ਮਹਰਮੇ ਰਾਜ਼ ਹੈ, ਉਸ ਸੂੰ ਯੂੰ ਨਾਜ਼ ਨਯਾਜ਼ ਹੈ।

ਪੰਨਾ 411-12

ਮੌਲਾ ਅਬਦੁਲਾ—

ਮੌਲਾ ਅਬਦੁਲਾ (1623 ਈ.) 'ਅਹਕਾਮੁਲ ਸਲਵਾਤ' ਵਿਚ ਕਹਿੰਦੇ ਹਨ।

'ਐ ਯਾਰਿ ਖੁਦਾ! ਯਾ ਜ਼ਿਆਦਾ ਕਰ ਹੋਰ ਬਰਕਤਿ ਦੇ, ਹਮਨਾ ਕੂੰ ਗੁਨਾਹ ਕਬੀਰਾ ਬਿਆਨ। ਕਬੀਰਾ ਉਸੇ ਕਥੇ ਹੈਂ ਕਿ ਉਹ ਗੁਨਾਹ ਕਬੀਰਾ ਕੀਆ; ਅਉਰ ਤੋਬਾ ਨਹੀਂ ਕੀਆ, ਅਗਰ ਮੂਆ ਤੋ ਬਗੈਰ ਅਜ਼ਾਬ ਸੇ ਛੁਟਕਾ ਨਹੀਂ। ਖੁਦਾਇ ਤਾਅਲਾ ਅਜ਼ਾਬ ਦੇ ਕਰ ਬਖਸ਼ੇਗਾ। ਹੋਰ ਗੁਨਾਹ ਸਗੀਰਾ ਉਸੇ ਕਹਤੇ ਹੈਂ ਕਿ ਅਗਰ ਬੰਦਾ ਗੁਨਾਹ ਕੀਆ, ਬਾਜ਼ ਤੋਬਾ ਕਰ ਮੂਆ, ਖੁਦਾਇ ਤਾਅਲਾ ਚਾਹੇ ਤੋ ਬਗੈਰ ਅਜ਼ਾਬ ਦੀਏ ਬਖਸ਼ੇ ਅਗਰ ਕੋਈ ਨੇਕੀ ਕੀਆ ਤੋਂ ਖੁਦਾਇ ਤਾਅਲਾ ਉਨ ਨੇਕੀ ਬਦਲ ਗੁਨਾਹਾਂ ਕੂ ਦੂਰ ਰਖਤਾ ਹੈ। ਅਗਰ ਸਗੀਰਾ ਗੁਨਾਹ ਅਛਿਆ ਤੋ ਹੋਰ ਕਬੀਰਾ ਗੁਨਾਹ ਨੇਕੀ ਕਰਨੇ ਸੂੰ ਦੂਰ ਨਹੀਂ ਹੋਤਾ, ਬਗੈਰ ਤੋਬਾ ਕਰੇ। ਗੁਨਾਹ ਕਬੀਰਾ ਜੁ ਹੈ, ਖੁਦਾ ਸੂੰ ਸ਼ਿਰਕ ਲੇ ਆਨਾ ਗੁਨਾਹ ਕਬੀਰਾ ਹੈ। ਹੋਰ ਖੁਦਾ ਕੀ ਰਹਮਤ ਤੇ ਨ ਉਮੀਦ ਹੋਨਾ ਗੁਨਾਹ ਕਬੀਰਾ ਹੈ, ਹੋਰ ਖੁਦਾ ਕੇ ਅਜ਼ਾਬ ਸੂੰ ਨ ਡਰਨਾ ਗੁਨਾਹ ਕਬੀਰਾ ਹੈ, ਹਰ ਏਕ ਗੁਨਾਹ ਦਾਯਮ ਕਰਯਾ ਅਗਰ ਸਗੀਰਾ ਅਛਯਾ ਤੋ ਭੀ ਗੁਨਾਹ ਕਬੀਰਾ ਹੈ, ਸਿਹਰ ਜਾਦੂ ਕਰਨਾ ਗੁਨਾਹ ਕਬੀਰਾ ਹੈ, ਹੋਰ ਝੂਠੀ ਗਵਾਹੀ ਦੇਨਾ ਗੁਨਾਹ ਕਬੀਰਾ ਹੈ। [ਪੰਨਾ 401

ਮੁਹੰਮਦ ਸ਼ਰੀਫ—

ਮੁਹੰਮਦ ਸ਼ਰੀਫ (੧੭੦੦ ਈ.) 'ਗੰਜਿ ਮਖਫੀ' ਵਿਚ ਲਿਖਦੇ ਹਨ—

'ਰਸੂਲਿੱਲਾ ਫੁਰਮਾਤੇ ਹੈਂ ਕਿ ਫਕੀਰੀ ਮੇਰੀ ਫਖ਼ਰਗੀ ਹੈ। ਕੌਲ ਹੈ ਕਿ

ਏਕ ਰੋਜ਼ ਹਜ਼ਰਤ ਰਸੂਲਿੱਲਾ ਨਿਮਾਜ਼ ਗੁਜ਼ਾਰ ਕਰਿ ਪੀਛੇ ਮੁਬਾਰਕ ਕਿਬਲਾ : ਰਫ ਕਰ ਕਰ ਬੈਠੇ, ਯਾਰੋਂ ਪੂਛੇ ਕਿ ਯਾ ਰਸੂਲਿੱਲਾ ! ਅਸਲ ਫਕੀਰ ਕਿਆ ਹੈ ? ਰਸੂਲਿੱਲਾ ਫੁਰਮਾਇਆ ਕਿ ਅਸਲ ਫਕੀਰੀ ਕਰਾਮਤ ਹੈ, ਚਾਰੀ ਕਰਾਮਤੀ ਤੇ ਹੈ, ਯਾਰਊਂ ਪੂਛਿਓ ਕਿ ਦਰਵੇਸ਼ ਕਿਆ ਹੈ ? ਰਸੂਲਿੱਲਾ ਫੁਰਮਾਏ ਕਿ ਦਰਵੇਸ਼ ਖਜ਼ਾਨਾ ਹੈ ਅੱਲ੍ਹਾ ਤਾਅਲਾ ਕੇ ਖਜ਼ਾਨੇ ਤੇ ਭੀ । ਯਾਰਊਂ ਪੂਛਿਓ ਕਿ ਯਾ ਰਸੂਲਿੱਲਾ ! ਫਕੀਰੀ ਕਿਸ ਖਸਲਤਿ ਹੈ ? ਰਸੂਲਿੱਲਾ ਫੁਰਮਾਏ ਕਿ ਖਾਮੋਸ਼ੀ ਫਕੀਰੀ ਕੂ ਗ਼ਨੀਮਤ ਹੈ ਹੋਰ ਖਾਨਾ ਪੀਨਾ ਰਿਜ਼ਕ ਅੱਲ੍ਹਾ ਤਾਅਲਾ ਕੰਨੇ ਤਲਬ ਨ ਕਰਨਾ ਜੋ ਕੁਛ ਹਲਾਲ ਵਜੂੰ ਕਾ ਰਿਜ਼ਕ ਪਹੁੰਚਾਤਾ ਹੈ, ਤੋ ਉਹ ਰਿਜ਼ਕ ਖਾਨਾ ਹੋਰ ਪੀਨਾ, ਹੋਰ ਖੁਦਾ ਤਾਅਲਾ ਕਾ ਯਾਦ ਹਰ ਵਕਤ ਅਛਨਾ । ਸਾਰਾ ਦਿਨ ਰੋਜ਼ਾ ਰਖਨਾ, ਸਾਰੀ ਰਾਤ ਇਬਾਦਤ ਕਰਨਾ, ਅਗਰ ਫਾਕਾ ਪੇਸ਼ ਆਇਆ ਤੋ ਖੁਸ਼ਹਾਲ ਹੋਨਾ ਹੋਰ ਕਿਸੀ ਕੋ ਆਗੇ ਨ ਬੋਲਨਾ । [ਦੱਖਨੀ ਕਾ ਪੱਦ ਔਰ ਗੱਦ (ਸ੍ਰੀ ਰਾਮ ਸ਼ਰਮਾ) ਪੰਨਾ 427

ਮੀਰਾ ਜੀ ਖੁਦਨਮਾ—

'ਏ ਅਜ਼ੀਜ਼ਾਂ ਏ ਬਾਤ ਨਹੀਂ ਸੁਣੀਆ, ਬਾਦਸ਼ਾਹ ਘੋੜਾ ਮੁਸਤੈਦ ਕੀਏ ਬਾਝੂ ਨਹੀਂ ਸਵਾਰ ਹੋਤੇ ਔਰ ਘੋੜੇ ਮਾਹਿ ਕੁਛ ਖੋਟ ਆਹੈ ਤਊ ਭੀ ਨਹੀਂ ਕਬੂਲ ਕਰਤੇ । ਜਾਨੀ ਪੀਰ ਕੇ ਇਸ਼ਕ ਮੇਂ ਪੁਖਤਾ ਹੂਆ ਬਾਝੁ ਖੁਦਾ ਕੇ ਇਸ਼ਕ ਮੇਂ ਨ ਆ ਸਕਤੀ......ਹੋਰ ਦੇਖ ਨ ਸਮਝੀ, ਇਸ ਕੋ ਮਾਅਨਾ ਖੁਦਾ ਕੀ ਪਛਾਣ ਕਾਬਿਲ ਨਹੀਂ, ਤੋ ਅਵੱਲਿ ਅਪਣੀ ਪਛਾਣ ਕਰਿ । ਸੋ ਏ ਬਾਤ ਯੂੰ ਹੈ ਕਿ ਆਫਤਾਬ ਕਾ ਜ਼ਾਤ ਨਵਾਜ਼ ਨਿਹਾਰਾ ਹੈ ਔਰ ਇਸਕਾ ਉਜਾਲਾ ਜਾਲਣ ਹਾਰਾ ਹੈ ।'

(ਉਰਦੂ ਕੀ ਇਬਤਦਾਈ ਨਸ਼ਵੋਨੁਮਾ ਮੇਂ ਸੂਫੀਆਏ ਕਰਾਮ ਕਾ ਕਾਮ (1939)

(ਡਾ. ਅਬਦੁਲ ਹੱਕ)

ਪੁਰਾਤਨ ਹਿੰਦਵੀ ਤੇ ਹਿੰਦੀ ਵਿਚ ਵੀ ਅਜੇਹੀ ਵੰਨਗੀ ਪ੍ਰਾਪਤ ਹੈ ਜਿਸ ਤੇ ਪੰਜਾਬੀ ਦੀ ਮੋਹਰ ਹੈ ।

ਸੋ ਸਾਡੇ ਸਾਧੂ ਤੇ ਸਿਪਾਹੀ ਇਸ ਗਲ ਲਈ ਜ਼ਿੰਮੇਵਾਰ ਹਨ ਕਿ ਉਨ੍ਹਾ ਹਿੰਦੁਸਤਾਨੀ ਭਾਸ਼ਾ ਵਿਚ ਪੰਜਾਬੀ ਦਾ ਬਹੁਤਾ ਅੰਸ਼ ਰਲਾਇਆ ਅਤੇ ਕੁਝ ਕੁਝ ਇਧਰੋਂ ਉਧਰੋਂ ਲੈਕੇ ਪੰਜਾਬੀ ਦੀ ਵੀ ਐਸੀ ਖਿਚੜੀ ਪਕਾਈ ਕਿ ਦੇਸ਼ ਦਾ ਹਰ

ਸਾਧ ਸੰਤ ਇਹ ਖਿਚੜੀ ਖਾ ਸਕੇ । ਸੋ ਉਨ੍ਹਾਂ ਲੋਕਾਂ ਦੇ ਮਨੋਰਥ ਵਿਸ਼ਾਲ ਮਨ ਤੇ ਕੋਈ ਵੀ ਅਧਿਆਤਮਕ ਆਗੂ ਨਸਲਾਂ, ਜਾਤੀਆਂ, ਪ੍ਰਾਂਤਾਂ ਦੀਆਂ ਹੱਦਾਂ ਵਿਚ ਸੀਮਤ ਨਹੀਂ ਰਹਿੰਦਾ ਸਗੋਂ ਉਹ ਸਾਰੀ ਮਨੁੱਖ ਜਾਤੀ ਨੂੰ ਸੰਬੋਧਨ ਕਰਕੇ ਖੁਸ਼ ਹੁੰਦਾ ਹੈ । ਇਸੇ ਵਿਸ਼ਾਲ ਦ੍ਰਿਸ਼ਟੀ ਕਾਰਣ ਸਾਡੀ ਪੁਰਾਤਨ ਅਧਿਆਤਮਕ ਕਵਿਤਾ ਤੇ ਪੁਰਾਤਨ ਅਧਿਆਤਮਕ ਗੱਦ ਸਭ ਨੂੰ ਨਾਲ ਲੈਕੇ ਤੁਰਦੀ ਹੈ । ਉਨ੍ਹਾਂ ਲੋਕਾਂ ਦੀ ਮਾਨਸਿਕ ਉਦਾਰਤਾ ਤੇ ਸਮਾਜਕ ਪ੍ਰਸਿਥਤੀਆਂ ਦਾ ਬੋਧ ਨ ਹੋਣ ਕਾਰਣ ਕਈ ਵਾਰ ਅਸੀਂ ਇਸ ਗੱਦ ਭੰਡਾਰ ਨੂੰ ਅਪੰਜਾਬੀ ਸਮਝਕੇ ਅਪਣਾਉਣੋਂ ਸੰਕੋਚ ਕਰਦੇ ਹਾਂ ਪਰ ਇਹ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਾਡਾ ਅਮੀਰ ਵਿਰਸਾ ਹੈ ਇਸ ਤੋਂ ਇਨਕਾਰ ਕਰਨਾ ਸੰਭਵ ਨਹੀਂ । ਅਜੋਕੀ ਆਦਰਸ਼ ਪੰਜਾਬੀ ਨਾਲ ਰਲਾ ਕੇ ਇਸ ਦਾ ਅਧਿਐਨ ਕਰਨ ਦੀ ਲੋੜ ਨਹੀਂ, ਸਗੋਂ ਜਦੋਂ ਇਹ ਰਚਨਾ ਪੈਦਾ ਹੋਈ, ਉਸ ਸਮੇਂ ਦੀਆਂ ਪ੍ਰਸਿਥਤੀ ਤੇ ਪ੍ਰਗਟਾਉਣ-ਵਿਧੀ ਨੂੰ ਸਨਮੁਖ ਰੱਖਕੇ ਹੀ ਸਹੀ ਨਿਰਣਾ ਲੈਣਾ ਯੋਗ ਹੈ ।

ਪੰਜਾਬੀ ਗੱਦ ਸਾਹਿਤ—

'ਪੰਜਾਬੀ ਦਾ ਸਾਹਿਤ ਜ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ । ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਕੰਨ ਗੁਰੂ ਸਾਹਿਬ ਦੇ ਪਿਆਰ-ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਨਾਲ ਹਿਲਦੇ ਸਨ ।

ਤੇ ਇਥੋਂ ਨਸਰ ਪੰਜਾਬ ਦੇ ਫਕੀਰਾਂ ਤੇ ਖਾਸ ਕਰ ਸਿਖ ਫਕੀਰਾਂ ਦੇ ਹੱਥਾਂ ਵਿਚ ਖੇਡੀ ਤੇ ਵਡੀ ਹੋਈ ।'

(ਖੁਲ੍ਹੇ ਲੇਖ)

ਪ੍ਰੋ. ਪੂਰਨ ਸਿੰਘ ਦਾ ਇਹ ਕਥਨ ਕੋਈ ਅਲੰਕਾਰਕ ਬਿਆਨ ਨਹੀਂ ਬਲਕਿ ਇਤਿਹਾਸਕ ਹਕੀਕਤ ਦਾ ਸਹਿਜ ਸੁਭਾ ਪ੍ਰਗਟਾਵਾ ਹੈ । ਹਰ ਸਾਹਿਤ ਵਿਚ ਕਵਿਤਾ ਪਹਿਲੇ ਜਨਮ ਲੈਂਦੀ ਹੈ ਤੇ ਵਾਰਤਕ ਪਿਛੋਂ । ਕਵਿਤਾ ਭਾਵਕ ਪ੍ਰਗਟਾਉ ਹੈ ਤੇ ਵਾਰਤਕ ਬੋਧਿਕ ਪ੍ਰਗਟਾਉ । ਕਵਿਤਾ ਪ੍ਰਤੀਕਾਤਮਕ ਸ਼ੈਲੀ ਦੀ ਸ਼ੌਕੀਨ ਹੈ ਤੇ ਵਾਰਤਕ ਸਰਲ ਸ਼ੈਲੀ ਦੀ। ਕਵਿਤਾ ਵਿਅਕਤੀਗਤ ਅਭਿਵਿਅੰਜਨਾ ਹੈ ਤੇ ਵਾਰਤਕ

ਮਿਜਾਜਗਤ। ਦੂਜੇ ਸ਼ਬਦਾਂ ਵਿਚ ਕਵਿਤਾ ਨਿਰੀ ਆਪਣੀ ਗੱਲ ਕਰਦੀ ਹੈ ਚਾਹੇ ਦੂਜੇ ਦਾ ਵੀ ਨਾ ਲੈ ਲਵੇ ਪਰ ਵਾਰਤਕ ਵਧੇਰੇ ਦੂਜਿਆਂ ਦੇ ਪ੍ਰਸੰਗ ਦਸਦੀ ਹੈ। ਜਿਉਂ ਜਿਉਂ ਬੌਧਿਕ ਵਿਕਾਸ ਅਗੇਰੇ ਚਲਦਾ ਹੈ ਤਿਉਂ ਤਿਉਂ ਵਾਰਤਕ ਵਧੇਰੇ ਪ੍ਰਕਾਸ਼ ਵਿਚ ਆਉਂਦੀ ਹੈ। ਰਿਗ ਵੇਦ, ਕਾਵਿ-ਰਚਨਾ ਹੈ ਜੋ ਪਹਿਲੇ ਵਜੂਦ ਵਿਚ ਆਇਆ ਤੇ,'ਉਪਨਿਸ਼ਦ' ਚਿੰਤਨ-ਪ੍ਰਧਾਨ ਗੱਦ ਰਚਨਾ ਹੈ ਜੋ ਪਿਛੋਂ ਪ੍ਰਗਟ ਹੋਈ। ਇਹੋ ਹਾਲ ਸਾਡੇ ਸਾਹਿਤਾਂ ਦਾ ਹੈ; ਪੰਜਾਬੀ ਵਿਚ ਕਵਿਤਾ ਗੁਰੂਆਂ ਤੋਂ ਪਹਿਲਾਂ ਵੀ ਕਾਫੀ ਸੀ ਪਰੰਤੂ ਵਾਰਤਕ ਦਾ ਵਿਕਾਸ ਗੁਰੂ ਨਾਨਕ ਵਿਚਾਰਧਾਰਾ ਦੇ ਵਿਕਾਸ ਅਤੇ ਪ੍ਰਕਾਸ਼ ਨਾਲ ਵਧੇਰੇ ਹੋਇਆ। ਗੁਰੂਆਂ ਦੀਆਂ ਸਾਖੀਆਂ ਲਿਖੀਆਂ ਗਈਆਂ, ਗੁਰੂ ਦੇ ਸ਼ਬਦਾਂ ਦੀ ਵਿਆਖਿਆ ਕੀਤੀ ਗਈ ਅਤੇ ਰਹਿਣੀ ਬਹਿਣੀ ਲਈ ਅਮੋਲਕ ਸਿਖਿਆ-ਬਚਨ ਸੰਭਾਲੇ ਗਏ। ਇਸ ਪ੍ਰਥਾ ਦਾ ਪਿੱਛਾ ਜ਼ਰੂਰ ਸੀ, ਇਸ ਤੋਂ ਇਨਕਾਰ ਨਹੀਂ। ਇਹ ਗੱਲ ਵੱਖਰੀ ਹੈ ਕਿ ਇਤਿਹਾਸ ਦੇ ਪ੍ਰਬਲ ਵਹਿਣਾਂ ਨੇ ਇਹ ਨਿਸ਼ਾਨ ਸਾਡੇ ਲਈ ਨਹੀਂ ਰਹਿਣ ਦਿਤੇ ਪਰੰਤੂ ਫਿਰ ਵੀ ਪ੍ਰਾਪਤ ਸੰਕੇਤ ਦਸਦੇ ਹਨ ਕਿ ਕਾਵਿ-ਪਰੰਪਰਾ ਵਾਂਗ ਗੱਦ ਦੀ ਆਪਣੀ ਭਰਪੂਰ ਪਰੰਪਰਾ ਸੀ। ਜਿਵੇਂ ਕਿ ਨਾਥ ਸਾਹਿਤ ਦੀਆਂ ਟੂਕਾਂ ਤੋਂ ਜ਼ਾਹਰ ਹੈ।

ਮੋਟੇ ਤੌਰ ਤੇ ਪੰਜਾਬੀ ਗੱਦ-ਸਾਹਿਤ ਨੂੰ ਤਿੰਨ ਕਾਲਾਂ ਵਿਚ ਵੰਡ ਸਕਦੇ ਹਾਂ—

੧. ਪ੍ਰਾਚੀਨ ਵਾਰਤਕ (੧੧੦੦—੧੪੦੦ ਈ.)

੨. ਮੱਧ ਕਾਲੀਨ ਵਾਰਤਕ (੧੫੦੦—੧੯੦੦ ਈ.)

੩. ਆਧੁਨਿਕ ਵਾਰਤਕ (੧੯੦੦—ਹੁਣ ਤਕ)

ਪ੍ਰਾਚੀਨ ਵਾਰਤਕ ਗੁਰੂ ਕਾਲ ਤੋਂ ਪਹਿਲਾਂ ਦੀ ਵੀ ਹੈ, ਇਸਦੀ ਵੰਨਗੀ ਕੁਝ ਖਿੰਡੇ ਪੁੰਡੇ ਰੂਪ ਵਿਚ ਟਾਵੀਂ ਟਾਵੀਂ ਮਿਲਦੀ ਹੈ ਜਾਂ ਕੁਝ ਪ੍ਰਾਚੀਨ ਗੋਸ਼ਟਾਂ ਵਿਚ ਇਸਦਾ ਮੁਹਾਂਦਰਾ ਦਿਖਾਈ ਦਿੰਦਾ ਹੈ। ਮੱਧ-ਕਾਲੀਨ ਵਾਰਤਕ ਦਾ ਘੇਰਾ ਉਨ੍ਹਾਂ ਤਿੰਨ ਚਾਰ ਸਦੀਆਂ ਵਿਚ ਫੈਲਿਆ ਹੋਇਆ ਹੈ ਜਦੋਂ ਗੁਰੂ ਨਾਨਕ ਦੇ ਵਿਚਾਰਾਂ ਅਤੇ ਸ਼ਰਧਾ ਨੇ ਇਕ ਵਡੇ ਸਫਲ ਬਿਰਛ ਦਾ ਰੂਪ ਧਾਰਨ ਕਰ ਲਿਆ ਸੀ। ਇਸ ਖਾਤਰ ਹੀ ਉਨ੍ਹਾਂ ਦੇ ਵਿਅਕਤਿਤਵ ਅਤੇ ਸਿਧਾਂਤ ਨੂੰ ਪ੍ਰਗਟ ਕਰਨ ਲਈ ਮਣੀ ਮੂੰਹ ਗੱਦ ਵਿਕਸਿਤ ਹੋਈ। ਨੀਝ ਨਾਲ ਵੇਖਿਆਂ ਇਹ ਵੀ ਸਪਸ਼ਟ ਹੁੰਦਾ ਹੈ ਕਿ

ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਸਾਹਿਤ ਦੇ ਸਿਰਮੌਰ ਸਰਪ੍ਰਸਤ ਸਨ। ਗੁਰੂ ਅਰਜਨ ਦੀ ਸੰਗਤ ਤੇ ਪ੍ਰੇਰਨਾ ਨੇ ਆਪਣੇ ਨੌਜੁਆਨ ਭਤੀਜੇ ਮਿਹਰਵਾਨ ਨੂੰ ਐਸੀ ਚੇਟਕ ਲਾਈ ਕਿ ਉਨ੍ਹਾਂ ਦੀ ਅਗਵਾਈ ਵਿਚ ਅਨੇਕਾਂ ਲੇਖਕਾਂ, ਗੱਦ ਪੱਦ ਗ੍ਰੰਥ ਲਿਖੇ ਜੇਹਾ ਕਿ ਪੰ: ਕੇਸੋ ਦਾਸ ਜਾਂ ਬਾਵਾ ਹਰੀਆ। ਇਸ ਤੋਂ ਪਿਛੋਂ ਕਈ ਸਾਧੂ ਸੰਤ ਇਸ ਸਾਹਿਤਕ ਸੇਵਾ ਨੂੰ ਸਰੰਜਾਮ ਦਿੰਦੇ ਰਹੇ ਜਿਨ੍ਹਾਂ ਵਿਚ ਉਦਾਸੀ ਸਾਧੂ, ਨਿਰਮਲੇ ਪੰਡਿਤ, ਦੀਵਾਨੇ ਸਾਧ ਤੇ ਸੇਵਾ ਪੰਥੀ ਮਹਾਤਮਾ ਵਿਸ਼ੇਸ਼ ਮਹੱਤਵ ਰਖਦੇ ਹਨ। ਇਨ੍ਹਾਂ ਸਾਰਿਆਂ ਦੀ ਰਚਨਾ ਦਾ ਵਿਸ਼ਾ ਤਾਂ ਭਾਵੇਂ ਗੁਰੂ-ਮਹਿਮਾ ਯਾ ਗੁਰੂ-ਸਿਧਾਂਤ ਮਹਿਮਾ ਇਕੋ ਹੀ ਹੈ ਪਰੰਤੂ ਇਹ ਵਾਰਤਕ, ਰੂਪਭੇਦ ਕਰ ਕੇ ਕਈ ਕਿਸਮ ਦੀ ਬਣਦੀ ਹੈ। ਜਿਵੇਂ ਕਵਿਤਾ ਦੀਆਂ ਅਨੇਕ ਕਿਸਮਾਂ ਹਨ—ਮਹਾਂ ਕਾਵਿ, ਖੰਡ ਕਾਵਿ, ਖੁਲ੍ਹੀ ਰਚਨਾ ਯਾ ਵਾਰ, ਬਾਰਾਂਮਾਹ, ਕਾਫ਼ੀ;ਗੀਤ,ਕਿੱਸਾ ਆਦਿ। ਵਾਰਤਕ ਦੇ ਪ੍ਰਮੁਖ ਰੂਪ ਇਹ ਵਰਤੇ ਗਏ ਹਨ—ਸਾਖੀ,ਪਰਚੀ, ਕਥਾ, ਵਾਰਤਾ, ਗੋਸ਼ਟਿ, ਸੰਬਾਦ, ਬਚਨ, ਨਾਮੇ, ਮਸਲੇ, ਪਰਮਾਰਥ, ਟੀਕੇ, ਵਿਆਖਿਆ ਜਾਂ ਅਨੁਵਾਦ ਆਦਿ।

੧. ਸਾਖੀ ਸਾਹਿਤ

ਗੁਰਬਾਣੀ ਵਿਚ ਆਇਆ ਹੈ—

'ਪਰਥਾਇ ਸਾਖੀ ਮਹਾਂ ਪੁਰਖ ਬੋਲਦੇ, ਸਾਂਝੀ ਸਗਲ ਜਹਾਨੈ।
(ਸੋਰਠਿ ੩)

'ਸੁਣਿ ਸਾਖੀ ਮਨ ਜਪਿ ਪਿਆਰ
ਅਜਾਮਲ ਉਧਰਿਆ ਅਨਿਕ ਵਾਰ।' [ਬਸੰਤ ੩

'ਪਰਮ ਸੁਮਾਰਗ' ਰਹਿਤਨਾਮੇ ਵਿਚ ਤਾਕੀਦ ਹੈ—

'ਅਕੈ ਸ਼ਬਦ, ਅਕੈ ਬਾਣੀ, ਅਕੈ ਬਬੇਕ ਕੀ ਸੰਗਤਿ ਪਾਇ
ਗੁਰੂ ਬਾਬੇ ਕੀਆਂ ਸਾਖੀਆਂ ਕਹੈ।' ਪੰਨਾ ੧੦

ਸਾਖੀ ਸਾਹਿਤ ਸਭ ਤੋਂ ਵਧ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਦੀ ਜੀਵਨ ਘਟਨਾਵਲੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਵਡਿਆਈ ਦੱਸਣ ਲਈ ਗੁਰਬਾਣੀ ਦੇ ਸ਼ਬਦਾਂ ਦੇ ਆਧਾਰ ਤੇ ਕਥਾਵਾਂ ਨੂੰ ਪੁਰਾਣਕ ਤੇ ਕਲਾਤਮਕ ਤਰੀਕੇ ਨਾਲ ਸੋਹਣੀ ਤਰ੍ਹਾਂ ਗੁੰਦਿਆ ਗਿਆ ਹੈ। ਇਹ ਇਤਿਹਾਸ ਵੀ ਹੈ, ਸਾਹਿਤ ਵੀ।

ਅਜੇਹੀਆਂ ਜੀਵਨ-ਕਥਾਵਾਂ ਨੂੰ 'ਜਨਮ ਸਾਖੀ' ਨਾਂ ਨਾਲ ਯਾਦ ਕੀਤਾ ਜਾਂਦਾ ਹੈ, ਕਿਤੇ ਕਿਤੇ ਇਨ੍ਹਾਂ ਨੂੰ 'ਪਰਚੀਆਂ' ਯਾ 'ਗੋਸ਼ਟਾ' ਵੀ ਕਿਹਾ ਗਿਆ ਹੈ, ਸਾਖੀ ਦਾ ਅਰਥ ਗਵਾਹੀ ਹੈ, ਭਾਵ ਹੋਇਆ ਡਿਠੀ-ਸੁਣੀ ਘਟਨਾ। 'ਪਰਚੀ' ਕਿਸੇ ਦਾ ਜੀਵਨ-ਪਰਿਚਯ ਜਾਂ ਜਾਣਕਾਰੀ ਕਰਾਉਂਦੀ ਹੈ। ਹਿੰਦੂ ਪਰੰਪਰਾ ਵਿਚ ਇਸ ਦੀ ਵਰਤੋਂ ਜ਼ਿਆਦਾ ਰਹੀ ਹੈ। ਵੈਸੇ ਸਾਖੀ ਘਟਨਾ-ਪ੍ਰਧਾਨ ਰਚਨਾ ਹੁੰਦੀ ਹੈ ਤੇ ਗੋਸ਼ਟਿ ਤਰਕ-ਪ੍ਰਧਾਨ। ਪਰ ਗੋਸ਼ਟਿ ਦਾ ਵਿਸਤ੍ਰਿਤ ਰੂਪ ਅਖੀਰ ਸਾਖੀਆ ਸਮਾਨ ਵੀ ਹੋ ਗਿਆ ਅਤੇ ਕਿਤੇ ਕਿਤੇ ਪਰਮਾਰਥ ਲਿਖਣ ਲਈ ਵੀ ਉਥਾਨਕਾ ਬੰਨ੍ਹ ਕੇ ਉਸਨੂੰ ਸਾਖੀ ਰੂਪ ਵਿਚ ਹੀ ਢਾਲਿਆ ਗਿਆ ਹੈ ਜਿਵੇਂ ਕਿ ਬਾਬਾ ਮੇਹਰਵਾਨ ਜੀ ਦੀ ਅਗਵਾਈ ਵਿਚ ਲਿਖੀਆਂ ਗੱਦ-ਰਚਨਾਵਾਂ ਸਾਖੀ; ਗੋਸਟਿ ਤੇ ਪਰਮਾਰਥ ਦਾ ਸੰਗਮ ਬਣ ਗਈਆਂ ਹਨ। ਮੁਸਲਮਾਨੀ ਪੀਰਾਂ ਫਕੀਰਾਂ ਦੇ ਜੀਵਨ-ਬ੍ਰਿਤਾਂਤ 'ਮਸਲੇ' ਨਾਮ ਹੇਠ ਅੰਕਿਤ ਮਿਲਦੇ ਹਨ, ਵਿਸ਼ਾ ਉਨ੍ਹਾਂ ਦਾ ਵੀ ਵਿਸ਼ੇਸ਼ ਵਿਅਕਤੀਆਂ ਦੀ ਜੀਵਨ-ਗਾਥਾ ਹੈ। ਇਸ ਪਰਕਾਰ ਦਾ ਜੋ ਸਾਖੀ-ਸਾਹਿਤ ਮਿਲਦਾ ਹੈ, ਉਸ ਵੀਆਂ ਕੁਝ ਕੁ ਵਰਣਨ ਯੋਗ ਰਚਨਾਵਾਂ ਇਹ ਹਨ—

ਸ੍ਰੀ ਸਤਿਗੁਰੂ ਜੀ ਦੇ ਮਹੇ ਦੀਆਂ ਸਾਖੀਆਂ

ਪੁਰਾਤਨ ਜਨਮ ਸਾਖੀ	ਜਨਮਸਾਖੀ ਕਬੀਰ ਜੀ ਕੀ
ਆਦਿ ਸਾਖੀਆਂ	ਜਨਮਸਾਖੀ ਨਾਮਦੇਵ ਜੀ ਕੀ
ਜਨਮ ਸਾਖੀ ਭਾਈ ਬਾਲਾ	ਜਨਮਸਾਖੀ ਰਵਿਦਾਸ ਭਗਤ ਕੀ
ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ	ਗੋਸਟਿ ਸ੍ਰੀ ਕਬੀਰ ਜੀ ਕੀ
ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ	ਮਸਲੇ ਹਜ਼ਰਤ ਰਸੂਲ ਕੇ
ਗੋਸ਼ਟਿ ਸ੍ਰੀ ਗੁਰੂ ਮਿਹਰਵਾਨ ਜੀ ਕੀ	ਮਸਲੇ ਸ਼ੇਖ ਫ਼ਰੀਦ ਜੀ ਕੇ
ਪੰਜ ਸੌ ਸਾਖੀ (ਹਰਿ ਜੀ)	ਮਸਲਾ ਹਸਨ ਹੁਸੈਨ ਕਾ
ਪਰਚੀਆ ਭਾ. ਸੇਵਾ ਦਾਸ	ਗੁਰੂ ਕੀਆਂ ਸਾਖੀਆਂ
ਅੰਮ੍ਰਿਤ ਗੁਟਕਾ	ਸੁਖਮਨਾ ਸਹਸ੍ਰਨਾਮ
ਸ੍ਰੀ ਮਹਿਮਾ ਪ੍ਰਕਾਸ਼ (ਵਾਰਤਕ)	ਸਾਖੀਆਂ ਬਾਬਾ ਦਾਦੂ ਦੀਆਂ
ਗੁਰ ਰਤਨ ਮਾਲ (ਸੌ ਸਾਖੀ)	ਹਕਾਯਤਾਂ ਲੁਕਮਾਨ ਕੀਆਂ
ਦੇਰੇ ਦੀ ਸਾਖੀ	ਨਾਭਾ ਜੀ ਦੀ ਭਗਤਮਾਲ

ਪਰਚੀ ਮਹਾਂ ਸੁੰਦਰ ਸਚਿਆਰ ਕੀ
ਪਰਚੀ ਭਾਈ ਕਨ੍ਹਈਆ ਜੀ ਕੀ
ਪਰਚੀ ਭਾਈ ਅੱਡਣ ਜੀ ਕੀ
ਸਾਖੀਆ ਭਾਈ ਅੱਡਣ ਜੀ ਕੀਆ
ਮੰਤ੍ਰ ਰਤਨਮਾਲ (ਲਾਲ ਚੰਦ)
ਜਨਮਸਾਖੀ ਭਾਈ ਮਨੀ ਸਿੰਘ
ਸਿਖਾਂ ਦੀ ਭਗਤ ਮਾਲ
ਸ੍ਰੀ ਜੱਸਾ ਸਿੰਘ ਬਿਨੋਦ
ਬੁਧਿਬਾਰਧਿ (ਪ੍ਰੇਮ ਸਿੰਘ)
ਸਾਖੀ ਪ੍ਰਮਾਣ

ਸਾਖੀ ਸਾਹਿਤ ਸਭ ਤੋਂ ਵਧ ਹੈ ਤੇ ਪੜ੍ਹਿਆ ਵੀ ਵਧ ਗਿਆ ਹੈ, ਪੁਰਾਤਨਤਾ ਦੇ ਪੱਖ ਤੋਂ ਗੁਰੂ ਅਮਰਦਾਸ ਦੇ ਮੁਖੋਂ ਕਹੀਆਂ ਗਈਆਂ ਸਾਖੀਆਂ ਸਭ ਤੋਂ ਵਧ ਪ੍ਰਾਚੀਨ ਹਨ। ਰੂਪ, ਸ਼ੈਲੀ ਤੇ ਭਾਸ਼ਾ ਦੀ ਪ੍ਰਾਚੀਨਤਾ ਨਿਰਸ਼ੰਕ ਹੈ। ਗੁਰੂ ਨਾਨਕ ਬਾਰੇ ਪੰਜ ਸਾਖੀਆ ਵਧੇਰੇ ਪ੍ਰਸਿਧ ਹਨ। ਇਨ੍ਹਾਂ ਦਾ ਚਰਚਾ ਜ਼ਰੂਰੀ ਹੈ—

(੧) ਇਨ੍ਹਾਂ ਵਿਚੋਂ ਪਹਿਲੀ ਪੁਰਾਤਨ ਜਨਮਸਾਖੀ ਨੂੰ ੧੬੩੫ ਈ. ਵਿਚ ਸੰਪੂਰਣ ਹੋਈ ਮੰਨਿਆ ਗਿਆ ਹੈ। ਇਸ ਵਿਚ ੫੭ ਸਾਖੀਆਂ ਹਨ। ਸ਼ੈਲੀ ਤੇ ਬੋਲੀ ਤੋਂ ਸਿਧ ਹੈ ਕਿ ਇਹ ਇਸ ਤੋਂ ਵੀ ਵਧ ਪ੍ਰਾਚੀਨ ਹੈ। ਪਹਿਲੇ ਪਹਿਲ ਇਸਦਾ ਇਕ ਗੁਰਮੁਖੀ ਖਰੜਾ ਮਿ. ਕੋਲਬਰੂਕ ਰਾਹੀਂ ਵਲੈਤ ਪੁਜ ਗਿਆ ਤੇ ਫਿਰ ਉਸਦਾ ਫੋਟੋ ਉਤਾਰਾ ਡੇਹਰਾਦੂਨ ਤੋਂ (1885 ਈ.) ਕਰਾਕੇ ਮੁਖੀ ਸਿਖਾਂ ਨੂੰ ਦਿਤਾ ਗਿਆ। ਇਸੇ ਤਰ੍ਹਾਂ ਹਾਫ਼ਜ਼ਾਬਾਦ ਤੋਂ ਪ੍ਰਾਪਤ ਇਕ ਖਰੜੇ ਨੂੰ ਆਧਾਰ ਬਣਾਕੇ ਮਿ.ਮੈਕਾਲਫ ਨੇ ਪ੍ਰਕਾਸ਼ਤ ਕੀਤਾ। ਇਸ ਕਰਕੇ ਇਸ ਸਾਖੀ ਦੇ ਨਾਮ ਵਲੈਤ ਵਾਲੀ, ਡੇਹਰਾਦੂਨ ਵਾਲੀ, ਹਾਫ਼ਜ਼ਾਬਾਦ ਵਾਲੀ ਤੇ ਮਿ. ਮੈਕਾਲਫ ਵਾਲੀ ਆਦਿ ਕਈ ਹੋ ਗਏ।

(੨) 'ਆਦਿ ਸਾਖੀਆਂ' ਨੂੰ ਹੁਣੇ ਹੁਣੇ ਡਾ: ਪਿਆਰ ਸਿੰਘ ਜੀ ਨੇ ਬੜੀ ਸੂਝ-ਬੂਝ ਨਾਲ ਸੰਪਾਦਿਤ ਕੀਤਾ ਹੈ, ਇਸਨੂੰ ਅਸੀਂ ਸਹਿਜੇ ਦੂਜੇ ਨੰਬਰ ਤੇ ਰਖ ਸਕਦੇ ਹਾਂ। ਇਹ ੧੭੫੮ ਬਿ. ਅਸਾੜ ਵਦੀ ੧੩ ਵਿਚ ਕੀਤੇ ਉਤਾਰੇ ਦਾ ਪਾਠ ਹੈ ਜੋ ਮੋਤੀ ਬਾਗ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ।

ਇਸਦੀ ਇਕ ਨਕਲ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਲਾਹੌਰ ਪਈ ਹੈ, ਜਿਸ ਤੇ ੧੭੫੮ ਬਿ. ਪੋਹ ਸੁਦੀ ੧, ਵਾਰ ਸੁਕਰਵਾਰ ਅੰਕਿਤ ਹੈ ਤੇ ਇਹ ਪੰ. ਸ਼ਿਵੂ ਨਾਥ ਲਿਖਤ ਖਰੜਾ ਹੈ। ਸ਼ਿਵੂ ਨਾਥ ਇਸਦਾ ਕਰਤਾ ਨਹੀਂ। ਇਹ ੩੦ ਸਾਖੀਆਂ

ਦਾ ਪ੍ਰਾਚੀਨ ਸਾਖੀ-ਸੰਗ੍ਰਹਿ ਹੈ ਤੇ ਇਸਦਾ ਸਮਾਂ 'ਪੁਰਾਤਨ ਜਨਮਸਾਖੀ' ਦੇ ਆਸ ਪਾਸ ਦਾ ਹੀ ਮੰਨਣਾ ਪੈਂਦਾ ਹੈ ਤੇ ਕਈ ਪੱਖਾਂ ਤੋਂ ਕੁਝ ਸਾਖੀਆਂ ਦੇ ਰੂਪ ਵਧੇਰੇ ਪੁਰਾਤਨ ਤੇ ਮੌਲਿਕ ਹਨ।

(3) ਤੀਜੀ ਭਾਈ ਬਾਲੇ ਵਾਲੀ ਸਾਖੀ ਹੈ। ਖੋਜੀਆਂ ਭਾਈ ਬਾਲੇ ਦੀ ਹੋਂਦ ਨੂੰ ਅਣਇਤਿਹਾਸਕ ਦੱਸਕੇ ਰਲਾਵਟਾਂ-ਭਰੀ ਵੱਡੀ ਜਨਮਸਾਖੀ ਦੇ ਬਿਆਨਾਂ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਇਕ ਹਕੀਕਤ ਹੈ ਕਿ ਹੱਥ-ਲਿਖਤ ਰੂਪ ਵਿਚ ਇਹਦੀ ਮੁਢਲੀ ਸੂਰਤ ਵਾਲੇ ਖਰੜੇ ਵੀ ਮਿਲਦੇ ਹਨ। ਇਹ ਠੀਕ ਹੈ ਕਿ ਜਿਵੇਂ ਭਾਈ ਬਾਲੇ ਨੂੰ ਗੁਰੂ ਬਾਬੇ ਦਾ ਸੰਗੀ ਸਾਥੀ ਦੱਸਕੇ ਸਾਰੀ ਜਨਮ-ਸਾਖੀ ਨੂੰ ਪ੍ਰਮਾਣਿਕ ਬਣਾਉਣ ਦਾ ਜਤਨ ਕੀਤਾ ਹੈ, ਉਹ ਦਰੁਸਤ ਨਹੀਂ। ਤੇ ਨਾਹੀ ਉਹ ਸੰਮਤ ਠੀਕ ਹੈ ਜੋ ਆਮ ਲੋਕ ਤੇ ਇਸ ਜਨਮਸਾਖੀ ਦੇ ਮੁੱਢ ਵਿਚ ਦਰਜ ਕੀਤਾ ਹੈ। ਸ:ਕਰਮ ਸਿੰਘ ਹਿਸਟੋਰੀਅਨ ਇਸ ਰਾਇ ਦੇ ਸਨ ਕਿ ਬਾਬਾ ਹੰਦਾਲ ਵਾਲੀ ਪਰਚੀ ੧੭੧੨ ਬਿ. ਵਿਚ ਉਸਦੇ ਪੁੱਤਰ ਬਿਧੀ ਚੰਦ ਨੇ ਲਿਖਵਾਈ। ਅਗੇ ਬਿਧੀ ਚੰਦ ਦਾ ਪੁਤਰ ਦੇਵੀ ਦਾਸ ਸੀ, ਦੇਵੀ ਦਾਸ ਦਾ ਪੁਤਰ ਮਹੰਤ ਆਕਿਲ ਦਾਸ ਹੋਇਆ, ਜਿਸਦੇ ਅਹਦ ਵਿਚ ਬਾਲੇ ਵਾਲੀ ਜਨਮਸਾਖੀ ਲਿਖੀ ਗਈ, ਪਰ ਸ੍ਰੀ ਪਿਆਰੇ ਲਾਲ ਕਪੂਰ ਪਾਸ ਦਿਲੀ ਪਿਆ ੧੭੧੫ ਬਿ. ਵਾਲਾ ਨੁਸਖਾ ਦਸਦਾ ਹੈ ਕਿ ਇਹ ਅਨੁਮਾਨ ਬਹੁਤਾ ਵਜ਼ਨਦਾਰ ਨਹੀਂ। ਇਹ ਹਰ ਸੂਰਤ ਬਿਕ੍ਰਮੀ ਅਠਾਰਵੀਂ ਸਦੀ ਦੇ ਮੁਢ ਵਿਚ ਲਿਖੀ ਗਈ। ਹਾਂ, ਗੁਰੂ ਨਾਨਕ-ਕਾਲ ਵਿਚ ਬਾਲਾ ਨਾਂ ਦਾ ਕੋਈ ਸਿਖ ਨਹੀਂ ਮਿਲਦਾ।

ਭਾਈ ਬਾਲਾ ਇਕ ਹੋਰ ਸੁਪ੍ਰਸਿਧ ਵਿਅਕਤੀ ਹੋਇਆ ਜੋ ਸੱਤਵੇਂ ਅੱਠਵੇਂ, ਨੌਵੇਂ ਗੁਰੂ ਦੇ ਜ਼ਮਾਨੇ ਮਾਲਵੇ ਵਲ ਹੋਇਆ, ਇਹ ਭਾਈ ਬੁੱਦਣ ਦਾ ਸ਼ਿਸ਼ ਤੇ ਇਸ ਦਾ ਸ਼ਿਸ਼ ਭਾਈ ਹਰੀਆ ਸੀ, ਇਹ ਲੋਕ ਦੀਵਾਨੇ ਸਾਧੂਆਂ ਦੇ ਪੂਜਨੀਕ ਸ੍ਰੀ ਮਹੰਤ ਸਨ। ਵੱਡੀ ਗੱਲ ਨਹੀਂ ਕਿ ਕਿਸੇ ਚੇਤੰਨ ਦਿਮਾਗ ਨੇ ਇਸੇ ਭਾਈ ਬਾਲੇ ਦੇ ਨਾਮ ਉਤੇ ਜਨਮਸਾਖੀ ਲਿਖੀ ਲਿਖਵਾਈ ਹੋਵੇ ਤੇ ਇਸ ਨੂੰ ਪਿਛੋਂ ਸਤਿਗੁਰਾਂ ਦਾ ਨਿਕਟਵਰਤੀ ਦਸਿਆ ਹੋਵੇ। ਪਿਛੋਂ ਇਸ ਵਿਚ ਹੰਦਾਲ ਦੇ ਗੱਦੀਦਾਰਾਂ ਵੀ ਆਪਣੀਆਂ ਕਰਤੂਤਾਂ ਛੁਪਾਉਣ ਲਈ ਇਕ ਦੋ ਅਜੋਗ ਸਾਖੀਆਂ ਦੀ ਰਲਾਵਟ ਕੀਤੀ ਪਰ ਉਹ

ਸ਼ਰਾਰਤ ਚਲ ਨ ਸਕੀ।

(੪) ਚੌਥੇ ਨੰਬਰ ਤੇ 'ਗੋਸ਼ਟਿ ਬਾਬੇ ਨਾਨਕ ਜੀ ਕੀ' ਮਿਹਰਵਾਨ ਦੀ ਨਿਗਰਾਨੀ ਹੇਠ ਪੰਡਤ ਕੇਸੋ ਦਾਸ ਆਦਿ ਵਲੋਂ ਤਿਆਰ ਕਰਾਇਆ ਵਧੀਆ ਵਿਸਤ੍ਰਿਤ ਜੀਵਨ ਬ੍ਰਿਤਾਂਤ ਹੈ, ਜੋ ਛੇ ਪੋਥੀਆਂ ਦਾ ਸੰਕਲਨ ਹੈ—ਸਚਖੰਡ ਪੋਥੀ, ਹਰਿ ਜੀ ਕੀ ਪੋਥੀ, ਚਤੁਰਭੁਜ ਪੋਥੀ, ਕੇਸੋਰਾਇ ਪੋਥੀ, ਅਭੈ ਪਦ ਪੋਥੀ ਤੇ ਪ੍ਰੇਮਪਦ ਪੋਥੀ। ਇਹ ਗੁਰੂ ਸੰਬੰਧਿਤ ਸ਼ਬਦਾਂ ਦੀ ਸੁੰਦਰ ਵਿਆਖਿਆ ਨਾਲ ਸਜਾਇਆ ਗਿਆ ਹੈ, ਇਸ ਵਿਚ ਗੋਸ਼ਟਿ ਦਾ ਅੰਸ਼ ਵਧੇਰੇ ਹੈ ਤੇ ਸਾਖੀ ਦਾ ਘਟ, ਪਰ ਇਸਦੇ ਸੰਪਾਦਕਾਂ ਇਸਨੂੰ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ' ਕਰਕੇ ਪ੍ਰਸਿਧ ਕਰਨ ਵਿਚ ਹੀ ਭਲਾਈ ਸਮਝੀ ਹੈ। ਪੁਰਾਤਨ ਲੇਖਕਾਂ ਜੋ ਨਾਮ ਦਿਤਾ, ਉਹ ਉਸਦੇ ਵਿਸ਼ੇਸ਼ ਲੱਛਣਾਂ ਨੂੰ ਮੁੱਖ ਰਖਕੇ ਦਿਤਾ ਗਿਆ, ਉਸਨੂੰ ਆਪਣੇ ਆਪ ਬਦਲਣਾ ਸੋਭਨੀਕ ਨਹੀਂ ਸੀ। ਇਹ ਗੋਸ਼ਟਾਵਲੀ ਇਕ ਵਡ-ਅਕਾਰੀ ਰਚਨਾ ਹੈ, ਜਿਸ ਵਿਚ ੫੭੫ ਗੋਸ਼ਟਾਂ ਹਨ ਤੇ ਇਸਦੇ ਕਰਤਾ ਵੀ ਇਕ ਤੋਂ ਵਧ ਸਨ। ਸਾਰੀ ਚੀਜ਼ ਪ੍ਰਾਪਤ ਨਹੀਂ, ਮਸਾਂ ਅਜੇ ਅੱਧੀ ਕੁ ਛਪੀ ਹੈ।

ਹਰਿ ਜੀ ਤੇ ਚਤੁਰ ਭੁਜ ਪੋਥੀ ਦੇ ਅੰਤਲਾ ਨੋਟ ਇਸ ਪਰਕਾਰ ਹੈ—

ੴ ਸਤਿਗੁਰੁ ਪਰਸਾਦਿ। ਸੰਬਤ ੧੭੦੯ ਵੈਸਾਖ ਵਦੀ ਏਕਮ। ੧। ਨੂੰ ਚਤ੍ਰੁ ਭੁਜ ਪੋਥੀ ਪੂਰੀ ਹੋਈ। ਵਚਨਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਈ ਜੀ। ਲਿਖੀ ਛਾਹੀ ਕੇਸੋਦਾਸ ਬਰਹਮਨ, ਸੇਵਕ ਗੁਰੂ ਕਾ, ਪੂਰੀ ਹੋਈ। ੭੪ ਗੋਸ਼ਟੀ ਲਿਖੀਆਂ। ਗੁਲਾਮੁ, ਗੁਲਾਮ ਕਾ, ਸੇਵਕੁ ਸੇਵਕਾਂ ਕਾ, ਸਿਖੁ ਸਿਖਾਂ ਕਾ, ਜਿਨ੍ਹਾਂ ਗੁਰੂ ਪਛਾਤਾ ਹੈ। ਗੁਲਾਮ ਦਤਰ ਭੋਜ ਕਾ ਸਾਸ ਸਾਸ ਪੈਰੀਂ ਪਵਣਾ ਚਾਹਣਾ। ਗੁਰੂ ਦੇ ਹੁਕਮ ਨਾਲਿ ਪੋਥੀ ਸੋਧੀ। ਅਖਰੁ ਘਟਦਾ ਵਧਦਾ ਬਖਸਣਾ। ਏਹੋ ਦਾਨੁ ਦੇਣਾ, ਸ੍ਰੀ ਗੁਰੂ ਬਾਬੇ ਨਾਨਕ ਜੀ ਕਾ ਸਬਦੁ ਅੰਤਰਿ ਵਸੈ ਜੀ। ੧।

[ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਪੰਨਾ ੬੨੪

ਪ੍ਰਕਾਸ਼ਕ ਖਾਲਸਾ ਕਾਲਜ ਅੰਮ੍ਰਿਤਸਰ (1969)

ਇਸ ਦੀ ਸ਼ੈਲੀ ਤੇ ਬੋਲੀ ਵਿਜੋਗਾਤਮਕ ਤੇ ਵਿਆਖਿਆਮਈ ਹੈ ਅਤੇ ਇਹ

ਸਪਸ਼ਟ ਹੈ ਕਿ ਇਹ ਪੱਛਮੀ ਪੰਜਾਬੀ ਦੀ ਥਾਂ ਪੂਰਬੀ ਪੰਜਾਬੀ ਦੇ ਰੰਗ ਢੰਗ ਵਾਲੀ ਹੈ।

(੫) ਪੰਜਵੀਂ ਜਨਮ ਸਾਖੀ ਭਾਈ ਮਨੀ ਸਿੰਘ ਦੇ ਨਾਮ ਤੇ ਪ੍ਰਸਿੱਧ ਹੈ। ਇਸ ਦੀ ਉਥਾਨਕਾ ਇਉਂ ਸ਼ੁਰੂ ਹੁੰਦੀ ਹੈ—

'ਇਕ ਸਮੇਂ ਭਾਈ ਮਨੀ ਸਿੰਘ ਥੀਂ ਸਿਖਾਂ ਪ੍ਰਸ਼ਨ ਕੀਤਾ ਕਿ ਗੋਸ਼ਟਿ ਜਨਮ ਸਾਖੀ ਪਹਿਲੀ ਪਾਤਸਾਹੀ ਦੀ ਅਰ ਉਸ ਦੇ ਵਿਚ ਛੋਟੇ ਮੇਲ ਵਾਲਿਆਂ ਨੇ ਕਈ ਜੁਗਤਾਂ ਅਣਬਣਦੀਆਂ ਪਾਇ ਦਿਤੀਆਂ ਹੈਨ, ਜਿਸਨੋ ਸੁਣ ਕੇ ਸਿਖ ਦਾ ਸਿਦਕ ਗੁਰੂ ਵਲੋਂ ਘਟ ਜਾਂਦਾ ਹੈ। ਜੈਸੇ ਦੁਧ ਮੇਂ ਪਾਣੀ ਰਲਾਇ ਦਿਚੇ ਤੇ ਹੰਸ ਉਸ ਨੂੰ ਭਿੰਨ ਭਿੰਨ ਕਰ ਲੈਂਦਾ ਹੈ। ਤੈਸੇ ਤੁਸੀਂ ਮਹਾਂ ਹੰਸ ਹੋ। ਕ੍ਰਿਪਾ ਕਰ ਕੇ ਗੁਰੂ ਕੇ ਬਚਨ ਤੇ ਮੀਣਿਆਂ ਦੇ ਬਚਨ ਭਿੰਨ ਭਿੰਨ ਕਰ ਦੇਵੋ ਤਾਂ ਭਾਈ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਸ ਸਮੇਂ ਪੰਜਵੇਂ ਪਾਤਸ਼ਾਹ ਸ੍ਰੀ ਗ੍ਰੰਥ ਸਾਹਿਬ ਜੀ ਦੀ ਮ੍ਰਿਜਾਦਾ ਕੀਈ ਹੋਈ ਨਹੀਂ, ਮਤ ਪੈੜਾਂ ਮੇਲਾਂ ਵਾਲੇ ਜਨਮ-ਸਾਖੀ ਵਿਚ ਅਜੁਗਤਾਂ ਪਾਇ ਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਣ ਤਾਂ ਭਾਈ ਗੁਰਦਾਸ ਜੀ ਨੂੰ ਬਚਨ ਹੋਇਆ ਕਿ ਤੁਸਾਂ ਜਨਮਸਾਖੀ ਦੀ ਇਕ ਵਾਰ ਕਰਨੀ, ਜੋ ਗੁਰੂ ਦੇ ਸਿਖ ਉਸ ਵਾਰ ਦੇ ਅਨੁਸਾਰੀ ਸਾਖੀ ਨੂੰ ਸੁਣਨ ਪੜ੍ਹਨਗੇ।'

ਇਸ ਤੋਂ ਪਰਗਟ ਹੈ ਕਿ ਮਿਹਰਬਾਨ ਪਰੰਪਰਾ ਤੇ ਕੁਝ ਹੰਦਾਲ ਨੂੰ ਮੰਨਣ ਵਾਲੇ ਲੇਖਕਾਂ ਵਲੋਂ ਸਾਖੀਆ ਵਿਚ ਅਜੋਗ ਰਲਾਵਟ ਪਾਈ ਗਈ ਸੀ ਤਾਂ ਹੀ ਇਹ ਜਤਨ ਭਾਈ ਮਨੀ ਸਿੰਘ ਜੀ ਨੂੰ ਕਰਨਾ ਕਰਾਉਣਾ ਪਿਆ।

ਇਹ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਤੇ ਅਧਾਰਤ ਜਨਮਸਾਖੀ ਹੈ ਜੋ ਕਿ ਭਾਈ ਮਨੀ ਸਿੰਘ ਜੀ ਦੇ ਸ਼ਿਸ਼ ਭਾਈ ਸੂਰਤ ਸਿੰਘ ਚਨਿਓਟ ਵਾਲਿਆਂ ਦੀ ਲਿਖੀ ਹੋਈ ਹੈ ਜੋ ਕਿ ਗਿ. ਸੰਤ ਸਿੰਘ ਦੇ ਪਿਤਾ ਸਨ। ਇਸ ਵਿਚ ਦੋ ਸੌ ਤੋਂ ਉਤੇ ਸਾਖੀਆਂ ਹਨ। ਪਰ ਇਸਦੀ ਲਿਖਤ ਭਾਈ ਮਨੀ ਸਿੰਘ ਦੇ ਨਾਂ ਨਾਲ ਹੀ ਜੋੜੀ ਗਈ ਹੈ। ਕੁਝ ਵੀ ਹੋਵੇ ਇਹ ਗੱਦ-ਗ੍ਰੰਥ ਨਿਪੁਣ ਗਿਆਨੀ ਦੀ ਦੇਣ ਹੈ, ਜਿਸਨੂੰ ਭਾਰਤੀ ਮਤਾਂ ਤੋਂ ਇਲਾਵਾ ਇਸਲਾਮ ਦੇ ਮਜ਼ਹਬੀ ਮਸਲਿਆਂ ਦੀ ਵੀ ਤਕੜੀ ਸੋਝੀ ਸੀ। ਗਿ. ਸੂਰਤ ਸਿੰਘ ਜੀ ਨੇ 'ਪ੍ਰਬੋਧ ਚੰਦ੍ਰੋਦਯ' ਦੀ ਵੀ ਭਾਖਾ ਕੀਤੀ ਸੀ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਵੱਡਾ ਸਾਖੀ-ਭੰਡਾਰ—

'ਪੰਜ ਸੌ ਸਾਖੀ' ਸ੍ਰੀ ਮਾਨ ਭਾਈ ਰਾਮ ਕੁਇਰ ਦੀ ਲਿਖੀ ਦੱਸੀ ਜਾਂਦੀ ਹੈ ਤੇ ਇਸਦੇ ਉਤਾਰੇ ਭਾ. ਕਾਨ੍ਹ ਸਿੰਘ ਨਾਭਾ ਤੇ ਗਿ. ਗਿਆਨ ਸਿੰਘ ਜੀ ਨੇ ਕੁਝ ਕਾਂ ਦੇਖੇ ਸਨ, ਪਰ ਹੁਣ ਇਹ ਪ੍ਰਾਪਤ ਨਹੀਂ, ਕਈਆਂ ਦਾ ਖਿਆਲ ਹੈ ਕਿ ਇਹ ਸੌ ਸਾਖੀ ਵੀ ਉਸੇ ਦਾ ਹੀ ਭਾਗ ਸੀ। ਪ੍ਰਾਪਤ ਕਿਤਾਬ ਦਾ ਨਾਮ ਸ੍ਰੀ ਗੁਰ ਰਤਨਮਾਲ ('ਸੌ ਸਾਖੀ') ਹੈ, ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਵਾਰਤਾਵਾਂ ਹਨ, ਕਈ ਥਾਂ ਭਵਿਸ਼ਤ ਵਾਕ ਹੋਣ ਕਰਕੇ ਪਾਠਕਾਂ ਲਈ ਇਹ ਦਿਲਚਸਪੀ ਦਾ ਕੇਂਦਰ ਰਹੀ ਹੈ, ਪਿਛੋਂ ਬ੍ਰਾਹਮਣੀ ਤੇ ਫਿਰੰਗੀ ਸਾਜ਼ਸ਼ ਨਾਲ ਕੁਝ ਰਲਾਵਟ ਵੀ ਹੋਈ ਪਰ ਇਹ ਬਹੁਤਾ ਚਿਰ ਗੱਲ ਨਾ ਚਲੀ। ਸਿਖਾਂ ਨੇ ਗੁਰੂ ਸ਼ਰਧਾ ਨਾਤੇ ਇਨ੍ਹਾਂ ਵਾਰਤਕ ਪੋਥੀਆਂ ਨੂੰ ਬਹੁਤ ਪੜ੍ਹਿਆ ਤੇ ਸਿਖ ਸੰਗਤਾਂ ਨੂੰ ਪੜ੍ਹਕੇ ਸੁਣਾਇਆ ਹੈ ਅਤੇ ਇਸਦਾ ਚੋਖਾ ਪ੍ਰਭਾਵ ਵੀ ਪਿਆ ਹੈ। ਪਰੰਤੂ ਇਕ ਸਾਹਿਤਕ ਖੋਜ ਦੇ ਨਾਤੇ ਇਨ੍ਹਾਂ ਦਾ ਵਿਸ਼ਲੇਸ਼ਨ ਕਰਨਾ ਆਲੋਚਕਾਂ ਲਈ ਅਜੇ ਨਵਾਂ ਨਵਾਂ ਵਿਸ਼ਾ ਹੈ। ਡਾ: ਪਿਆਰ ਸਿੰਘ ਡਾ: ਜਗਜੀਤ ਸਿੰਘ ਤੇ ਡਾ: ਤ੍ਰਿਲੋਚਨ ਸਿੰਘ ਆਦਿ ਨੇ ਇਸ ਪਾਸੇ ਉਪਯੋਗੀ ਕੰਮ ਕੀਤਾ ਹੈ।

(੨) **ਗੋਸ਼ਟਿ ਸਾਹਿਤ**—'ਗੋਸ਼ਟਿ' ਦਾ ਅਰਥ ਪਰਸਪਰ ਵਿਚਾਰ-ਵਟਾਂਦਰਾ ਹੈ। ਇਕ ਸਵਾਲ ਕਰਦਾ ਹੈ, ਦੂਜਾ ਉਸ ਦਾ ਉਤਰ ਦਿੰਦਾ ਹੈ। ਇਸ ਵਿਚ ਕਥਾ ਪ੍ਰਸੰਗ ਨਹੀਂ ਮਾਤ੍ਰ ਹੁੰਦਾ ਹੈ, ਕੇਵਲ ਸਿਧਾਂਤਕ ਮਸਲਿਆਂ ਬਾਰੇ ਚਰਚਾ ਦੇ ਨੁਕਤੇ ਉਠਾਏ ਜਾਂਦੇ ਤੇ ਫਿਰ ਬਿਨਾਂ ਵਾਧੂ ਵਿਸਤਾਰ ਵਿਚ ਪਏ ਢੁਕਵੇਂ ਉਤਰ ਦਿਤੇ ਜਾਂਦੇ ਹਨ। ਪ੍ਰਾਚੀਨ ਸੰਬਾਦ ਇਵੇਂ ਜਿਵੇਂ ਦੇ ਹੁੰਦੇ ਸਨ ਪੁਰਾਣੀਆਂ ਗੋਸ਼ਟਾਂ ਛੰਦ-ਬੱਧ ਵੀ ਮਿਲਦੀਆਂ ਹਨ ਤੇ ਵਾਰਤਕ ਵਿਚ ਵੀ। ਗਣੇਸ਼ ਗੋਰਖ ਗੁਸ਼ਟਿ, ਗੋਸ਼ਟਿ ਸ੍ਰੀ ਕ੍ਰਿਸ਼ਨ ਅਰ ਊਧੋ ਕੀ, ਗੋਸ਼ਟਿ ਆਤਮੇ ਪਰਾਤਮੇ ਕੀ, ਅਜਿਤੇ ਰੰਧਾਵੇ ਦੀ ਗੋਸ਼ਟਿ ਸ਼ਾਹ ਸ਼ਰਫ ਦੀ ਗੋਸ਼ਟਿ, ਮੱਕੇ ਦੀ ਗੋਸ਼ਟਿ, ਮਦੀਨੇ ਦੀ ਗੋਸ਼ਟਿ-ਪ੍ਰਸਿਧ ਹਨ। ਗੋਸ਼ਟਿ ਦਾਰਾ ਸ਼ਕੋਹ ਤਥਾ ਬਾਬੇ ਲਾਲ ਜੀ ਕੀ, ਵਿਵੇਕਸਾਰ—ਭਾਈ ਦਯਾ ਰਾਮ ਤੇ ਸੰਤ ਅੱਡਣ ਸ਼ਾਹ ਜੀ ਦੀ ਪ੍ਰਸ਼ਨੋਤਰੀ-ਤਾਰਕਿਕ ਦ੍ਰਿਸ਼ਟੀ ਤੋਂ ਮਾਅਰਕੇ ਦੀਆਂ ਚੀਜ਼ਾਂ ਹਨ। ਮਨੋਹਰ ਦਾਸ ਨਿਰੰਜਨੀ ਦੀ 'ਪ੍ਰਸ਼ਨੋਤਰੀ' ਵੀ ਇਸੇ ਪਰਕਾਰ ਦੀ ਰਚਨਾ ਹੈ। ਪਰ ਇਹ ਹਿੰਦੀ ਦੇ ਵਧੇਰੇ ਨੇੜੇ ਹੈ।

ਦਰਅਸਲ ਪਹਿਲੋ ਪਹਿਲ ਸਿੱਧਾਂ ਨਾਥਾਂ ਦੇ 'ਸੰਵਾਦ' ਮਿਲਦੇ ਸਨ ਜਿਨ੍ਹਾਂ

ਨੂੰ ਗੋਸ਼ਟਾਂ ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਸਿਧਾਂਤਕ ਨੁਕਤਿਆਂ ਤੋਂ ਇਲਾਵਾ ਹੋਰ ਵਿਸਤਾਰ ਘਟ ਹੁੰਦਾ ਸੀ ਪਰੰਤੂ ਪਿਛੋਂ ਜਾ ਕੇ ਗੋਸ਼ਟਾਂ ਵਿਚ ਪ੍ਰਸੰਗਾਂ ਦੇ ਵਿਸਤਾਰ ਪਾਏ ਜਾਣ ਲਗੇ ਤੇ ਸਾਖੀਆਂ ਨੂੰ ਵੀ ਗੋਸਟਾਂ ਦਾ ਰੂਪ ਦਿਤਾ ਜਾਣ ਲਗ ਪਿਆ। ਸੋਢੀ ਮਿਹਰਵਾਨ ਜੀ ਦੀ ਕਿਰਤ ਦਾ ਅਸਲ ਨਾਮ 'ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ' ਹੈ ਜਿਸ ਵਿਚ ੫੭੫ ਗੋਸ਼ਟਾਂ ਹਨ, ਪਰ ਗੋਸ਼ਟਾਂ ਨਾਲੋਂ ਇਹ ਪਰਮਾਰਥ ਤੇ ਸਾਖੀ ਸਾਹਿਤ ਦੇ ਵਧੇਰੇ ਨੇੜੇ ਹਨ, ਤੀਸਰੇ ਗੁਰਾਂ ਦੀਆਂ ਵੀ ਗੋਸ਼ਟਾਂ ਲਿਖੀਆਂ ਗਈਆਂ।

(੩) **ਆਚਾਰ ਸਾਹਿਤ**—ਸਾਖੀ ਵਿਚ ਪ੍ਰਸੰਗ, ਕਹਾਣੀ ਅਤੇ ਗੋਸ਼ਟਿ ਵਿਚ ਸਿਧਾਂਤਕ ਨੁਕਤਾ ਮੁੱਖ ਹੁੰਦਾ ਹੈ। 'ਬਚਨ' ਇਕ ਐਸਾ ਗੱਦ-ਰੂਪ ਹੈ, ਜਿਸ ਵਿਚ ਨ ਪ੍ਰਸੰਗ ਹੀ ਹੁੰਦਾ ਹੈ ਤੇ ਨਾ ਤਾਰਕਿਕ ਬਹਿਸ ਚਰਚਾ। ਗਿਆਨ-ਭਰਪੂਰ ਅਨੁਭਵੀ ਕਥਨ ਹੀ ਅਜੇਹਾ ਹੁੰਦਾ ਹੈ, ਜਿਸਨੂੰ ਉਸ ਵਿਸ਼ੇ ਦਾ ਤੱਤ ਕਿਹਾ ਜਾ ਸਕਦਾ ਹੈ। ਇਸ ਵਿਚ ਸਦਾਚਾਰਕ ਸਿਖਿਆ ਜਾਂ ਖਾਸ ਰਹਿਤ ਮਰਯਾਦਾ ਦਾ ਉਲੇਖ ਹੁੰਦਾ ਹੈ ਜੋ ਸਮਾਜਕ ਜੀਵਨ ਲਈ ਲੋੜੀਂਦੀ ਹੈ। ਇਹ ਚੀਜ਼ ਫਾਰਸੀ ਤੋਂ ਆਈ ਲਗਦੀ ਹੈ, ਹਜ਼ਰਤ ਮੁਹੰਮਦ ਸਾਹਿਬ ਦੇ ਬਚਨ ਹਦੀਸਾਂ ਵਿਚ ਸੰਕਲਿਤ ਹਨ। ਮੁਸਲਮਾਨ ਦਰਵੇਸ਼ਾਂ ਦੇ ਸਿਖਿਆਦਾਇਕ ਵਿਸ਼ੇਸ਼ ਬਚਨ—ਮਲਫੂਜ਼ਾਤ ਯਾ ਅਕਵਾਲ (ਕੌਲ ਦਾ ਬਹੁਵਚਨ) ਕਹਾਉਂਦੇ ਹਨ। ਜਦੋਂ ਰਾਜ-ਭਾਸ਼ਾ ਹੋਣ ਦੇ ਨਾਤੇ ਫਾਰਸੀ ਦਾ ਬੋਲ-ਬਾਲਾ ਹੋਇਆ; ਤਾਂ ਸੂਫੀ ਸਾਹਿਤ ਦੇ ਪ੍ਰਭਾਵ ਸਦਕਾ ਪੰਜਾਬੀ ਵਿਚ ਵੀ ਬਚਨ ਯਾ ਸੁਖਨ ਲਿਖੇ ਗਏ। ਜਿਵੇਂ ਸੁਖਨ ਫਕੀਰਾਂ ਕੇ, ਅਹਿਵਾਲ ਸੁਖਨ ਸਾਈਂ ਲੋਕਾਂ ਕੇ, ਬਚਨਗੋਬਿੰਦ ਲੋਕਾਂ ਕੇ, ਬਚਨ ਸਾਈਂ ਲੋਕਾਂ ਕੇ ਆਦਿ। ਲੇਕਿਨ ਏਸ ਪਾਸੇ ਦਾ ਬਹੁਤਾ ਸਾਹਿਤ ਨਹੀਂ, ਥੋੜਾ ਹੀ ਹੈ, ਜਿਸ ਦਾ ਸੰਕਲਨ ਅਸਾਂ 'ਬਚਨ ਸਾਈਂ ਲੋਕਾਂ ਕੇ' ਪੁਸਤਕ (੧੯੭੩) ਵਿਚ ਕੀਤਾ ਹੈ। ਇਸ ਤੋਂ ਬਿਨਾਂ 'ਨਾਮੇ' ਵੀ ਅਚਾਰ ਸਾਹਿਤ ਦਾ ਵਿਸ਼ੇਸ਼ ਭਾਗ ਹਨ ਜਿਵੇਂ ਕਿ ਹਾਜ਼ਰਨਾਮਾ, ਪੰਦਨਾਮਾ, ਰਹਿਤਨਾਮਾ, ਤਕਰਨਾਮਾ, ਅਹਿਦਨਾਮਾ, ਮੁਕਤਨਾਮਾ, ਵਫਾਤ ਨਾਮਾ।

(੪) **ਪਰਮਾਰਥ ਸਾਹਿਤ**—ਗੁਰਬਾਣੀ ਛੰਦਬੱਧ ਹੈ ਤੇ ਇਸ ਵਿਚ ਕਈ ਗੂੜ੍ਹ ਅਧਿਆਤਮਕ ਮਸਲਿਆਂ ਦਾ ਨਿਰੂਪਣ ਕੀਤਾ ਗਿਆ ਹੈ। ਇਸ ਦੀ ਅਰਥ ਵਿਆਖਿਆ ਲਈ ਵਾਰਤਕ ਵਿਚ ਪਰਮਾਰਥ ਤੇ ਟੀਕੇ ਲਿਖੇ ਜਾਣੇ ਜ਼ਰੂਰੀ ਸਨ।

ਪਰਮਾਰਥ ਦਾ ਅਰਥ ਹੈ—ਭਾਸ਼ਣ, ਖੋਲ੍ਹ ਕੇ ਕੀਤੀ ਗਈ ਵਿਆਖਿਆ । ਇਸ ਕਿਸਮ ਦੇ ਪਰਮਾਰਥ ਪਹਿਲੇ ਸੋਢੀ ਮਿਹਰਬਾਨ ਜੀ ਤੇ ਹਰਿ ਜੀ ਨੇ ਲਿਖਾਏ, ਜਿਨ੍ਹਾਂ ਵਿਚੋਂ ਜਪੁ, ਸਿਧ ਗੋਸ਼ਟਿ, ਓਅੰਕਾਰ, ਪੱਟੀ ਤੇ ਬਾਰਾਮਾਹ ਤੁਖਾਰੀ ਆਦਿ ਦੇ ਟੀਕੇ ਪ੍ਰਸਿਧ ਹਨ । ਸੁਆਮੀ ਅਨੰਦ ਘਨ ਜੀ ਨੇ ਵੀ ਜਪੁ, ਸਿਧ ਗੋਸ਼ਟਿ, ਸੋਹਿਲਾ ਤੇ ਅਨੰਦ ਬਾਣੀ ਦੀ ਵਿਆਖਿਆ ਲਿਖੀ ਹੈ । ਗਿ. ਸੂਰਤ ਸਿੰਘ ਜੀ ਨੇ ਵੀ ਭਾਈ ਸੰਤੋਖ ਸਿੰਘ ਰਚਿਤ ਜਪੁ ਦਾ ਟੀਕਾ 'ਗਰਬ ਗੰਜਨੀ' ਪ੍ਰਸਿਧ ਹੈ । ਇਸ ਤੋਂ ਇਲਾਵਾ ਜਪੁਜੀ ਦੇ ਸੈਂਕੜੇ ਟੀਕੇ ਲਿਖੇ ਗਏ। ਪਰ ਸੁਤੰਤਰ ਗੱਦ ਦੇ ਨਾਤੇ ਇਨ੍ਹਾਂ ਦੀ ਵੱਖਰੀ ਹਸਤੀ ਨਹੀਂ।

(ਪ) **ਅਨੁਵਾਦ**— ਇਸ ਮੌਲਿਕ ਗੱਦ-ਸਾਹਿਤ ਤੋਂ ਇਲਾਵਾ ਪੰਜਾਬੀ ਵਾਰਤਕ ਦਾ ਭੰਡਾਰ ਅਨੁਵਾਦ ਰਾਹੀਂ ਵੀ ਭਰਪੂਰ ਕੀਤਾ ਗਿਆ ਹੈ । ਅਧਿਆਤਮਕ ਵਿਚਾਰ ਵਾਲੀਆਂ ਅਨੇਕਾਂ ਪੁਸਤਕਾਂ ਦਾ ਸੰਸਕ੍ਰਿਤ ਅਤੇ ਫਾਰਸੀ ਤੋਂ ਗੁਰਮੁਖੀ ਪੰਜਾਬੀ (ਸਾਧ-ਭਾਸ਼ਾ) ਵਿਚ ਅਨੁਵਾਦ ਕੀਤਾ ਗਿਆ । ਇਹ ਸੂਚੀ ਕਾਫ਼ੀ ਲੰਮੀ ਹੈ ਪਰ ਥੋੜਾ ਜੇਹਾ ਜ਼ਿਕਰ ਦਿਲਚਸਪੀ ਤੋਂ ਖਾਲੀ ਨਹੀਂ —

੧. ਬਵੰਜਾ ਉਪਨਿਸ਼ਦਾਂ ਦਾ ਅਨੁਵਾਦ ਜੋ ਸ੍ਰੀ ਦਸਮੇਸ਼ ਜੀ ਨੇ ਕਰਾਇਆ ।

੨. ਪੁਰਾਣਾਂ ਦੇ ਅਨੁਵਾਦ ਜਿਨ੍ਹਾਂ ਵਿਚ ਭਾਗਵਤ ਪੁਰਾਣ, ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਭੂਗੋਲ ਪੁਰਾਣ ਆਦਿ ਵਰਣਨ ਯੋਗ ਹਨ ।

੩. ਗੀਤਾ ਦੇ ਕਈ ਅਨੁਵਾਦ (ਕਿਸ਼ੋਰ ਦਾਸ ਦਾ ਮੁਖ)

੪. ਯੋਗ ਵਸਿਸ਼ਟ (ਦੋ ਅਨੁਵਾਦ) (ਸ੍ਰੀ ਰਾਮਪ੍ਰਸਾਦ ਨਿਰੰਜਨੀ ਤੇ ਇਕ ਕਿਸੇ ਸੇਵਾ ਪੰਥੀ ਸਾਧੂ ਵਲੋਂ ਕੀਤਾ ਗਿਆ ।

੫. ਅਪ੍ਰੋਖ ਅਨੁਭਵ (ਸ਼ੰਕਰਾਚਾਰਯ) ੬. ਵੇਦਾਂਤ ਸਾਰ ੭. ਵਿਵੇਕ ਦੀਪਕਾ
੮. ਕੋਕ ਸਾਰ (ਪੰਚ ਸ਼ਾਇਕ) ੯. ਨਾਭੇ ਦੀ ਭਗਤਮਾਲ-ਨਾਰਾਇਣ ਦਾਸ
੧੦.ਪ੍ਰਬੋਧ ਚੰਦਰੋਦਯ(ਗਿ.ਸੂਰਤ ਸਿੰਘ) ੧੧ਬ੍ਰਹਿਮ ਗਿਆਨ ਸਰਬੰਗੀ-ਗੋਪਾਲ ਸਿੰਘ
੧੨. ਕੀਮਿਆਇ ਸਆਦਤ (ਪਾਰਸ ਭਾਗ) ੧੩. ਮਸਨਵੀ ਮੌਲਾਨਾ ਰੂਮ
੧੪. ਕੁਰਾਨ ਸ਼ਰੀਫ ੧੫. ਅਕਬਰਨਾਮਾ ੧੬. ਆਈਨੇ ਅਕਬਰੀ
੧੭. ਅਲਫ ਲੈਲਾ ੧੮. ਚਹਾਰ ਦਰਵੇਸ਼ ੧੯. ਬਾਗੋ ਬਹਾਰ
੨੦ ਅਮਰ ਗੁਟਕਾ ੨੧ ਬਾਜ਼ਨਾਮਾ ੨੨ ਅਸਪਨਾਮਾ ੨੩ਸੁਆਨਨਾਮਾ ੨੪ਫੀਲਨਾਮਾ

ਇਸ ਤੋਂ ਬਿਨਾਂ ਕਈ ਵੈਦਿਕ ਗ੍ਰੰਥ — ਤੈਗਜਤੀ ਨਿਦਾਨ, ਸਾਰੀਰਕ, ਬਾਘਭੱਟ; ਸਾਰੰਗਧਰ, ਵੈਦਿਕ ਸ਼ਬਦ ਕੋਸ਼, ਪੋਥੀ ਸਲੋਤ੍ਰੀ ਕੀ, ਰਿਆਜ਼ੁਲ ਫਵਾਇਦ, ਰਿਆਜ਼ੁਲਅਦਵੀਆ, ਮੁਜਰਬਾਤਿ ਅਕਬਰੀ, ਦਸਤੂਰੁਲ ਇਲਾਜ, ਤਿੱਬ ਖੈਰ ਮਨੁਖ, ਤਿਬ ਦਾਰੁਲ ਸ਼ਫਾ, ਤਿਬ ਅਕਬਰੀ, ਤਿਬ ਯੂਸਫੀ, ਖੈਰੁਲ ਤਜਾਰਬ, ਐਨੁਲ ਹਯਾਤ ਆਦਿ ਅਰਬੀ ਯਾ ਫਾਰਸੀ ਤੋਂ ਤਰਜਮਾਏ ਗਏ ।

ਸਾਡਾ ਇਹ ਦੱਸਣ ਤੋਂ ਭਾਵ ਇਤਨਾ ਹੀ ਹੈ ਕਿ ਇਹ ਕਹਿਣਾ ਭੁੱਲ ਹੈ ਕਿ ਪੁਰਾਣੀ ਵਾਰਤਕ ਨਹੀਂ-ਮਾਤ੍ਰ ਹੈ । ਜਿਉਂ ਜਿਉਂ ਹੱਥ-ਲਿਖਤ ਸਾਹਿਤ ਦੀ ਫੋਲਾ-ਫਾਲੀ ਕਰੀਏ, ਪਤਾ ਲਗਦਾ ਹੈ ਕਿ ਸਾਡੇ ਪ੍ਰਾਚੀਨ ਸਾਹਿਤਕਾਰਾਂ ਜਿਥੇ ਕਾਵਿ ਖੇਤਰ ਵਿਚ ਕਈ ਤਰ੍ਹਾਂ ਦੇ ਕਮਾਲ ਵਿਖਾਏ ਹਨ, ਉਥੇ ਵਾਰਤਕ ਦਾ ਮੈਦਾਨ ਵੀ ਸੁੰਨਾ ਨਹੀਂ ਰਹਿਣ ਦਿਤਾ । ਚਾਹੇ ਉਹ ਦਾਰਸ਼ਨਿਕ ਸਾਹਿਤ ਸੀ, ਚਾਹੇ ਉਪਯੋਗੀ ਸਾਹਿਤ, ਹਰ ਖੇਤਰ ਵਿਚ ਕੁਝ ਨ ਕੁਝ ਮਿਲ ਹੀ ਜਾਂਦਾ ਹੈ । ਇਸ ਸੇਵਾ ਦਾ ਸਿਹਰਾ ਬਹੁਤਾ ਸਾਧੂ ਜਮਾਤ ਸਿਰ ਹੈ, ਜਿਨ੍ਹਾਂ ਥਾਂ ਥਾਂ ਫਿਰ ਕੇ ਗਿਆਨ ਪ੍ਰਾਪਤ ਕੀਤਾ ਤੇ ਫਿਰ ਅਪਣੀ ਭਾਸ਼ਾ ਦੀ ਸੇਵਾ ਕੀਤੀ । ਇਨ੍ਹਾਂ ਵਿਰਕਤ ਸਾਧੂ ਸੰਤਾਂ ਵਿਚੋਂ ਵੀ ਉਦਾਸੀ ਦਿਵਾਨੇ, ਨਿਰਮਲੇ ਤੇ ਸੇਵਾ ਪੰਥੀ ਸੰਤਾਂ ਦੀ ਘਾਲਣਾ ਦੀ ਵਿਸ਼ੇਸ਼ ਸ਼ਲਾਘਾ ਕਰਨੀ ਬਣਦੀ ਹੈ, ਜਿਨ੍ਹਾਂ ਧਾਰਮਕ ਤੇ ਸਮਾਜਕ ਸੇਵਾ ਦੇ ਨਾਲ ਨਾਲ ਸਾਹਿਤਕ ਸੇਵਾ ਦਾ ਵੀ ਬੀੜਾ ਉਠਾਈ ਰਖਿਆ ।

ਇਸ ਸਰਵੇਖਣ ਤੋਂ ਇਕ ਗੱਲ ਤਾਂ ਸਾਫ ਹੈ ਕਿ ਸਾਡੀ ਪ੍ਰਾਚੀਨ ਗੱਦ ਦਾ ਬਹੁਤਾ ਭਾਗ ਧਾਰਮਿਕ ਤੇ ਦਾਰਸ਼ਨਿਕ ਵਿਚਾਰਾਂ ਨੇ ਮੱਲਿਆ ਹੋਇਆ ਹੈ, ਇਹ ਕੋਈ ਮਾੜੀ ਗੱਲ ਨਹੀਂ । ਇਕ ਘਾਟੇ ਵਾਲੀ ਗੱਲ ਜ਼ਰੂਰ ਹੈ ਕਿ ਇਸ ਵਿਚ ਸੰਸਾਰੀ ਜੀਵਨ ਸਬੰਧੀ ਘੱਟ ਹੀ ਲਿਖਿਆ ਗਿਆ ਹੈ । ਮਹਾਂਪੁਰਖਾਂ ਦੇ ਜੀਵਨ-ਚਰਿਤ੍ਰ ਜਾਂ ਵਿਚਾਰ ਧਾਰਾ ਤਰ੍ਹਾਂ ਤਰ੍ਹਾਂ ਦੁਹਰਾਈ ਗਈ ਹੈ। ਇਸ ਤੋਂ ਬਿਨਾਂ ਇਤਿਹਾਸ ਪੁਰਾਣ, ਭਰਮ ਵਹਮ, ਸ਼ਗਨ ਅਪਸ਼ਗਨ, ਪ੍ਰੀਛਾ, ਸੁਪਨੇ, ਅੰਗ ਫੁਰਨਾ, ਜੋਤਿਸ਼ ਛੰਦ, ਅਲੰਕਾਰ, ਜਾਨਵਰਾਂ ਦੀ ਪਾਲਣਾ, ਰੱਖਿਆ, ਸ਼ਿਕਾਰ ਤੇ ਸਰੀਰ ਦੀ ਸੰਭਾਲ ਲਈ ਵੈਦਿਕ ਗ੍ਰੰਥ (ਸੰਸਕ੍ਰਿਤ ਤੇ ਯੂਨਾਨੀ ਹਿਕਮਤ ਦੇ) ਵਾਰਤਿਕ ਵਿਚ ਲਿਖੇ ਗਏ ਹਨ । ਕਈ ਜੋ ਅਕਬਰਨਾਮੇ ਵਰਗੀਆਂ ਵੱਡੀਆਂ ਕਿਤਾਬਾਂ ਦੇ ਤਰਜਮੇ ਹੋਏ,

ਉਹ ਸਚਮੁਚ ਲੰਮੀ ਘਾਲ ਦਾ ਸਿਟਾ ਹਨ, ਇਨ੍ਹਾਂ ਦੀ ਸ ਭਾਲ ਕੀਤੇ ਬਿਨਾ ਨਹੀਂ ਰਹਿ ਸਕੀਦਾ।

ਪੰਚ ਤੰਤ੍ਰ, ਸਿੰਘਾਸਨ ਬਤੀਸੀ ਯਾ ਬੈਤਾਲ ਪਚੀਸੀ ਵਰਗੀਆਂ ਕੁਝ ਕਹਾਣੀਆਂ ਦੀਆਂ ਕਿਤਾਬਾਂ ਵੀ ਮਿਲਦੀਆਂ ਹਨ ਜੋ ਅੱਛੀਆਂ ਰੋਚਕ ਹਨ।

ਕਈ ਬਾਂ ਉਪਯੋਗੀ ਵਿਉਂਤਾਂ ਵਿਧੀਆਂ ਵੀ ਦੱਸੀਆਂ ਹੋਈਆਂ ਹਨ, ਜੋ ਜੀਵਨ ਵਿਚ ਕੰਮ ਆਉਣ ਵਾਲੀਆਂ ਹਨ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਆਮ ਲਿਖਤੀ ਬੀੜਾਂ ਵਿਚ 'ਸਿਆਹੀ ਕੀ ਬਿਧਿ' ਲਿਖੀ ਹੁੰਦੀ ਹੈ ਤਾਂ ਕਿ ਲੋੜਵੰਦ ਉਸ ਤੋਂ ਫਾਇਦਾ ਉਠਾ ਸਕੇ। ਸੈਂ. ਪ. ਲ. ਪਟਿਆਲਾ ਦੇ ਖਰੜਾ ਨੰ. 1904 ਵਿਚ ਕਸੁੰਭਾ ਰੰਗ ਬਣਾਉਣ ਦੀ ਜੁਗਤਿ ਇਉਂ ਦੱਸੀ ਹੈ—

ਕਸੁੰਭੇ ਰੰਗ ਕੀ ਬਿਧਿ (੧੭੭੮ ਬਿ. ਦੀ ਲਿਖਤ)

'ਕਸੁੰਭਾ ਸੁਕਾਵਣਾ ਫਿਰਿ ਕਾਠ ਦੀ ਉਖਲੀ ਵਿਚਿ ਕੁਟਣਾ ਮਹੀਨੁ ਛਾਣਣੀ ਵਿਚ ਛਾਨਣਾ। ਫੇਰਿ ਪਾਣੀ ਵਿਚ ਗੁੰਨ੍ਹ ਕੇ ਸਾਫੀ ਵਿਚਿ ਪਾਵਣਾ, ਪਾਣੀ ਕਢਣੇ ਨਾਲਿ ਪਾਇ ਪਾਇ ਜਰਦੀ ਕੱਢਣੀ, ਫੇਰਿ ਧੋਵਣਾ, ਨਿਚੋੜਨਾ, ਫੇਰਿ ਸੱਜੀ ਪੀਹ ਕੇ ਮਿਲਾਵਣਾ ਮਲਣਾ। ਫੇਰਿ ਸਾਫੀ ਵਿਚਿ ਪਾਇਕੇ ਪਾਣੀ ਪਾਇ ਪਾਇ ਰੰਗੁ ਕਢਣਾ। ਵਜਨ ਕਸੁੰਭਾ ਸੇਰ ਕੱਚਾ।੧। ਸੱਜੀ ਪੈਸਾ ਭਰ।੧। ਰੰਗ ਗੁਲਾਬੀ। ਜੇੜਾ ਰੰਗ ਕਸੁੰਭੇ ਦਾ ਲੈਣਾ। ਤਿਸ ਵਿਚਿ ਦੁਇ ਹਿਸੇ ਪਾਣੀ ਪਾਵਣਾ ਅਥਵਾ ਤਿੰਨ ਹਿਸੇ ਪਾਣੀ ਪਾਵਣਾ। ਖੱਟੇ ਦਾ ਰਸੁ ਅਟਕਲ ਮਾਫਕ ਪਾਵਣਾ, ਤਦਿ ਗੁਲਾਬੀ ਰੰਗੁ ਹੋਵੈ।੨।'

ਪ੍ਰਸ਼ਨ, ਲਗਨ, ਸਗੁਣ, ਸ਼ਗਨ ਅਪਸ਼ਗਨ ਦੇ ਨਿਕੇ ਨਿਕੇ ਕਿਤਾਬਚੇ ਗੁਰੂਆਂ ਦੇ ਨਾਮ ਤੇ ਚਤੁਰ ਬ੍ਰਾਹਮਣਾਂ ਇਸ ਲਈ ਬਣਾਏ ਤਾਂ ਕਿ ਸਿਖ ਇਨ੍ਹਾਂ ਜੰਜਾਲਾਂ ਵਿਚੋਂ ਨਿਕਲ ਨਾ ਜਾਣ। 'ਸਰਧਾ ਪੂਰਨ' ਪੁਸਤਕ ਇਸੇ ਤਰ੍ਹਾਂ ਦੀ ਹੈ ਜੋ ਭਾ. ਮਨੀ ਸਿੰਘ ਨਾਲ ਜੋੜੀ ਗਈ ਹੈ। ਭਾਸ਼ਾ ਵਿਭਾਗ ਦੀ ੪੯ ਨੰ. ਹੱਥ-ਲਿਖਤ ਵਿਚ ਇਕ ਆਦੇਸ਼ ਇਉਂ ਚਲਦਾ ਹੈ-

'ਬੋਲਣਾ ਗੁਰੂ ਅਮਰਦਾਸ ਜੀ ਕਾ—

ਜੇ ਆਦਿਤ ਵਾਰ, ਕਿਤੇ ਜਾਣਾ ਹੋਵੈ ਤਾਂ ਪਾਨ ਖਾਇ ਜਾਵਣਾ।੧।

ਸੋਮਵਾਰ ਕਿਤੇ ਜਾਵਣਾ ਹੋਵੈ ਤਾਂ ਦਰਪਨ ਦੇਖਿ ਜਾਵਣਾ । ੨ ।
ਮੰਗਲਵਾਰ ਕਿਤੇ ਜਾਵਣਾ ਹੋਵੈ ਤਾਂ ਲੌਂਗ ਖਾਇ ਕਰਿ ਜਾਵਣਾ । ੩ ।
ਬੁਧਵਾਰ ਕਿਤੇ ਜਾਵਣਾ ਹੋਵੈ ਤਾਂ ਮਧੁ ਖਾਇ ਕਰ ਜਾਵੈ । ੪ ।
ਵੀਰਵਾਰ ਕਿਤੇ ਜਾਵਣਾ ਹੋਵੈ ਤਾਂ ਦਹੀਂ ਖਾਇ ਕਰ ਜਾਵੈ । ੫ ।
ਸੁਕਰਵਾਰ ਕਿਤੇ ਜਾਵਣਾ ਹੋਵੈ ਤਾਂ ਰੋਟੀ ਖਾਇ ਕਰ ਜਾਵਣਾ । ੬ ।
ਜੇ ਕਿਸੇ ਛਨਛਰਵਾਰ ਕਿਤੇ ਜਾਵਣਾ ਹੋਵੈ ਤਾਂ ਲੂਣ ਸੇਂਧਾ ਖਾਇ ਕਰ ਜਾਇ । ਕਾਰਜ ਸਭ ਹੋਵੈ । ੭ ।

ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵ ਰੱਖਣ ਵਾਲੀਆਂ ਅਨੇਕ ਗੱਦ-ਟੂਕਾਂ ਭੱਟ ਵਹੀਆਂ ਤੇ ਪੰਡਾ ਵਹੀਆਂ ਦਾ ਵੀ ਸ਼ਿੰਗਾਰ ਹਨ । ਅਜੇ ਇਨ੍ਹਾਂ ਦਾ ਪੂਰਾ ਅਧਿਐਨ ਨਹੀਂ ਹੋਇਆ । ਗਿ: ਗਰਜਾ ਸਿੰਘ ਜੀ ਨੇ ਏਸ ਪਾਸੇ ਪਹਿਲ ਕੀਤੀ ਸੀ ਤੇ ਕਈ ਅਮੋਲਕ ਨੋਟ ਸੰਕਲਿਤ ਕੀਤੇ ਸਨ । ਇਨ੍ਹਾਂ ਦੀ ਸ਼ੈਲੀ ਆਪਣੀ ਹੈ ਜਿਸ ਵਿਚ ਨਾਂ, ਥਾਂ, ਵਲਦੀਅਤ ਤੇ ਤਰੀਕ, ਦਿਨ ਸਮੇਤ ਕਿਸੇ ਘਟਨਾਂ ਦਾ ਜ਼ਿਕਰ ਕੀਤਾ ਜਾਂਦਾ ਸੀ । ਪਾਂਡਿਆਂ ਨਾਲੋਂ ਭੱਟ ਜ਼ਿਆਦਾ ਸਿਆਣੇ ਸਨ, ਉਨ੍ਹਾਂ ਦੀਆਂ ਵਹੀਆਂ ਦੀਆਂ ਟੂਕਾਂ,ਟਿਪਣੀਆਂ ਬੜੀਆਂ ਅਰਥ-ਭਰਪੂਰ ਹਨ । ਕੁਝ ਵੰਨਗੀ ਹਿਤਕਾਰੀ ਹੈ—

(ੳ) **ਭੱਟ ਵਹੀਆਂ**

'ਰਾਜਾ 'ਪ੍ਰਥਵੀਰਾਜ ਦੀ ਉਤਪਤੀ ਜੇਠ ਸੁਦੀ ਇਕਾਦਸੀ ਸਾਲ ਬਾਰਾਂ ਸੈ ਪਾਚ ਰਾਣੀ ਕਮਲ ਵਤੀ ਅਨੰਗਿਨੀ ਕੇ ਉਦਰ ਸੇ ਹੋਈ । ਨਾਨੇ ਅਨੰਗਪਾਲ ਨੇ ਗੋਦ ਲਇਆ ।'

[ਭੱਟ ਵਹੀ ਕਰਸਿੰਧੂ

ਕੀਰਤਪੁਰ ਆਬਾਦ ਕਰਨ ਸਬੰਧੀ ਭੱਟ ਵਹੀ ਵਿਚ ਸੂਚਨਾ ਹੈ—

'ਰਾਜਾ ਕਲਿਆਨ ਚੰਦ ਚੰਦ੍ਰਬੰਸੀ ਚੰਦੇਲ ਗੋਤ੍ਰਾ ਕਹਿਲੂਰਪਤੀ ਬੇਟੇ ਤਾਰਾ ਚੰਦ ਕਉ ਗੈਲ ਲੇ ਸਾਲ ਸੋਲਾਂ ਸੈ ਸਤਾਸੀਆ ਬੈਸਾਖ ਸੁਦੀ ਚਉਥ,ਗੁਰੂ ਚੱਕ ਕੇ ਮਲਹਾਨ ਨਾਮਾ ਗਾਮ ਬਸਾਨੇ ਲਈ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕੋ ਨਗਰ ਜਉਬਾਨ, ਕਲਿਆਣ ਪੁਰ, ਭਟੋਲੀਆਂ, ਭਗੁਵਾਲ ਕੀ ਧਰਤੀ ਪੁੰਨ ਅਰਥ ਭੇਟ ਕੀ ।

ਗੁਰੂ ਹਰਿਗੋਬਿੰਦ ਮਹਲ ਛਠੇ ਨੇ ਬੇਟਾ ਗੁਰਦਿਤਾ ਜੀ ਕੋ ਨਗਰ ਜਉਬਾਲ, ਭਾਈ ਹਠੀਏ ਬਜ਼ੁਰਗ ਕੇ ਘਰਿ ਭੇਜਾ । ਗੈਲ ਗੁਰੂ ਬਾਬਾ ਸ੍ਰੀ ਚੰਦ ਜੀ ਆਏ ਕਮਲੀਏ

ਅਲਮਸਤ ਕੋ ਸਾਥਿ ਲੈ ਕੇ, ਗੈਲ ਬਾਬਾ ਬੁੱਢਾ ਰਾਮਦਾਸ, ਸਿਘਾ ਪ੍ਰੋਹਤ, ਖੇਮਾ ਚੰਦਨੀਆ ਆਇਆ। ਸਾਲ ਸੋਲਾਂ ਸੈ ਸਤਾਸੀਆ ਬੈਸਾਖ ਮਾਸ ਕੀ ਪੂਰਨਮਾ ਕੇ ਦਿਹੁੰ। ਗੁਰੂ ਬਾਬਾ ਜੀ ਕੇ ਪਾਵਨ ਹਾਥੋਂ ਸੇ ਮੋਹੜੀ ਗਾਡੀ, ਬਾਉਲੀ ਕਾ ਟੱਕ ਲਾਇਆ, ਨਗਰੀ ਕਾ ਨਾਉਂ ਕੀਰਤਿ ਪੁਰ ਰਾਖਾ।

[ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਸਿਆਂ ਕਾ

'ਗੁਰੂ ਤੇਗ ਬਹਾਦਰ ਜੀ ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਜੀ ਕਾ, ਪੜਪੋਤਾ, ਗੁਰੂ ਰਾਮਦਾਸ ਜੀ ਕਾ, ਬੰਸ, ਬਾਬਾ ਹਰਿਦਾਸ ਜੀ ਕੀ ਸੂਰਜਬੰਸੀ ਗੋਸਲ ਗੋਤ੍ਰਾ ਸੋਢੀ ਖਤ੍ਰੀ, ਬਾਸੀ ਕੀਰਤਪੁਰ ਪਰਗਨਾ ਕਹਿਲੂਰ ਸੰਮਤ ਸਤ੍ਰਾਂ ਸੈ ਤੇਰਾਂ ਅਸਾੜ੍ਹ ਪ੍ਰਵਿਸ਼ਟੇ ਗਿਆਰਸ ਕੋ ਤੀਰਥ ਜਾਤ੍ਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਏ, ਇਸਤ੍ਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੈਂਤੀ ਜੀ ਆਈ ਇਸਤ੍ਰੀ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤ੍ਰੀ ਗੁਰੂ ਸੂਰਜ ਮੱਲ ਜੀ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ ਚੇਲੇ ਗੁਰੂ ਗੁਰਦਿਤਾ ਜੀ ਕੇ, ਮਾਤਾ ਗੁਜਰੀ ਜੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ।

ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿਖੀ ਕਾ, ਦੀਵਾਨ ਦਰਘਾ ਮਲ ਆਇਆ ਬੇਟਾ ਦਵਾਰਕਾ ਦਾਸ ਛਿੱਬਰ ਬ੍ਰਾਹਮਨ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜਾਬਤ ਚੁਹਾਨ ਕਾ, ਹਰੀਆ ਆਇਆ ਬੇਟਾ ਮੂਲ ਚੰਦ ਜਲ੍ਹਾਨੇ ਪ੍ਰਮਾਰ ਕਾ, ਦਿਆਲ ਦਾਸ ਆਇਆ ਬੇਟਾ ਮਾਈਦਾਸ ਪ੍ਰਮਾਰ ਬਲਉਂਤ ਕਾ, ਚਉਪਤਰਾਇ ਆਇਆ ਬੇਟਾ ਪੈਰਾਗਮ ਛਿਬਰ ਕਾ। ਹੋਰ ਸਿਖ ਫਕੀਰ ਆਏ।

[ਭੱਟ ਵਹੀ ਤਲਉਂਢਾ ਪ੍ਰਗਣਾ ਜੀਂਦ

'ਭਾਈ ਕ੍ਰਿਪਾਰਾਮ ਬੇਟਾ ਅੜੂ ਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕੁਰ ਦਾਸ ਕਾ, ਦੱਤ ਗੋਤ੍ਰਾ ਮੁਝਾਲ ਬ੍ਰਾਹਮਣ, ਬਾਸੀ ਮਟਨ, ਦੇਸ਼ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁੰ ਖੋੜਸ ਬ੍ਰਾਹਮਣੋਂ ਕੋ ਗੈਲ ਲੇ ਗਾਮ ਚੱਕ ਨਾਨਕੀ ਪਰਗਣਾ ਕਹਿਲੂਰ ਗੁਰੂ ਤੇਗ

ਬਹਾਦਰ ਜੀ ਮਹਲ ਨਾਮਾ ਕੇ ਦਰਬਾਰ ਆਇ ਫਿਰਿਆਦੀ ਹੂਆ। ਗੁਰੂ ਜੀ ਨੇ ਇਨੇ ਧੀਰਜ ਦਈ। ਬਚਨ ਹੋਆ ਤੁਸਾ ਕੀ ਰੱਖਿਆ ਬਾਬਾ ਨਾਨਕ ਕਰੇਗਾ।'

(ਅ) ਪੰਡਾ ਵਹੀਆਂ

[ਭੱਟ ਵਹੀ ਮੁਲਤਾਨੀ ਸਿੰਧੀ

'ਲਿਖਤੰ ਗੁਰੂ ਤੇਗ ਬਹਾਦਰ ਬੇਟਾ ਗੁਰੂ ਹਰਗੋਬਿੰਦ ਜੀ ਕਾ, ਬਾਸੀ ਕੀਰਤ ਪੁਰ ਤਅੱਲਕਾ ਰਾਜ ਕਹਿਲੂਰ, ਸੰਮਤ ਸਤਰਾਂ ਸੈ ਤੇਰਸ ਮਾਘ ਮਾਸ ਕੀ ਪੂਰਨਮਾਸ਼ੀ ਕੇ ਦਿਵਸ ਸ੍ਰੀ ਗੰਗਾ ਜੀ ਆਇ, ਸਾਥ ਮਾਤਾ ਨਾਨਕੀ ਜੀ ਆਏ, ਸਾਥ ਮਾਤਾ ਗੁਜਰੀ ਜੀ ਆਏ, ਸਕੇ ਸੰਗੀ ਸਾਥੀਆਂ ਸਾਥ ਸੁਖ ਕੇ ਇਸਨਾਨ।

[ਪੰਡਾ ਵਹੀ ਭਵਾਨੀ ਦਾਸ, ਹਵੇਲੀ ਸੋਢੀਆਂ ਹਰਦੁਆਰ

'ਲਿਖਤੰ ਗੁਰੂ ਗੋਬਿੰਦ ਦਾਸ ਜੀ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸੋਢੀ ਖਤ੍ਰੀ, ਬਾਸੀ ਚੱਕ ਨਾਨਕੀ ਤਅੱਲਕਾ ਰਾਜ ਕਹਲੂਰ, ਸੰਬਤ ੧੭੫੧ ਚੇਤ੍ਰ ਮਾਸ ਕੀ ਪਹਿਲੀ ਕੇ ਦਿਵਸ ਗੰਗਾ ਜੀ ਆਏ, ਸੁਖ ਕੇ ਇਸਨਾਨ। ਸਾਥਿ ਮਾਤਾ ਪੰਜਾਬ ਕੌਰ ਆਈ ਇਸਤ੍ਰੀ ਗੁਰੂ ਰਾਮ ਰਾਇ ਜੀ ਕੀ, ਸਾਥ ਦੀਵਾਨ ਧਰਮ ਚੰਦ ਛਿਬਰ ਆਇਆ, ਸਾਥ ਦੀਵਾਨ ਮਨੀ ਰਾਮ ਆਇਆ।'

[ਪੰਡਿਤ ਭਵਾਨੀ ਦਾਸ ਵਹੀ ਸੋਢੀਆਂ ਹਰਦੁਆਰ

ਦੂਸਰੇ ਪੰਡੇ ਦੀ ਵਹੀ ਵਿਚ ਨੋਟ ਇਉਂ ਚਲਦਾ ਹੈ—

'ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈ ਦਾਸ ਕਾ, ਪੋਤਾ ਬੱਲੂ ਕਾ ਪੜਪੋਤਾ ਮੂਲੇ ਕਾ, ਜਤੀਆ ਪੁਆਰ ਬੰਸ ਬੀਂਝੇ ਕਾ ਚੰਦ੍ਰਬੰਸੀ ਜਲ੍ਹਾਨਾ, ਬਾਸੀ ਅਲੀਪੁਰ ਪ੍ਰਗਣਾ ਮੁਲਤਾਨ ਸੰਮਤ ੧੭੫੧ ਮਿਤੀ ੨ ਚੇਤ, ਗੁਰੂ ਗੋਬਿੰਦ ਰਾਇ ਜੀ ਕੇ ਸਾਥ ਦੀਵਾਨ ਹੁਇ ਕਰ ਹਰਦੁਆਰ ਆਏ. ਸੁਖ ਕੇ ਇਸਨਾਨ।'

[ਪੰਡਾ ਵਹੀ ਖੇਮ ਚੰਦ, ਚੂਨੀ ਲਾਲ ਹਰਿਦੁਆਰ

ਪੰਡਾ ਵਹੀਆ ਤੇ ਭੱਟ ਵਹੀਆਂ ਦਾ ਖਜ਼ਾਨਾ ਬਹੁਤ ਵੱਡਾ ਹੈ ਤੇ ਇਸ ਗੱਦ ਦਾ ਮਹੱਤਵ ਸਾਹਿਤਕ ਨਾਲੋਂ ਇਤਿਹਾਸਕ ਅਧਿਕ ਹੈ। ਡਾ. ਤ੍ਰਿਲੋਚਨ ਸਿੰਘ ਬੇਦੀ ਨੇ ਇਕ ਹੋਰ ਪੁਰਾਤਨ ਰਚਨਾ 'ਏਕਾਦਸੀ ਮਹਾਤਮ' ਲੱਭੀ ਹੈ, ਜਿਸਦੀ ਲਿਪੀ ਸ਼ਾਰਦਾ ਅਤੇ ਬੋਲੀ ਪੰਜਾਬੀ ਹੈ ਤੇ ਇਸਨੂੰ ਸੌਖਿਆਂ ਮੁਗਲ ਕਾਲ ਤੋਂ ਪਹਿਲਾਂ ਦੀ ਗੱਦ ਕਿਹਾ ਜਾ ਸਕਦਾ ਹੈ। ਵੰਨਗੀ ਦੇਖਣ ਜੋਗ ਹੈ—

'ਸੋ ਤੁਸੇਂ ਕ੍ਰਿਪਾ ਕਰੀ ਕੈ ਬੋਲੀ ਦੇਣਾ। ਤਬ ਸ੍ਰੀ ਬ੍ਰਮਾ ਜੀ ਨਾਰਦ ਕੀ ਬੋਲਦੇ ਹੈਨ, ਹੇ ਪੁਤ੍ਰਾ! ਜੀ ਤੁਸੈਂ ਏਹੋ ਵਡ ਪਵਿਤ੍ਰ ਕਥਾ ਪੁਛੀ, ਆਜ ਤਿਕ ਏਹੋ ਕਥਾ ਅਸੇ ਕੀਸਿ ਪਾਸਿ ਨਹੀਂ ਕਸਿ। ਏਹੀ ਜੋ ਕਥਾ ਹੈਨ ਸੋ ਮਹਾਂ ਗੁਪਤਿ ਵਾਰਤਾ ਹੈਨਿ। ਅਸੇ ਏਹੋ ਕਥਾ ਕੀਸਿ ਪਾਸ ਨਹੀ ਦਸਿ, ਆਜੁ ਤੇਰੇ ਪਾਸ ਮੈ ਕਥਾ ਦਸਦਾ ਹੈਨ। ਹੇ ਪੁੱਤ੍ਰਾ ਨਾਰਦ ਜੀ! ਫਲੁ ਗੁਣ ਵਦਿ ਜੋ ਏਕਾਦਸਿ ਹੈਨ, ਤਿਸ ਕਾ ਨਾਮ ਵਿਜਯਾ ਨਾਮ ਹੈਨ। ਸੋ ਅਤਿ ਪਵਿਤ੍ਰ ਹੈਨ। ਅਰ ਹੋਰ ਸੇ ਵਡਿ ਸ੍ਰੇਸਟ ਹਨ। ਹੋਰ ਗੋਬਿੰਦ ਜੀ ਕੀ ਪੂਜਾ ਕਾਰਣ ਏਹ, ਏਸ ਏਕਾਦਸਿ ਕਾ ਦੇਵਤਾ ਹੈਨ। ਤਾਂ ਓ ਸ੍ਰੀ ਬ੍ਰਮਾ ਜੀ ਕਥਾ ਬੋਲਦੇ ਹੈਨ। ਪੰਨਾ 23

[ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, 1972

ਇਸ ਤਰ੍ਹਾਂ, ਖੋਜ ਦੀ ਲੋੜ ਹੈ. ਹੋਰ ਵੀ ਗੱਦ ਸਾਹਿਤ ਅਨੇਕਾਂ ਰੂਪਾਂ ਤੇ ਸ਼ੈਲੀਆਂ ਵਾਲਾ ਮਿਲ ਸਕੇਗਾ, ਤੇ ਪ੍ਰਾਪਤ ਗੱਦ ਦੇ ਸੂਤ੍ਰ ਬੰਤੇ ਨਾਲ ਸਹਜੇ ਜੁੜਦੇ ਜਾਣਗੇ। ਇਹ ਇਤਿਹਾਸਕ ਸਚਾਈ ਹੈ ਕਿ ਪੰਜਾਬ ਜੰਗਾਂ ਜੁਧਾਂ ਤੇ ਲੁੱਟਾਂ ਮਾਰਾਂ ਦਾ ਅਖਾੜਾ ਬਣਿਆ ਰਹਿਣ ਕਰਕੇ ਆਪਣਾ ਬਹੁਤ ਸਾਰਾ ਸਾਹਿਤ ਗੁਆ ਬੈਠਾ ਹੈ ਪਰ ਫਿਰ ਵੀ ਵੱਡੇ ਘਰਾਂ ਦੀ ਘਰੋੜੀ ਮਾਣ ਨਹੀਂ।

ਸਾਡੇ ਪ੍ਰਾਚੀਨ ਗੱਦਕਾਰ

ਜਿਵੇਂ ਪੰਜਾਬੀ ਕਵੀਆਂ ਬਾਰੇ ਦਰਜਨਾਂ ਆਲੋਚਨਾਤਮਕ ਪੁਸਤਕਾਂ ਤੇ ਤਜ਼ਕਰੇ ਲਿਖੇ ਗਏ ਹਨ, ਇਉਂ ਗੱਦਕਾਰਾਂ ਦੀ ਜਾਣ ਪਛਾਣ ਬਾਰੇ ਘਟ ਸਮੱਗ੍ਰੀ ਪ੍ਰਾਪਤ ਹੈ, ਜੋ ਕੁਝ ਮਿਲਦਾ ਹੈ, ਉਹ ਪੇਸ਼ ਹੈ।

(੧) ਆਦਿ ਗੱਦ ਸਾਹਿਤ— ਇਸ ਭਾਗ ਵਿਚ ਅਸਾਂ ਗੋਇੰਦਵਾਲ ਵਾਲੀਆਂ ਪੋਥੀਆਂ, ਆਦਿ ਗ੍ਰੰਥ ਅਤੇ ਗੁਰੂ ਗ੍ਰੰਥ ਦੀਆਂ ਲਿਖਤੀ ਬੀੜਾਂ ਵਿਚਲੇ ਵਾਧੂ ਪੱਤਰਿਆਂ ਤੇ ਅੰਕਿਤ ਫੁਟਕਲ ਵਾਰਤਕ ਦਰਜ ਕੀਤੀ ਹੈ। ਗੋਇੰਦਵਾਲ ਵਾਲੀਆਂ ਪੋਥੀਆਂ ਵਿਚੋਂ ਇਕ ਪੋਥੀ ਦਾ ਲਿਖਣ ਕਾਲ ਅਸੂ ੧੬੨੭ ਬਿ, ਤੋਂ ਸ਼ੁਰੂ ਕਰਕੇ ੧੬੨੯ ਬਿ. ਭਾਦੋਂ ਵਦੀ ੧੦ ਹੈ, ਦੂਜੀ ਦਾ ੧੬੫੨ ਬਿ. ਮਾਘ ੧ ਹੈ। ਛੇਵੇਂ ਗੁਰਾਂ ਦੇ ਹੁਕਮਨਾਮੇ ਤੋਂ ਲੈਕੇ ੧੯ਵੀਂ ਸਦੀ ਤਕ ਦੇ ਜ਼ਰੂਰੀ ਪੱਤਰ ਇਸ ਲਈ ਦੇ ਦਿਤੇ ਹਨ ਤਾਂ ਕਿ ਖ਼ਤ ਪੱਤਰ ਵਾਲੀ ਨਸਰ ਦਾ ਵੀ ਮੁਲਾਹਜ਼ਾ ਹੋ ਸਕੇ।

(੨) ਸਾਖੀ ਸਾਹਿੱਤ— ਇਹ ਸ਼ੱਦ ਸਭ ਤੋਂ ਵਧ ਤੇ ਵਿਸ਼ਾਲ ਹੈ, 'ਪੁਰਾਤਨ ਹਿੰਦੂ ਤੇ ਜੋਗ ਧਾਰਾ ਦੀ ਵੀ ਕਥਾ ਵਾਰਤਾ ਮਿਲਦੀ ਹੈ ਤੇ ਮੁਸਲਮਾਨੀ ਪੈਗੰਬਰਾਂ ਯਾ ਦਰਵੇਸ਼ਾਂ ਦੇ ਜੀਵਨ 'ਮਸਲੇ' ਨਾਂ ਹੇਠ ਪ੍ਰਾਪਤ ਹਨ। ਇਹ ਗੱਲ ਇਸਦਾ ਪ੍ਰਮਾਣ ਹੈ ਕਿ ਪੰਜਾਬੀ ਪਾਠਕ ਹਮੇਸ਼ਾ ਸਰਬ-ਸਾਂਝੀ ਦ੍ਰਿਸ਼ਟੀ ਦੇ ਧਾਰਣੀ ਹੋ ਕੇ ਸਭ ਧਰਮਾਂ ਦੇ ਪਰਮ ਮਨੁੱਖਾਂ ਦੇ ਕਾਰਨਾਮਿਆਂ ਤੋਂ ਸਿਖਿਆ ਲੈਂਦੇ ਰਹੇ ਹਨ।

ਅਸਾਡੇ ਖਿਆਲ ਵਿਚ 'ਸਤਿਗੁਰੂ ਜੀ ਦੇ ਮਹੈ ਦੀਆਂ ਸਾਖੀਆਂ' ਸਭ ਤੋਂ ਪੁਰਾਤਨ ਤੇ ਪ੍ਰਮਾਣਿਕ ਹਨ। ਇਨ੍ਹਾਂ ਦੀ ਕੁਲ ਗਿਣਤੀ ੩੩ ਹੈ।

੨੪ ਗੁਰੂ ਅਮਰਦਾਸ ਦੀਆਂ ਤੇ ੯ ਗੁਰੂ ਅਰਜਨ ਜੀ ਦੇ ਮੁਖੋਂ ਕਹੀਆਂ ਸਾਖੀਆਂ ਹਨ। ਗੁਰੂ ਹਰਿ ਰਾਇ ਸਾਹਿਬ ਦੀ ਸਪੁੱਤਰੀ ਬੀਬੀ ਰੂਪ ਕੌਰ (1706-1784 ਬਿ.) ਸੀ, ਜੋ ਪਸਰੂਰ ਭਾਈ ਖੇਮਕਰਨ ਨੂੰ ਵਿਆਹੀ ਹੋਈ ਸੀ। ਉਸਨੂੰ ਪਿਤਾ ਵਲੋਂ ਇਕ ਗੁਰਬਾਣੀ ਦੀ ਪੋਥੀ ਦਿਤੀ ਗਈ, ਜਿਸਦੇ ਕੁਲ ਪੱਤਰੇ 559 ਹਨ ਤੇ ਇਹ ਸਾਖੀਆਂ 492 ਪੱਤਰੇ ਤੋਂ ਸ਼ੁਰੂ ਹੋਕੇ 532 ਤਕ ਹਨ। ਬਹੁਤਾ ਭਾਗ ਗੁਰਬਾਣੀ ਹੈ, ਅੰਤਲੇ ਪੱਤਰਿਆਂ ਤੇ ਕੁਝ ਯਾਦਦਾਸ਼ਤਾਂ ਦਰਜ ਹਨ। ਗੁਰੂਆਂ ਦੇ ਜੋਤੀ ਜੋਤਿ ਸਮਾਉਣ ਦੇ ਚਲਿਤ੍ਰਾਂ ਤੋਂ ਇਲਾਵਾ ਕੁਝ ਹੋਰ ਇਤਿਹਾਸਕ ਤਰੀਕਾਂ ਅੰਕਿਤ ਹਨ ਜਿਵੇਂ ਕਿ—

ਸੰਬਤ 1695 ਚੇਤ ਵਦੀ 10 ਆਏਤਵਾਰ ਸਿਰੀ ਗੁਰੂ ਬਾਬਾ ਜੀ ਸਮਾਣੇ
1738 ਹਾੜ ਵਦੀ 6 ਸੰਕਰਵਾਰ ਮੰਗੀ ਬੀਬ ਜੀ ਸਮਾਣੀ ਆਗਰ

1739 ਵਿਸਾਖ ਵਦੀ ਤ੍ਰੈਦਸੀ ਮੰਗਲਵਾਰ ਸਰ ਮਾਤ ਜੀ ਸਮਾਣੀ ਆਗਰੇ

1743 ਚੇਤ ਸੁਦੀ 6 ਬੁਧਵਾਰ ਦੀਵਾਨੁ ਕਸ਼ਮੀਰੀ ਦੇਵ ਲੋਕਿ ਹੋਏ

1744 ਭਾਦੋਂ ਸੁਦੀ 8 ਅਠੇ ਆਇਤਵਾਰ ਸ੍ਰੀ ਰਾਮ ਰਾਇ ਜੀ ਸਮਾਣੇ

1758 ਪੋਹ ਸੁਦੀ ਦੁਆਦਸੀ ਮੰਗਲਵਾਰ ਮਾਤਾ ਰਹੀ ਜੀ ਸਮਾਣੀ। ਇਹ ਬਾਬਾ ਸੂਰਜ ਮੱਲ ਦੇ ਘਰੋਂ ਸਨ।

1777 ਮਿਤੀ ਸਾਵਣ ਵਦੀ 8 ਛਨਿਛਰਵਾਰ ਮਾਤਾ ਸੁਲਖਣੀ ਜੀ ਸਮਾਣੀ ਇਹ ਗੁਰੂ ਹਰਿ ਰਾਇ ਜੀ ਦੇ ਮਹਲ ਸਨ, ਬੀਬੀ ਰੂਪ ਕੌਰ ਜੀ ਦੀ ਮਾਤਾ।

1784 ਅਸੂ ਵਦੀ ਚਉਥ ਦਿਨ ਵੀਰਵਾਰ ਰਾਤ ਬੀਬੀ ਰੂਪ ਕੌਰ ਸਮਾਣੀ।

1798 ਮਹੀਨਾ ਬੈਸਾਖ ਸੁਦੀ ਪੰਚਮੀ, ਮਾਤਾ ਪੰਜਾਬ ਕੁਇਰ ਜੀ ਨੇ ਦਾਗ ਦਿਤਾ।

1799 ਥਿਤ ਸਤੋ ਜਗਤੂ ਚਲਿਆ ਕੀਰਤ ਪੁਰ ਮਹੀਨਾ ਬੈਸਾਖ, ਥਿਤ

ਚਾਨਣੀ ਸੁਕਰਵਾਰ ਕੁੰ ਅਮਰ ਸਿੰਘ ਦਾ ਦੇਹਾਂਤ

1803 ਚੇਤ ਸੁਦੀ ਦਸਮੀ ਵਾਰ ਸੁਕਰ

ਜੋ ਕਿ ਬੀਬੀ ਰੂਪ ਕੌਰ ਦਾ ਸਪੁੱਤਰ ਸੀ।

ਜੋ ਕਿ ਬੀਬੀ ਰੂਪ ਕੌਰ ਦਾ ਸਪੁੱਤਰ ਸੀ। ਵਾਰ ਸੁਕਰ ਸ੍ਰਿਦਾਰਿ ਸਿੰਘ ਸਮਾਣਾ।

1802 ਭਾਦਉ ਸੁਦੀ ਪੰਚਮੀ ਵਾਰ ਸੁਕਰ ਸ੍ਰਿਦਾਰਿ ਸਿੰਘ ਸਮਾਣਾ। ਬਾਬਾ ਕੁਇਰ ਸਿੰਘਦਾ ਦੇਹਾਂਤ

1869 ਮਹੀਨੇ ਕਤਕ ਬਧ ਕਾਦਸੀ ਵਾਰ ਸੋਮਵਾਰ ਬਾਬਾ ਕੁਇਰ ਸਿੰਘਦਾ ਦੇਹਾਂਤ

1876 ਮਹੀਨਾ ਪੋਹੁ ਬਾਬਾ ਸੁਖਨ ਸਿੰਘ ਦਾ ਦੇਹਾਂਤ।

ਬਾਬਾ ਸੁਖਨ ਸਿੰਘ ਦਾ ਭੋਲਾ ਸਿੰਘ, ਭੋਲਾ ਸਿੰਘ ਦਾ ਹਰਸਾ ਸਿੰਘ ਤੇ ਸੰਗਤ ਸਿੰਘ, ਹਰਸਾ ਸਿੰਘ ਦਾ ਅੱਛਰ ਸਿੰਘ ਤੇ ਅੱਛਰ ਸਿੰਘ ਦਾ ਪੁਤਰ ਮਹੰਤ ਬਾਬੂ ਸਿੰਘ ਹੈ ਸੀ, ਜਿਨਾਂ ਪਾਸੋਂ ਬੜੀ ਤਰਲਾ ਮਿੰਨਤ ਕਰਕੇ ਇਹ ਪੋਥੀ ਦੇਖਣ ਦਾ ਸੁਭਾਗ ਹਾਸਲ ਕੀਤਾ ਸੀ। ਮੈਂ ਤਾਂ ਇਸਦਾ ਉਤਾਰਾ ਕਾਹਲੀ ਵਿਚ ਹੀ ਕੀਤਾ ਸੀ, ਪਰੰਤੂ ਗਿ. ਰਣਧੀਰ ਸਿੰਘ ਜੀ ਨੇ ਵੀ ਇਕ ਨਕਲ ਕੀਤੀ ਹੋਈ ਸੀ, ਪਿਛੋਂ ਉਸ ਨਾਲ ਮਿਲਾਨ ਕਰਨ ਦਾ ਵੀ ਮੈਨੂੰ ਚੰਗਾ ਮੌਕਾ ਮਿਲ ਗਿਆ। ਇਹ ਵੇਰਵਾ ਇਸ ਲਈ ਦਰਜ ਕੀਤਾ ਹੈ ਕਿ ਇਸ ਪੋਥੀ ਬਾਰੇ, ਬਿਨਾਂ ਦੇਖੇ ਹੀ ਕਈ ਲੇਖਕਾਂ ਕਈ ਕਿਸਮ ਦੀਆਂ ਗਲਤ ਬਿਆਨੀਆਂ ਕੀਤੀਆਂ ਹਨ। ਇਹ ਪੋਥੀ ਹੁਣ ਵੀ ਗੁਰਦੁਆਰਾ ਮੰਜੀ ਸਾਹਿਬ ਕੀਰਤਪੁਰ ਵਿਚ ਸੁਰੱਖਿਅਤ ਹੈ, ਅਤੇ ਇਹ ਸਾਰੀ ਫੋਟੋ-ਕਾਪੀ ਕਰਕੇ ਸੰਭਾਲਣ ਯੋਗ ਹੈ।

ਅਨੁਮਾਨ ਹੈ, ਇਹ ਪੋਥੀ ਛੇਵੇਂ ਪਾਤਸ਼ਾਹ ਸਮੇਂ ਲਿਖੀ ਗਈ ਸੀ ਤੇ ਬਾਦ ਵਿਚ ਅੰਤਲੇ ਪੱਤਰਿਆਂ ਤੇ ਕੁਝ ਯਾਦਦਾਸ਼ਤਾਂ ਦਰਜ ਹੁੰਦੀਆਂ ਗਈਆਂ। ਇਨ੍ਹਾਂ ਵਿਚੋਂ ਕੁਝ ਸਾਖੀਆਂ ਭਾਈ ਪੈਂਦੇ ਵਾਲੀ ਬੀੜ ਵਿਚ 'ਸਾਖੀ ਗੁਰੂ ਅਮਰਦਾਸ ਕੀ ਮਹਲਾ ਤ' ਸਿਰਲੇਖ ਹੇਠ ਦਿਤੀਆਂ ਹੋਈਆਂ ਹਨ। ਸੈ. ਪ. ਲਾ. ਪਟਿਆਲਾ ਦੇ ਖਰੜਾ ਨੰ. 2571 ਵਿਚ ਇਹੋ 15-16 ਸਾਖੀਆਂ ਦਰਜ ਹਨ, ਇਵੇਂ ਜਿਵੇਂ ਕੁਝ ਕੁ ਸਾਖੀਆਂ ਸਿ. ਰੈ. ਲਾ. ਅੰਮ੍ਰਿਤਸਰ ਦੇ ਖਰੜਾ ਨੰ: 1657 ਵਿਚ ਅੰਕਿਤ ਹਨ। ਸੋ ਇਹ ਗੱਲ ਨਿਰਵਿਵਾਦ ਹੈ ਕਿ ਇਹ 24 ਸਾਖੀਆਂ ਗੁਰੂ ਅਮਰਦਾਸ ਜੀ ਦੇ ਮੁਖ ਤੋਂ ਸੁਣਕੇ ਸਿਖਾਂ ਲਿਖੀਆਂ ਤੇ ਬਾਕੀ 9 ਗੁਰੂ ਅਰਜਨ ਜੀ ਦੇ ਮੁਖਾਰ ਬਿਦ

ਤੋਂ । ਕੁਝ ਸਾਖੀਆਂ ਹਨ ਤੇ ਕੁਝ ਬਚਨ ਵਿਚਾਰ । ਭਾਈ ਬਹੋੜੇ ਦੀ ਸਾਖੀ ਤਾਂ 'ਸਾਖੀ ਮਹਲਾ ੫' ਲਿਖ ਕੇ ਕਈ ਹੋਰ ਹੱਥ-ਲਿਖਤਾਂ ਵਿਚ ਵੀ ਮਿਲਦੀ ਹੈ ।

2 ਪੁਰਾਤਨ ਜਨਮ ਸਾਖੀ ਦਾ ਕਰਤਾ ਕੋਈ ਲਹਿੰਦੇ ਦਾ ਵਸਨੀਕ ਸਿਆਣਾ ਲੇਖਕ ਸੀ, 3 ਆਦਿ ਸਾਖੀਆਂ ਦੇ ਕਰਤੇ ਦਾ ਸਾਨੂੰ ਪਤਾ ਨਹੀਂ, ਸ਼ਿਬੂ ਨਾਥ ਲਿਖਾਰੀ ਸੀ ਜਿਸਨੇ ਇਹ ਸਾਖੀਆਂ 1758 ਬਿ. ਵਿਚ ਉਤਾਰੀਆਂ । ਇਸਨੇ ਜਪੁ ਪਰਮਾਰਥ ਤੇ ਭਾਗਵਤ ਗੀਤਾ ਦਾ ਖਰੜਾ ਵੀ ਨਕਲ ਕੀਤਾ ਸੀ । ਗੀਤਾ ਦੇ ਅੰਤ ਦਰਜ ਹੈ—'ਸੰਮਤ 1773 ਬਿ. ਭਾਦੋਂ ਸੁਦੀ 2 ਲਿਖਤੇ ਸ਼ੱਬੂ ਨਾਥ ਬ੍ਰਾਹਮਣ ਸਾਰਸੁਤ ਗੁਰੂ ਸੰਗਤ ਜੀ ਕਾ ।' [ਪੰ. ਯੂ. ਲਾ. ਚੰਡੀਗੜ੍ਹ ਖਰੜਾ ਨੰ. 1132

ਸ਼ਾਇਦ ਇਹ ਦਸਮੇਸ਼ ਦਾ ਦਰਬਾਰੀ ਲਿਖਾਰੀ ਸੀ । ਮਾਤਾ ਸਾਹਿਬ ਦੇਵਾਂ ਦੇ ਬਨਾਰਸ ਭੇਜੇ ਹੁਕਮਨਾਮੇ ਵਿਚ ਵੀ ਇਸ ਦਾ ਨਾਂ ਹੈ ।

4 ਭਾਈ ਬਾਲੇ ਵਾਲੀ ਜਨਮਸਾਖੀ ਦਾ ਲੇਖਕ ਪੈੜਾ ਮੋਖਾ ਨਹੀਂ, ਇਹ ਤਾਂ ਜਨਮ-ਪੱਤਰੀ ਪੜ੍ਹਨ ਵਾਲਾ ਸੀ ਤੇ ਇਹ ਸਾਖੀ ਭਾ. ਬਾਲੇ ਦੇ ਕਿਸੇ ਚਤੁਰ ਚੇਲੇ ਦਾ ਲਿਖਿਆ ਹੈ । 5 ਬਾਬਾ ਮਿਹਰਵਾਨ ਦੇ ਨਾਂ ਤੇ ਮਿਲਦੀਆਂ 575 ਗੋਸਟਾਂ ਛੇ ਪੋਥੀਆਂ ਵਿਚ ਅੰਕਿਤ ਹਨ, ਬਹੁਤਾ ਹਿਸਾ ਪੰ. ਕੇਸੋ ਦਾਸ ਰਚਿਤ ਹੈ ਤੇ ਕੁਝ ਹੋਰਾਂ ਦਾ । ਇਨ੍ਹਾਂ ਦਾ ਕੁਝ ਭਾਗ ਮੁਹੰਮਦੀ ਪੁਰ ਲਿਖਿਆ ਗਿਆ ਸੀ, ਪਰ ਵਧੇਰੇ ਹਿਸਾ ਮਾਲਵੇ ਵਲ ੧੭੦੮ ਬਿ: ਵਿਚ ਰਚਿਆ ਗਿਆ, ਜਿਥੇ ਕਿ ਮੀਣਿਆਂ ਦੀ ਸ਼ਰਧਾਲੂ ਸਿਖ ਸੰਗਤ ਸੀ । ਜਿਸਦਾ ਇਕ ਸਬੂਤ ਇਹ ਵੀ ਹੈ ਕਿ ਇਨ੍ਹਾਂ ਗੋਸ਼ਟਾਂ ਦਾ ਵੱਡਾ ਖਰੜਾ ਤਲਵੰਡੀ ਸਾਬੋ ਕੇ ਦਮਦਮਾ ਸਾਹਿਬ ਤੋਂ ਹੀ ਮਿਲਿਆ ਹੈ ।

6 ਪਹਿਲੀਆਂ ਦਸ ਪਾਤਸ਼ਾਹੀਆਂ ਕੀਆਂ—ਸੇਵਾ ਦਾਸ ਉਦਾਸੀ ਰਚਿਤ ਹਨ (1741 ਈ:) । 6 ਜਨਮਸਾਖੀ ਭਾਈ ਮਨੀ ਸਿੰਘ ਦਾ ਅਸਲ ਕਰਤਾ ਗਿ. ਸੂਰਤ ਸਿੰਘ ਚਨਿਓਟ ਵਾਲਾ ਹੈ ਜਿਵੇਂ ਕਿ ਗੁਰ ਪ੍ਰਣਾਲੀ (ਗੁਲਾਬ ਸਿੰਘ) ਵਿਚ ਲਿਖਿਆ ਹੈ । ਇਹ ਸ਼ਾਇਦ 1721 ਈਸਵੀ ਲਿਖੀ । ਸ਼ੇਰਿ ਪੰਜਾਬ ਦੇ ਜ਼ਮਾਨੇ ਕਵੀ ਮੇਘ ਸਿੰਘ ਨੇ 'ਬਾਣੀ ਸਾਹਿਬ ਚੰਦ੍ਰਿਕਾ' (1889 ਬਿ:) ਕਿਤਾਬ ਲਿਖੀ, ਉਸ ਵਿਚ ਇਸ ਘਰਾਣੇ ਦਾ ਹਾਲ ਹੈ । ਭਾ: ਮਨੀ ਸਿੰਘ ਨੇ ਆਦਿ ਗ੍ਰੰਥ ਦੇ ਅਰਥ ਗੁਰਬਖਸ਼ ਸਿੰਘ ਨੂੰ ਦੱਸੇ; ਗੁਰਬਖਸ਼ ਸਿੰਘ ਨੇ ਅਗੋਂ ਗਿ: ਸੂਰਤ

ਸਿੰਘ ਨੂੰ ਪੜ੍ਹਾਏ। ਸੂਰਤ ਸਿੰਘ ਦੇ ਦੋ ਪੁੱਤਰ ਸਨ—ਗੁਰਦਾਸ ਸਿੰਘ ਤੇ ਗਿ: ਸੰਤ ਸਿੰਘ। ਗਿ: ਸੰਤ ਸਿੰਘ ਨੇ ਤੁਲਸੀ ਰਾਮਾਇਣ ਦਾ ਟੀਕਾ ਲਿਖਿਆ ਤੇ ਹਰਿਮੰਦਰ ਦਾ ਪ੍ਰਬੰਧ ਸੰਭਾਲਦੇ ਰਹੇ। ਦੇਹਾਂਤ 1881 ਬਿ. ਹਾੜ ਸੁਦੀ ਅਸ਼ਟਮੀ ਬੁਧਵਾਰ ਨੂੰ ਹੋਇਆ। ਗਿ: ਸੰਤ ਸਿੰਘ ਦੇ ਪੁਤਰ ਗੁਰਮੁਖ ਸਿੰਘ ਸਨ ਤੇ ਗੁਰਮੁਖ ਸਿੰਘ ਦੇ—ਪ੍ਰਦੁਮਨ ਸਿੰਘ, ਮਧੁਸੂਦਨ ਸਿੰਘ ਤੇ ਲੱਧਾ ਸਿੰਘ ਸਨ। ਬੁਰਜ ਗਿਆਨੀਆਂ ਅੰਮ੍ਰਿਤਸਰ ਇਨ੍ਹਾਂ ਦਾ ਨਿਵਾਸ ਸਥਾਨ ਸੀ।

8 ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਚੰਦ ਵਾਰਤਕ ਹੈ ਤੇ ਛੰਦਬਧ ਇਨ੍ਹਾਂ ਦੇ ਸਪੁਤਰ ਕ੍ਰਿਪਾ ਦਯਾਲ ਸਿੰਘ ਨੇ 1833 ਬਿ. ਵਿਚ ਕੀਤਾ।

9 ਸਿਖਾਂ ਦੀ ਭਗਤ ਮਾਲ ਵੀ ਗਿ. ਸੂਰਤ ਸਿੰਘ ਕਿਰਤ ਦੱਸੀ ਜਾਂਦੀ ਹੈ।

10 'ਸੌ ਸਾਖੀ' ਦਾ ਲਿਖਾਰੀ ਭਾਈ ਸਾਹਿਬ ਸਿੰਘ ਸੀ ਤੇ ਇਸਨੂੰ 'ਪੰਜ ਸੌ ਸਾਖੀ' ਦਾ ਹੀ ਅੰਗ ਮੰਨਿਆ ਜਾਂਦਾ ਹੈ।

11 'ਡੇਰੇ ਦੀ ਸਾਖੀ' ਮਾਲਵੇ ਦੇ ਉਦਾਸੀ ਸਾਧੂ ਭਾਈ ਦਿਆਲ ਦਾਸ ਨੇ ੧੯੨੩ ਈ. ਦੇ ਲਾਗੇ ਲਿਖੀ।

12 'ਗੁਰੂ ਕੀਆਂ ਸਾਖੀਆਂ' ਦਾ ਕਰਤਾ ਭਾ: ਸਰੂਪ ਸਿੰਘ ਕੌਸ਼ਿਸ਼ ਹੈ, ਜਿਸਨੇ ਭੱਟ ਵਹੀਆਂ ਦੇ ਆਧਾਰ ਤੇ ਛੇਵੇਂ ਤੋਂ ਦਸਮ ਗੁਰੂ ਤਕ ਮੁਖ ਘਟਨਾਵਾਂ ਤਰੀਕਾਂ ਦੇ ਦੇ ਕੇ 1790 ਈ: ਵਿਚ ਲਿਖੀਆਂ। ਸਿਰਫ ਕਮੀ ਇਹ ਹੋਈ ਲਗਦੀ ਹੈ ਕਿ ਮੂਲ ਭਟਾਖਰੀ ਤੋਂ ਉਤਾਰਾ ਕਰਨ ਸਮੇਂ ਕਿਤੇ ਕਿਤੇ ਜ਼ਬਾਨ ਦੀ ਖੁਲ੍ਹ ਲਈ ਗਈ ਹੈ। ਪਰਚੀਆਂ ਦਾ ਕਰਤਾ ਭਾ: ਸਹਿਜ ਰਾਮ ਹੈ, ਚਾਹੇ ਉਹ ਭਾ: ਕਨ੍ਹਈਆ ਜੀ ਦੀਆਂ ਹਨ, ਚਾਹੇ ਸੰਤ ਅੱਡਣ ਸ਼ਾਹ ਜੀ ਦੀਆਂ। 'ਸੰਤ ਰਤਨ ਮਾਲ' ਲਾਲ ਚੰਦ ਕਿਰਤ ਹੈ। ਪੁਰਾਤਨ ਹਿੰਦੂ ਧਾਰਾ ਦੀਆਂ ਸਾਖੀਆਂ, ਕਥਾ ਗੋਪੀ ਚੰਦ, ਕਥਾ ਰਾਜੇ ਜਨਕ ਕੀ ਤੇ ਸਾਮੀ ਧਾਰਾ ਦੇ 'ਮਸਲੇ' ਗੁਮਨਾਮ ਲੇਖਕਾਂ ਦੀ ਕਿਰਤ ਹਨ। ਮਿਹਰਵਾਨ ਦੇ ਸੇਵਕਾਂ ਇਨ੍ਹਾਂ ਨੂੰ ਆਪਣੇ ਗ੍ਰੰਥਾਂ ਵਿਚ ਸ਼ਾਮਲ ਕਰਕੇ ਸਾਂਝ ਪਾਉਣ ਦਾ ਜਤਨ ਕੀਤਾ ਹੈ। ਅਹਿਵਾਲ ਸੁਖਨ ਸਾਈਂ ਲੋਕਾਂ ਕੇ—ਸੈ. ਪ. ਲ. ਪਟਿਆਲਾ ਦੇ ਖਰੜਾ ਨੰ: 2893 ਵਿਚ ਹੈ।

(ੲ) ਗੋਸ਼ਟਿ ਸਾਹਿਤ— ਗੋਸ਼ਟਿ ਆਤਮੇ ਪਰਾਤਮੇ ਕੀ, ਕ੍ਰਿਸ਼ਨ ਊਧੋ ਕੀ

359 ਨੰ: ਖਰੜੇ ਵਿਚੋਂ ਹੈ। ਗੋਸ਼ਟਿ ਬਾਬੇ ਲਾਲ ਦੀ ਦਾਰਾ ਸ਼ਕੋਹ ਨਾਲ ਹੋਈ ਸੀ, ਪਰ ਸਿਖ ਸਾਖੀਕਾਰਾਂ ਇਸਨੂੰ ਗੁਰੂ ਨਾਨਕ ਸਾਹਿਬ ਨਾਲ ਜੋੜਿਆ ਹੋਇਆ ਹੈ, ਜਦੋਂ ਕਿ ਬਾਬਾ ਲਾਲ ਉਨ੍ਹਾਂ ਦੇ ਸਮਕਾਲੀ ਨਹੀਂ ਸਨ। ਬਾਬਾ ਲਾਲ ਕਸੂਰ (ਦੇਹਾਂਤ 1713 ਬਿ:) ਦੇ ਨਿਵਾਸੀ ਸਨ। 1704 ਬਿ. ਵਿਚ ਦਾਰਾ ਸ਼ਕੋਹ ਨੇ ਇਨ੍ਹਾਂ ਨਾਲ ਵਾਰਤਾਲਾਪ ਕੀਤਾ ਸੀ। ਇਸਦਾ ਪਾਠ ਅਸਾਂ ਆਪਣੇ ਖਰੜੇ ਤੋਂ ਦਿਤਾ ਹੈ, ਜਦੋਂ ਕਿ ਦੂਜੇ ਖਰੜਿਆਂ ਵਿਚ ਇਸਦੇ ਕਈ ਅਸ਼ ਰਹੇ ਹੋਏ ਹਨ। 'ਗੋਸ਼ਟਿ ਸ਼ਾਗਿਰਦ ਅਰ ਉਸਤਾਦ ਕੀ' ਅਸਾਂ ਡੇਹਰਾਦੂਨ ਡਾ: ਬਲਬੀਰ ਸਿੰਘ ਜੀ ਦੇ ਪੁਸਤਕਾਲੇ ਵਿਚੋਂ ਖਰੜਾ ਨੰ: 262 ਤੋਂ ਉਤਾਰੀ ਸੀ।

(ਖ) ਆਚਾਰ ਸਾਹਿਤ ਵਿਚ ਜ਼ਿਆਦਾ ਸਿਖਿਆ ਉਪਦੇਸ ਵਾਲੀ ਗੱਦ ਹੈ। ਬਚਨ, ਨਾਮੇ ਮੁਖ ਹਨ। ਰਹਿਤਨਾਮੇ ਮੈਂ ਆਪਣੀ ਪੁਸਤਕ ਵਿਚੋਂ ਲਏ ਹਨ। ਪ੍ਰੇਮ ਸੁਮਾਰਗ ਦਾ ਪੁਰਾਤਨ ਖਰੜਿਆਂ ਉਤੇ 'ਪਰਮ ਸੁਮਾਰਗ' ਗ੍ਰੰਥ ਨਾਮ ਲਿਖਿਆ ਹੋਇਆ ਹੈ ਸੋ ਅਸੀਂ ਇਹੋ ਠੀਕ ਸਮਝਿਆ ਹੈ। 'ਪੱਕੀ ਰੋਟੀ' ਮੁਸਲਮਾਨੀ ਰਹਿਤਨਾਮਾ ਹੈ, ਇਸ ਨੂੰ ਕਾਜ਼ੀ ਫਜ਼ਲ ਹੱਕ ਨੇ ਮੌਲਵੀ ਗੁਲਾਮ ਰਸੂਲ ਦੀ ਕਿਰਤ ਦੱਸਿਆ ਹੈ। 'ਵਿਕਾਰਜ਼ਬਾਨ ਕੇ' ਪੰ: ਯੂ: ਚੰਡੀਗੜ੍ਹ ਦੇ ਖਰੜਾ ਨੰ: 1156 ਦਾ ਪਾਠ ਹੈ ਜੋ ਅਸੀਂ ਡਾ: ਸ. ਸ ਕੋਹਲੀ ਸੰਪਾਦਿਤ 'ਪੁਰਾਤਨ ਪੰਜਾਬੀ ਵਾਰਤਕ' ਵਿਚੋਂ ਉਤਾਰਿਆ ਹੈ। ਇਸ ਦਾ ਲੇਖਕ ਮੁਲਤਾਨੀ ਹੈ। ਗੁਫਤਾਰ ਸਾਦਕਾਂ ਕੀ—ਭਾਸ਼ਾ ਵਿਭਾਗ ਦੇ ਖਰੜਾ ਨੰ: 359 ਵਿਚੋਂ ਹੈ, 'ਸੁਖਨ ਫਕੀਰਾਂ ਕੇ' ਸੈਂ: ਪ: ਲ: ਪਟਿਆਲਾ ਦੇ ਖਰੜਾ ਨੰ: 2916 ਗ੍ਰੰਥ ਵਿਚੋਂ ਹੈ।

(ਪ) ਅਨੁਵਾਦ ਭਾਗ ਵਿਚ 15 ਪੁਸਤਕਾਂ ਦੀਆਂ ਵੰਨਗੀਆਂ ਸ਼ਾਮਲ ਹਨ ਤੇ ਸਭ ਦੇ ਹੇਠ ਹੱਥ-ਲਿਖਤ ਖਰੜੇ ਦਾ ਹਵਾਲਾ ਦਿਤਾ ਹੋਇਆ ਹੈ।

ਇਹ ਚੋਣ ਕੇਵਲ ਗ੍ਰੰਥਾਂ ਦੀ ਬਹੁਲਤਾ ਦਿਖਾਉਣ ਲਈ ਨਹੀਂ ਕੀਤੀ ਸਗੋਂ ਉਤਮ ਵਿਚਾਰ, ਉਤਮ ਸ਼ੈਲੀ ਅਤੇ ਗੱਦ ਦੇ ਰੂਪ ਰਸ ਨੂੰ ਮੁਖ ਰਖ ਕੇ ਕੀਤੀ ਹੈ। ਮੈਨੂੰ ਆਸ ਹੈ ਕਿ ਇਹ ਪੰਜਾਬੀ ਗੱਦ ਸਾਡੇ ਸਭਿਆਚਾਰਕ ਵਿਰਸੇ ਨੂੰ ਪ੍ਰਗਟਾਏਗੀ ਤੇ ਆਪਣੇ ਗੁਣਾਂ ਕਰ ਕੇ ਕਵਿਤਾ ਵਾਂਙ ਆਦਰ ਮਾਣ ਪਾਏਗੀ। ਕੁਝ ਵਿਚਾਰ ਨਵੀਨ ਗੱਦ ਬਾਰੇ ਵੀ ਧਿਆਨ ਯੋਗ ਹਨ।

ਨਵੀਨ ਵਾਰਤਕ

੧੯ਵੀਂ ਸਦੀ ਦੇ ਅੱਧ ਵਿਚ ਪੰਜਾਬ ਅੰਦਰ ਅੰਗਰੇਜ਼ੀ ਰਾਜ ਦਾ ਪ੍ਰਵੇਸ਼ ਹੋਇਆ। ਜਿਥੇ ਅੰਗਰੇਜ਼ੀ ਵਿਦਿਆ ਨੇ ਧਾਰਮਕ, ਸਮਾਜਕ ਤੇ ਰਾਜਸੀ ਖੇਤਰ ਵਿਚ ਕਈ ਪਹਿਲੂਆਂ ਤੋਂ ਨਵੀਂ ਰੋਸ਼ਨੀ ਖਿਲਾਰੀ, ਉਥੇ ਸਾਹਿਤਕ ਮੰਡਲ ਵਿਚ ਜੋ ਸਭ ਤੋਂ ਵਧ ਗੌਰਵ ਵਾਲੀ ਵਿਸ਼ੇਸ਼ ਘਟਨਾ ਹੋਈ, ਉਹ ਗੱਦ ਸਾਹਿਤ ਦੀ ਵਧ ਰਚਨਾ ਹੈ। ਭਾਵੇਂ ਅੰਗਰੇਜ਼ੀ ਕਾਲ ਤੋਂ ਪਹਿਲਾਂ ਵੀ ਪੰਜਾਬੀ ਦਾ ਪਰਾਚੀਨ ਵਾਰਤਕ-ਸਾਹਿਤ-ਜਨਮਸਾਖੀਆਂ, ਪਰਚੀਆਂ, ਗੋਸ਼ਟਾਂ, ਪਰਮਾਰਥਾਂ; ਟੀਕਿਆਂ ਤੇ ਉਲਥਿਆਂ ਦੇ ਰੂਪ ਵਿਚ ਢੇਰ ਮਿਲਦਾ ਹੈ, ਪਰੰਤੂ ਅੰਗਰੇਜ਼ੀ ਪ੍ਰਭਾਵ ਨੇ ਇਸ ਨੂੰ ਨਵਾਂ ਰੂਪ ਤੇ ਨਵੀਂ ਸ਼ੈਲੀ ਪ੍ਰਦਾਨ ਕੀਤੀ। ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਹਿਲਿਆਂ ਜ਼ਮਾਨਿਆਂ ਦੀ ਵਾਰਤਕ ਨੂੰ ਸ਼ਾਇਦ ਇਤਨੀ ਸਾਹਿਤਕ ਵਸਤੂ ਨਹੀਂ ਸੀ ਗਿਣਿਆ ਜਾਂਦਾ, ਸਾਹਿਤ ਦਾ ਸਾਰਾ ਘੇਰਾ ਕਵਿਤਾ ਨੇ ਹੀ ਮੱਲਿਆ ਹੋਇਆ ਸੀ। ਪਰੰਤੂ ਨਵੀਂ ਸਮਾਜਕ ਤਰੱਕੀ ਨੇ ਇਸ ਦੀ ਸਾਹਿਤ ਵਿਚ ਵਿਸ਼ੇਸ਼ ਥਾਂ ਸਥਾਪਤ ਕੀਤੀ ਤੇ ਅੰਗਰੇਜ਼ੀ ਸਾਹਿਤ ਦੇ ਅਸਰ ਨਾਲ ਹਿੰਦੁਸਤਾਨ ਦੀਆਂ ਬੋਲੀਆਂ ਵਿਚ ਵੀ ਇਹ ਜਾਗ ਲਗੀ। ਪੰਜਾਬੀ ਦੀ ਪੁਰਾਣੀ ਵਾਰਤਕ ਜ਼ਿਆਦਾਤਰ 'ਸਾਧੂ-ਭਾਖਾ' ਵਿਚ ਲਿਖੀ ਮਿਲਦੀ ਹੈ, ਪਰੰਤੂ ਬੋਲ-ਚਾਲ ਦੀ ਬੋਲੀ ਵਿਚ ਜੋ ਸਾਖੀ ਸਾਹਿਤ ਪ੍ਰਾਪਤ ਹੈ, ਉਸਨੂੰ ਲੋਕਾਂ ਨੇ ਅਪਣਾਇਆ ਵੀ ਬਹੁਤ ਹੈ। ਅੰਗਰੇਜ਼ੀ ਰਾਜ ਦੇ ਆਉਣ ਨਾਲ ਛਾਪਾਖਾਨਾ ਤੇ ਅਖ਼ਬਾਰੀ ਕਾਰੋਬਾਰ ਆਇਆ, ਇਸ ਕਰਕੇ ਨਵੀਨ ਵਾਰਤਕ ਨੂੰ ਵਿਕਸਣ ਦਾ ਵਧੇਰੇ ਮੌਕਾ ਮਿਲਿਆ।

ਡਾ: ਵਿਲੀਅਮ ਕੇਰੀ (1761-1834) ਜੇਹੇ ਪ੍ਰਬੀਨ ਮਿਸ਼ਨਰੀ ਦੀ ਹਿੰਮਤ ਨਾਲ ਸੀਰਾਮਪੁਰ ਵਿਚ 1811 ਈ: ਵਿਚ 1147 ਪੰਨਿਆਂ ਦੀ ਬਾਇਬਲ ਦਾ ਪੰਜਾਬੀ ਤਰਜਮਾ ਛਪਿਆ, 1812 ਵਿਚ ਵਿਆਕਰਣ। ਇਸ ਇੰਜੀਲ ਦੇ ਮੁੱਢਲੇ ਪੱਤਰੇ ਤੇ ਲਿਖਿਆ ਸੀ—

'ਗ੍ਰੀਕ ਭਾਖਾ ਤੇ ਟਿਕਾਏ ਕੇ ਪੰਜਾਬੀ ਬੋਲੀ ਕਰਕੇ ਲਿਖਿਆ।' ਭਾਵੇਂ ਇਹ ਵਾਰਤਕ ਕੋਈ ਵਧੀਆ ਸਾਹਿਤਕ ਰੂਪ ਵਾਲੀ ਨਹੀਂ ਸੀ ਪਰ ਛਾਪੇ ਦੀ ਰੌਹ ਨਾਲ ਇਕ ਨਵਾਂ ਵਿਸਤਾਰ ਹੋਇਆ। ਫਿਰ ਈਸਾਈ ਮਿਸ਼ਨਰੀਆਂ ਦੀ ਹਿੰਮਤ

ਸਦਕਾ ਲੁਧਿਆਣੇ ਮਿਸ਼ਨ ਪ੍ਰੈਸ ਲਗਾ, ਜਿਥੋਂ ਨਿੱਕੇ ਨਿੱਕੇ ਟ੍ਰੈਕਟ ਪ੍ਰਕਾਸ਼ੇ ਜਾਣ ਲਗੇ। ਕਈ ਕਾਰੋਬਾਰੀ ਆਦਮੀਆਂ ਹੋਰ ਵੀ ਪ੍ਰੈਸ ਲਾਏ ਜਿਵੇਂ ਕਿ ਨਿਰੰਕਾਰੀ ਯੰਤ੍ਰਾਲਯ, ਹਿਤਕਾਰੀ ਪ੍ਰੈਸ ਆਦਿ।

ਜਿਸ ਸਮੇਂ ਇਉਂ ਈਸਾਈ ਪਾਦਰੀਆਂ ਨੇ ਆਪਣੇ ਮਤ ਦਾ ਪ੍ਰਾਪੇਗੰਡਾ ਸ਼ੁਰੂ ਕੀਤਾ ਤਾਂ ਇਨ੍ਹਾਂ ਦੀ ਰੀਸੋ ਰੀਸ ਸਿੰਘ ਸਭਾ ਲਹਿਰ ਤੇ ਆਰੀਆ ਸਮਾਜ ਦੇ ਮੋਢੀਆਂ ਨੇ ਵੀ ਨਿੱਕੇ ਨਿੱਕੇ ਪੈਂਫਲਟਾਂ ਤੇ ਅਖਬਾਰਾਂ ਰਾਹੀਂ ਬਿਦੇਸ਼ੀ ਮਤ ਦਾ ਵਿਰੋਧ ਤੇ ਆਪਣੇ ਧਰਮ ਦੀ ਵਡਿਆਈ ਪਰਚਾਰਨੀ ਸ਼ੁਰੂ ਕੀਤੀ। ਇਸ ਨੂੰ ਅਸੀਂ ਨਵੀਂ ਵਾਰਤਕ ਦਾ ਮੁਢਲਾ ਯੁਗ ਕਹਿ ਸਕਦੇ ਹਾਂ, ਜੋ ਕਿ ਛਾਪੇਖਾਨੇ ਤੇ ਪੱਤਰਕਾਰੀ ਦੀ ਬਦੌਲਤ ਤੇਜ਼ੀ ਨਾਲ ਪ੍ਰਫੁਲਤ ਹੋਣ ਲਗਾ।

ਸਾਡੀ ਪੁਰਾਣੀ ਵਾਰਤਕ ਵਿਚ ਨਿੱਕੇ ਨਿੱਕੇ ਨਿਬੰਧ ਲਿਖਣਾ, ਟ੍ਰੈਕਟ ਲਿਖਣੇ, ਅਖਬਾਰਾਂ ਕੱਢਣੀਆਂ, ਵਿਚਾਰਾਂ ਨੂੰ ਨਿਖੜਵੀਂ ਤਰਤੀਬ ਦੇਣੀ, ਪੈਰਾ ਬਣਾ ਕੇ ਲਿਖਣਾ, ਸ਼ਬਦ ਨਿਖੇੜ ਕੇ ਲਿਖਣਾ ਅਤੇ ਸਿਵਾਇ ਡੰਡੀ ਦੇ ਹੋਰ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕਰਨ ਆਦਿ ਦਾ ਰਿਵਾਜ ਨਹੀਂ ਸੀ। ਇਹ ਸਭ ਗੱਲਾਂ ਨਵੇਂ ਯੁਗ ਨਾਲ ਹੀ ਆਈਆਂ। ਭਾਵੇਂ ਇਸ ਪਹਿਲੀ ਵਾਰਤਕ ਦਾ ਜਨਮ ਪੱਤਰਕਾਰੀ ਦੀ ਕੁੱਖ ਵਿਚੋਂ ਹੀ ਹੋਇਆ, ਪਰੰਤੂ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ (੧੮੫੩-੧੯੦੧) ਆਦਿ ਸਿਆਣੇ ਸੁਧਾਰਕਾਂ ਦੀ ਅਗਵਾਈ ਹੇਠ ਇਸ ਨੂੰ ਕਾਫੀ ਨਵਾਂ ਰੂਪ ਮਿਲਿਆ। ਅੰਗਰੇਜ਼ੀ ਰਾਜ ਦੀ ਕਾਇਮੀ ਬਾਅਦ ੧੮੫੯ ਵਿਚ ਨਵੀਂ ਵਿਦਿਅਕ ਪਰਣਾਲੀ ਚਾਲੂ ਹੋਈ। ਪੰਜਾਬ ਸਰਕਾਰ ਦੇ ਵਿਦਿਆ ਵਿਭਾਗ ਨੇ ਨਵੇਂ ਸਕੂਲ ਖੋਲ੍ਹਣੇ ਸ਼ੁਰੂ ਕੀਤੇ। ਇਨ੍ਹਾਂ ਸਕੂਲਾਂ ਵਿਚ ਖਾਸ ਕਰ ਕੇ ਲੜਕੀਆਂ ਦੀ ਪੜ੍ਹਾਈ ਲਈ ਪੰਜਾਬੀ ਕੋਰਸਾਂ ਦੀ ਲੋੜ ਪਈ। ਲਾਲਾ ਬਿਹਾਰੀ ਲਾਲ (੧੮੩੦-੧੮੮੫) ਡਾਕਟਰ ਚਰਨ ਸਿੰਘ (੧੮੫੩-੧੯੦੯) ਤੇ ਲਾਲਾ ਸ਼ਿਵਦਿਆਲ ਆਦਿ ਨੇ ਇਹ ਕੋਰਸੀ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚ ਪੁਰਾਣਕ ਤੇ ਇਤਿਹਾਸਕ ਸਾਖੀਆਂ ਰਾਹੀਂ ਸਦਾਚਾਰਕ ਸਿਖਿਆ ਵੀ ਦਿੱਤੀ ਗਈ ਸੀ। ਈਸਾਈ ਪਾਦਰੀਆਂ ਵੀ ਕੁਝ ਪੰਜਾਬੀ ਕੋਰਸ ਤਿਆਰ ਕਰਵਾਏ। ਇਹ ਛੋਟੇ ਛੋਟੇ ਵਿਸ਼ਿਆਂ ਤੇ ਲੇਖ ਲਿਖਣ ਅਤੇ ਸੁਆਦਲੀ ਕਹਾਣੀਆਂ ਲਿਖਣ ਦਾ ਮੁੱਢ ਸੀ। ਪੰਡਤ ਸ਼ਰਧਾ ਰਾਮ ਫਿਲੌਰੀ (੧੮੩੭-

੧੯੮੧ ਈ:) ਨੇ ਇਸੇ ਸਮੇਂ ਪੰਜਾਬੀ ਬੋਲੀ, ਸਭਿਆਚਾਰ ਅਤੇ ਸਿਖ ਇਤਿਹਾਸ ਦੀ
ਅੰਗਰੇਜ਼ਾਂ ਨੂੰ ਜਾਣ-ਪਛਾਣ ਕਰਾਉਣ ਵਾਸਤੇ 'ਸਿਖਾਂ ਦੇ ਰਾਜ ਦੀ ਵਿਥਿਆ'
(੧੮੬੬) 'ਪੰਜਾਬੀ ਬਾਤ-ਚੀਤ' (੧੮੭੫) ਆਦਿ ਪੁਸਤਕਾਂ ਲਿਖੀਆਂ, ਜੋ ਕਾਫ਼ੀ
ਅਰਸਾ ਅੰਗ੍ਰੇਜ਼ ਅਫ਼ਸਰਾਂ ਦੇ ਇਮਤਿਹਾਨਾਂ ਵਿਚ ਕੋਰਸ ਲਗੀਆਂ ਰਹੀਆਂ। ਇਸ
ਤਰ੍ਹਾਂ ਟ੍ਰੈਕਟਾਂ, ਸਪਤਾਹਕ-ਪੱਤਰਾਂ ਤੇ ਇਨ੍ਹਾਂ ਕੋਰਸੀ ਪੋਥੀਆਂ ਦੇ ਰੂਪ ਵਿਚ ਪੰਜਾਬੀ
ਵਾਰਤਕ ਨਿਖਰਦੀ ਨਜ਼ਰੀਂ ਪੈਂਦੀ ਹੈ। ਲਾਲਾ ਬਿਹਾਰੀ ਲਾਲ ਜੀ ਨੇ ਨਵੇਂ ਵਿਸ਼ਿਆਂ
ਤੇ ਕਲਮ ਉਠਾਈ। ਵਿਆਕਰਣ, ਛੰਦ, ਅਲੰਕਾਰ ਤੋਂ ਇਲਾਵਾ ਦਰਸ਼ਨ ਸ਼ਾਸਤ੍ਰ ਤੇ
ਵੀ ਪੁਸਤਕ ਲਿਖੀ। ਦੇਸ਼ ਦੀਆਂ ਸਤਵੰਤੀਆਂ ਦੇ ('ਚਰਿਤ੍ਰਾਵਲੀ')-ਜੀਵਨ ਲਿਖੇ।
ਸਾਹਿਤਕ ਪੱਖ ਤੋਂ ਡਾਕਟਰ ਚਰਨ ਸਿੰਘ ਦੀਆਂ ਲਿਖਤਾਂ ਵਰਨਣ-ਯੋਗ ਹਨ,
ਜਿਨ੍ਹਾਂ ਭਾਵੇਂ ਸੁਧਾਰ ਲਈ ਹੀ ਕਲਮ ਚਲਾਈ, ਪਰੰਤੂ ਵਾਰਤਕ ਦੀ ਚੰਗੀ ਸੇਵਾ
ਕੀਤੀ। ਗਿ. ਗਿਆਨ ਸਿੰਘ (੧੮੨੨-੧੯੨੧ ਈ.) ਨੇ ਪੰਜਾਬ ਦੀ ਤ੍ਵਾਰੀਖ ਨੂੰ
ਹਜ਼ਾਰਾਂ ਪੰਨਿਆਂ ਵਿਚ ਨਵੇਂ ਸਿਰਿਓਂ ਲਿਖਕੇ ਗੱਦ ਦਾ ਸਰਲ ਸਾਦਾ ਰੂਪ
ਨਿਖਾਰਿਆ। ਭਾਈ ਕਾਨ੍ਹ ਸਿੰਘ ਵਿਦਵਾਨ ਗੱਦਕਾਰ ਸੀ, ਜਿਸ ਆਲੋਚਨਾ-ਸਾਹਿਤ
ਦੇ ਪੂਰਨੇ ਪਾਏ। ਸੋ ਉਨੀਂਵੀਂ ਸਦੀ ਦੇ ਇਹ ਗੱਦਕਾਰ ਪੰਡਤ ਸਰਧਾ ਰਾਮ,
ਬਿਹਾਰੀ ਲਾਲ ਪੁਰੀ, ਗਿ: ਦਿਤ ਸਿੰਘ, ਡਾ: ਚਰਨ ਸਿੰਘ ਤੇ ਗਿ. ਗਿਆਨ ਸਿੰਘ
ਸਾਡੀ ਪ੍ਰਸੰਸਾ ਦੇ ਪੂਰਨ ਅਧਿਕਾਰੀ ਹਨ। ਇਨ੍ਹਾਂ ਤੋਂ ਬਾਅਦ ਇਸ ਸਦੀ ਦੇ
ਅੰਤ ਨਾਲ ਪੰਜਾਬੀ ਨੂੰ ਇਕ ਮਹਾਨ ਵਾਰਤਕ-ਲੇਖਕ ਮਿਲਿਆ, ਜਿਸ ਨੇ ਪੰਜਾਬੀ
ਵਾਰਤਕ ਨੂੰ ਪੂਰਨ ਸਾਹਿਤਕ ਰੂਪ ਦੇਣ ਵਿਚ ਸਭ ਤੋਂ ਵਧ ਹਿੱਸਾ ਪਾਇਆ, ਉਹ
ਹੈ ਭਾਈ ਸਾਹਿਬ ਵੀਰ ਸਿੰਘ।

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਵਾਰਤਕ ਦੇ ਸ਼ਿਰੋਮਣੀ ਸਾਹਿਤਕਾਰ
ਹਨ, ਜਿਨ੍ਹਾਂ ਨਵੇਂ ਸਾਹਿਤ-ਰੂਪਾਂ, ਨਾਵਲ, ਨਾਟਕ, ਕਹਾਣੀ ਤੇ ਲੇਖ-ਰਚਨਾ ਦਾ ਬੀਜ
ਬੀਜਿਆ। 'ਚਮਤਕਾਰ' ਲਿਖਕੇ ਆਪਣੀ ਚਮਤਕਾਰੀ ਗੱਦ ਸ਼ੈਲੀ ਦਾ ਪ੍ਰਕਾਸ਼ ਕੀਤਾ।
ਇਸ ਤੋਂ ਬਿਨਾਂ ਸਾਡੇ ਆਧੁਨਿਕ ਯੁਗ ਦੇ ਗੱਦ ਸ਼ੈਲੀਕਾਰ-ਲਾਲ ਸਿੰਘ ਕਮਲਾ
ਅਕਾਲੀ, ਪ੍ਰਿੰ: ਤੇਜਾ ਸਿੰਘ, ਗੁਰਬਖਸ਼ ਸਿੰਘ; ਪ੍ਰੋ: ਪੂਰਨ ਸਿੰਘ ਤੇ ਡਾ, ਬਲਬੀਰ
ਸਿੰਘ ਆਦਿ ਸਤਿਕਾਰ ਨਾਲ ਯਾਦ ਕਰਨ ਯੋਗ ਹਨ।

ਪਿਆਰਾ ਸਿੰਘ ਪਦਮ

(੧)


ਆਦਿ ਗੱਦ-ਸਾਹਿੱਤ

'ਸੰਮਤ ੧੬੫੨ ਮਾਘ ਵਦੀ ੧ ਪੋਥੀ ਲਿਖੀ ਅਖਿਰਿ ਬਾਬੇ, ਨਾਮ ਕਰਤਾਰ ਨਿਰਭਉ ਨਿਰੰਕਾਰ ਅਜੂਨੀ ਸੈਭਓ ।੧।

ਏਹ ਬਚ ਗੁਰੂ ਬਾਬੇ ਦੀਆ ਸੇ, ਗੁਰੂ ਅੰਗਦੇ ਆਗੈ ਦੀਆ ਸੇ, ਤਿਹਾ ਪੀੜੀਆਂ ਵਿਆ ਅਸੈ । ਜਿ ਕੋਈ ਬਾਣੀ ਨਾਲ ਚਿਤ ਲਾਏਗਾ ਸੋ ਜੀਵਨ ਮੁਕਤ ਹੋਗਾ, ਤਿਸਦੇ ਦੇਖੇ ਲੋਕ ਸਦਵਨ ਗੇ । ਸੁਖਾਲਾ ਹੋਵੈਗਾ, ਕਿਤੇ ਗਲੇ ਖੇੜੀਆਗਾ ਨਹੀਂ । ਮੁਕਤੁ ਹੋਵਗੁ । ਗੁਰੂ ਪਾਸਿ ਜਾਵਗੁ ਪਾਰਬ੍ਰਹਮ ਪਰਮੇਸਰਹ, ਇਸ ਮਹਿ ਸਹਸਾ ਸੁਭਾ ਮੂਲ ਨਾਹੀ । ਏਹ ਗਲ ਵਰ ਜਾਨਣੀ ਜਿ ਕੋਈ ਅਸਾਡੀ ਹਥੀਵਿਊਰ ਗੁਰੂ ਛਡ ਕੇ ਦੂਜੇ ਲਗੇਗਾ, ਸੋ ਅਵਸ ਨਰਕਿ ਜਾਏਗਾ ।'

[ਗੋਇੰਦਵਾਲ ਵਾਲੀ ਪੋਥੀ, ਪੱਤਰਾ ੧ (ਅਹੀਆਪੁਰ)

ਗੋਇੰਦਵਾਲ ਵਾਲੀ ਪੋਥੀ ਦੀ ਲਿਖਤੀ ਵੰਨਗੀ



(੧)

ਗੋਇੰਦਵਾਲ ਵਾਲੀਆਂ ਪੋਥੀਆਂ ਵਿਚੋਂ

ਪੰਡਾ ਵਹੀਆਂ ਤੇ ਭੱਟ ਵਹੀਆਂ ਨੂੰ ਛੱਡਕੇ ਸਭ ਤੋਂ ਪੁਰਾਤਨ, ਕਾਗਜ਼ ਉਤੇ ਲਿਖੀ ਪੰਜਾਬੀ ਲਿਖਤ ਗੋਇੰਦਵਾਲ ਵਾਲੀਆਂ ਬਾਣੀ ਦੀਆਂ ਪੋਥੀਆਂ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪੁਤ੍ਰ ਪੋਤ੍ਰਿਆਂ ਖਾਸ ਕਰਕੇ ਸਹੰਸ੍ਰ ਰਾਮ ਨੇ ਲਿਖਿਆ ਲਿਖਾਇਆ ਤੇ ਭਾਈ ਜੇਠਾ ਜੀ ਨੇ ਵੀ ਕੁਝ ਹਿੱਸਾ ਪਾਇਆ। ਇਹ ਪੋਥੀਆਂ ਸ਼ਾਇਦ ਚਾਰ ਸਨ ਤੇ ੧੫੭੪ ਈ. ਤੋਂ ਪਹਿਲਾਂ ਲਿਖੀਆਂ ਜਾ ਚੁਕੀਆਂ ਸਨ। ਪਰ ਇਸ ਵੇਲੇ ਦੋ ਹੀ ਪ੍ਰਾਪਤ ਹਨ, ਇਕ ਅਹੀਆਪੁਰ (ਹੁਸ਼ਿਆਰਪੁਰ) ਹੈ, ਦੂਜੀ ਸ: ਭਗਤ ਸਿੰਘ ਪਾਸ ਪਟਿਆਲੇ ਹੈ। ਅਹੀਆਪੁਰ ਵਾਲੀ ਪੋਥੀ ਦੇ ਪੱਤਰੇ ੩੦੦ ਤੇ ਪਟਿਆਲੇ ਵਾਲੀ ਦੇ ੨੨੪ ਪੱਤਰੇ ਹਨ। ਪਹਿਲੀ ਪੋਥੀ 'ਭਾਂਡਾ ਧੋਇ ਬੈਸਿ ਧੂਪ ਦੇਵਹੁ' (ਸੂਹੀ) ਤੋਂ ਸ਼ੁਰੂ ਹੁੰਦੀ ਹੈ ਤੇ ਦੂਜੀ ਪੋਥੀ ਦਾ ਪਹਿਲਾ ਸ਼ਬਦ 'ਕੋਈ ਪੜਤਾ ਸਹਸਾਕਿਰਤਾ' (ਰਾਮਕਲੀ) ਹੈ। ਇਨ੍ਹਾਂ ਪੋਥੀਆਂ ਵਿਚ ਗੁਰੂਆਂ ਦੀ ਬਾਣੀ ਤੋਂ ਇਲਾਵਾ ਕੁਝ ਭਗਤਾਂ ਦੇ ਸ਼ਬਦ ਵੀ ਹਨ ਜਿਵੇਂ ਕਿ ਕਬੀਰ, ਨਾਮਦੇਵ, ਤ੍ਰਿਲੋਚਨ, ਰਵਿਦਾਸ ਤੇ ਫਰੀਦ ਆਦਿ ਦੇ। ਕੁਝ ਕੁ ਪੱਤਰਿਆਂ ਤੇ ਲੰਡਿਆਂ ਵਿਚ ਸ਼ਬਦ ਲਿਖੇ ਹਨ ਜੋ ਭਗਤਾਂ ਦੇ ਹੀ ਹਨ। ਇਸ ਤੋਂ ਇਲਾਵਾ ਕਿਤੇ ਕਿਤੇ ਵਾਰਤਕ ਟੂਕ ਮਿਲਦੀ ਹੈ।

(੧) ਬਸੰਤ ਦੇ ਮੁਢ ਮੂਲ ਮੰਤ੍ਰ ਦਾ ਰੂਪ ਇਉਂ ਅੰਕਿਤ ਹੈ :—

੧ਓ ਸਤਿਗੁਰੂ ਪਰਸਾਦੁ
ਸਚੁ ਨਾਮੁ ਕਰਤਾਰੁ ਨਿਰਭਉ ਨਿਰੰਕਾਰੁ
ਅਕਾਲ ਮੂਰਤਿ ਅਜੂਨੀ ਸੈਭਉ ਗੁਰ ਪਰਸਾਦੁ।'

(੨) ਇਸੇ ਪੋਥੀ ਵਿਚ ਇਕ ਥਾਂ ਇਹ ਟੂਕ ਹੈ—

'ਏ ਪਾਰਬ੍ਰਹਮ ਪਰਮੇਸਰ ਏ ਅਬਿਨਾਸੀ ਪੁਰਖ ਬਾਬਾ ਨਾਨਿਕ ਅੰਗਦੁ ਅਮਰਦਾਸੁ ਸਚੇ ਪਾਤਸਾਹ ਮੇਰਾ ਚਿਤੁ ਬਾਣੀ ਬਾਬੇ ਦੀ ਨਾਲਿ ਲਾਇ, ਏਦੂ ਹੋਰੁ ਉਪਰਿ ਦਾਨ ਕੋਈ ਨਾਹੀ, ਜਿਸਨੋ ਤੂ ਦੇਹਿ ਤਿਸਨੋ ਮਿਲੈ ਬਾਬਾ ਪਾਤਿਸਾਹ।'

(੩) ਪਟਿਆਲੇ ਵਾਲੀ ਪੋਥੀ ਦੇ ਪੱਤਰਾ ੯੩ ਤੇ ਖੱਬੇ ਪਾਸੇ ਹਾਸ਼ੀਏ ਤੇ ਦਰਜ ਹੈ—

'ਗਲਮ ਮਸਤ ਤੜ ਜਠ ਚਦ ।'

ਵਿਦਵਾਨਾਂ ਇਸਨੂੰ ਭਾਈ ਜੇਠਾ ਜੀ ਦੀ ਲਿਖਤ ਜਾਣਕੇ ਇਉਂ ਪੜ੍ਹਿਆ ਹੈ :—

'ਗੁਲਾਮ ਮਸਤ ਤੇਂਡਾ ਜੇਠ ਚੰਦ ।'

ਇਸ ਤੋਂ ਬਿਨਾਂ ਹੋਰ ਕਈ ਥਾਂ ਦੂਜੀ ਪੋਥੀ ਵਿਚ ਵੀ ਕੇਦਾਰਾ ਗੁਲਾਮ, ਬਸੰਤ ਗੁਲਾਮ, ਸੂਹੀ ਗੁਲਾਮ, ਆਦਿ ਸਿਰਲੇਖ ਹਨ । ਕਿਤੇ ਕਿਤੇ 'ਗੁਲਾਮ' ਕੱਟ ਕੇ 'ਸਦਾ ਸੇਵਕ' ਲਿਖਿਆ ਹੈ । ਇਨ੍ਹਾਂ ਸ਼ਬਦਾਂ ਤੇ ਮਹਲਾ ਨਹੀਂ । ਜਾਪਦਾ ਹੈ, ਇਹ ਜੇਠਾ ਜੀ ਦੀਆਂ ਪਹਿਲੀਆਂ ਰਚਨਾਵਾਂ ਹਨ ।

(੪) ਪਟਿਆਲੇ ਵਾਲੀ ਪੋਥੀ ਦੇ ੨੧੫ ਪੱਤਰੇ ਤੇ ਸੱਜੇ ਪਾਸੇ ਇਉਂ ਦਰਜ ਹੈ :—

'੧ੴ ਸਤਗੁਰ ਪਰਸਾਦੁ ਬਾਬਾ ਨਾਨਿ (ਬਾਬਾ ਨਾਨਕ) ਵੇਦੀ ਪਾਤਿਸਾਹੁ ਦੀਨ ਦੁਨੀਆ ਕੀ ਟੇਕ ।'

ਇਸੇ ਪੱਤਰੇ ਦੇ ਖੱਬੇ ਪਾਸੇ ਇਉਂ ਅੰਕਿਤ ਹੈ—

'ਗੁਰੂ ਅੰਗਦੁ ਗੁਰਮੁਖੀ ਅਖਰੁ ਬਾਨਾਏ
ਬਾਬੇ ਦੇ ਅਗੋ ਸਬਦੁ ਭੇਟ ਕੀਤਾ ।'

ਅਗੇ ਸਾਰੰਗ ਦਾ ਸ਼ਬਦ 'ਪੂਰਨ ਪਰਮ ਜੋਤਿ ਪਰਮੇਸਰ' ਚਲਦਾ ਹੈ ।

(੫) 'ਬਾਬਾ' ਪਦ ਗੁਰੂ ਨਾਨਕ ਲਈ ਆਮ ਵਰਤਿਆ ਗਿਆ ਹੈ-

'ਭੈਰਉ ਪਖਣੀ ਬਾਬੇ ਪਾਤਸਾਹ ਕਾ ਬੋਲਣਾ'
'ਬਸੰਤੁ ਅਸਟਪਦੀਆਂ ਬਾਬੇ ਦੀਆਂ ।'

ਇਕ ਥਾਂ ਦਰਜ ਹੈ—'ਭੈਰੋ ਕਬੀਰ ਨਾਮਾ ਭਗਤ ਬਾਬੇ ਦੇ ।'
ਹੋਰ ਥਾਂ ਲਿਖਿਆ ਹੈ— ਭੈਰੋ ਕਬੀਰ ਨਾਮਦੇਉ ਪੂਰੇ ਭਗਤ ।'

—

(੭)

ਆਦਿ ਗੁਰੂ ਗ੍ਰੰਥ ਵਿਚੋਂ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। [ਪੰਨਾ 1

ਏਕੁ ਸੁਆਨ ਕੈ ਘਰਿ ਗਾਵਣਾ। ਪੰਨਾ 91

ਪਹਰਿਆ ਕੈ ਘਰਿ ਗਾਵਣਾ। ਪੰਨਾ 93

ਜਾਨੜੀਏ ਕੈ ਘਰਿ ਗਾਵਣਾ। ਪੰਨਾ 802

ਏਹੁ ਸਲੋਕ ਆਦਿ ਅੰਤਿ ਪੜਣਾ। ਪੰਨਾ 262

ਸੁਧੁ ਕੀਚੇ ਪੰਨਾ 323

ਪਟੀ ਲਿਖੀ ਪੰਨਾ 432

ਗਉੜੀ ਕਬੀਰ ਜੀ ਨਾਲਿ ਰਲਾਇ ਲਿਖਿਆ ਮਹਲਾ ੫। ਪੰਨਾ 326

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ। ਪੰਨਾ 137

ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ। ਪੰਨਾ 318

ਵਾਰ ਸਲੋਕਾ ਨਾਲਿ, ਸਲੋਕ ਭੀ ਮਹਲੇ ਪਹਲੇ ਕੇ ਲਿਖੇ
ਟੁੰਡੇ ਅਸ ਰਾਜੈ ਕੀ ਧੁਨੀ। ਪੰਨਾ 462

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ। ਪੰਨਾ 508

ਲਲਾ ਬਹਲੀਮਾ ਕੀ ਧੁਨਿ ਗਾਵਣੀ। ਪੰਨਾ 585

ਜੋਧੈ ਵੀਰੈ ਪੂਰਬਾਣੀ ਕੀ ਧੁਨੀ। ਪੰਨਾ 947

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ਪੰਨਾ 966

ਰਾਇ ਮਹਮੇ ਹਸਨੇ ਕੀ ਧੁਨਿ। ਪੰਨਾ 1237

ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨਿ। ਪੰਨਾ 1278

ਮੂਸੇ ਕੀ ਵਾਰ ਕੀ ਧੁਨੀ। ਪੰਨਾ 1312

[1430 ਪੰਨੇ ਵਾਲੀ ਬੀੜ ਅਨੁਸਾਰ

(੩)

ਆਦਿ ਗੁਰੂ ਗ੍ਰੰਥ ਦੀਆਂ ਹੱਥ-ਲਿਖਤ ਬੀੜਾਂ ਵਿਚੋਂ

ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਕਾਬਲ ਤੋਂ ਲੈ ਕੇ ਆਸਾਮ ਤਕ ਸੈਂਕੜਿਆਂ ਦੀ ਗਿਣਤੀ ਵਿਚ ਪ੍ਰਾਪਤ ਹਨ। ਜਿਥੇ ਜਿਥੇ ਵੀ ਕਿਤੇ ਕੋਈ ਨਾਨਕਪੰਥੀ ਸੀ, ਉਥੇ ਇਸ ਬੀੜ ਦਾ ਹੋਣਾ ਮੁਤਸੱਵਰ ਸੀ। ਇਨ੍ਹਾਂ ਬੀੜਾਂ ਦੇ ਆਦਿ ਅੰਤ ਵਿਚ ਕਿਤੇ ਕਿਤੇ ਲਿਖਾਰੀਆਂ ਵਲੋਂ ਵਾਰਤਕ-ਟੂਕ ਦਿੱਤੀਆਂ ਹੋਈਆਂ ਹਨ, ਜਿਨ੍ਹਾਂ ਦਾ ਇਤਿਹਾਸਕ ਮਹੱਤਵ ਹੈ ਤੇ ਇਨ੍ਹਾਂ ਤੋਂ ਗੱਦ ਦੇ ਪੁਰਾਤਨ ਰੂਪ ਦੀ ਵੀ ਝਲਕ ਪੈਂਦੀ ਹੈ। ਗੁਰੂ ਸਾਹਿਬ ਦੇ ਜ਼ਮਾਨੇ ਦੀਆਂ ਲਿਖੀਆਂ ਬੀੜਾਂ ਵਿਚ ਆਈਆਂ ਕੁਝ ਗੱਦ-ਟੂਕਾਂ ਇਥੇ ਅੰਕਿਤ ਕਰਦੇ ਹਾਂ।

(੧) ਕਰਤਾਰਪੁਰੀ ਬੀੜ ਵਿਚੋਂ—

(ੳ) ਤਤਕਰੇ ਵਿਚੋਂ— 'ਸੰਮਤ ੧੬੬੧ ਮਿਤੀ ਭਾਦੋਉ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ।'

ਪਤਿ ੪੫—ਨੀਸਾਣੁ ਗੁਰੂ ਜੀਉ ਕੇ ਦਸਖਤ ਮ: ੫

ਪਤਿ ੪੬—ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਕਾ ਨਕਲੁ।

ਪਤਿ ੫੪੦—ਨੀਸਾਣੁ ਸ੍ਰੀ ਗੁਰੂ ਜੀਉ ਕੇ
ਦਸਖਤ ਮਹਲਾ ੬।

੨੫ ਪਤਿ ਤੇ—

(ਅ) 'ਚਲਿਤ੍ਰੁ ਜੋਤੀ ਜੋਤਿ ਸਮਾਵਣ ਕਾ—ੴ ਸਤਿਗੁਰ ਪ੍ਰਸਾਦਿ
ਸੰਮਤੁ ੧੫੯੬ ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ
ਸੰਮਤੁ ੧੬੦੯ ਚੇਤ ਸੁਦੀ ੪ ਸ੍ਰੀ ਸਤਿਗੁਰੂ ਗੁਰ ਅੰਗਦ ਜੀ ਸਮਾਣੇ

ਸੰਮਤੁ ੧੬੩੧ ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ

ਸੰਮਤੁ ੧੬੩੮ ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ

ਸੰਮਤੁ ੧੬੬੩ ਜੇਠ ਸੁਦੀ ੪ ਸੁਕਰਵਾਰਿ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਮਾਣੇ

ਸੰਮਤੁ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਿਪੁਰ

ਸੰਮਤੁ ੧੭੦੧ ਚੇਤ ਸੁਦੀ ੫ ਆਦਿਤਵਾਰ ਨਉ ਘੜੀਆਂ ਰਾਤ ਜਾਂਦੀ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖੁ ਨਿਰੰਕਾਰ ਨਿਰਵੈਰ ਅਕਾਲ ਮੂਰਤਿ ਕਰਤਾ ਪੁਰਖੁ ਸ੍ਰੀ ਹਰਿਗੋਬਿੰਦ ਜੀ ਸਮਾਣੇ ਕੀਰਤਪੁਰ ਦੇ ਹੇਠ, ਬਾਪਲ ਪਤਾਲਗੜ੍ਹ ਨਾਉਂ ਥਾ, ਕੋਠੇ ਵਿਚਿ ਪੰਜ ਚਿਰੂੰ ਸਾਂਗ ਹੋਆ। ਰਾਤਿ ਆਵਦੀ ਸਮਾਣਾ। ਨਦੀ ਉਤੇ ਦਾਗ ਦਿਤਾ ਰਾਜ ਕਹਲੂਰ ਦੇ ਵਿਚਿ। ਅਗੈ ਜੋ ਗੁਰੂ ਭਾਵੇਗਾ ਸੋ ਹੋਵੇਗਾ ਤਾਂ ਕੋਈ ਜੀਵੇਗਾ ਸੋ ਲਿਖੇਗਾ। ਗੁਰੂ ਕੀ ਗਲ ਗੁਰੂ ਜਾਣੈ।

(ੲ) ਕਰਤਾਰਪੁਰੀ ਬੀੜ ਦੇ ਪੱਤਰਾ ੨੧/੨ ਤੇ ਪਾਰਾ ਮਾਰਨ ਦੀ ਵਿਧਿ ਇਉਂ ਲਿਖੀ ਹੈ।

ੴ ਗੁਰੂ ਨਾਨਕ ਸਤਿ

ਪਾਰਾ ਰਸਰਾਜ ਸੁ

ਪਾਰੇ ਸੇਰੁ ਲਹੇ ਪਕਾ, ਲੈ ਕੈ ਕੁਨਿ ਵਿਚਿ ਪਾਵਣਾ ਪਰਾਣੀ ਇਟ ਰੋੜੇ ਨਾਲ ਖਰਲਣਾ ਤਿਨ ਦਿਹ ਚੋਥੇ ਦਿਹ ਪਾਣੀ ਨਾਲ ਧੁਵਣੇ, ਧੁਇ ਕਰਿ ਪਥਰ ਦੇ ਖਰਲ ਵਿਚ ਪਾਵਣਾ ਪਾਇਕੇ ਧਤੂਰੇ ਦੇ ਰਸ ਨਾਲ ਖਰਲਣਾ, ਤਿਨ ਦਿਨੋ ਚੋਥੇ ਦਿਹ ਪਾਣੀ ਨਾਲ ਧੁਵਣਾ ਧੋਇ ਕਰਿ ਦਿਨ ਤਿਨ ਗੰਭੀ ਕੇ ਰਸ ਸਉ ਖਰਲਣੇ ਦਿਨ ਤ੍ਰਿਨ, ਚੋਥੇ ਦਿਹ ਪਾਣੀ ਨਾਲ ਧੁਵਣੇ ਧੁਇਕੇ ਦਿਨ ਤਿਨ ਜਵ ਕੈ ਰਸੁ ਨਾਲੇ ਖਰਲਣਾ ਚੋਥੇ ਦਿਹ ਪਾਣੀ ਨਾਲ ਧੁਵਣਾ ਧੁਇਕੈ ਭਾਂਗ ਕਤੀ ਕੇ ਰਸੁ ਸਉ ਖਰਲਣਾ ਇਕ ਸਉ ਅਠੋਤਰੇ ਵਾਰ ਚੋਥੇ ਦਿਹੋ ਪਾਣੀ ਨਾਲੇ ਧੁਵਣਾ ਧੁਇ ਕੈ ਲੋਹੇ ਕੇ ਨਲਵਿਰੇ ਵਿਚਿ ਪਾਵਣੇ ਮੂਹ ਸੀਕ ਮਾਰਣੀ, ਪਾਰਾ ਨਲੇਇਰੇ ਵਿਚਿ ਪਾਵਣਾ, ਜਦੋਂ

ਕੈ ਰਸੁ ਪਾਉ ਨਲਇਰ ਵਿਚਿ ਪਾਵਣ ਆਗੈ ਦੇ ਪਾਰੇ ਪਵਣਾ ਨਲਇਰ ਵਿਚਿ ਪਾਛੇ ਦੋ ਜਵਾਹਾ ਕਾ ਰਸ ਪਾਵਣੇ ਪਾਉ ਨਲਇਰੇ ਕੈ ਮੂਹਿ ਸਲਾਈ ਮਾਰਣੈ ਚਾਰ ਆਦਿਤਵਾਰ ਜਵਾਹ ਕੈ ਰਸ ਦੇਣੇ, ਪਾਰਾ ਪਕਾਵਣਾ ਜਿਉਂ ਜਿਉਂ ਨਿਖੁਟੈ ਰਸੁ ਤਿਵੈਂ ਤਿਉ ਹੋਰ ਦੇਦਿਆਂ ਰਹਣਾ ਚਾਰਿ ਆਦਿਤਵਾਰੁ ਜਵਾਹਾ ਕੇ ਰਸ ਉਪਰੰਤ ਪੰਜ ਮਹੀਨੇ ਇਕੋ ਜਗਤੀ ਭੰਗ ਕਾ ਰਸ ਦੇਣੇ ਪਾਰੇ ਨਉ ਭਰਛ ਕਾ ਨਲਏਰ ਕਰਵਾਣਾ, ਲੋਹੇ ਕੇ ਕੜਾਹੇ ਵਿਚ ਛੇਕ ਕਰਣੇ, ਆਧਾ ਨਲਇਰ ਹੇਠ ਆਧਾ ਉਪਰ ਰਖਣੇ । ਕੜਾਹੇ ਨਾਲ ਇਹ ਪਕੀ ਕਰਵਾਣਾ ਕੜਾਹ ਵਿਚ ਪਾਣੀ ਪਾਵਣੇ ਹੇਠ ਅਗ ਬਾਲਣੀ, ਛਿਆ ਮਹੀਨਿਆ ਤੀਕ ਬਾਲਣੀ, ਤਾਂ ਇਹ ਪਾਰਾ ਪਕਦੇ ਹੋਇ । ਆਧ ਚਾਵਲ ਖਾਣੇ । ੧ । ਗੁਣ ਅਨੰਤ ਹਨਿ ॥ ਲਿਖਣ ਦੀ ਜਾਹ ਨਹੀ

(ਸ)

ੴ ਸਤਿਗੁਰ ਪ੍ਰਸਾਦਿ

ਹਕੀਕਤਿ ਰਾਹ ਮੁਕਾਮ ਸਿਵਨਾਭ ਰਾਜੇ ਕੀ

ਨਾਗਪਟਣ ਬਿੰਦਰ ਤਿਜਾਵਰ ਸਹਰ, ਤਹਾ ਕਾ ਰਾਜਾ ਔਇਰਾਪਤਿ ਨਾਇਕੁ ਹੈ ਤਹਾਂ ਵਲਾਇਤਿ ਰਾਜੇ ਰਾਮ ਕੀ ਹੈ, ਤਹਾ ਤੇ ਲੋਕ ਜਹਾਜ ਚੜਤਾ ਹੈ, ਤਿਨ ਦਿਨ ਤਿਨ ਰਾਤਿ ਵਿਚ ਜਾਫਾਪਟਣੁ ਪਾਸਿ ਕਾ ਬੰਦਰੁ ਹੈ ਤਹਾ ਜਾਇ ਉਤਰਤਾ ਹੈ ਸੋ ਸੰਗਲਾਦੀਪ ਹੈ । ਕਉਦਾ ਸੋ ਗਾਉਂ ਵਿਚਿ ਵਸਦਾ ਹੈ । ਤਹਾਂ ਸਤ ਰਾਜੇ ਸੇ ਗੁਰੂ ਬਾਬੇ ਕੇ ਵਚਨਿ ਇਕ ਰਾਜ ਹੋਆ ਹੈ ਸਿਵਨਾਭ ਰਾਜੇ ਕੀ ਸੰਗਤਿ ਸਤਾਵਰ ਸਹਰਿ ਹੈ । ਤਖਤਗਾਹ ਤਹਾਂ ਅਬ ਰਾਜਾ ਮਾਇਆ ਦਉਨੀ ਹੈ, ਰਾਜੇ ਰਾਇ ਸਿਖ ਕਾ ਬੇਟਾ ਰਾਜੇ ਸਿਵਨਾਭ ਕਾ ਪੋਤਾ ਹੈ । ਤਹਾ ਗੁਰੂ ਜੀ ਕੀ ਧਰਮਸਾਲਾ ਹੈ ਸੰਗਤਿ ਜੁੜਤੀ ਹੈ, ਕੀਰਤਨ ਹੋਤਾ ਹੈ । ਰਸੋਈ ਬੀਸ ਮਨ ਲੂਨ ਦਰ ਰੋਜ ਲਗਤਾ ਹੈ । ਨੇਕਾਪਟਣੁ ਬੀਜਾਨਗਰ ਤੇ ਇਕਤ੍ਰੀ ਕੋਸ ਅਸੀਹੈ ਅਰੇਗਾ ਪੇਟ ਹੈ ਤਹਾਂ ਸੰਗਤਿ ਚੰਗੇ ਭਾਟੜੇ ਕੀ ਹੈ । ਤਿਸਕੀ ਗਿਰਦੇ ਨਵਾਹੀ ਸੰਗਤਿ ਬਹੁਤ ਹੈ ਅਰੁ ਭਾਟੜਿਆ ਕੇ ਘਰ ਤੇ ਕਜਲੀ ਬਣ ਕੋਸ ਅਸੀ ਹੈ, ਤ੍ਰੀਆ ਰਾਜ ਹੈ, ਤਹਾਂ ਭੀ ਗੁਰੂ ਬਾਬੇ ਕ ਦੇਹੁਰਾ ਹੈ । ਸੰਗਤਿ ਭਾਟੜਿਆ ਕੀ ਜੁੜਤੀ ਹੈ । ਉਹੁ ਗੁਰੂ ਸਿਧਾ ਨਾਲਿ ਗੋਸਟਿ ਕਰਕੇ ਪੂਜਾ ਖਿਡ ਛੋਡੀਸੁ । ਤਬ ਸਿਧ ਗੁਰੂ ਕਾ ਜੋਰ ਅਜਮਾਇਕੈ ਪੈਰੀ

ਆਇ ਪਏ, ਉਸ ਥਾਉਂ ਕਾ ਨਾਉਂ ਕਜਲੀ ਬਨ ਤ੍ਰਿਆਹਾਜ ਹੈ। ਤਹਾਂ ਭੀ ਸੰਗਤਿ ਹੈ।

(ਹ) ਸਿਆਹੀ ਕੀ ਬਿਧਿ

ਸਿਰਸਾਹੀ ਕਜਲੁ ਵਜਨ ੧। ਬੋਲ। ੨।

ਗੂੰਦ ਕਿੱਕਰ ਕਾ। ਇਕ ਰਤੀ ਲਾਖ ਵਰਦ। ਇਕ ਰਤੀ ਸੁਹਿਨਾ। ਬਿਜੈ ਸਾਰ ਕਾ ਪਾਨੀ। ਤਾਂਬੇ ਕਾ ਭਾਂਡਾ। ਨਿੰਮ ਕੀ ਲਕੜੀ, ਦੀਵੇ ਕਾ ਕਜਲੁ। ਦਿਨ ਵੀਹ ਘਸਨੀ। ਰਵਾਲ ਰਖਣੀ। ੧।

(੨) ੧੭੧੦ ਬਿ.—ਡੇਰਾ ਭਾਈ ਰਾਮ ਕਿਸ਼ਨ ਪਟਿਆਲਾ

੭੬੦ ਪੱਤਰੇ ਤੇ ਨੋਟ ਹੈ—ਸਰਬਤ ਸੰਗਤਿ ਗੁਰੂ ਜੀ ਕੀ ਪਾਸ ਗੁਰਦਿਤੇ ਗੁਲਾਮ ਕਾ ਪੈਰੀ ਪਵਣਾ ਵਾਚਣਾ। ਜੇਹੇ ਅਖਰ ਜਾਣਦੇ ਹਾਂ ਤੇਹੇ ਲਿਖੇ ਹੈਨਿ. ਬਖਸਿ ਲੈਣਾ ਗੁਰੂ ਜੀ ਦਾ ਸੰਗਤਿ ਕਾ ਸਦਕਾ ਗੁਰੂ ਚਿਤਿ ਆਵੈ। ਗੁਰਦਿਤਾ ਜਟੇਟਾ ਵਸਕੀਨੁ ਉਧੋਵਾਲੇ ਕਾ ਜਾਤਿ ਸੰਧੇ ਖੁਸ਼ੀ ਕਰਣੀ! ਹਰ ਬਾਬ ਗੁਰੂ ਚਿਤਿ ਆਵੈ। ਗਿਰੰਥ ਲਿਖਿਆ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਜੀ ਕੀ ਸੰਗਤਿ ਕਾ ਸਦਕਾ ਲਿਖਿਆ।'

(੩) ੧੭੨੬ ਬਿ. ਦਾ ਲਿਖਿਆ ਆਦਿ ਗ੍ਰੰਥ ਬਾਬਾ ਰਾਮ ਰਾਇ ਦੇ ਡੇਹਰੇ ਡੇਹਰਾਦੂਨ ਪਿਆ ਹੈ। ਇਸ ਵਿਚ ਦੋ ਤਿੰਨ ਟੂਕਾਂ ਹਨ—

'ਮੀਰਾਂ ਬਾਈ ਕਾ ਸ਼ਬਦ ਪੰਜਵੇਂ ਮਹਲੇ ਕੇ ਗਿਰੰਥ ਨਾਹੀਂ।'

'ਇਹ ਸਬਦ ਪੰਜਵੇਂ ਮਹਲੇ ਦੇ ਗਿਰੰਥ ਉਪਰਹੁ ਲਿਖਿਆ।'

'ਏਤੁਲੇ ਸਲੋਕ ਪੰਜਵੇਂ ਮਹਲੇ ਕੇ ਗਿਰੰਥ ਉਪਰਹੁ ਲਿਖੇ।'

(੪) ਪੰਜਾਬੀ ਯੂਨੀਵਰਸਿਟੀ ਪਟਿਆਲਾ

ਇਹ ਜੋਗ ਰਾਜ* ਦਾ ਲਿਖਿਆ ੧੭੨੪ ਬਿ. ਦਾ ਗੁਰੂ ਗ੍ਰੰਥ ਹੈ: ਮੁਢ ਵਿਚ

---

* ਜੋਗਰਾਜ ਦਾ ਦੇਹਾਂਤ ੧੭੨੯ ਬਿ. ਵਿਚ ਹੋਇਆ ਸੀ।

ਮੂਲ ਮੰਤ੍ਰ ਦਾ ਨੀਸਾਣੁ ਹੈ। ਪੱਤਰੇ 687

ਦੂਜੇ ਪੱਤਰੇ ਤੇ ਲਿਖਿਆ ਹੈ—

'ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੋਨੀ ਸੈਭੰ ਗੁਰ ਪ੍ਰਸਾਦਿ।'

ਸਤਵੇਂ ਮਹਲ ਕਿਆ ਅਖਰਾਂ ਕੀ ਨਕਲ —

ਸਲੋਕੁ—ਘਰ ਜੀਅੜੇ ਇਕ ਟੇਕ ਤੂ, ਲਾਹਿ ਬਿਡਾਣੀ ਆਸ

ਨਾਨਕ ਨਾਮ ਧਿਆਇ ਤੂ, ਕਾਰਜ ਆਵੰਹਿ ਰਾਸ। ੧।

ਸਿਰਮੌਰ ਵਿਚਿ ਕਪਲ ਕੈ ਡੇਰੇ ਤਖਤ ਉਤੇ ਬੈਠਿਆਂ ਇਕ ਪਹੁਰੁ ਦਹਿ ਘੜੀਆਂ ਦਿਨ ਚੜਿਆ ਸੀ ਤੀਸਰੀ ਦੇ ਅਮਲ ਮੰਗਲਵਾਰ ਪੋਹ ਮਾਹ ਦੇ ਪਿਛਲੇ ਪਖਿ ਲਿਖਿਆ, ਵਾਚੇਗਾ ਸੁ ਨਿਹਾਲੁ ਹੋਵੇਗਾ ਉਸਕਾ ਜਮਣੁ ਮਰਣੁ ਕਟੀਐਗਾ, ਗੁਰੂ ਕਾ ਵਾਕੁ ਹੈ।'

ਜਾਪਦਾ ਹੈ ਕਿ ਸੱਤਵੇਂ ਪਾਤਸ਼ਾਹ ਸਮੇਂ ਲਿਖੀ ਬੀੜ ਤੋਂ ਇਹ ਉਤਾਰਾ ਕੀਤਾ ਗਿਆ ਹੈ।

(ਪ) ੧੭੨੯—ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ

'ਸੰਬਤ ੧੭੨੯ ਗਿਰੰਥੁ ਗੁਰੂ ਸੰਗਤਿ ਕਾ ਸੰਪੂਰਨੁ ਹੋਆ। ਸਿਖੁ ਲਿਖਣੇ ਵਾਲਾ ਭੁਲਾ ਚੁਕਾ ਵਾਧਾ ਘਾਟਾ ਬਖਸਣਾ। ਪੂਰੇ ਗੁਰੂ ਦੇ ਅਮਰਿ, ਸੰਗਤਿ ਦੇ ਅਮਰਿ ਬਖਸਿ ਲੈਣਾ। ਬਿਰਦ ਸਦਕਾ ਹਰਿ ਬਾਬ ਖਸਮਾਨਾ ਕਰਣਾ। ਅਗੈ ਇਸ ਜੀਅ ਦੀ ਰਖਿਆ ਕਰਣੀ। ਬਾਬੇ ਨਾਨਕ ਦੇ ਨਾਇ ਦਰਗਹਿ ਖਸਮਾਨਾ ਕਰਣਾ। ਸਰਣਿ ਗੁਰੂ ਸੰਗਤਿ ਕੀ ਰਖਣਾ। ਏਹੁ ਜੀਉ ਸਾਸਿ ਸਾਸਿ ਭੁਲਣ ਵਿਚਿ ਹੈ ਪਰ ਆਪਣੇ ਬਿਰਦ ਦਾ ਸਦਕਾ ਰਖਿਆ ਕਰਣੀ, ਤੁਸਾਡਾ ਬਿਰਦੁ ਹੈ ਤੁਸਾਡਾ ਬਿਰਦੁ ਹੈ ਜੀ।'

(ੲ) ਸਿਖ ਰੈਫ੍ਰੈਂਸ ਲਾਇਬ੍ਰੇਰੀ ਵਿਚ ਗੁਰੂ ਦਸਮੇਸ਼ ਜੀ ਦੇ ਦਰਬਾਰੀ ਲਿਖਾਰੀ ਹਰਿਦਾਸ ਦਾ ਲਿਖਿਆ ਆਦਿ ਗੁਰੂ ਗ੍ਰੰਥ ਹੈ ਇਸ ਦੇ ੭੪੧ ਪਤ੍ਰਿ ਤੇ

ਵਿਤ੍ਰਿੰ ਲਿਖਿਆ ਹੈ : —

'ਗਿਰੰਥ ਸਪੂਰਨ ਹੋਇਆ, ਲਿਖਿਆ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ। ਭੂਲ ਚੂਕ ਹੋਵੈ ਸੋ ਸੋਧਣਾ, ਗੁਲਾਮ ਪਵਿਤ੍ਰ ਅਧ ਪਤਤੁ 'ਮਹਾ ਪਤਿਤੁ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ।

(੭) ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ੮/੪੯੮੬

ਇਕ ਹੋਰ ਬੀੜ ਦੇ ਅਖੀਰ ਨੋਟ ਹੈ—

'੧ਓ ਸੰਮਤ ੧੭੩੫ ਮਾਘ ਸੁਦੀ ੫ ਗ੍ਰੰਥ ਸਾਹਬ ਲਿਖਿਆ ਪੂਰਨ ਹੋਆ।

ਲਿਖਾਰੀ ਪਾਰ ਮਲ ਢਲੋਂ, ਵਾਸੀ ਖਹਰਾ ਚੰਭਲ ਪੋਤ੍ਰ ਚੋਧਰੀ ਲੰਗਾਹ ਕਾ॥ ਵਾਹ ਗੁਰੂ॥'

(੮) ੧੭੪੯—ਤਖਤ ਪਟਨਾ ਸਾਹਿਬ। ਪੱਤਰਾ ੧੦੨੭ ਤੇ ਟਿਪਣੀ ਹੈ—

੧ਓ॥

'ਏਹੁ ਗਿਰੰਥ ਫਤੇ ਚੰਦ ਕੇ ਗਿਰੰਥ ਕਾ ਨਕਲ ਫਤੈਚੰਦ ਕਾ ਗਰੰਥ ਪੁਹਕਰ ਕੇ ਗਿਰੰਥ ਕਾ ਨਕਲੁ। ਪੁਹਕਰ ਦਾ ਗਿਰੰਥ ਵਡੇ ਗਿਰੰਥ ਨਾਲਿ ਸੋਧਿਆ ਹੈ, ਪੰਜਵੇਂ ਮਹਲ ਗੁਰਦਾਸ ਭੱਲੇ ਪਾਸਹੁੰ ਲਿਖਵਾਇਆ ਸੀ। ਜੋ ਇਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸੁਧ ਹੋਵੈ। ਜੇ ਹੋਰਿ ਗਿਰੰਥ ਸੋਧਿਆ ਲੋੜੀਐ ਤਾ ਜਗਨੇ ਬ੍ਰਾਹਮਣ ਦੇ ਗ੍ਰੰਥ ਨਾਲਿ ਸੁਧਿ ਕਰਿ ਲੈਂਦਾਓ। ਹੋਰਨਾ ਗਿਰੰਥਾ ਨਾਲਹੁ ਜਗਨੇ ਬ੍ਰਾਹਮਣ ਦਾ ਗਿਰੰਥ ਸੁਧ ਕੀਤਾ, ਪੁਹਕਰ ਦਾ ਗਿਰੰਥ ਜਗਨੇ ਦੇ ਗਿਰੰਥ ਨਾਲਿ ਸੁਧ ਕੀਆ ਹੈ।'

੧੦੩੫ ਪੱਤਰੇ ਤੇ — 'ਲਿਖਤੰ ਗੁਲਾਮ ਖਾਨੇਜ਼ਾਦ ਸੰਗਤ ਕਾ ਕੀਟ ਜੰਤ੍ਰ ਉਤਮ ਚੰਦ ਸੁਨਿਆਰ ਕਾ ਬੇਟਾ॥ ਨਾਮ ਨਾਨਿਕ ਸਿਖ ਫਕੀਰ ਗੁਰੂ ਪੂਰੇ ਕਾ, ਭੂਲੇ ਚੁਕੇ ਬਖਸਣਾ ਸੰਗਤਿ ਗੁਰੂ ਕਾ ਸਦਕਾ।'

(੯) ਸਿਖ ਰੈਫ੍ਰੈਂਸ ਲਾਇਬ੍ਰੇਰੀ ਨੰ. ੧੭/੩੪ ਬੀੜ, ਪਤ੍ਰਿ ੧੨੬੭

ਅੰਤ ਤੇ ਨੋਟ ਹੈ—

'ਸੰਮਤ ੧੭੮੫ ਅਸੂ ਸੁਦੀ ੮ ਸੋਮਵਾਰ ਸ੍ਰੀ ਗਿਰੰਥ ਲਿਖਣਾ ਸੁਰੂ ਕੀਤਾ । ਸੰਮਤ ੧੭੮੬ ਮਿਤੀ ਸਾਵਣ ਵਦੀ ੨ ਬੁਧਵਾਰ ਸੰਗਰਾਂਦ ਹਾੜ ਕੀ ਦਿਨ ਤ੍ਰੀਹ ਗੁਦਰੇ ਸ੍ਰੀ ਗਿਰੰਥ ਜੀ ਰਾਵੀ ਕੇ ਕਿਨਾਰੇ ਅਉਲੀਆਪੁਰ ਗਾਉਂ ਵਿਚਿ ਭੋਗ ਪਾਇਆ । ਲਿਖੰਤ ਤੀਰਥਦਾਸ ਸੋਢੀ ਪੁਤ੍ਰ ਚੰਦ੍ਰਭਾਨ ਸੋਢੀ ਕਾ ਵਤਨ ਲਹੌਰ ॥'

(੧੦) ਸਿਖ ਰੈਫ੍ਰੈਂਸ ਲਾਇਬ੍ਰੇਰੀ ੧੯/੩੬ ਬੀੜ । ਮੁਢ ਵਿਚ ਨੋਟ ਹੈ—

'ਸੰਮਤ ੧੭੯੦ ਵਰਖੇ ਮਾਹੇ ਕਤਿਕ ਇਕਾਦਸੀ ਸੁਦੀ ਮੰਗਲਵਾਰੁ ਜੋਗ ਗਿਰੰਥ ਲਿਖਿਆ ॥ ਨੀਸਾਣ ਗੁਰੂ ਜੀ ਕੇ ਦਸਤਖਤ ਮਹਲਾ ੫. ਸੰਮਤ ਸਤਰਹ ਸੈ ਨਬੇ ॥ ਗਿਰਥ ਸਰੂ ਕੀਤਾ, ਸਮਤੁ ਸਤਰਹ ਸੈ ਕ੍ਹਾਨਵੇ ਭੋਗ ਪਾਇਆ ॥ ਲਿਖੰਤ ਕੇਹਰ ਰਵਿਦਾਸੀਏ ॥ ਲਿਖਤ ਪੜਤ ਸਣਤ ਸਭ ਗੋਬਿੰਦ ਸੰਗਤ ਜੀ ਕਾ ਸਦਕਾ ।'

'ਰਵਿਦਾਸੀਏ' ਪਦ ਤੋਂ ਪਰਗਟ ਹੈ ਕਿ ਲਿਖਾਰੀ ਬ੍ਰਾਹਮਣ ਹੀ ਨਹੀਂ ਸਨ, ਹੋਰ ਗੁਰੂ ਕੇ ਸਿਖ ਵੀ ਲਿਖਣ ਦੀ ਸੇਵਾ ਕਰਦੇ ਸਨ ।

(੧੧) ਬੀੜ ਭਾਈ ਪੰਧੋ ਵਾਲੀ ਰਾਵਲ ਪਿੰਡੀ (ਹੁਣ ਦਿਲੀ) ਵਿਚੋਂ

ਸਾਖੀ ਗੁਰੂ ਅਮਰਦਾਸ ਕੀ ਮਹਲਾ ੩

'ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੇ ਲਗੀ ਜੇਵਣਾ, ਭਰੇ ਉਤੇ ਭਰਣਾ ਨਾਹੀ ਅੰਨੁ ਛਡਣਾ ਭੀ ਨਾਹੀ। ਸਵਣਾ ਤਾਂ ਜਾਂ ਬਹੁਤੀ ਨੀਂਦ ਆਵੇ; ਨੀਂਦਿ ਬਿਗੈਰ ਸਵਣਾ ਨਾਹੀਂ, ਗਫਲਾਈ ਹੈ । ਦੇਹੀ ਕਉ ਬਹੁਤ ਦੁਖੁ ਭੀ ਨਾਹੀ ਦੇਵਣਾ । ਬੋਲਣਾ ਬਹੁਤੁ ਨਾਹੀ ਅਤੇ ਬਾਣੀ ਗਾਵਣੀ ਅਤੇ ਗੁਰੂ ਦੀਆਂ ਗੱਲਾਂ ਬੋਲਣੀਆਂ ਅਤੇ ਕਿਸੈ ਦਿਆ ਬਲਾਇਆਂ ਬੋਲਣਾ, ਸਬਦੁ ਗਾਵਣਾ, ਕੂੜ ਨਾਹੀ ਬੋਲਣਾ । ਜੋ ਇਨ੍ਹਾਂ ਗੱਲਾਂ ਨੋ ਮਨੋ ਨਾਲ ਰਖੇਗਾ ਸੋ ਮਹਾਪੁਰਖ ਹੋਵੇਗਾ, ਉਸਕਾ ਲੇਖਾ ਸਗਲਾ ਨਿਬੜੇਗਾ । ਉਸ ਕੀ ਕੁਲ ਕਾ ਉਧਾਰੁ ਹੋਵੇਗਾ, ਉਸਕੇ ਸੰਗੀ ਸਗਲੇ ਤਰਹਿਗੇ, ਸਤਿ ਕਰਿ ਮੰਨਣਾ, ਗੁਰੂ ਕਾ ਆਖਣਾ ਹੈ ।

ਜੇ ਕੋਈ ਗੁਰੂ ਨਾਲਹੁੰ ਭੁਲਦਾ ਹੋਵੈ ਤਾਂ ਸਮਝਾਵਣਾ, ਆਪਣੀਅਹੁ ਧਿਰਹੁ ਆਖਣਾ। ਜੇ ਮੰਨੇ ਨਾਹੀ ਤਾਂ ਓਹ ਜਾਣੇ ਏਹੁ ਆਖਣਾ ਗੁਰੂ ਕਾ ਹੈ।

ਜੇ ਕੋਈ ਸਿਖ ਉਦਾਸੀ ਕਰੈਗਾ ਤਾਂ ਤਿਸਕਾ ਬੁਰਾ ਹੋਵੈਗਾ। ਜੇ ਸਿਖਹੁ ਗ੍ਰਿਸਤੇ ਵਿਚਿ ਕਮਾਵੈਗਾ ਤਿਸ ਪਰਮੇਸਰ ਗੁਰੂ ਸੁਖੀ ਰਖੈਗਾ ਧਰਮ ਕੀ ਕਿਰਤ ਕਰਣੀ, ਦੇਵਣਹਾਰ ਗੁਰੂ ਬਾਬਾ ਹੈ। ਸਿਖਾਂ ਕੀ ਸੇਵਾ ਕਰਣੀ, ਆਪਣਾ ਆਪੁ ਕਿਛੁ ਨਾਹੀ ਜਣਾਵਣਾ, ਚੰਗੇ ਜਿਤੇ ਗੁਰੂ ਕੇ ਸਉਂਪਣੇ। ਅਲਿਪਤੁ ਰਹਣਾ, ਗੁਰੂ ਕਾ ਆਖਣਾ ਹੈ।'

ਇਸੇ ਦੇ ੧੨੬੦ ਪੱਤਰੇ ਤੇ ਹੋਰ ਗੱਦ ਟੂਕ ਹੈ—

ਸਾਖੀ ਮਹਲਾ ੫

'ਸ੍ਰੀ ਸਤਿਗੁਰੂ ਬੋਲਿਆ ਜ ਪੰਜਿ ਕੰਮ ਨ ਕਰੈ ਅਤੇ ਪੰਜ ਕੰਮ ਕਰੇ ਜੋ ਗੁਰੂ ਕਰਾਵੈ। ਨ ਕਰੈ ਪੰਜਿ ਕੰਮ—ਪਰਦਰਬ ਨ ਹਿਰੈ।੧। ਪਰ ਇਸਤਰੀ ਨ ਰਵੈ।੨। ਪਰ ਨਿੰਦਾ ਨ ਕਰੇ।੩। ਜੂਆ ਨ ਖੇਲੈ।੪। ਮਦੁ ਮਾਸੁ ਨ ਖਾਇ।੫।

ਪੰਜਿ ਕੰਮ ਕਰੈ ਸੁ ਜੀਵਨ ਮੁਕਤੁ ਹੈ :— ਸੰਗਤਿ ਨਿਤ ਜਾਇ, ਕਿਛ ਮੁਹ ਪਾਵਣੇ ਨੋ ਲੈ ਜਾਇ ਅਤੇ ਆਰਤੀ ਕੀਰਤਨ ਸੁਣਿ ਸਵੈ।੧। ਅਰਥੀ ਤੇ ਦੁਖੀਏ ਨਿਮਾਣੇ ਕਉ ਮਾਣੁ ਦੇਇ ਪਰਉਪਕਾਰ ਕਰਾਵੈ ਲੋਚੈ।੨। ਜਿਸਕੇ ਕੁੜਮਾਈ ਕੋਈ ਨ ਕਰੈ ਤਿਸਕੇ ਪੁਨ ਅਰਥ ਲੋਚ ਕਰਿ ਕਰਾਵੈ ਅਕੈ ਆਪ ਕਰੈ।੩। ਮਨਮੁਖ ਤੇ ਜਿਉਂ ਸਿ। ਹੋਵੈ ਤਿਉਂ ਲੋਚਿ ਕਰਿ ਸਿਖੁ ਕਰੈ, ਜੀਉ ਦਾਨੁ ਏਹੋ ਹੈ।੪। ਸਭਨਾ ਜੀਆਂ ਕਾ ਭਲਾ ਮਨਾਵੈ ਕੋਈ ਦੁਖੈ ਨਾਹੀ। ਆਤਮਾ ਬ੍ਰਹਮ ਪਛਾਣੈ, ਵੱਡੀ ਪੂਜਾ ਏਹਾ ਹੈ।੫।

(੧੨) ਧਨਿਗਰਾਮ (ਜ਼ਿਲਾ ਚਾਟਗਾਮ) ਵਾਲੀ ਬੀੜ ਵਿਚ ਇਉਂ ਹੈ —

ਸਾਖੀ ਮਹਲਾ ੫

ਗੁਰੂ ਬੋਲਿਆ ਜੋ ਪੰਜ ਕਰਮ ਨ ਕਰੇ ਸੋ ਜੀਵਨ ਮੁਕਤੁ ਜੋ ਗੁਰੂ ਰਖੈ।

ਪੰਜ ਕੰਮ—

ਪਰ ਦਰਬ ਨ ਹਿਰੈ । ੧ ।

ਪਰਾਈ ਇਸਤ੍ਰੀ ਨ ਰਵੈ । ੨ ।

ਪਰਾਈ ਨਿੰਦਾ ਨ ਕਰੇ । ੩ ।

ਜੂਏ ਨ ਖੇਲੈ । ੪ ।

ਆਗਿਆ ਭੰਗ ਨ ਕਰੇ । ੫ ।

ਪੰਜ ਕੰਮ ਕਰੈ ਜੋ ਗੁਰੂ ਕਰਾਵੈ

ਪੰਜ ਕੰਮ—

ਸੰਗਤਿ ਨਿਤ ਜਾਏ, ਕਛੂ ਮੁਹ ਪਾਵਨ ਨੂੰ ਲੈ ਜਾਏ ਅਰ ਆਰਤੀ ਕੀਰਤਨ ਸੁਣਿ ਸੋਵੈ । ੧ ।

ਅਰਥੀ ਦੁਖੀ ਨਮਾਣੇ ਨੋ ਮਾਣ ਦੇ ਪਰਉਪਕਾਰ ਕਰੇ ਕਰਾਵੈ ਲੋਚੇ । ੨ ।

ਜਿਸਨੋ ਕੋਈ ਕੁੜਮਾਈ ਨ ਕਰ ਤਿਸਨੂੰ ਪੁੰਨ ਅਰਥ ਕੰਨਿਆ ਦਾਨ ਦੇ, ਇਕੋ ਲੋਚ ਕੇ ਦਿਵਾਵੈ । ੩ ।

ਮਨਮੁਖ ਤੇ ਜਿਉਂ ਸਿਖ ਹੋਵੈ, ਤਿਉਂ ਲੋਚ ਕਰਿ ਸਿਖ ਕਰੈ ਜੀਆ ਦਾਨ ਇਹੋ ਹੈ । ੪ ।

ਸਭਨਾ ਜੀਆ ਕਾ ਭਲਾ ਮਨਾਵੈ, ਕੋਈ ਦੂਖੈ ਨਾਹੀਂ । ੫ ।

[ਪ੍ਰਾਚੀਨ ਬੀੜਾਂ 373-74

(੪)

ਹੁਕਮਨਾਮੇ ਤੇ ਚਿਠੀਆਂ

ਗੁਰੂ ਸਾਹਿਬਾਨ ਨੂੰ ਸਿਖ 'ਸੱਚਾ ਪਾਤਸ਼ਾਹ' ਕਹਿੰਦੇ ਸਨ ਤੇ ਇਸ ਕਰਕੇ ਉਨ੍ਹਾਂ ਦੇ ਖ਼ਤ ਪੱਤ੍ਰਾਂ ਨੂੰ 'ਹੁਕਮਨਾਮੇ' ਕਹਿਕੇ ਸਤਿਕਾਰਦੇ ਸਨ। ਇਹ ਚਿਠੀ ਪੱਤ੍ਰ ਕਿਸੇ ਇਕ ਵਿਅਕਤੀ ਦੀ ਥਾਂ ਵਧੇਰੇ ਸੰਗਤਾਂ ਦੇ ਨਾਮ ਹਨ ਤੇ ਸੰਗਤ ਨੂੰ ਸੰਬੋਧਨ ਕਰਦਿਆਂ ਕਈ ਥਾਂ ਉਥੋਂ ਦੇ ਮੁਖੀ ਸਿਖਾਂ ਨੂੰ ਨਾਂ ਲੈ ਕੇ ਵੀ ਯਾਦ ਕੀਤਾ ਗਿਆ ਹੈ। ਇਨ੍ਹਾਂ ਚਿਠੀਆਂ ਦੀ ਵਾਰਤਕ ਕਈ ਪੱਖਾਂ ਤੋਂ ਨਿਰਾਲੀ ਤੇ ਅਧਿਐਨ ਦੀ ਅਧਿਕਾਰੀ ਹੈ। ਕੁਝ ਚੋਣਵੇਂ ਪੱਤਰ ਦਿਤੇ ਜਾ ਰਹੇ ਹਨ।

(੧) ਛੇਵੇਂ ਪਾਤਸ਼ਾਹ ਦਾ ਹੁਕਮਨਾਮਾ—

ਗੁਰੂ ਗੁਰੂ ਜਪਣਾ
ਜਨਮ ਸਵਰ

ੴ

ਸਤਿਗੁਰੂ

ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰੀ ਭਾਈ ਜੈਤਾ ਭਾਈ ਦਿਆਲਾ ਗੁਰੂ ਗੁਰੂ ਜਪਣਾ ਜਨਮ ਸਵਰੈ। ਸੰਗਤਿ ਦੀ ਕਾਮਨਾ ਪੂਰੀ ਹੋਗੁ, ਸੰਗਤੀਂ ਦਾ ਰੁਜ਼ਗਾਰ ਹੋਗੁ, ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆਗਿਆ ਹੋਇ ਕੀਰਤਨੁ ਕਰਣਾ, ਇਕ ਦਾਸ ਭਲੀ ਜੁਗਤਿ ਰਹਣਾ, ਮਾਸੁ ਮੱਛੀ ਦੇ ਨੇੜੇ ਨਹੀਂ ਆਵਣਾ; ਪੁਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੈਇ। ਭਾਈ ਜਾਪੂ, ਭਾਈ ਗੁਰਦਾਸੁ ਤੁਸਾ ਸਭਨਾ ਰਲਕੇ ਗੁਰਪੁਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿਚਿ ਪਵਗੁ ਤਿਸ ਦਾ ਗੁਰੂ ਕੀ ਦਰਗਹ ਥਾਇ ਪਵਗੁ, ਤਿਸਨੋ ਕਦੇ ਕਿਛੁ ਥੁੜ ਨ ਹੋਸਉ ਦੇਹਵਾਲ ਮੇਵਾਂ ਕੀ ਹੋਇ, ਰੁਪਏ ਸਇ ਸਤਿ ਦੀ ਹੁੰਡੀ ਕਰਿ ਭੇਜਣੀ।

ਪੰਦਰਹ ਜੋੜੇ ਮੈਨੋ ਸਵਾਹਿ ਭੇਜਣਾ,

ਪੰਦਰਹ ਬਾਬਾ ਜੀਉ ਨੋ ਸਵਾਹਿ ਭੇਜਣਾ।

ਪਾਸੇ ਤੇ ਇਹ ਅੰਕਿਤ ਹੈ—

'ਢੋਇ ਜੋੜੇ ਕੁਠੇ ਖਰੇ ਭਾਲਿ ਬਹੁਤ ਦਮ ਪਕੜਦੇ ਹੈਨ, ਉਹ ਟੱਲਕੇ ਭੇਜਣੇ ਜਹ ਕਹਾ ਤੇ ਭੇਜਣੇ ਚਗੇ ਟੱਲਕੇ ਭੇਜਣੇ।'

(੨) ਅੱਠਵੇਂ ਪਾਤਸ਼ਾਹ ਦਾ ਹੁਕਮਨਾਮਾ

ੴ ਸਤਿ ਗੁਰੂ

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀਉ ਦੀ ਆਗਿਆ ਹੈ ਭਾਈ ਅਣੀਰਾਇ ਭਾਈ ਜਸੂ ਭਾਈ ਰੰਗਾ ਭਾਈ ਹਜੂਰੀ ਭਾਈ ਨਿਹਾਲੂ ਸਰਬਤ ਸੰਗਤਿ ਪਟਣ ਦੀ, ਤੁਸਾਂ ਭੇਟ ਭਾਈ ਬਠੇ ਹਥਿ ਭੇਜੀ ਸੀ ਸੋ ਪਹੁਤੀ ਹਜੂਰਿ, ਮੁਜਰਾ ਹੋਆ ਸ੍ਰੀ ਗੁਰੂ ਜੀਉ ਦੀ ਖੁਸੀ ਹੋਈ ਨਿਹਾਲੁ ਹੋਏ, ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਣਗੇ ਭੇਜਦੇ ਰਹਣਾ ਭੇਟ, ਸੰਗਤ ਧਰਮ-ਸਾਲ ਆਵਦੇ ਰਹਣਾ, ਆਰਤੀ ਸੋ: ਲਾ ਕਰਣਾ, ਸ੍ਰੀ ਗੁਰੂ ਜੀਉ ਦੀ ਖਰੀ ਖੁਸੀ ਹੈ ਹੈ। ਗੁਰੂ ਸੰਗਤ ਦੀ ਬਾਹੁੜੀ ਕਰੈਗਾ ਤੁਸਾਂ ਉਪਰਿ ਖੁਸੀ ਹੈ।

(੩) ਨੌਵੇਂ ਪਾਤਸ਼ਾਹ ਦਾ ਹੁਕਮਨਾਮਾ

ੴ ਸਤਿ ਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ, ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ, ਜੋ ਸਿਖ ਦਰਸਨਿ ਆਵਗੁ ਸੋ ਨਿਹਾਲੁ ਹੋਗੁ, ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ। ਗੁਰੂ ਸੰਗਤਿ ਨੋ ਸਰਬ ਸੁਖ ਦੇਗੁ, ਭਾਈ ਬੱਠਾ ਸ੍ਰੀ ਗੁਰੂ ਜੀਉ ਦਾ ਪੁਤੁ ਹੈ ਜੁ ਆਖੈ ਸਰਬਤ ਸੰਗਤਿ ਮੰਨਣਾ, ਖੁਸੀ ਹੈ।

(੪) ਦਸਮ ਪਾਤਸ਼ਾਹ ਦਾ ਹੁਕਮਨਾਮਾ

੧ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮੁਹਕਮ ਸਿੰਘ ਜੀ ਭਾਈ ਸਤੀ ਦਾਸ ਸਰਬਤ ਸੰਗਤਿ ਸਹਜ਼ਾਦੇ ਅਜੀਮ ਦੇ ਲਸਕਰ ਕੀ, ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ੧੦੦) ਸਉ ਤੋਲਾ ਸੋਨਾ ਫੁਰਮਾਇਸ ਕਾ ਕਰਿ ਭੇਜਣਾ ਸਰਬਤ ਸੰਗਤਿ ਸਹਿਜ਼ਾਦੇ ਅਜੀਮ ਕੇ ਲਸਕਰ ਦੀ ਨੌ ਮੇਰਾ ਹੁਕਮੁ ਹੈ ਜੋ ਸਿਖੁ ਸੋਨੇ ਦੀ ਫੁਰਮਾਇਸ ਦੇਗੁ ਸੋ ਨਿਹਾਲੁ ਹੋਗੁ ਗੁਰੂ ਤਿਸਕੀ ਬਾਹੁੜੀ ਕਰੈਗਾ ਗੁਰੂ ਸੰਗਤਿ ਦੇ ਰੁਜਗਾਰ ਅੰਦਰ ਬਰਕਤ ਕਰੇਗਾ ਮੇਰੀ ਬਹੁਤ ਖੁਸੀ ਅਸੈ, ਸੰਗਤਿ ਨਿਹਾਲੁ ਹੋਈ ਗੁਰੂ ਸੰਗਤਿ ਕੇ ਸਭ ਮਨੋਰਥ ਪੂਰੇ ਕਰੈਗਾ, ਤੁਸਾਡਾ ਘਰੁ ਮੇਰਾ ਅਸੈ, ਮਿਤੀ ਸਾਵਣ ੨੪ ਸਮਤ ੧੭੫੫ ਸਤਰਾਂ ਅਠ ੮

(੫)

੧ੴ ਸਤਿਗੁਰੂ ਜੀਉ

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਪਿਰਾਗ ਕੀ ਮੇਰਾ ਖਾਲਸਾ ਹੈ ਗੁਰੂ ਰਖੈਗਾ, ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ੫) ਪੰਜ ਤੋਲੇ ਸੋਨਾ ਫੁਰਮਾਇਸਿ ਲਿਖੀ ਹੈ ਸੰਗਤਿ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ, ਬਾਹੁੜੀ ਹੋਵੈਗੀ, ਸੰਗਤਿ ਮਸੰਦ ਮਸੰਦੀਏ ਨੋ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰ ਕਿਸੇ ਕੌ ਨਾਹੀ ਦੇਣਾ ਹਜੂਰਿ ਪਹੁਚਾਵਣਾ ਜੋ ਸਿਖੁ ਮਿਲੈ ਸੋ ਮੇਲ ਲੈਂਵਣਾ ਦਿਕਤਿ ਨਾਹੀ ਕਰਣੀ, ਮੇਰੀ ਖੁਸੀ ਹੈ, ਆਪ ਵਿਚਿ ਪਿਆਰੁ ਕਰਣਾ, ਸੰਗਤਿ ਹਥੀਆਰ ਬੰਨ ਕੇ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਸੋ ਨਿਹਾਲ ਹੋਗੁ ਮਿਤੀ ਫਾਗ ੧੦ ਸੰਮਤੁ ੫੮ ਸਤਰਾ ੮

੫) ਪੰਜ ਰੁਪਏ ਮੋਵਡੇ ਨੇ ਦੇਣੇ ।

(੬) ਮਾਤਾ ਸੁੰਦਰੀ ਜੀ ਦਾ ਹੁਕਮਨਾਮਾ

ੴ ਸਤਿ ਗੁਰੂ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਚੈਨ ਸਿੰਘ ਭਾਈ ਭੂੰਪਤ ਸਿੰਘ ਭਾਈ ਸੰਗਤ ਸਿੰਘ ਭਾਈ ਆਲਮ ਸਿੰਘ ਭਾਈ ਮਨੀ ਸਿੰਘ ਸਰਬਤਿ ਖਾਲਸਾ ਅਕਾਲ ਪੁਰਖ ਜੀ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਾਰਣਾ। ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨਿ ਭਾਈ ਸੰਗੋਂ ਨਾਲਿ ਉਨਕਾ ਲੇਖਾ ਹੈ ਸੋ ਸੰਗੋਂ ਭੀ ਤੁਮਾਰੇ ਪਾਸ ਆਵਤਾ ਹੈ, ਸਰਬਤਿ ਖਾਲਸਾ ਵਾਹ ਗੁਰੂ ਜੀ ਕਾ ਹੈ ਸੋ ਹਰ ਵਾਜਬੀ ਗਲ ਹੋਵੈ ਸੋ ਕਰ ਦੇਵਣੀ, ਰਿਆਇਤ ਕਿਸੀ ਕੀ ਨਾਹੀ ਕਰਣੀ ਤੁਮਾਰੇ ਸਭ ਮਨੋਰਥ ਪੂਰੇ ਹੋਨਗੇ ਧਰਮ ਨਿਆਉ ਕਰ ਕੇ ਫੈਸਲਾ ਕਰ ਦੇਵਣਾ ਨਿਹਾਲ ਹੋਵਹੁਗੇ ਮੇਰੀ ਖੁਸ਼ੀ ਹੈ ਨਿਹਾਲ ਹੋਏ ਬਾਹੁੜੀ ਹੋਵੇਂਗੀ, ਕਤਕੋਂ ੧੬ ਸਮਤ ੧੭੮੦ ਸਤਰਾਂ ੧੩

(੭) ਮਾਤਾ ਸਾਹਿਬ ਦੇਵਾਂ ਦਾ ਹੁਕਮਨਾਮਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਸ੍ਰੀ ਅਕਾਲਪੁਰਖ ਜੀ ਕਾ ਖਾਲਿਸਾ, ਸ੍ਰੀ ਮਾਤਾ ਸਾਹਬ ਦੇਵੀ ਜੀ ਦੀ ਆਗਿਆ ਹੈ ਭਾਈ ਠਾਕੁਰ ਦਾਸ ਭਾਈ ਸੋਭਾਈ ਮਲ ਚੋਪੜਾ ਭਾਈ ਸਿਭੂਨਾਥ ਭਾਈ ਸਾਹਬਰਾਇ ਸਰਬਤਿ ਖਾਲਿਸਾ ਵਾਸੀ ਬਨਾਰਸ ਗੁਰੂ ਰਖੇ ਗੁਰੂ ਗੁਰ ਜਪਣਾ ਜਨਮ ਸਵਾਰਣਾ, ਮੇਰੀ ਬਹੁਤ ਖੁਸੀ ਹੈ ਤੁਸੀਂ ਮੇਰੇ ਪੁਤ ਫਰਜੰਦ ਹਉ ਗੁਰੂ ਪੂਰਾ ਤੁਮਾੜੇ ਸਭ ਮਨੋਰਥ ਪੂਰੇ ਕਰੇ। ਫੁਰਮਾਇਸਿ ਲਿਖੀ ਰੁਸਾ ਉਤੇ ਲੰਗਰ ਵਾਸਤੇ ਰੁਪਯੇ ਪੰਜਾਹਿ ੫੦) ਅਖਰੀ ਪੰਜਾਹਿ ਫੁਰਮਾਇਸਿ ਦੇਖਦੇ ਨਾਹ ਕਰਿ ਹੁੰਡੀ ਮਾਰਫਤਿ ਭਾਈ ਸਿਧੂ ਸਿੰਘ ਮੰਦੜਾ ਹਜੂਰਿ ਭੇਜਣੀ, ਬਨਾਰਸ ਸ੍ਰੀ ਵਾਹ ਗੁਰੂ ਜੀ ਕੀ ਕੋਠੀ ਹੈ, ਸੇਵਾ ਲੋੜ ਕਰਿ ਕਰਣੀ ਜੋ ਸਿਖ ਲੰਗਰ ਕੀ ਕਾਰ ਲੋੜਿ ਕਰਿ ਦੇਸੀ, ਤਿਸਦੀ ਕਿਰਤਿ ਗੁਰੂ ਪੂਰਾ ਬਰਕਤਿ ਕਰਸੀ ਸੰਮਤ ੧੭੯੬ ਚੇਤ ਸੁਦੀ ੧੧, ਸਤਰਾਂ ੧੪ ਚਉਦਾਂ।

(੮) ਬਾਬਾ ਬੰਦਾ ਸਿੰਘ ਬਹਾਦਰ ਦੇ ਹੁਕਮਨਾਮੇ

ਬਾਬਾ ਬੰਦਾ ਨੇ ਪੰਜਾਬ ਆਉਂਦਿਆਂ ਸਾਰ ਅਜੇਹੇ ਗਸ਼ਤੀ ਪੱਤਰ ਜਾਰੀ ਕੀਤੇ ।

(ਮੋਹਰ)
ਦੇਗੋ ਤੇਗੋ ਫਤਿਹ ਉ ਨੁਸਰਤ ਬੇਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ੴ ਫਤੇ ਦਰਸਨੁ ਸਚੇ ਸਾਹਿਬ ਦੀ ਆਗਿਆ ਹੈ ।। ਭਾਈ ਧਰਮ ਸਿੰਘ ।। ਭਾਈ ਪਰਮ ਸਿੰਘ ।। ਭਾਈ ਦਾਨ ਸਿੰਘ ਸੰਗਤਿ ਸਿੰਘ ।। ਵਾਸੀ ਰੁਪੇ ਕੇ ।। ਸਰਬਤ ਅਕਾਲ ਪੁਰਖ ਜੀਉ ਦਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ, ਹੁਕਮੁ ਦੇਖਦਿਆ ਹੀ ਪੰਜੇ ਹਥਿਆਰ ਬੰਨਿ ਆਵਣਾ ਜੋ ਸਿਖੁ ਆਵੈਗਾ ਸੋ ਨਿਹਾਲ ਹੋਵੈਗਾ ਸੰਗਤਿ ਦੇ ਮਨੋਰਥ ਪੂਰੇ ਹੋਵੈਂਗੇ । ਨਿਹਾਲੁ ਹੋਏ ।

(੯) (ਮੋਹਰ)
ਦੇਗੋ ਤੇਗੋ ਫਤਹਿ ਨੁਸਰਤ ਬੇਦਿਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ੴ ਫਤੇ ਦਰਸਨੁ

ਸ੍ਰੀ ਸਚੇ ਸਾਹਿਬ ਜੀ ਕਾ ਹੁਕਮੁ ਹੈ ਸਰਬਤ ਖਾਲਸਾ ਜਉਨ ਪੁਰ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੈਗਾ ਤੁਸੀਂ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ, ਪੰਜ ਹਥੀਆਰ ਬੰਨਿਕੇ ਹੁਕਮੁ ਦੇਖਦਿਆ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ, ਭੰਗ ਤਮਾਕੂ ਹਫੀਮ ਪੋਸਤ ਦਾਰੂ ਅਮਲੁ ਕੋਈ ਨਾਹੀ ਖਾਣਾ, ਮਾਸੁ ਮਛਲੀ ਪਿਆਜੁ ਨਾਹੀ ਖਾਣਾ, ਚੋਰੀ ਜਾਰੀ ਨਾਹੀ ਕਰਣੀ, ਅਸਾ ਸਤਜੁਗ ਵਰਤਾਇਆ ਹੈ ਆਪ ਵਿਚਿ ਪਿਆਰੁ ਕਰਣਾ, ਮੇਰਾ ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸਦੀ ਗੁਰੂ ਬਹੁੜੀ ਕਰੇਗਾ ਮਿਤੀ ਪੋਹ ੧੨ ਸੰਮਤੁ ਪਹਿਲਾ

ਸਤਰਾਂ ੧੦*

---

* ੧੨ ਦਸੰਬਰ ੧੭·੦ ਦਾ ਫੁਰਮਾਨ ਜੋ ਸਰਹੰਦ ਫਤਿਹ ਤੋਂ ਬਾਦ ਲਿਖਿਆ ਗਿਆ । [ਹੁਕਮਨਾਮੇ ਪੰ. 194

(੧੦) ਭਾਈ ਮਨੀ ਸਿੰਘ ਜੀ ਦੀ ਚਿਠੀ*

ੴ ਅਕਾਲ ਸਹਾਇ

ਪੂਜ ਮਾਤਾ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ ਬਹੁਰਿ ਸਮਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ। ਸੁਅਸਤ ਨਾਹੀ ਰਹਿਆ। ਤਾਪ ਕੀ ਕਥਾ ਦੇ ਬਾਰ ਸਨੀ ਪਰ ਮੰਦਰ ਕੀ ਸੇਵਾ ਮੈਂ ਕੋਈ ਆਲਕੁ ਨਾਹੀ ਦੇਸੁ ਵਿਚਿ ਖਾਲਸੇ ਦਾ ਬਲੁ ਛੁਟਿ ਗਇਆ ਹੈ। ਸਿੰਘ ਪਰਬਤਾਂ ਬਯਾਨਾ ਵਿਚਿ ਜਾਇ ਬਸੇ ਹੈਨਿ। ਮਲੇਛੋਂ ਕੀ ਦੇਸ ਮੈਂ ਦੋਹੀ ਹੈ, ਬਸਤੀ ਮੈਂ ਬਾਹਰ ਜੁਵਾ ਇਸਤਰੀ ਸਲਾਮਤੁ ਨਾਹੀ, ਮਛੁ ਮਛੁ ਕਰਿ ਮਾਰਦੇ ਹੈਨ। ਗੁਰੂ ਦ੍ਰੋਹੀ ਭੀ ਉਨਾ ਦੇ ਸੰਗ ਮਿਲਿ ਗਏ ਹੈਨ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ। ਸਭੀ ਦਰੁ ਛੋੜ ਗਏ ਹੈਨ ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ ਕਲ ਕੀ ਖਬਰ ਨਾਹੀ। ਸਾਹਿਬਾ ਦੇ ਹੁਕਮ ਅਟੱਲ ਹੈਨ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ-ਸਤੁ ਹੋਇ ਗਇਆ ਹੈ। ਪੋਥੀਆ ਜੋ ਫੰਡਾ ਸਿੰਘ ਹਾਥਿ ਭੇਜੀ ਥੀ ਉਨਾ ਵਿਚ ਸਾਹਿਬਾ ਦੇ ੩੦੩ ਚਰਿਤ੍ਰ ਉਪਾਖਿਆਨ ਕੀ ਪੋਥੀ ਜੋ ਹੈ ਸੋ ਜੋਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ। 'ਨਾਮ ਮਾਲਾ' ਕੀ ਪੋਥੀ ਕੀ ਖਬਰੁ ਅਬੀ ਮਿਲੀ ਨਾਹੀ। ਕਰਿਸਨਾਵਤਾਰ ਪੂਰਬਾਰਧ ਤੋ ਮਿਲਾ। ਉਤਰਾਰਧ ਨਾਹੀ। ਜੋ ਮਿਲਾ ਅਸੀਂ ਭੇਜ ਦੇਵਾਂਗੇ।

ਦੇਸ ਵਿਚ ਰੌਲਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ, ਸਾਹਿਬ ਬਹੁੜੀ ਕਰਨਗੇ। ਤੋਲਾ ੫) ਸਾਹਿਬਜ਼ਾਦੇ ਕੀ ਧਰਨੀ ਦੇ ਆਭੂਖਨ ਲਈ ਗੁਰੂ ਜਿਆ ਖੰਡੂਰ ਸੇ ਭੇਜਾ ਹੈ। ੧੭ ਰਜਤਧਨ ਬੀ ਫੰਡਾ ਸਿੰਘ ਸੇ ਭਰ ਪਾਏ। ਪੰਜ ਰਜਤਧਨ ਇਸੇ ਤੋਸਾ ਦੀਆ। ਇਸਨੂੰ ਬਦਰਕਾ ਭੀ ਹੈ। ਇਸ ਸੇ ਦੂਣਿ ਜਾਵੇਗੇ। ਮੁਸਤਦੀਓ ਨੇ ਹਿਸਾਬ ਨਾਹੀ ਦੀਆ ਜੇ ਦੇਂਦੇ ਤਾਂ ਬਡੇ ਸਹਰ ਸੇ ਹੁੰਡੀ

---

* ਇਹ ਅਪ੍ਰੈਲ ੧੭੧੬ ਈ. ਵਿਚ ਅੰਮ੍ਰਿਤਸਰ ਤੋਂ ਮਾਤਾ ਸੁੰਦਰੀ ਜੀ ਨੂੰ ਦਿਲੀ ਵਲ ਲਿਖੀ ਗਈ ਸੀ।

ਕਰਾਹਿ ਭੇਜਣੇ। ਅਸਾਡੇ ਸਰੀਰ ਦੀ ਰਹਿਆ ਨਹੀ ਤਾਂ ਕੁਆਰ ਦੇ ਮਹੀਨੇ
ਆਵਾਂਗੇ। ਮਿਤੀ ਵੈਸਾਖ ੨੨ ਦਸਖਤ ਮਨੀ ਸਿੰਘ। ਗੁਰੂ ਰਖੂ ਬੰਗਾ।
ਮੁਆਫ ਧੋਣੀ ਜੇ।

(੧੧) ਭਾਈ ਕਾਨ੍ਹ ਸਿੰਘ (ਅੰਮ੍ਰਿਤਸਰ) ਦਾ ਪੱਤਰ*—

ੴ ਵਾਹਿਗੁਰੂ ਜੀ ਕੀ ਫਤਹ।

ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਜਤ ਹੈਗ, ਜਿਨਾ ਛਿਹਿਆ ਵਾਹਿਗੁਰੂ ਜੀ ਚਿਤ ਆਵੈ; ਭਾਈ ਸਾਹਬ ਦਾਨ ਸਿੰਘ ਜੀ, ਭਾਈ ਦੁਨੀ ਸਿੰਘ ਜੀ, ਭਾਈ ਜਗਤ ਸਿੰਘ ਜੀ, ਭਾਈ ਗੁਰਬਖਸ਼ ਸਿੰਘ ਜੀ, ਉਦਰ ਸਿੰਘ ਜੀ ਭਾਈ ਰਾਮ ਸਿੰਘ ਜੀ ਸਰਬਤ ਖਾਲਸਾ ਵਾਹਗੁਰੂ ਅਕਾਲ ਪੁਰਖ ਜੀ ਕਾ, ਪਾਸੋ ਲਿਖਤੰ ਗੁਲਾਮ ਖਾਲਸੇ ਜੀ ਕਾ ਕਾਨ ਸਿੰਘ, ਨਿਵਲ ਸਿੰਘ, ਮੂਲ ਸਿੰਘ ਜੀ ਸੁਜਾਨ ਸਿੰਘ, ਗਜਾ ਸਿੰਘ, ਮਹਾਂ ਸਿੰਘ ਸਰਬਤ ਖਾਲਸਾ ਵਾਹਗੁਰੂ ਅਕਾਲ ਪੁਰਖ ਕਾ ਵਾਹਗੁਰੂ ਜੀ ਕੀ ਫਤਹਿ ਵਾਚਣੀ, ਖੁਸ਼ਾ ਕਰਨਾ ਕਿ ਵਾਹਗੁਰੂ ਅਕਾਲ ਪੁਰਖ ਜੀ ਹਰਿਦਮ ਚਿਤ ਆਵੈ, ਸੁਖ ਹੋਇ, ਖਾਲਸੇ ਜੀ ਕਾ ਬੋਲ ਬਾਲਾ ਹੋਇ। ਅਰਦਾਸ ਤੁਸਾਡੀ, ਮਾਰਫਤ ਭਾਈ ਦੁਲਚਾ ਸਿੰਘ ਕੇ ਹਥ ਪਹੁਤੀ ਪੜਕੇ ਖਾਲਸਾ ਜੀ ਬਹੁਤ ਖੁਸ਼ ਵਕਤ ਹੋਇਆ ਤੁਸਾਡੇ ਬਾਬ ਖਾਲਸਾ ਜੀ। ਦਇਆਲੂ ਹੋਇ ਕੈ ਹਥ ਜੋੜੇ ਹੈ, ਜੋ ਰਖਿਆ ਹੋਵੇ—

'ਜੋ ਜਨ ਹਰਿ ਕਾ ਸੇਵਕੋ, ਹਰਿ ਤਿਸਕੋ ਕਾਮੀ।'

ਗੁਰੂ ਗੁਰੂ ਜਪਣਾ ਵਾਹੁ ਗੁਰੂ ਅੰਗਸੰਗਾ ਹੈ, ਫਜਲ ਕਰਕੈ ਰਖਿਆ ਹੋਵੈਗੀ, ਖਾਲਸਾ ਜੀ ਭਾਈ ਕਾਨ ਸਿੰਘ ਜੀ ਕਉ ਮਾਤਾ ਸਾਹਬ ਜੀ ਨੇ ਹੁਮਾ-

---

* ਇਹ ਖਤ ਭਾਈ ਕੂਪੇ ਕਿਆਂ ਦੇ ਨਾਂ ਲਿਖਿਆ ਗਿਆ ਸੀ, ਭਾ. ਕਾਨ੍ਹ ਸਿੰਘ (ਸਪੁਤ੍ਰ ਬਾਬਾ ਬਿਨੋਦ ਸਿੰਘ ਤ੍ਰੇਹਣ) ਉਨ੍ਹਾਂ ਪੰਜਾ ਸਿਖਾਂ ਵਿਚੋਂ ਸੀ ਜ ਦਸਮ ਗੁਰੂ ਜੀ ਨੇ ਬੰਦਾ ਬਹਾਦਰ ਦੇ ਨਾਲ ਘੱਲੇ ਸਨ।

ਜ਼ਗਾਤੀ ਅੰਮ੍ਰਿਤਸਰ ਜੀ ਕੀ ਮੁਕਰਰ ਕੀਤੀ ਹੈ, ਖਾਲਸੇ ਜੀ ਨੇ ਗੁਰਮਤਾ ਕਰਕੇ ਹਰਿਮੰਦਰ ਅਤੇ ਬਾਗ ਦੀ ਇਮਾਰਤ ਕਾ ਕਾਮ ਸ਼ੁਰੂ ਕੀਤਾ ਹੈ। ਸ੍ਰੀ ਮਾਤਾ ਸਾਹਿਬ ਜੀ ਨੇ ਲਿਖਾ ਹੈ ਕਿ ਵਾਹਗੁਰੂ ਅਕਾਲ ਪੁਰਖ ਜੀ ਕੀ ਨਗਾਹੀ ਹੈ ਲੰਗਰ ਜ਼ਰੂਰ ਕਰਣਾ। ਸੋ ਖਾਲਸਾ ਜੀ ਦੁਇ ਸੈ ਸਿਖ ਸਿਰੀ ਅੰਮ੍ਰਿਤਸਰ ਜੀ ਹੋਨਿ, ਇਨ ਕੀ ਖਬਰ ਵਾਹਗੁਰੂ ਅਤੇ ਖਾਲਸੇ ਜੀ ਲੈਣੀ ਹੈ। ਜੋ ਕੁਛ ਗੁਰੂ ਕੇ ਨਮਿਤ ਕਾ ਹੋਵੈ, ਸੋ ਕਾਰ ਕਰਿਕੇ ਇਕਠੀ ਕਰਨੀ, ਪਿਛੈ ਪਿਛੀ ਸਿੰਘ ਭੀ ਤੁਸਾਂ ਵਲਿ ਆਵਦੇ ਹੈ। ਉਨਾਂ ਕੈ ਹਥਿ ਹੁੰਡੀਆ ਕਰਾਇਕੈ ਭਾਈ ਕਾਨ ਸਿੰਘ ਕੇ ਨਾਇ ਸ੍ਰੀ ਅੰਮ੍ਰਿਤਸਰ ਭੇਜਨੀਆਂ। ਤੁਸਾਡੀ ਵਾਹਗੁਰੂ ਜੀ, ਖਾਲਸੇ ਜੀ ਨਾਲਿ ਬਣਿ ਆਵੈਗੀ। ਹਰ ਬਾਬ ਪੈਜ ਰਹੇਗੀ, ਦੀਨ ਦੁਨੀਆ ਸਵਰੇਗਾ।

ਖਾਲਸਾ ਜੀ ਵਾਹਗੁਰੂ ਜੀ ਕਾ, ਸੁਚੇਤ ਬਿਬੇਕ ਬੁਧ ਚਾਹੀਐ ਜੋ ਸਿਵਾਇ ਅਕਾਲ ਪੁਰਖ ਦੂਜੇ ਨੋ ਜਾਣੈ ਨਾਹੀ। ਦਸਾਂ ਪਾਤਸਾਹੀਆਂ ਤਕ ਜਾਮੇ ਪੈਦੇ, ਯਾਰਵੀਂ ਬਾਰਵੀਂ, ਬੰਦਾ, ਚਉਥੰਦਾ, ਅਜੀਤਾ ਵਗੈਰੇ ਤੇ ਐਤਕਾਦ ਲੈ ਆਵਣਾ ਹਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲਿ ਦੂਰ ਹੋਸਨ ਪਰ ਇਹ ਹਤਿਆ ਗੁਨਾਹ ਬਖਸ਼ੀਐਗਾ ਨਾਹੀਂ ਜੋ ਮਨੁਖ ਕੇ ਜਾਮੇ ਊਪਰਿ ਐਤਕਾਦੁ ਕਰਨਗੇ—

'ਮੁਖ ਫੇਰੈ ਮੁਖ ਜੂਠਾ ਹੋਇ।'

ਖਾਲਸਾ ਜੀ! ਤੁਸਾਂ ਸਿਵਾਇ ਅਕਾਲ ਦੂਜੇ ਨੋ ਮੰਨਣਾ ਨਾਹੀ, ਸਬਦੁ ਦਸਵੀਂ ਪਾਤਸ਼ਾਹੀ ਤਕਿ ਖੋਜਣਾ— 'ਸਬਦੁ ਖੋਜ ਇਹ ਘਰੁ ਲਹੈ ਨਾਨਕ ਤਾਕਾ ਦਾਸ— ਗੁਰੂ ਕਾ ਨਿਵਾਸ ਸਬਦ ਵਿਚ ਹੈ— 'ਗੁਰ ਮਹਿ ਆਪ ਸਮੋਇ ਸਬਦੁ ਵਰਤਾਇਆ।'

'ਜੀਅ ਅੰਦਰੋਂ ਜੀਉ ਸਬਦ ਹੈ, ਜਿਤੁ ਸਹੁ ਮਿਲਾਵਾ ਹੋਇ।' ਵਾਹਗੁਰੂ ਜੀ ਕੀ ਫਤਹ। ਭਾਈ ਮਿਹਰ ਸਿੰਘ ਟਹਲੀਆ ਭਾਈ ਬੂਲੇ ਕਾ ਪੂਤੁ, ਕੋ ਖਸਮਾਨੇ ਵਿਚ ਰਹਣਾ ਗੁਰੂ ਨਾਲਿ ਗੰਢੁ ਪਊਸੀ॥

(੧੨) ਬੀਬੀ ਪਰਧਾਨ ਦੀ ਚਿਠੀ

ਨਾਮ ਜੀ
ਪੇ ਸੇਵੀ ਪ
ਰਧਾਨ

ਮੋਹਰ

ਬੀਬੀ ਪਰਧਾਨ (1718-1792 ਈ.) ਬਾਲਾ ਆਲਾ ਸਿਖ ਪਟਿਆਲੇ ਵਾਲਿਆਂ ਦੀ ਲਾਇਕ ਸਪੁੱਤਰੀ ਸੀ ਜੋ ਵਿਦਵਾਨ ਤੇ ਨੇਕ ਆਤਮਾ ਸੀ। ਉਸਨੇ ਬਹੁਤ ਸਾਰੀ ਜਾਇਦਾਦ ਨਿਰਮਲੇ ਸਾਧੂਆਂ ਨੂੰ ਦਾਨ ਦਿਤੀ। ਇਸ ਬਾਰੇ ਉਸਦੀ ਚਿਠੀ ਇਸ ਤਰ੍ਹਾਂ ਹੈ—

'ਲਿਖਤੋ ਬੀਬੀ ਪਰਧਾਨ ਅਗੇ ਜਮੀਨ ਵਨਾਲੇ ਕੀ ਜੇਹੜੀ ਮੇਰੀ ਸੀ, ਸੋ ਸਭਾ ਮੈਂ ਸਾਧਾਂ ਨੂੰ ਧਰਮਸਾਲਾ ਬਾਬੇ ਨਿਕਾ ਸਿਘ ਕੀ ਮੈਂ ਪੁੰਨ ਕਰਕੇ ਦਿਤੀ ਹੈ। ਕਿਨੂੰ ਮੇਰੇ ਪੁੰਨ ਕਾ ਮੁਜਾਹਮ ਹੋਣਾ ਨਾਹੀ, ਜੇਹੜਾ ਸਾਧਾਂ ਕੀ ਗਉਰ੍ਹ ਕਰਗੁ ਤਿਸਦਾ ਭਲਾ ਹੋਗੁ। ਚਿਠੀ ਲਿਖੀ ਅਸੂ ਸੁਦੀ ੧੦ ਸਾਲੁ ੧੮੪੭ ਨਾਰਾ ਸੈ ਸੰਤਾਲੀ।

(੧੩) ਮਹਾਂਰਾਣੀ ਜਿੰਦਾਂ ਦੀ ਚਿਠੀ

ਲਿਖਤੁਮ ਬੀਬੀ ਸਾਹਿਬ ਅਲਾਰਾਹਿ ਸਾਹਿਬ ਜੋਗ ਰੋਬਕਾਰੀ। ਅਸਾਂ ਅਪਣਾ ਸਿਰ ਤੁਹਾਡੇ ਹਵਾਲੇ ਕੀਤਾ ਸੀ, ਤੁਸਾਂ ਨਿਮਕ ਹਰਾਮਾਂ ਦੇ ਪੈਰਾਂ ਦੇ ਵਿਚ ਦੇ ਦਿਤਾ ਜੇ। ਤੁਸਾਂ ਸਾਡੀ ਮੁਨਸਫੀ ਨ ਪਾਈ। ਤੁਹਾਨੂੰ ਜੋ ਚਾਹੀਦਾ ਸੀ ਜੋ ਦਿਰਆਫਤੀ ਕਰਕੇ ਜੋ ਸਾਡੇ ਜ਼ੁਮੇ ਲਗਦਾ ਸੋ ਲਾਂਦੇ; ਨਿਮਕ ਹਰਾਮਾਂ ਦੇ ਕਹੇ ਨਹੀਂ ਸੀ ਲਗਣਾ। ਤੁਸਾਂ ਵਡੇ ਮਹਾਰਾਜ ਦੀ ਦੋਸਤੀ ਵਲ ਬੀ ਨਹੀਂ ਡਿਠਾ। ਤੁਸਾਂ ਮੇਰੀ ਅਜ਼ਰੇ ਲੋਕਾਂ ਤੋਂ ਲਾਹੀ ਏ ਤੁਸਾਂ ਕਰਾਰਨਾਵੇਂ ਤੇ ਐਹਦ ਨਾਵੇ ਉਪਰ ਬੀ ਕੁਝ ਅਮਲ ਨਹੀਂ ਕੀਤਾ। ਰਾਜਾ ਲਾਲ ਸਿੰਘ ਮੇਰਾ ਮੁਹਤਬਿਰ ਸੀ ਤੇ ਖੈਰ ਖਾਹ, ਸੋ ਤੁਸਾਂ ਤਕਸੀਰ ਕਰਕੇ ਭੇਜ ਦਿਤਾ ਤਾਂ ਅਸਾਂ ਕੁਝ ਨਹੀਂ ਤੁਸਾਂਨੂੰ ਆਖਿਆ। ਸਾਡੇ ਦਿਲ ਵਿਚ ਇਹ ਗਲ ਸੀ ਜੋ ਆਪ ਸਾਹਿਬ ਸਾਡੇ ਪਾਸ ਨੇ ਸਾਨੂੰ ਡਰ ਕਿਸਦਾ ਏ।

ਸਾਨੂੰ ਇਸ ਗਲ ਦੀ ਖਬਰ ਨਹੀਂ ਸੀ ਝੂਠੀਆਂ ਗਲਾਂ ਸਾਡੇ ਜ਼ੁਮੇ ਲਾਕੇ

ਤੇ ਕੈਦ ਚਹਾ ਕੀਤਾ। ਕੋਈ ਸਾਡੀ ਇਖਤ ਦਸੋ, ਕੁਝ ਸਾਡੇ ਜੁਮੇ ਲਾਇਆ ਫੇਰ ਜੋ ਤੁਹਾਡੀ ਮਰਜੀ ਹੂੰਨੀ ਸੋ ਕਰਦੇ। ਇਕ ਮੈਂ ਤੇ ਕਿ ਮਹਾਰਾਜ ਤੇ ਬਾਈ ਟਹਿਲਣਾਂ ਸੰਮਣ ਵਿਚ ਕੈਦ ਦਾ ਹੋਰ ਨੌਕਰ ਸਭ ਕਢ ਦਿਤੇ ਹੋਨ। ਅਸੀਂ ਬਹੁਤ ਲਾਚਾਰ ਹੋਏ ਆਂ। ਪਾਣੀ ਤੇ ਰੋਟੀ ਬੀ ਨਹੀਂ ਆਉਨ ਦੇਂਦਾ। ਇਸ ਤਰ੍ਹੂ ਜ ਸਾਨੂੰ ਤੰਗ ਕਰਦੇ ਹੋ। ਏਸ ਗਲ ਕੋਲੋ ਫਾਸੀ ਲਿਗ ਦੇਉ। ਜੇ ਤੁਸਾਂ ਸਾਡੀ ਅਦਾਲਤ ਕੀਤੀ ਤਾਂ ਅਛੀ ਗੱਲ, ਨਹੀਂ ਤਾਂ ਲੰਦਣ ਸਭਰ ਵਿਚ ਫਰਆਦ ਕਰਾਂਗੇ। ਹੋਰ ਜੇੜਾ ਡੂਡ ਲਖ ਲਾਇਆ ਸੋ, ਉਹ ਬੀ ਨਹੀਂ ਕਿਸੇ ਦਿਤਾ, ਹੋਰ ਜੇਹੜਾ ਚਹੁ ਮਹੀਨਿਆਂ ਦੇ ਵਿਚ ਖਰਚ ਕੀਤਾ ਸੀ ਇਕਵੰਜਾ ਹਾਜਰ ਸੋ ਗੌਹਣੇ ਵੇਖ ਮਿਸਰ ਮੇਘਾ ਰਾਮ ਨੂੰ ਦੇ ਦਿਤਾ ਏ। ਕਿਸੇ ਕੋਲੂ ਕੁਝ ਮੰਗਦੇ ਨਹੀਂ ਸਾਂ ਆਪਣੇ ਗੌਹਣੇ ਵੇਚ ਕੇ ਗੁਜਰਾਨ ਕਰਦੇ ਸਾਂ, ਬੇਨਹਕ ਸਾਡੀ ਆਬਰੋ / ਕਿਉਂ ਲਾਹੀ। ਮੰਗਲਾ ਦੀ ਤਕਸੀਰ ਕੀਤੀ ਉਹਨੂੰ ਬੀ ਕਢ ਦਿਤਾ। ਅਜ ਮਹਾਰਾਜ ਸਾਡੇ ਪਾਸ ਆਕੇ ਤੇ ਬਹੁਤ ਰੋਂਦੇ ਰਹੇ ਨੇ। ਆਖਣ ਲਗੇ, ਸਾਨੂੰ ਕਿਛਨ ਸਿੰਘ ਤੇ ਤ੍ਰਲਾਬ ਸਿੰਘ ਡਰਾਂਦੇ ਨੇ। ਜੇ ਤਾਂ ਮਹਾਰਾਜ ਨੂੰ ਡਰ ਨਾਲ ਕੁਝ ਹੋ ਗਿਆ ਤਾਂ ਫਿਰ ਮੈਂ ਕੀ ਕਰਾਂਗੀ। ਏਨਾ ਓਨਾ ਨੂੰ ਆਖੇਆ ਨੇ ਤੁਹਾਨੂੰ ਸਾਹਬ ਦਾ ਹੁਕਮ ਹੈ, ਜੋ ਫਾਲਾ ਬਾਗ ਜਾਕੇ ਉਤਰ। ਉਹ ਸਣਕੇ ਤੇ ਬਹੁਤ ਰੋਂਦੇ ਰਹੇ। ਏ ਜੇੜੀਆਂ ਗਲਾਂ ਸਾਡੇ ਨਾਲ ਕਰਦੇ ਹੋ ਕਿਸੇ ਰਜਵਾੜੇ ਵਿਚ ਨਹੀਂ ਹੋਈਆਂ। ਤੁਸੀਂ ਕੂੜੇ (ਗੁਝੇ) ਰਾਜ ਕਿਉਂ ਸਾਂਭਦੇ ਉ, ਜਾਹਰਾ (ਜ਼ਾਹਰ) ਹੋਕੇ ਕਿਉਂ ਨਹੀਂ ਕਰਦੇ। ਨਾਲੇ ਵਿਚ ਦੋਸਤੀ ਦਾ ਹਰਫ ਰਖਦੇ ਉ। ਮੇਰੀ ਅਦਾਲਤ ਕਰੇਉ ਨਹੀਂ ਤਾਂ ਲੰਦਣ ਫਿਰਆਦ ਕਰਾਂਗੀ। ਤਿੰਨ ਚਉਂ ਨਿਮਕ ਹਰਾਮਾਂ ਨੂੰ ਰਖ ਲਉ, ਹੋਰ ਸਾਰੀ ਪੰਜਾਬ ਨੂੰ ਕਤਲ ਕਰਾ ਦੇਉ, ਇਨਾ ਦੇ ਆਖੇ ਲਗ ਕੇ ਤੇ।'

(ਮੋਹਰ) ਅਕਾਲ ਸਹਾਇ

---

* ਇਹ ਚਿਠੀ ਹੈਨਰੀ ਲਾਰੰਸ ਰੇਜ਼ੀਡੈਂਟ ਲਾਹੌਰ ਨੂੰ ਅਗਸਤ ੧੮੪੭ ਈ. ਵਿਚ ਲਿਖੀ ਗਈ ਸੀ। ਅਸਲ ਖਾ. ਕਾਲਜ ਅੰਮ੍ਰਿਤਸਰ ਹੈ।

੧੪) ਬਾਬਾ ਰਾਮ ਸਿਘ ਜੀ ਦੀ ਚਿਠੀ

ਬਾਬਾ ਰਾਮ ਸਿਘ (1816---1884 ਈ.) ਜੀ ਨੂੰ ਜਦੋਂ ਅੰਗ੍ਰੇਜ਼ਾਂ ੧੮੭੨ ਵਿਚ ਜਲਾਵਤਨ ਕਰਕੇ ਰੰਗੂਨ ਭੇਜ ਦਿਤਾ ਤਾਂ ਆਪਨੇ ਉਥੋਂ ਆਪਣੇ ਸੇਵਕਾਂ ਦੇ ਨਾਮ ਅਨੇਕਾਂ ਚਿਠੀਆਂ ਲਿਖੀਆਂ, ਉਨ੍ਹਾਂ ਵਿਚੋਂ ਇਕ ਇਸ ਪਰਕਾਰ ਹੈ—

ੴ ਸਤਿਗੁਰ ਪ੍ਰਸਾਦਿ

ਲਿਖਤੰ ਰਾਮ ਸਿਘ ਤ ਨਾਨੂ ਸਿੰਘ ਸ੍ਰਬ ਉਪਮਾ ਜੋਗ ਸ੍ਰਬ ਗੁਣਾ ਸੰਪੰਨ ਉਜਲ ਦੀਦਾਰ, ਨਿਰਮਲ ਬੁਧਿ ਜੋਗ ਉਪਮਾ ਭਾਈ ਸਮੁੰਦ ਸਿੰਘ ਤ੍ਰੈਤੇ ਸੁੰਦਰ ਸਿੰਘ ਜੀ ! ਸ੍ਰੀ ਵਾਹਿਗੁਰੂ ਜੀ ਕੀ ਫਤਹ ਬੁਲਾਈ ਪ੍ਰਮਾਨ ਕਰਨੀ । ਹੋਰ ਅਸੀਂ ਰਾਜ਼ੀ ਹਾਂ ਗੁਰੂ ਤੁਸਾਨੂੰ ਰਾਜ਼ੀ ਰਖੇ । ਹੋਰ ਤਾਂ ਸਾਨੂੰ ਕਈ ਦੁਖ ਨਹੀਂ ਪਰ ਵਿਛੋੜੇ ਦਾ ਦੁਖ ਭਾਰੀ ਹੈ ਜੋ ਗੁਰੂ ਦੇ ਮੇਟਣ ਦਾ ਹੈ ਹੋਰ ਕਿਸੇ ਦੇ ਮੇਟਣ ਦਾ ਨਹੀਂ । ਹੋਰ ਸਾਨੂੰ ਖਾਣ ਪਹਿਨਣ ਨੂੰ ਸਭ ਕੁਛ ਮਿਲਦਾ ਹੈ ਖੰਡ ਘਿਉ ਦੁਧ ਚਾਉਲ ਲੱਠਾ ਖਾਸਾ, ਜਗ੍ਹਾ ਭੀ ਚੰਗੀ ਹੈ, ਬਿਚ ਖੂਹੀ ਲਗਾਇ ਦਿਤੀ ਸਰਕਾਰ ਨੇ, ਅਗੇ ਨਾ ਸੀ ਛੇ ਸੈ ਰੁਪਈਆ ਲਗਾਕੇ । ਏਸ ਜਗਾਹ ਪੈ ਦਿਲੀ ਕਾ ਬਾਦਸ਼ਾਹ ਰਹਿੰਦਾ ਸੀ ਅਰ ਬੜਾ ਗੋਰਾ ਪੁਛ ਜਾਂਦਾ ਹੈ, 'ਸਭ ਚੀਜ਼ ਬਰਾਬਰ ਹੈ, ਕੁਛ ਕਮਤੀ ਤਾਂ ਨਹੀਂ ।' ਜੇ ਲੋੜ ਹੁੰਦੀ ਹੈ ਤਾਂ ਆਖ ਦਿੰਦੇ ਹਾਂ ਸ ਆਇ ਜਾਂਦੀ ਹੈ ਪਰ ਕੁਝ ਘਾਟਾ ਅਗੇ ਹੀ ਨਹੀਂ ਹੋਂਦਾ ਬਾਣੀਆ ਸਭ ਚੀਜ਼ ਭਜਦਾ ਹੈ ਸਾਹੂਕਾਰ । ਪਰ ਸੰਗਤ ਦੇ ਵਿਛੋੜਾ ਦਾ ਬੜਾ ਦੁਖ ਹੋਇ ਰਿਹਾ ਹੈ, ਭਾਣਾ ਪਰਮੇਸ਼ਰ ਦਾ ਕੋਈ ਕਿਸੇ ਸਮੇਂ ਕੋਈ ਖੋਟਾ ਕਰਮ ਹੋਇ ਗਿਆ ਹੈ ਸੋ ਮੈਨੂੰ ਪ੍ਰਾਪਤ ਹੋਇਆ, ਅਛਾ ਜੋ ਰਜ਼ਾਇ ਪਰਮੇਸਰ ਦੀ। ਬੁਰਾ ਭੀ ਕਹਦੇ ਨਹੀਂ ਪਰ ਭਜਨ ਕਰਦੇ ਹਾਂ, ਇਕ ਬਿਛੋੜੇ ਦੇ ਦੁਖ ਤੇ ਬਿਨਾ ਹੋਰ ਕੋਈ ਦੁਖ ਨਹੀਂ, ਅੰਬੀਰੀ ਬਣੀ ਹੋਈ ਹੈ, ਗੁਰੂ ਜੀ ਦੀ ਸਰਨ ਕਰਕੇ, ਕੁਛ ਖਾਣ ਪਹਿਨਣ ਦੀ ਕਮੀ ਨਹੀਂ ।

ਸਭ ਨੇ ਬਾਣੀ ਕੰਠ ਕਰਨੀ, ਕੁੜੀ ਮੁੰਡੇ ਨੇ । ਨਾਲੇ ਮਾਲਾ ਫੇਰਨੀ । ਬਾਣੀ ਪੜ੍ਹਗਾ, ਉਸਨੂੰ ਬਹੁਤ ਫਾਇਦਾ ਹੋਊਗਾ । ਏਸ ਤਰ੍ਹਾਂ ਨ ਆਖਿਓ, 'ਰਾਮ ਨੂੰ ਬਾਣੀ ਨੇ ਫੜਾਇ ਦਿਤਾ । ਸਾਨੂੰ ਕੀ ਕਹੂਗੀ' ਨ ਮੈਨੂੰ ਮੇਰੇ ਕਿਸੇ ਖੋਟੇ ਕਰਮ ਨੇ

ਤਾਂ ਏਥੇ ਲੈ ਆਂਦਾ ਹੈ ਪਰ ਭਜਨ ਬਾਣੀ ਨੇ ਏਥੇ ਭੀ ਮੈਨੂੰ ਦੁਖ ਮੈਂ ਸੁਖ ਦੇ ਛੱਡਾ ਹੈ। ਵੇਖਣਾ, ਢਿਲੇ ਨ ਪੈ ਜਾਣਾ, ਅਗੇ ਤੁਸੀਂ ਜਾਣੋ, ਗੁਰੂ ਜੀ ਦੇ ਬਚਨ ਵਲ ਧਿਆਨ ਕਰਨਾ ਗ੍ਰੰਥ ਸਾਹਿਬ ਮੈਂ। ਭਾਈ ਸਮੁੰਦ ਸਿੰਘ ਜੀ! ਸਾਰੀ ਸੰਗਤ ਨੂੰ ਇਹ ਅਰਦਾਸਿ ਸੁਣਾਇ ਦੇਣੀ ਸਾਰੇ ਦੇਸਾਂ ਦੀ ਸੰਗਤ ਨੂੰ। ਖਾਲਸਾ ਜੀ! ਕਿਸੇ ਦੀ ਘਾਲ ਕੀਤੀ ਬਿਰਥਾ ਨਹੀਂ ਜਾਂਦੀ। ਇਕ ਤਿਲ ਨਹੀਂ ਭੰਨੇ ਘਾਇਆ, ਗੁਰੂ ਜੀ ਨੇ ਲਿਖਾ ਹੈ। ਤੁਸਾਨੂੰ ਦੁਖ ਦੇਣ ਵਾਲੇ ਸਭ ਭੁਖ ਮਾਰ ਕੇ ਹੌਲੇ ਹੋਇ ਜਾਵਣਗੇ, ਸੱਤ ਕਰਕੇ ਮੰਨਣਾ, ਮੈਂ ਪੂਰਿਆ ਡਿਠੀ ਹੈ, ਸਾਡਾ ਕੋਈ ਨ ਥਾ ਗੁਰੂ ਬਿਨਾ।

ਜਿਥੈ ਹਥੁ ਨ ਅਪੜੈ ਕੂਕ ਨ ਸੁਣੇ ਪੁਕਾਰ
ਉਥੈ ਸਤਿਗੁਰ ਬੇਲੀ ਹੋਵੈ, ਕਢਿ ਲਏ ਅੰਤੀ ਅਉਸਰੁ ਬਾਰ।

ਸੋ ਖਾਲਸਾ ਜੀ ਏਥੇ ਕੋਈ ਨਹੀਂ ਥਾਂ ਗੁਰੂ ਬਿਨਾ ਹੋਰ ਜੋ ਕੋਈ ਨਿੰਦਾ ਹੁੰਦੀ ਹੈ ਤਾਂ ਨਿੰਦਾ ਤਾਂ ਜਗਤ ਦਾ ਬਿਹਾਰ ਹੀ ਹੈ। ਕਿਸ ਕਿਸ ਦੀ ਨਿੰਦਾ ਨਹੀਂ ਕੀਤੀ ਜਗਤ ਨੇ। ਤੁਸੀਂ ਗੁਰੂ ਜੀ ਦੇ ਬਚਨਾ ਵਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ।

ਚਿਠੀ ਦੇਣੀ ਸਮੁੰਦ ਸਿੰਘ ਕੋ।

[ਹੁਕਮਨਾਮੇ, ਪੰਨਾ ੫੧-੫੨
ਸੰਪਾਦਕ ਸੰਤ ਟਹਿਲ ਸਿੰਘ

———

(੨)

ਸਾਖੀ-ਸਾਹਿੱਤ

ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆ ਸਾਖੀਆ ਹੋਈਆ*

ਸਾਖੀ—ਇਕਨਿ ਸਿਖ ਗੁਰੂ ਪਾਸਿ ਅਰਦਾਸਿ ਕੀਤੀ। ਜੀਉ ਪਾਤਿਸਾਹ! ਸੋਹਣਾ ਕਉਣੁ ਹੈ, ਕਸੋਹਣਾ ਕਉਣੁ ਹੈ ਗੁਰੂ ਬੋਲਿਆ ਬਚਾ! ਸਿਵ ਰੂਪ ਸੋਹਣਾ ਹੈ ਸਕਤਿ ਰੂਪ ਕਸੋਹਣਾ ਹੈ। ਸੋਹਣੇ ਕਸੋਹਣੇ ਦਾ ਏਹੁ ਬਬੇਕੁ ਹੈ। ਜੋ ਸੋਹਣੇ ਨੋ ਸਭੁ ਕੋਈ ਵੇਖਣਿ ਆਉਂਦਾ ਹੈ। ਕਸੋਹਣੇ ਪਾਸਿ ਕੋਈ ਨਹੀਂ ਜਾਂਦਾ। ਮਹਾ ਪੁਰਖੋ ਦੇ ਅੰਦਰਿ ਸਬੁਧਿ ਹੈ ਤਿਸਦਾ ਦਰਸਨੁ ਦੇਖਣਿ ਕਉ ਸੰਸਾਰ ਆਉਂਦਾ ਹੈ ਅਤੇ ਜਿਨਾ ਦੇ ਅੰਦਰਿ ਹਉਮੈ ਸਕਤਿ ਹੈ ਤਿਨਾ ਪਾਸਿ ਕੋਈ ਨਾਹੀ ਜਾਂਦਾ, ਜਿਉਂ ਚੰਦ ਡਿਠਿਆਂ ਤੇ ਪਰਮ ਸਾਂਤਿ ਉਪਜਦੀ ਹੈ ਅਤੇ ਸੂਰਜ ਵਲਿ ਝਾਕਿ ਕੋਈ ਨਹੀਂ ਸਕਦਾ। ਅਤੇ ਮਹਾ ਪੁਰਖੋ ਦਾ ਬੋਲਣਾ ਮਿਠਾ ਲਗਦਾ ਹੈ। ਅਤੇ ਸਕਤਿ ਕਾ ਬੋਲਣਾ ਕਿਸੈ ਨੋ ਨਾਹੀ ਸੁਖਾਂਦਾ। ਜਿਉ ਕੋਕਲਾ ਅਤੇ ਕਾਉ ਇਕਤੋ ਵਰਨਿ ਹੋਦੇ ਹੈਨਿ। ਅਤੇ ਜਾ ਕਾਉ ਬੋਲਦਾ ਹੈ ਤਾ ਸਭੁ ਕੋਈ 'ਮਾਰੂ ਮਾਰੂ' ਕਰਿ ਉਠਦਾ ਹੈ। ਉਸਦਾ ਬੋਲਿਆ ਕਿਸੈ ਨੋ ਹਿਤਾਉਂਦਾ ਨਾਹੀ।੧।

ਸਾਖੀ— ਹੁਕਮੁ ਦੋਇ ਪਰਕਾਰ ਹੈ। ਇਕ ਮੁਕਤਾ, ਹੁਕਮੁ ਇਕੁ ਅਮੁਕਤਾ ਹੁਕਮੁ ਹੈ। ਜੋ ਦੂਖੁ ਹੋਵੈ ਅਤੇ ਪਰਮੇਸਰ ਚਿਤਿ ਆਵੈ ਸੁ ਮੁਕਤਾ। ਜੋ ਸਭੇ ਸੁਖ ਹੋਵਨਿ ਅਤੇ ਪਰਮੇਸਰੁ ਵਿਸਰੈ ਸੁ ਅਮੁਕਤਾ, ਸਚੁ ਧਰਮੁ ਮੁਕਤਾ।

---

* ਬੀਬੀ ਰੂਪ ਕੌਰ ਵਾਲੀ ਪੋਥੀ ਕੀਰਤਪੁਰ ਹੈ, ਜਿਸ ਦੇ ਕੁਲ 559 ਪੱਤਰੇ ਹਨ। ਇਹ ਸਾਖੀਆਂ 492 ਤੋਂ ਸ਼ੁਰੂ ਹੁੰਦੀਆਂ ਹਨ।

ਗੁਰੂ ਆਖਿਆ ਬਿਗੜ ਰੂਪੁ ਅਹੰਕਾਰੁ ਹੈ। ਸਿਵ ਰੂਪ ਸੋਹਣਾ ਹੈ। ੨।

ਸਾਖੀ— ਗੁਰੂ ਅੰਗਦੁ ਗੁਰੂ ਅਮਰਦਾਸੁ ਪੁਛਿਆ ਜੁ ਬਚਾ। ਤੈਨਉ ਕਿਛੁ ਦਿਸਦਾ ਹੈ ? ਸਤਿਗੁਰੂ ਬੋਲਿਆ ਜੁ ਪਾਤਿਸਾਹ ਮੇਰੇ ਅਗੈ, ਕਊ ਹਜ਼ਾਰ ਜੋਧੇ ਖੜੇ ਰਹਦੇ ਹੈਨਿ ਜਿਸੁ ਊਪਰਿ ਮੇਰੀ ਖੁਸੀ ਹੋਂਦੀ ਹੈ ਸਭੇ ਜੋਧੇ ਉਸਦੀ ਸੇਵਾ ਕਰਦੇ ਹੈਂਨਿ। ਉਸਦੇ ਸਭੇ ਮਨੋਰਥ ਪੂਰੇ ਹੋਦੇ ਹੈਨਿ। ਅਤੇ ਜਿਸੁ ਊਪਰਿ ਮੇਰੀ ਬਿਖੁਸੀ ਹੋਂਦੀ ਹੈ ਸਭੇ ਜੋਧੇ ਤਿਸਦੇ ਖਿਆਲਿ ਪਊਂਦੇ ਹੈਨਿ ਸਭੇ ਕੰਮ ਤਿਸਦੇ ਬਿਗੜਿ ਜਾਦੇ ਹੈਨਿ। ੩।

ਸਾਖੀ, ਗੁਰੂ ਆਖਿਆ ਪਾਪ ਕਾ ਰਥੁ ਲਬੁ ਹੈ ਅਤੇ ਲਬੈ ਕਾ ਰਥੁ ਕੂੜੁ ਹੈ। ਜੇ ਲਬੁ ਜਾਇ ਤਾ ਪਥਰੇ ਤੇ ਪਾਰਸ ਹੋਵੈ। ਜਿਸੁ ਭੇਟਿਆਂ ਤੇ ਕੰਚਨੁ ਹੋਵੈ। ੪।

ਸਾਖੀ—ਜੇ ਕੋਈ ਸਿਖੁ ਵਡੇ ਚੁਲਾਣੇ ਚਲੈ ਅਤੇ ਨਾਲਿ ਅਚਾਰਜੁ ਹੋਵੈ। ਤਾਂ ਅਚਾਰਜੁ ਆਖਦਾ ਹੈ ਜੁ ਜਮ ਪੰਥੈ ਜਮ ਦੁਆਰੇ। ਅਤੇ ਤਿਲ ਅੰਜੁਲ ਦੇਂਦਿਆ ਪਰੇਤੁ ਆਖਦਾ ਹੈ। ਤਿਸ ਅਚਾਰਜੈ ਤੇ ਅਖਾਵਣਾ। ਅਤੇ ਸੰਗਤੀ ਆਖਣਾ ਜੁ ਹਰਿ ਪੰਥੈ ਹਰਿ ਦੁਆਰੇ। ਅਤੇ ਪਰੇਤੁ ਨਾਹੀ ਆਖਣਾ। 'ਹਰਿ ਲੋਕੁ' ਆਖਣਾ। ੫।

ਸਾਖੀ—ਕਿਸੇ ਸਿਖਿ ਗੁਰੂ ਪੁਛਿਆ ਜੁ ਪਾਤਸਾਹ ਕੋਈ ਸਦੇਹੋ ਮੁਕਤਿ ਹੋਂਦਾ ਹੈ ? ਫਿਰਿ ਗੁਰੂ ਬੋਲਿਆ ਜੁ ਬਚਾ ! ਨਾਮਦੇਉ ਸਦੇਹੋ ਮੁਕਤੁ ਹੋਆ। ਪਰਮੇਸਰ ਕੇ ਦੁਆਰੇ ਗਇਆ। ਅਗਹੁ ਭਗਤ ਬੋਲਿ ਉਠੇ ਕਿ ਆਉ ਨਾਮਦੇਉ ਨਿਗੁਰਾ। ਅਤੇ ਭਗਤਾ ਤੇ ਵਖਿ ਬਹਾਲੀਐ ਤਾ ਨਾਮੇ ਭਗਤ ਪੁਛੇ ਜਿ ਮੈ ਵਿਚਿ ਕਿ ਗੁਨਾਹੁ ਹੈ। ਤਾ ਭਗਤ ਬੋਲੇ ਜਿ ਏਹ ਦੇਹੀ ਏਥੈ ਕੰਮਿ ਨਾਹੀ ਆਉਂਦੀ ਤਾਂ ਨਾਮਾ ਅਰਦਾਸਿ ਕਰਿ ਕੈ ਫਿਰਿ ਆਇਆ, ਆਪਣਾ ਸਬਦੁ ਗੁਰੂ ਕੋ ਫਿਰਿ ਸੁਮਾਣਾ। ੬।

ਸਾਖੀ—ਗੁਰੂ ਜੀ ਅਸਵਾਰੀ ਵਿਚਿ ਥਾ ਇਕਤੁ ਖੇੜੇ ਊਪਰਿ ਆਇ ਖੜਾ ਹੋਆ ਅਤੇ ਬੋਲਿਆ ਜੋ ਬਚਾ ! ਕਿਛੁ ਜਾਣਦੇ ਅਸਹੁ ਜੁ ਏ ਖੇੜੇ ਕਿਉ ਉਜਾੜਿ

ਹੈਨਿ। ਸਿਖਾਂ ਅਰਦਾਸਿ ਕੀਤੀ ਜੁ ਪਾਤਿਸਾਹ। ਕਿਰਪਾ ਕਰਿ ਕੈ ਸੁਣਾਈਐ। ਗੁਰੂ ਜੀ ਬੋਲਿਆ ਜੁ ਬਚਾ! ਜਦਿ ਪਰਮੇਸਰੈ ਦਾ ਨਾਉ ਇਨਾ ਦੇ ਅੰਦਰਿ ਵਸਦਾ ਥਾ, ਤਾ ਸਭੇ ਖੇੜੇ ਵਸਦੇ ਥੇ। ਸਭ ਸੁਖ ਹੋਏ ਥੇ ਅਤੇ ਜਾ ਪਰਮੇਸਰ ਵਿਸਰਿਆ ਤਾ ਉਜਾੜਿ ਗਏ ॥ ੭ ॥

ਸਾਖੀ—ਇਕੁ ਸਿਖੁ ਗੁਰੂ ਪਾਸਿ ਰਹਦਾ ਥਾ ਤਿਨਿ ਗੁਰੂ ਪਾਸਿ ਅਰਦਾਸਿ ਕੀਤੀ ਜੋ ਪਾਤਿਸਾਹ! ਤੇਰਾ ਹੁਕਮੁ ਹੋਵੈ ਤਾ ਕਾਸਟ ਲਈ। ਗੁਰੂ ਚੁਪ ਕਰਿ ਰਹਿਆ ਸਿਖਿ ਦੂਜੀ ਵਾਰ ਅਰਦਾਸਿ ਕੀਤੀ। ਫਿਰਿ ਗੁਰੂ ਚੁਪ ਕਰਿ ਰਹਿਆ ਤੀਜੀ ਵਾਰਿ ਅਰਦਾਸਿ ਕੀਤੀ.। ਗੁਰੂ ਬੋਲਿਆ ਜੁ ਕਾਸਟ ਲੈ ਸਕਹਿ ਤਾਂ ਜਾਇ ਲੈ। ਸਿਖਿ ਜਾਇਕੈ ਲਕੜੀਆ ਇਕਠੀਆ ਕਰਿ ਕੈ ਚਿਤਾ ਸਵਾਰਿ ਕੈ ਅਗਿ ਜਲਾਈ। ਸਿਖੁ ਪਰਦਖਣਾ ਦੇਣਿ ਲਗਾ ਫੇਰਿਆ ਸੱਤ ਲੀਤੀਆ। ਅਗਿ ਬਹੁਤੁ ਭੜਕੀ ਸਿਖੁ ਡਰਿਆ। ਅਗੀ ਵਿਚਿ ਪੈ ਸਕੈ ਨਾਹੀ, ਤਿਚਰੁ ਇਕੁ ਚੋਰੁ ਰਾਜੇ ਦਾ ਭੰਡਾਰ ਭੰਨਿ ਕਰਿ ਆਇ ਨਿਕਲਿਆ। ਚੋਰਿ ਪੁਛਿਆ ਜੁ ਤੂ ਅਗੀ ਦੇ ਚਉਫੇਰੈ ਫਿਰਦਾ ਹਹਿ ਸੁ ਕਿਤੁ ਵਾਸਤੇ। ਸਿਖੁ ਬੋਲਿਆ ਜੁ ਮੇਰੇ ਗੁਰੂ ਦਾ ਬਚਨੁ ਹੈ ਜਾ ਜਾਇਕੈ ਕਾਸਟੁ ਲੈਈ। ਸੁ ਮੈ ਚਿਖਾ ਸਵਾਰਿਕੇ ਅਗਿ ਬਾਲੀ ਹੁਣ ਹਉ ਵਿਚਿ ਨਾਹੀ ਪੈ ਸਕਦਾ, ਡਰਦਾ ਅਸਾ। ਚੋਰੁ ਬੋਲਿਆ ਜੁ ਮੈਂ ਰਾਜੇ ਕਾ ਭੰਡਾਰ ਭਨਿ ਕਰਿ ਦਰਬੁ ਆਂਦਾ ਹੈ ਸੁ ਤੂ ਲੈ ਅਤੇ ਆਪਣੇ ਗੁਰੂ ਕੇ ਬਚਨੈ ਕਾ ਫਲੁ ਮੈਨੋ ਦੇਹਿ ਸਿਖਿ ਲੋਭੁ ਕੀਤਾ। ਚੋਰੈ ਤੇ ਦਰਬੁ ਲੀਤਾ। ਗੁਰੂ ਕੇ ਬਚਨੈ ਕਾ ਫਲੁ ਚੋਰ ਨੋ ਦਿਤਾ। ਚੋਰੁ ਪਰਦਖਣਾ ਦੇ ਕੈ ਅਗਿ ਵਿਚਿ ਪਇਆ। ਪਰਮੇਸ਼ਰ ਕੇ ਦੁਆਰੇ ਗਇਆ। ਅਤੇ ਓਹੁ ਸਿਖੁ ਦਰਬੁ ਲੈ ਕੇ ਘਰੇ ਨੋ ਚਲਿਆ। ਪਿਛਹੁ ਰਾਜੇ ਦੇ ਚਉਕੀਦਾਰ ਆਇ ਪਹੁਤੇ। ਚੋਰੁ ਕਹਿਕੈ ਆਇ ਪਕੜਿਆ। ਰਾਜੇ ਪਾਸਿ ਲੈ ਗਏ। ਰਾਜਾ ਬੋਲਿਆ ਇਸਨੋ ਸੂਲੀ ਦੇਹੁ ॥ ਫਿਰਿ ਓਹੁ ਸਿਖੁ ਬੋਲਿਆ ਜੀ ਹਉ ਸਿਖੁ ਹਾਂ, ਚੋਰੁ ਨਾਹੀ, ਚੋਰੁ ਹੋਰੁ ਹੈ ਮੈ ਇਹੁ ਦਰਬੁ ਗੁਰੂ ਦੇ ਵਚਨੁ ਵਿਟਹੁ ਮੁਲਿ ਲੀਤਾ ਹੈ ਫਿਰਿ ਰਾਜੇ ਹੁਕਮੁ ਕੀਤਾ ਕਿ ਪਹਲਾ ਚੋਰੁ ਨਗਰੀ ਦੇ ਨੇੜੇ ਸੂਲੀ ਮਿਲਦੇ ਥੇ ਇਸਨੋ ਮੇਰੀ ਦੇਹੀ ਤੇ ਉਜਾੜਿ ਸੂਲੀ ਦੇਹੁ ॥ ਮਤੁ ਕੋ ਕਾਉ ਕੁਤਾ

ਮਿਰਗੁ ਜਿਸਦਾ ਮਾਸੁ ਖਾਇਕੈ ਨਰਕਿ ਜਾਇ ॥ ਇਨਿ ਗੁਰੂ ਕੀ ਆਗਿਆ ਭੰਗੁ ਕੀਤੀ ਹੈ । ੮ ।

ਸਾਖੀ—ਪਰਮੇਸਰ ਕਾ ਹੁਕਮੁ ਹੋਇਆ ਨਾਨਕ ਪਰਮੇਸਰ ਨੋ ਅਰਾਧੁ । ਬਾਬਾ ਬੋਲਿਆ, ਜੀਉ ! ਤੁਧਨੋ ਕਿਉ ਕਰਿ ਅਰਾਧਾ । ਆਗਿਆ ਹੋਈ ਸਭਨਾ ਜੀਆ ਕਾ ਭਲਾ ਮਨਾਇ ਏਹੋ ਅਰ ਧਨੁ ਹੈ । ੯ ।

ਸਾਖੀ—ਗੁਰੂ ਆਖਿਆ, ਪਰ ਦਰਬੁ ਨ ਹੀ ਹਿਰਣਾ । ਜੂਐ ਨਾਹੀ ਖੇਲਣਾ । ਪਰ ਗ੍ਰਿਹ ਨਾਹੀ ਜਾਣਾ । ਪਰ ਨਿੰਦਾ ਨਾਹੀ ਕਰਣੀ । ਮਛੀ ਮਾਸੁ ਨਾਹੀ ਖਾਣਾ । ਮਦੁ ਨਾਹੀ ਪੀਵਣਾ । ਇਤਨੀਆ ਗਲਾਂ ਸਿਖੈ ਨੋ ਮੁਸਕਲ ਹੈਨਿ । ੧੦ ।

ਸਾਖੀ—ਗੁਰੂ ਕਿਤੈ ਮਹਲਿ ਬੈਠਾ ਥਾ । ਸਿਖ ਪਾਸਿ ਬੈਠੇ ਥੇ ਇਕਿ ਸਿਖਿ ਕਿਛੁ ਕਾਮੁ ਵਿਗਾੜਿਆ, ਗੁਰੂ ਕਿਤੈ ਕਹਿਰਿ ਹੋਇ ਕੈ ਇਕਸ ਸਿਖ ਨੋ ਆਖਿਆ ਜੁ ਇਨਿ ਕੰਮੁ ਵਿਗਾੜਿਆ ਹੈ ਤੂ ਇਸਨੋ ਮਾਰੂ । ਓਹੁ ਸਿਖੁ ਹਥ ਜੋੜਿ ਕੈ ਖੜਾ ਹੋਇ ਰਹਿਆ, ਗੁਰੂ ਬੋਲਿਆ ਜੋ ਕਿਉਂ ਨਾਹੀ ਮਾਰਦਾ । ਸਿਖਿ ਅਰਦਾਸਿ ਕੀਤੀ ਜੀ ਪਾਤਿਸਾਹੁ ਡਰਦਾ ਅਸਾ । ਅਰਦਾਸਿ ਕਰਿ ਨਾਹੀ ਸਕਦਾ । ਗੁਰੂ ਆਖਿਆ ਜੋ ਤੇਰੈ ਜੀਇ ਹੈ ਸੁ ਆਖੁ । ਸਿਖੁ ਬੋਲਿਆ ਜੀਉ ਤੁਧਨੋ ਮਲੂਮੁ ਹੈ । ਇਕੁ ਆਲੂ ਭੇਡਾ ਮਨਦਾ ਸਾ ਇਕ ਭੇਡ ਅਧ-ਮੁਨੀਦੀ ਨਸ ਗਈ । ਅਹੀਆਲੁ ਬੋਲਿਆ ਜੁ ਤੁਸੀ ਸਭੇ ਭੇਡਾ ਇਸਨੋ ਪਕੜਿ ਦੇਹੁ । ਓਹੁ ਭੇਡਾ ਬੋਲੀਆ ਜੀ ਅਸੀਂ ਅਜ ਕਲਿ ਮੁਨੀਅਣੀਆ । ਏਹੁ ਹਾਲੁ ਅਸਾ ਸਭਨਾ ਦਾ ਹੋਵਣਾ ਹੈ । ਅਸੀਂ ਕਿਸੂ ਗਲੈ ਤੇ ਰਹਣੇ ਨਾਹੀ । ਇਸਨੋ ਅਸੀ ਕਿ ਮੁਹੁ ਲੈ ਕੈ ਪਕੜਿ ਦੇਹ । ਸਿਖੁ ਬੋਲਿਆ ਪਾਤਿਸਾਹ ਓਨਾ ਭੇਡਾ ਵਾਲਾ ਲੇਖਾ ਅਸਾੜਾ ਹੈ । ਅਜੁ ਏਹ ਸਿਖ ਭੁਲ ਦੇ ਵਿਚਿ ਅਸਨਿ, ਤੂ ਸਦਾ ਬਖਸੰਦੁ ਅਸਹਿ । ਗੁਰੂ ਦਯਾਲੁ ਹੋਆ । ੧੧ ।

ਸਾਖੀ—ਗੁਰੂ ਪਾਸਿ ਸਿਖ ਬੈਠੇ ਸੇ । ਗੁਰੂ ਦਯਾਲੂ ਹੋਇਆ, ਸਿਖ ਬੋਲਨਿ ਜੁ ਪਾਤਿਸਾਹ ਵਾਰੇ ਤੁਧੁ ਵਿਟਹੁ । ਸਿਖ ਅਰਦਾਸਿ ਕੀਤੀ ਪਾਤਿਸਾਹ ਕਿ ਰਜਾਇ ਹੈ, ਇਉ ਆਖੀਦਾ ਹੈ । ਬਗਾ ਹਉ ਜੁ ਪਰਮੇਸਰ ਨੋ ਅਰਾਧਦਾ ਅਸਾ ਸੁ ਵੇਖਕੇ

ਅਰਾਧਦਾ ਅਸਾ । ਮੇਰੇ ਅੰਦਰਿ ਪਰਤੀਤਿ ਆਈ ਹੈ । ਮਿਲਿ ਕੈ ਅਰਾਧਦਾ
ਅਸਾ । ਪਰ ਤੁਸੀ ਬਿਨਾ ਡਿਠੇ ਬਿਨਾ ਮਿਲੇ ਬਿਨਾ ਪਰਤੀਤਿ ਆਈ ਗੁਰੂ ਨੋ
ਪਰਮੇਸਰ ਕਹਿਕੈ ਪੂਜਦੇ ਅਸਹੁ । ਇਤੁ ਵਾਸਤੇ ਹਉ ਤੁਸਾਂ ਵਿਟਹੁ ਵਾਰਿਆ ।
ਜਿਨਾ ਦੇ ਅੰਦਰਿ ਏਹ ਪਰਤੀਤਿ ਆਈ ਹੈ । ੧੨ ।

ਸਾਖੀ—ਗੁਰੂ ਪਰਮੇਸਰ ਕਰਿ ਕੈ ਸੇਵਿਆ । ਜਿਉ ਭਲੀਆ ਸਤਵੰਤੀਆ
ਇਸਤਰੀਆਂ ਆਪਣੇ ਭਰਤਾਰੇ ਦੀ ਸੇਵਾ ਕਰਦੀ ਹੈ । ਭਾਵੈ ਭਰਤਾਰੁ ਚੋਰੁ ਹੋਵੈ
ਭਾਵੈ ਜਾਰ ਹੋਵੈ ਭਾਵੈ ਵਟਵਾੜਾ ਹੋਵੈ । ਭਾਵੈ ਜੂਆਰੀ ਹੋਵੈ ਓਸਦੇ ਕਰਮ ਨਾਹੀ
ਵੀਚਾਰਦੀ । ਮਨਿ ਬਚਨਿ ਕਰਮਿ ਭਰਤਾਰੇ ਦੀ ਸੇਵਾ ਕਰਦੀ ਹੈ ਅਤੇ ਜੇ ਕੋਈ
ਉਸਦੇ ਭਰਤਾਰੇ ਨਾਲਿ ਲੜਦਾ ਹੈ ਕੈ ਕਿਛੁ ਦੁਖੁ ਲਗਦਾ ਹੈ ਤਾ ਅਗਲੇ ਨਾਲਿ
ਲੜਦੀ ਹੈ ਭਾਵੈ ਅਗਲਾ ਸਚਿਆਰ ਹੋਵੈ ਪਰੁ ਓਹੁ ਇਸਤਰੀ ਭਰਤਾਰੇ ਨੋ
ਸੰਤੋਖਦੀ ਹੈ ਤਿਸਦਾ ਨਾਉ ਪਤਿਬਰਤਾ ਹੋਦਾ ਹੈ । ਤਿਉ ਸਿਖੁ ਗੁਰੂ ਨੋ ਪਾਰਬ੍ਰਹਮ
ਪਰਮੇਸਰੁ ਕਰਿ ਸੇਵੈ ਤਾ ਸਿਖੇ ਦੀ ਪਰਮਗਤਿ ਹੋਵੈ । ਗੁਰਸਿਖੀ ਦੀ ਏ
ਚਾਲ ਹੈ । ੧੩ ।

ਸਾਖੀ—ਕਿਸੈ ਸਿਖਿ ਗੁਰੂ ਪਾਸਿ ਅਰਦਾਸਿ ਕੀਤੀ ਜੁ ਪਾਤਿਸਾਹ ! ਤੁ
ਪਾਸਿ ਇਕ ਸਿਖ ਬਾਹਰਹੁ ਅਰਦਾਸਿ ਨਾਹੀ ਕਰਦੇ ਜੀਐ ਵਿਚਿ ਅਰਦਾਸਿ
ਕਰਦੇ ਹੈਨਿ ਜੀਉ ਪਾਤਿਸਾਹ ! ਤੁਧਨੋ ਕੇਹੜੀ ਅਰਦਾਸਿ ਖੁਸੀ ਆਉਦੀ ਹੈ । ਗੁ
ਬੋਲਿਆ ਜੁ ਬਚਾ ਹਉ ਬਾਹਰਲੀ ਅਰਦਾਸਿ ਭੀ ਸੁਣਦਾ ਅਸਾ । ਪਰ ਅੰਦਰ
ਅਰਦਾਸਿ ਬਹੁਤੁ ਸੁਣਦਾ ਅਸਾ । ਗੁਰੂ ਅੰਤਰਜਾਮੀ ਹੈ । ਜੀਅ ਦੀ ਬਾ
ਪਾਇਦਾ ਹੈ । ੧੪ ।

ਸਾਖੀ—ਇਕੁ ਗੁਰੂ ਕਾ ਸਿਖੁ ਰਸੋਈ ਕੀ ਸਰਬਰਾਹੀ ਕਰਦਾ
ਦਿਹਾੜੀ । ਗੁਰੂ ਨੋ ਰਸੋਈ ਦੀ ਸਮਿਗਰੀ ਪੁਛਿਕੈ ਅੰਨੁ ਕਰਾਇਦਾ ਥਾ ਓਸ
ਗੁਰ ਦਯਾਲੁ ਹੋਆ ਗੁਰੂ ਦੇ ਜੀਐ ਦੀ ਬੁਝਣਿ ਲਗਾ । ਇਕਤੁ ਦਿਨਿ ਬਿ
ਗੁਰੂ ਨੋ ਪੁਛਿਆ ਓਨਿ ਸਿਖਿ ਮਿਸੀਆ ਰੋਟੀਆ ਪਕਵਾਈਆ । ਅਤੇ ਗੁਰੂ
ਭੀ ਮਨੁ ਮਿਸੀਆ ਰੋਟੀਆ ਊਪਰਿ ਥਾ । ਪਰ ਗੁਰੂ ਰਸੋਈ ਆਯਾ ਤਾ ਓਸ ਸਿਖ

ਪੁਛਿਆ ਜੁ ਬਚਾ ਕਿ ਅੰਨੁ ਹੋਆ ਹੈ ॥ ਸਿਖੁ ਬੋਲਿਆ ਜੁ ਪਾਤਿਸਾਹ ਮਿਸੀਆ ਰੋਟੀਆ ਹੋਈਆ ਹੈਨਿ। ਗੁਰੂ ਬੋਲਿਆ ਜੁ ਬਚਾ ਮੇਰੇ ਹੁਕਮ ਬਿਨਾ ਮਿਸੀਆ ਰੋਟੀਆ ਤੁਧੁ ਕਿਉ ਪਕਵਾਈਆ। ਸਿਖਿ ਅਰਦਾਸਿ ਕੀਤੀ ਜੁ ਪਾਤਿਸਾਹ ! ਮੈਂ ਜਾਤਾ ਜੁ ਗੁਰੂ ਦਾ ਜੀਉ ਮਿਸੀਆ ਰੋਟੀਆ ਉਪਰਿ ਹੈ ਗੁਰੂ ਬੋਲਿਆ ਜੁ ਤੂ ਮੇਰੇ ਜੀਅ ਦੀ ਕਿ ਜਾਣਹਿ ਮੇਰਾ ਜੀਉ ਕਣਕ ਦੀਆ ਉਪਰਿ ਥਾ ਤੂ ਕਿ ਜਾਣਹਿ ਇਤਨੀ ਗਲੈ ਵਿਚਿ ਸਿਖੈ ਦੇ ਅੰਦਰਹੁ ਜੋਤਿ ਹਿਰਿ ਲੀਤੀ ਗੁਰੂ ਪਰਮੇਸਰੁ ਹੈ ਸਿਖ ਕਚਾ ਪਿੰਡ ਹੈ। ਜਿਚਰੁ ਤਾਈ ਸਿਖ ਪਵਣੈ ਵੀਹ ਵਿਸਵੇ ਹੋਵੈ, ਤਿਚਰੁ ਤਾਈ ਭੁਲਣੈ ਵਿਚਿ ਹੈ। ਆਪਣੀ ਕਿਰਪਾ ਕਰਿ ਕੈ ਜਿਸਨੋ ਮਿਲਾਇ ਲਏ ਤਿਸਦੀ ਸਭ ਥਾਇ ਪਾਏ। ਜੇ ਭਾਵੈ ਤਾ ਹਜਾਰ ਬਰਿਹਾਂ ਦੀ ਘਾਲ ਇਕ ਘੜੀ ਵਿਚਿ ਨਿਮਖੇ ਵਿਚਿ ਗਵਾਇ ਦੂਰਿ ਕਰੇ, ਗਰਬੁ ਨਾਹੀ ਕਰਣਾ। ਅਤੇ ਖੇਤੀ ਨੋ ਝਖੜੈ ਝੋਲੈ ਦਾ ਡਰੁ ਤਿਚਰੁ ਤਾਈ ਹੈ ਜਿਚਰੁ ਹਟਿ ਅੰਦਰਿ ਆਜੈ ਨਾਹੀ। ਤਿਉ ਸਿਖੈ ਨੋ ਪਵਣਿ ਵੀਹਾ ਵਿਸਵਿਆ ਤਾਈਂ ਡਰੁ ਹੈ ਜਿਥੈ ਭਉ ਦੂਰਿ ਹੋਵੈ ਤਿਥੈ ਹੀ ਪੜਿਆ ਛੁਟੈ ॥ ੧੫ ॥

ਸਾਖੀ—ਇਕ ਸਿਖ ਦਾ ਪੁਤ ਨ ਥੀ ਵਦਾ, ਉਨਿ ਗੁਰੂ ਪਾਸਿ ਅਰਦਾਸਿ ਕੀਤੀ ਜੁ ਪਾਤਿਸਾਹ ਤੇਰਾ ਬਚਨੁ ਹੋਆ ਥਾ ਸਿਖਾ ਦੀ ਸੇਵਾ ਕਰੁ ਤਾ ਪੁਤ੍ਰ ਹੋਵੈ। ਜੀਉ ਮੈ ਸਿਖਾ ਦੀ ਸੇਵਾ ਕੀਤੀ ਪੁਤ੍ਰ ਨਾਹੀ ਹੋਦਾ ਪਰੁ ਗੁਰੂ ਬੋਲਿਆ ਬਚਾ ਤੁਧੁ ਸਿਖਾ ਦੀ ਸੇਵਾ ਕਿਤੁ ਜਿਨਸਿ ਕੀਤੀ ਹੈ। ਸਿਖ ਬੋਲਿਆ ਪਾਤਿਸਾਹੁ ! ਜੋ ਕੋਈ ਸਿਖੁ ਆਂਵਦਾ ਜਾਂਵਦਾ ਹੈ ਤਿਸਨੋ ਰੋਟੀਆ ਖਵਾਲਦਾ ਥਾ ਅਤੇ ਆਗਤਿ ਭਾਗਤਿ ਕਰਦਾ ਥਾ। ਗੁਰੂ ਬੋਲਿਆ ਏਹ ਸੇਵਾ ਨਾਹੀ ਜਿਉ ਪਰੇ ਜੀਅਹੁ ਕਰਦੇ ਹਹੁ। ਸਿਖ ਬੋਲਿਆ ਜੁ ਪਾਤਿਸਾਹ ਤੇਰਾ ਹੁਕਮ ਹੋਵੈ ਤੇਹੀ ਸੇਵਾ ਕਰੀ। ਗੁਰ ਬੋਲਿਆ ਜੁ ਤੇਰੈ ਕੋਈ ਸਿਖ ਆਵੈ ਤਿਸਦੇ ਪੈਰ ਧੋਇ ਧੋਇ ਪੀਉ। ਜਾ ਆਪੇ ਪੈਰ ਖਿਜਿ ਲਏ ਤਾ ਪੈਰ ਛਡਣੇ। ਫਿਰ ਚਿਕਣਿ ਲਗੀਐ ਜਾ ਆਪੇ ਆਖੈ ਤਾ ਚਿਕਣੁ ਛਡੀਐ। ਫਿਰ ਪਖਾ ਕੀਚੈ ਜਾ ਆਪੇ ਆਖੈ ਤਾ ਛਡੀਐ। ਫਿਰਿ ਜਿਵਾਲੀਐ ਜਾ ਆਪੇ ਆਖੈ ਤਾ ਛਡੀਐ, ਫਿਰਿ ਸਬਦੁ ਸਾਖੀ ਉਸਤੇ ਸੁਣੀਐ। ਉਸਨੋ ਸੁਣਾਈਐ।

ਫਿਰਿ ਸੁਖਾਲਾ ਸਢਾਲੀਐ ।। ਅੰਮ੍ਰਿਤ ਵੇਲਾ ਉਠਿ ਕੈ ਨਵਾਲੀਐ । ਜਪੁ ਪੜ੍ਹਾਈਐ ਸੁਣੀਐ ਫਿਰਿ ਜਵਾਲਿ ਕੈ ਉਸਦੇ ਨਾਲਿ ਅਗੈ ਤਾਈ ਅਭਤਤਾਸੀ ਵੰਦਣਿ ਜਾਈਐ । ਜਿਥੈ ਓਹੁ ਆਖੈ ਤਿਥੈ ਖੜਾ ਹੋਇ ਕੈ ਉਸੁ ਪਾਸਿ ਅਰਦਾਸਿ ਕੀਜੈ । ਓਹੁ ਦਇਆਲੁ ਹੋਇਕੈ ਬਚਨ ਕਰੈ ਜਿ ਕਿਛੁ ਉਸਤੇ ਮੰਗੀਐ ਸੁ ਮਿਲੈ । ਇਹੀ ਸੇਵਾ ਥਾਇ ਪਉਂਦੀ ਹੈ । ਸਿਖਾ ਵਿਚਿ ਸਭ ਨਿਧਾਨ ਹੈਨਿ । ੧੬ ।

ਸਾਖੀ—ਕੋਈ ਸਿਖ ਗੁਰੂ ਕੈ ਚਲਿਆ ਥਾ ਤਿਸੁ ਕੈਹਾ ਲਾਤਾ । ਕਿਨੈ ਪੁਛਿਆ ਤੂ ਕਿਥੈ ਚਲਿਆ ਅਸਹਿ, ਓਨਿ ਸਿਖਿ ਆਖਿਆ ਗੁਰੂ ਕੈ ਜਾਂਦਾ ਅਸਾ । ਓਨਿ ਹਾਲੀ ਆਖਿਆ ਕਿ ਹਉਂ ਭੀ ਚਲਦਾ ਅਸਾ । ਓਹੁ ਸਿਖੁ ਬੋਲਿਆ ਜੁ ਖੇਤੀ ਰਖਣੇ ਦੀ ਵੇਲਾ ਹੈ । ਤੇਰਾ ਚਲਿਆ ਨਾਹੀ ਬਣਦਾ ਨਾਹੀ । ਫਿਰਿ ਹਾਲੀ ਬੋਲਿਆ ਪਿਛੈ ਭਾਵੈ ਕਿਛੁ ਹੋਵਉ । ਪਰ ਹਉ ਨਾਹੀ ਰਹਦਾ । ਫਿਰਿ ਓਹ ਸਿਖ ਬੋਲਿਆ ਕਿਛੁ ਆਪਣਾ ਹਿਸਾ ਖੇਤੀ ਛਾਡਹਿ ਤਾ ਹਉ ਲੈ ਚਲਾ । ਹਾਲੀ ਬੋਲਿਆ ਮੈ ਹਿਸਾ ਖੇਤੀ ਦਾ ਪਰ ਛਡਿਆ । ਪਰੁ ਮੈਨੋ ਗੁਰੂ ਕੈ ਲੈ ਚਲੁ । ਓਹੁ ਹਾਲੀ ਉਸ ਸਿਖ ਨਾਲਿ ਗੁਰੂ ਕੈ ਆਇਆ । ਆਇ ਪੈਰੀਂ ਪਇਆ ਗੁਰੂ ਓਹੁ ਸਿਖੁ ਬਹੁਤ ਪੁਛਿਆ, ਸੰਤੋਖਿਆ ਅਤੈ ਗੁਰੂ ਕੈ ਹਥਿ ਡੰਡੋਰਕਾ ਥਾ ਓਸੁ ਹਾਲੀ ਨੋ ਦੇਖਿ ਗੁਰੂ ਬਾਹਰਹੁ ਝਿੜਕਿਆ ਜਿ ਤੂ ਏਥਹੁ ਜਾਹਿ । ਜਾਇਕੈ ਦੇਹੁਰੇ ਬਿਚਿ ਬੈਠਿ ਰਹੁ । ਤਿਨਿ ਡੰਡੋਰਕਿਆ ਦੀਆ ਓਸਨੋ ਗੁਰੂ ਲਾਈਆ, ਅੰਦਰਿ ਕਿਛੁ ਪਰਤੀਤਿ ਆਈ । ਸੁ ਓਹੁ ਜਾਣੈ ਜਾਇਕੈ ਦੇਹਰੇ ਵਿਚਿ ਬਹਿ ਰਹਿਆ । ਬੈਠਿਆਂ ਬੈਠਿਆ ਤਿਨਿ ਦਿਨ ਹੋਇ ਗਏ । ਫਿਰਿ ਤੀਜੈ ਦਿਨਿ ਗੁਰੂ ਬੋਲਿਆ ਕਿ ਬਧਾ ਓਹੁ ਹਾਲੀ ਕਿਥੈ ਹੈ ਸਿਖੁ ਬੋਲਿਆ ਜੁ ਪਾਤਸਾਹ ਦੇਹਰੇ ਵਿਚਿ ਬੈਠਾ ਹੈ । ਤਿਨਿ ਦਿਨ ਹੋਏ ਹੈਨਿ । ਨ ਕਿਛੁ ਖਾਧਾ ਹੈ, ਨ ਕਿਛੁ ਪੀਤਾ ਹੈ ਗੁਰੂ ਦਇਆਲੁ ਹੋਇਆ । ਉਸੁ ਪਾਸਿ ਆਇਆ ਓਨਿ ਡਿਠਾ ਕਿ ਗੁਰੂ ਆਇਆ ਦੇਖਿ ਕੈ ਬੈਠਿ ਰਹਿਆ । ਉਠਿਓ ਮੂਲੇ ਨਾਹੀ ਹਥ ਜੋੜਿ ਕੈ ਬੈਠਿ ਰਹਿਆ, ਜਾ ਗੁਰੂ ਸਿਰੈ ਉਪਰਿ ਆਇ ਖੜਾ ਹੋਇਆ ਤਾ ਨਮਸਕਾਰ ਕੀਤਾ ਗੁਰੂ ਕਿਰਪਾਲੁ ਹੋਆ । ਓਸਦੀ ਪਰਮਗਤਿ ਹੋਈ, ਸਿਖੁ ਗੁਰੂ ਕਾ ਬਚਨੁ ਇਕੁ ਜਿਨਸੀ ਕਰਿ ਮੰਨੈ ਤਾ ਫਲੁ ਪਾਵੈ ।੧੭।

ਸਾਖੀ---- ਕੋਈ ਪਰਮੇਸਰ ਕਾ ਪਿਆਰਾ ਬੈਠਾ ਥਾ ਕਿਨੈ ਪੁਛਿਆ ਜੁ ਸੇਵਾ

ਖੜਾ ਹੋਇਆ ਤਾਂ ਨਮਸਕਾਰੁ ਕੀਤਾ ਗੁਰੂ ਕਿਰਪਾਲੁ ਹੋਆ। ਉਸਦੀ ਪਰਮ ਗਤਿ ਹੋਈ। ਸਿਖੁ ਗੁਰੂ ਕਾ ਬਚਨੁ ਇਤੁ ਜਿਨਸੀ ਕਰਿ ਮੰਨੈ ਤਾ ਫਲੁ ਪਾਵੈ। ੧੭।

ਸਾਖੀ—ਕੋਈ ਪਰਮੇਸਰ ਕਾ ਪਿਆਰਾ ਬੈਠਾ ਥਾ ਕਿਨੈ ਪੁਛਿਆ ਜੁ ਸੇਵਾ ਕਿਸਦੀ ਕੀਚੈ ਜਿਸੁ ਤੇ ਫਲੁ ਪਾਈਐ। ਓਹੁ ਪਰਮੇਸਰ ਦਾ ਪਿਆਰਾ ਬੋਲਿਆ ਭਾਵੈ ਕਿਸਦਾਈ ਸੇਵਾ ਕਰਉ। ਜਿ ਕਿਸੈ ਦੀ ਸੇਵਾ ਮਨਿ ਬਚਨਿ ਕਰਮਿ ਕਰਿ ਕੈ ਕਰੈ ਤਿਸਦੀ ਤੇ ਫਲੁ ਪਾਵੈ। ਇਤਨੀ ਗਲ ਸੁਣਿ ਕੈ ਉਠਿ ਆਇਆ ਮਾ ਦੇਖੈ ਤਾ ਉਜਾੜਿ ਵਿਚਿ ਜਵਾਹਾ ਹਰਿਆ ਹੋਇ ਰਹਿਆ ਹੈ ? ਉਨਿ ਨਿਹਚਉ ਕੀਤਾ। ਜੁ ਹਉਂ ਇਸੁ ਜਵਾਹੇ ਦੀ ਸੇਵਾ ਕਰਾਂ। ਫਲੁ ਪਾਵਾ ਕਿ ਨ ਪਾਵਾਂ। ਓਹ ਮਨਿ ਬਚਨਿ ਕਰਮਿ ਉਸ ਜਵਾਹੇ ਦੀ ਸੇਵਾ ਕਰਣਿ ਲਗਾ। ਜੋ ਕਿਛੁ ਖਾਇ ਤਾ ਓਸਨੋ ਅਰਪਿ ਕੈ ਖਾਇ। ਜੋ ਕਿਛੁ ਪੀਐ ਤਾ ਓਸਨੋ ਅਰਪਿ ਕੈ ਪੀਐ। ਧਿਆਨੁ ਉਸਦਾ ਕਰੈ। ਅੰਤਰਿ ਆਤਮੈ 'ਜਵਾਹਾ ਜਵਾਹਾ' ਕਰਿ ਅਰਾਧੈ। ਜਾ ਕਿਤਨੇ ਕੁ ਦਿਨ ਹੋਏ ਤਾ ਬਰਸਕਾਲਾ ਆਇਆ। ਮੀਹੁ ਵਰਸਿਆ, ਜਵਾਹਾ ਸੁਕ ਗਇਆ। ਓਹੁ ਪਛੋਤਾਵਣਿ ਲਗਾ ਜੁ ਮੈ ਸੇਵਾ ਕਰਿ ਜਾਤੀਓ ਨਾਹੀ ਹਉ ਭੁਲਾ ਮੇਰੀ ਸੇਵਾ ਥਾਇ ਨ ਪਈਓ। ਮੈ ਉਪਰਿ ਰੁੱਠਾ ਹੋਇਕੈ ਸੁਕਿ ਗਇਆ। ਉਸਦੇ ਅੰਦਰ ਭਉ ਪਇਆ ਬੈਠਾ ਉਸ ਜਵਾਹੇ ਅਗੈ ਬੇਨਤੀ ਕਰੈ, ਹਉਂ ਪਾਪੀ ਅਪਰਾਧੀ ਅਸਾ, ਮੈਂ ਤੇਰੀ ਸੇਵਾ ਨਾਹੀ ਜਾਣੀ। ਤੇਰੀ ਸਾਰ ਤੂਹੈ ਜਾਣਹਿ। ਏਵੈ ਕਰਦਿਆ ਦਿਨ ਕਈ ਗੁਦਰੇ। ਤਾ ਝਖੜੁ ਆਇਆ ਝਖੜੈ ਨਾਲ ਜਵਾਹਾ ਉਖੜਿ ਕੈ ਉਡਿ ਗਇਆ। ਜਿਤੁ ਧਿਰਿ ਜਵਾਹਾ ਉਡਦਾ ਜਾਇ ਪਿਛੈ ਲਗਾ ਓਹੁ ਬੈਰਾਗੁ ਕਰਦਾ ਜਾਇ ਅਤੇ ਬੇਨਤੀ ਕਰੇ, ਜੀਉ ਮੈਂ ਤੇਰੀ ਸੇਵਾ ਨ ਜਾਤੀ। ਹਉ ਭੁਲਾ ਮੇਰੇ ਅਭਾਗ। ਜਿਸਤੇ ਤੂ ਮੈਨੋ ਛਡਿ ਚਲਿਆ। ਏਹੋ ਬਿਲਲਾਪ ਕਰਦਾ ਪਿਛੈ ਚਲਿਆ ਜਾਇ। ਅਗੈ ਨਦੀ ਆਈ, ਸਾਵਣ ਮਾਹੈ ਦੀ ਨਦੀ ਚੜ੍ਹ ਰਹੀ ਥੀ ਜਵਾਹਾ ਉਸੁ ਵਿਚਿ ਪਇਆ। ਪਿਛਹੁ ਛਾਲ ਮਾਰਿ ਕੈ ਵਿਚਿ ਪਇਆ। ਜਵਾਹੇ ਨੋ ਬੇਨਤੀ ਕਰਿ ਕਰਿ ਪੈਰੀਂ ਪਵੈ ਹਉ ਵਾਰਿਆ, ਹਉ ਕੁਰਬਾਨ ਕੀਤਾ ਤੁਧੁ ਵਿਟਹੁ। ਏਵੈ ਆਖਦਾ ਗੋਤੇ ਖਾਦਾ,

ਡੁਬਦਾ, ਤਰਦਾ, ਵਹਦਾ ਜਾਹਿ। ਉਸਨੇ ਆਪਣੇ ਮਰਨ ਜੀਵਣ ਦਾ ਭਉ ਚੁਕਿ ਗਇਆ। ਉਸ ਨਾਲਿ ਲਿਵ ਲਗੀ ਰਹੇ ਡੁਬ ਜਾਹਿ ਕਦੇ ਉਪਰਿ ਆਵੈ। ਪਰ ਉਸਦੀ ਲਿਵ ਛੁਟੇ ਨਾਹੀ। ਤਾ ਪਾਰਬ੍ਰਹਮ ਪਰਮੇਸਰੁ ਆਪਿ ਆਇਆ। ਆਇਕੇ ਬੋਲਿਆ ਤੇਰੀ ਪਰਮਗਤਿ ਹੋਵੇਗੀ। ਤੂ ਚਲੁ ਓਹ ਬੋਲਿਆ, ਜੁ ਤੂ ਕਉਣ ਅਸਹਿ? ਪਰਮੇਸਰੁ ਬੋਲਿਆ ਜਿਸਨੋ ਤੂ ਅਰਾਧਦਾ ਸਾ ਸੋਈ ਹਾ। ਓਹੁ ਬੋਲਿਆ ਜੁ ਮੈ ਤੇ ਨਾਲਿ ਕਿਛੁ ਧਕਾ ਨਾਹੀ। ਮੇਰਾ ਪਰਮੇਸਰੁ ਏਹੁ ਜਵਾਹਾ ਹੈ ਮੈ ਨਾਲਿ ਏਹੁ ਰੁਠਾ ਜਾਦਾ ਹੈ। ਹਉ ਪਾਪੀ ਅਪਰਾਧੀ ਅਸਾ। ਮੈਂ ਸੇਵਾ ਨਾਹੀ ਕਰਿ ਜਾਣੀ ਭੁਲਾ ਅਸਾ, ਜਾ ਪਰਮੇਸਰੁ ਵੇਖੇ ਤਾ ਉਸਦਾ ਅੰਦਰੁ ਉਸੁ ਜਵਾਹੇ ਨਾਲਿ ਰਤਾ ਹੈ ਕਿਤੇ ਪਰਕਾਰਿ ਮੁੜੈ ਨਾਹੀ। ਤਾ ਉਸਦੇ ਨਿਹਚਉ ਪਿਛੈ ਪੂਰਨ ਪਾਰਬ੍ਰਹਮ ਕਿਰਪਾਲੁ ਹੋਆ। ਆਪਣਾ ਰੂਪ ਉਸ ਜਵਾਹੇ ਵਿਚਿ ਰਖਿਕੈ ਹਰਿਆ ਕਬੂਚੁ ਹੋਇ ਕੈ ਬੋਲਿਆ, ਧੰਨਿ ਧੰਨਿ ਹੈ ਭਗਤ ਤੂ ਮੇਰਾ ਵਡਾ ਭਗਤੁ ਹਹਿ। ਤੈ ਮੇਰੀ ਬਹੁਤੁ ਸੇਵਾ ਕੀਤੀ ਹੈ, ਤੇਰੀ ਸਭਾ ਘਾਲ ਥਾਇ ਪਈ। ਓਹ ਜੀਵਨ ਮੁਕਤਿ ਹੋਆ। ਜਾਇਓਨਿ ਨਿਹਚਉ ਕਰਿਕੈ ਸੇਵੈ ਤਾ ਪਰਮੇਸਰ ਸੋਂ ਮਿਲੈ। ੧੮।

ਸਾਖੀ—ਕੋਈ ਮਹਾਪੁਰਖੁ ਥਾ, ਓਸੁ ਪਾਸਿ ਕੋਈ ਸੇਵਕ ਆਇਆ। ਆਇਕੇ ਅਰਦਾਸਿ ਕੀਤੀ ਜੁ ਪਾਤਿਸਾਹ ਪਰਮੇਸਰੁ ਕਿਉਂ ਕਰ ਮਿਲੈ ਮਹਾ ਪੁਰਖੁ ਬੋਲਿਆ ਜੁ ਅਤਿਥ-ਪੂਜਾ ਕਰੈ ਸੁ ਪਰਮੇਸਰ ਨੋ ਮਿਲੈ। ਓਹ ਬੋਲਿਆ ਜੀਉ ਅਤਿਥ-ਪੂਜਾ ਕਿਉ ਕਰਿ ਕਰੀਚੈ। ਹੁਕਮੁ ਹੋਇਆ ਜੋ ਕੋਈ ਪਰਥਾਨਿ ਕਾਰ ਆਵੈ ਸੇਈ ਸੇਵਾ ਕੀਚੈ। ਏਹੋ ਅਤਿਥ ਪੂਜਾ ਹੈ। ਓਨਿ ਮਹਾ ਪੁਰਖੈ ਦੇ ਬਚਨਿ ਕਰਿ ਕੈ ਏਹੋ ਸੇਵਾ ਦ੍ਰਿੜ੍ਹ ਕੀਤੀ। ਘਰਿ ਆਇਕੈ ਇਸਤ੍ਰੀ ਨੋ ਆਖਿਆ ਜੁ ਮੈਨੋ ਮਹਾ ਪੁਰਖੈ ਦਾ ਬਚਨੁ ਹੈ ਤੁਸੀ ਅਤਿਥ-ਪੂਜਾ ਕਰਹੁ ਤਾ ਤੁਸ ਭੀ ਕਾਰਜ ਪੂਰਨੁ ਹੋਵੈ। ਜੇ ਕੋਈ ਮੈ ਪਾਸਿ ਆਵੈ ਤਿਸਦੀ ਸੇਵਾ ਕਰ। ਅਤੇ ਦੋਹਾ ਹੋਇਆ ਕੋਈ ਆਵੈ ਤਾ ਦੋਵੈ ਸੇਵਾ ਕਰਹ। ਅਤੇ ਜੇ ਹਉ ਨ ਹੋਵਾ ਅਤੇ ਤੈ ਪਾਸਿ ਆਵੈ ਤਿਸਦੀ ਸੇਵਾ ਤੂ ਕਰਿ। ਇਸਤ੍ਰੀ ਭੀ ਭਤਾਰੇ ਦੀ ਆਗਿਆ ਕਰਿ ਮੰਨੀ। ਅਤਿਥ-ਪੂਜਾ ਕਰਣਿ ਲਗੀ, ਮਨੁ ਤਨੁ ਪਰਮੇਸਰ ਦੇ ਅਗਿ ਅਰਪਿ ਛਡਿਆ।

ਜੁ ਕੋਈ ਕਿਛੁ ਕਾਮਨਾ ਕਰਿ ਆਵੈ ਤੇਹੋ ਜੇਹੀ ਸੇਵਾ ਕਰਹਿ। ਕਰਦਿਆ ਕਰਦਿਆ ਬਹੁਤੁ ਸੇਵਾ ਕੀਤੀ ਤਾਂ ਪਰਮੇਸਰ ਦਇਆਲੁ ਹੋਆ। ਬ੍ਰਹਮਣ ਸਰੂਪੁ ਧਾਰਿ ਕੈ ਬਿਰਧਿ ਹੋਇ ਕੈ ਉਸੁ ਸੇਵਕੈ ਦੀ ਇਸਤਰੀ ਪਾਸਿ ਆਇਆ। ਆਇਕੈ ਪਰਥਾਨਿ ਕੀਤੀ ਤੁਸੀਂ ਵਡੇ ਸੇਵਕ ਆਖੀਦੇ ਹਉ ਅਤੇ ਅਤਿਥ ਪੂਜਾ ਬਹੁਤੁ ਕੀਤੀ ਹੈ ਮੇਰੇ ਅੰਦਰਿ ਕਾਮਨਾ ਹੈ ਤਿਤੁ ਵਾਸਤੇ ਤੁਸਾਨੋ ਸੁਣਿ ਕੈ ਆਇਆ ਅਸਾ। ਹਉ ਜਾਣਦਾ ਅਸਾ ਜੁ ਤੈਤੇ ਮੇਰੀ ਕਾਮਨਾ ਪੂਰਨੁ ਹੋਵੈਗੀ ਇਹ ਗਲ ਸੁਣਿਕੈ ਓਹੁ ਇਸਤ੍ਰੀ ਹਥ ਜੋੜਿ ਕੈ ਅਗ੍ਰਭਾਗਿ ਖੜੀ ਹੋਈ। ਜੁ ਕਿਛੁ ਤੇਰੀ ਇਛਿਆ ਹੋਵੈ ਸੁ ਮੰਗੁ। ਬ੍ਰਾਹਮਣ ਬੋਲਿਆ ਹਉ ਬਿਰਧਿ ਅਸਾ। ਮੇਰੈ ਅੰਦਰਿ ਕਾਮੈ ਦੀ ਚੇਸਟ ਹੋਈ ਹੈ। ਸੁ ਮੇਰਾ ਅੰਦਰੁ ਜਲਦਾ ਹੈ। ਮੇਰੀ ਬਿਰਧਿ ਅਵਸਥਾ ਹੈ ਕਿਸੈ ਪਾਸਿ ਨਾਹੀ ਆਖਿ ਸਕਦਾ ਅਤੇ ਕੋਈ ਏਹਾ ਸੁਝਦਾ ਭੀ ਨਾਹੀ। ਜਿਸਨੋ ਆਖਾਂ। ਤੇਰਾ ਭਰਵਾਸ ਕਰਦਾ ਅਸਾ ਜੁ ਅਗਨਿ ਨਿਵਾਰੁ ਓਹੁ ਇਸਤ੍ਰੀ ਬੋਲੀ ਜੀਉ ਭਲਾ ਹੋਵੈ। ਅਜੁ ਮੇਰਾ ਸਰੀਰੁ ਸਕਾਰਥਾ ਹੋਆ, ਤੇਰੈ ਕੰਮਿ ਆਵੈ। ਓਨਿ ਮੰਜਾ ਵਿਛਾਇਆ ਵਿਛਾਵਣੇ ਭਲੇ ਵਿਛਾਏ। ਬੋਲਿਆ ਜੀਉ ਅੰਦਰਿ ਆਈਐ, ਬ੍ਰਾਹਮਣ ਬੋਲਿਆ ਜੁ ਏਥੈ ਮੇਰਾ ਮਨੁ ਨਾਹੀ ਮਨੀਂਦਾ। ਪਰੁ ਜਿਥੈ ਹਉ ਆਖਾਂ ਤਿਥੈ ਚਲੁ। ਉਨਿ ਘਰੁ ਬਾਰੁ ਸਭੁ ਛਡਿਆ। ਉਸਦੇ ਨਾਲਿ ਉਠਿ ਚਲੀ। ਜਿਥੈ ਤੇਰੀ ਮਨਸਾ ਹੋਵੈ ਤਿਥੈ ਚਲੁ। ਚੋਵੈ ਚਲੇ, ਬਾਹੀਂ ਦੂਰ ਤਿਹੁ ਫਿਰਿ ਕੈ ਆਖਿਆ ਸੁ ਜੁ ਹਟਾਂ ਵਿਚਿ ਭਲਾ ਥਾਉ ਹੈ। ਇਸਤ੍ਰੀ ਬੋਲੀ ਜੁ ਭਲਾ ਹੋਵੈ ਜੀ। ਹਟਾ ਵਿਚਿ ਲੈ ਆਇਆ ਆਉਂਦਾ ਆਉਂਦਾ ਜਿਥੈ ਉਸਦਾ ਭਤਾਰੁ ਹਟਿ ਬੈਠਾ ਥਾ ਤਿਥੈ ਆਇਆ ਅਤੇ ਬੋਲਿਆ ਜੁ ਇਹੁ ਇਸਤ੍ਰੀ ਕਿਉ ਘਰਿ ਰਖੀ ਹੈ। ਹਉ ਬਿਰਧਿ ਬ੍ਰਹਮਣੁ ਅਸਾ ਅਤੇ ਮੈ ਨਾਲਿ ਏਹ ਲੁਭਤੁ ਹੋਈ ਹੈ। ਹੋਰ ਥੈ ਕਿ ਕਰਮ ਕਰਦੀ ਹੋਵੈਗੀ? ਇਸੁ ਇਸਤ੍ਰੀ ਹੋਦਿਆ ਤੇਰਾ ਬੁਰਾ ਹੈ। ਏਹੀ ਇਸਤ੍ਰੀ ਘਰਿ ਰਖੀਐ ਨਾਹੀ। ਅਤੇ ਇਹ ਇਸਤ੍ਰੀ ਘਰਿ ਸੰਗ੍ਰਹੀ ਅਸੀ। ਅਗਹੁ ਓਹੁ ਬੋਲਿਆ ਜੁ ਪਤਿਬ੍ਰਤਾ ਹੈ। ਅਤੇ ਵਡੀ ਭਗਤਿ ਹੈ ਅਤੇ ਮੈ ਇਸਨੋ ਆਖਿ ਛਡਿਆ ਹੈ। ਮੇਰੀ ਆਗਿਆ ਵਿਚਿ ਸਭ ਕੰਮ ਕਰਦੀ ਹੈ। ਇਹੁ ਗਲ ਸੁਣਿਕੈ ਓਨਾ ਦੀ ਦਇਆਲੁ ਹੋਆ ਆਪਣਾ

ਦਰਸਨ ਦਿਤਾ । ਜੁ ਕਿਛੁ ਓਨਾ ਦੀ ਕਾਮਨਾ ਸੀ ਸੁ ਪੂਰਨੁ ਹੋਈ ।

ਸਾਧ ਕੇ ਬਚਨਿ ਕਰਿਕੈ ਏਹੋ ਨਿਹਚਉ ਸੇਵਾ ਕਰੈ ਤਾ ਪਰਮੇਸਰ ਨੋ ਸਿਖੁ ਮਿਲੈ । ਇਹ ਸੇਵਾ ਹੋਰਨਾ ਜੁਗਾਂ ਕੀ ਹੈ ਪਰ ਕਲਜੁਗਿ ਕੇਹਾ ਸੇਵਾ ਕੀਚੈ? ਇਕ ਗੁਰੂ ਕੇ ਸਿਖ ਆਦਿ ਕੇ 'ਕਰਤਾਰ ਕਰਤਾਰ' ਕਰਦੇ ਹੈਨਿ ਅਤੇ ਅੰਦਰਹੁ ਨਹੀਂ ਜਪਦੇ, ਕੇਰੇ ਹੈਨਿ ਓਨਾ ਦਾ ਆਖਿਆ ਕੀਚੈ ਅਤੇ ਅੰਦਰਿ ਖਵਿ ਸਕੀਐ ਨਾਹੀ, ਜਿਸਦਾ ਆਖਿਆ ਨ ਕੀਚੈ । ਕਿ ਗੁਰੂ ਨੋ ਪੁਛਿਕੈ ਜੁ ਕਿਛੁ ਗੁਰੂ ਆਖੈ ਸੁ ਕੀਚੈ ਇਨਾ ਗਲਾਂ ਵਿਚਉ ਇਤਨੀਆ ਗਲਾਂ ਨ ਕੀਚਨਿ ਸੁ ਕੇਈ ਸਿਖੁ ਜਾਣੀਦਾ ਹੋਵਈ ਭਾਵੇ ਅਣ ਜਾਣੀਦਾ ਹੋਵਉ । ਅਤੇ ਬਹੁਤੁ ਕਰਮੁ ਆਖੈ ਅਤੇ ਅੰਦਰਿ ਖਵੈ ਨਾਹੀ ਤਾ ਓਹੁ ਕਰਮੁ ਕਰਣਾ ਅਤੇ ਜੀਉ ਬੁਰੇ ਕੰਮੇ ਨੋ ਧਾਵੈ , ਤਾ ਓਹੁ ਭੀ ਕਰਣਾ ਪਰ ਆਪਣੇ ਹਥਿ ਕਿਛੁ ਨਾਹੀ । ਜਾ ਮਨੁ ਬਿਕਾਰਾਂ ਨੋ ਧਾਵੈ ਤਾ ਗੁਰੂ ਅਰਾਧੀਐ । ਗੁਰੂ ਦੀ ਕਿਰਪਾ ਕਰੇ ਅਤੇ ਇਤਨੀਆ ਗਲਾ ਕਰਣੀਆ । ਜੋ ਸਿਖੁ ਜਾਣੀਦਾ ਭਾਵੇਂ ਅਣਜਾਣੀਦਾ ਹੋਵੈ ਤਿਸਦੀ ਬਾਹਰਲੀ ਸੇਵਾ ਖਵਾਲਣੈ ਦੀ, ਪੀਆਲਣੇ ਦੀ, ਝਲਣੇ ਦੀ, ਮੰਡਣੇ ਦੀ, ਪੈਰ ਧੋਵਣੇ ਦੀ ਸੇਵਾ ਕੀਚੈ ਅਤੇ ਸਿਖਾਂ ਪਾਸਿ ਅਰਦਾਸਿ ਕੀਚੈ ਜੁ ਪਰਮੇਸਰ ਨੋ ਕੀਕੂ ਮਿਲੀਐ ਅਤੇ ਸਿਖੁ ਉਪਦੇਸੁ ਕਰੇ ਅਤੇ ਅੰਦਰਿ ਹਿਤਾਵੈ ਸੁ ਕੀਚੈ । ਅਤੇ ਜੀਆ ਵਿਚਿ ਕਿਛੁ ਭਲਾ ਉਪਦੇਸੁ ਹੋਇ ਆਵੈ ਸੋ ਭੀ ਕੀਚੈ । ਸਭਨਾ ਗਲਾ ਤੇ ਸ੍ਰੇਸਟ ਗਲ ਏਹ ਹੈ ਜੁ ਗੁਰੂ ਕਾ ਹੁਕਮੁ ਹੋਵੈ ਭਾਵੈ ਅਰਦਾਸਿ ਕੀਤੀ ਅਤੇ ਹੁਕਮੁ ਹੋਵਉ । ਭਾਵੈ ਗੁਰੂ ਭਾਇ ਸੁਭਾਇ ਕਿਤੇ ਪਰਥਾਇ ਬੋਲੈ ਸੁ ਬਚਨੁ ਆਪਣੀ ਕਿਰਪਾ ਕਰਿ ਕੈ ਮਨਾਏ ਤਾਂ ਮੰਨਿ ਲੀਚੈ । ੧੯ ।

ਸਾਖੀ—ਇਕੁ ਸਿਖੁ ਥਾ ਉਨਿ ਗੁਰੂ ਕੀ ਸੇਵਾ ਕੀਤੀ, ਸੰਸਾਰ ਕੇ ਸੁਖ ਕੀ ਬਾਛਨਾ ਕਰਿ ਕੈ ਸੇਵਾ ਕੀਤੀ । ਅੰਤਰਿ ਆਤਮੇ ਕਾਮਨਾ ਕਰੈ, ਬਾਹਰਿ ਸੇਵਾ ਕਰੈ । ਗੁਰੂ ਪਰਮੇਸਰੁ ਅੰਤਰਜਾਮੀ, ਮਨ ਕਾਮਨੀ ਤੀਰਥੁ ਹੈ । ਉਸ ਉਪਰਿ ਦਇਆਲੁ ਹੋਆ ਸਿਖੈ ਨੋ ਆਗਿਆ ਕੀਤੀ । ਬਚਾ ! ਘਰੇ ਫਲਹੁ ਖਬਰਿ ਲੈ ਆਉ । ਸਿਖੁ ਘਰਿ ਆਇਆ ਘਰੈ ਦੇ ਆਦਮੀ ਆਖਣਿ ਲਗੇ ਜੁ ਤੂ ਗੁਰੂ ਦੀ ਸੇਵਾ ਕਰਦਾ ਹੈਂ ਸੁ ਤੈਨੋ ਗੁਰੂ ਕਿ ਦਿਤਾ ਕਿ ਨ ਦਿਤਾ । ਓਹੁ ਬੋਲਿਆ ਗੁਰੂ ਪਰਮੇਸਰੁ

ਹੈ ਮੈਨੋ ਸਭੁ ਕਿਛੁ ਦਿਤਾ ਹੈ । ਇਕੁ ਦੁਇ ਚਾਰਿ ਘੜੀ ਰਹਿ ਕੈ ਫਿਰਿ ਗੁਰੂ ਪਾਸਿ
ਚਲਿਆ ਜਾ ਨਗਰਹੁੰ ਬਾਹਰਿ ਆਏ ਤਾ ਇਕੁ ਪੰਡਿਤੁ ਬਿਰਧਿ ਬੈਠਾ ਹੈ । ਉਨਿ
ਪੰਡਿਤ ਗੁਰੂ ਕਾ ਸਿਖੁ ਪੁਛਿਆ : ਤੂ ਕਿਥੈ ਚਲਿਆ ਅਸਹਿ । ਓਹੁ ਸਿਖੁ ਬੋਲਿਆ
ਜੁ ਗੁਰੂ ਆਪਣੇ ਪਾਸਿ ਜਾਂਦਾ ਅਸਾ । ਪੰਡਿਤੁ ਬੋਲਿਆ ਜੁ ਮੇਰੀ ਹੋਈ ਗੁਰੂ ਪਾਸਿ
ਅਰਦਾਸਿ ਕਰੀਂ ਪਾਤਿਸਾਹ ਹਉ ਬਹੁਤ ਦੁਖ ਪਾਵਦਾ ਅਸਾ । ਖਰਾ ਬਿਰਧਿ ਹੋਆ
ਅਸਾ । ਮੇਰੀ ਮੁਕਤਿ ਹੋਵੈ ਓਥਹੁ ਆਗੈ ਚਲਿਆ ਜਾ ਅਗੈ ਦੇਖੈ ਤਾ ਸਰਪੁ ਮਹਾ
ਕੰਗਾਲ ਹੋਇ ਕੈ ਪੈ ਰਹਿਆ ਹੈ । ਕਰੰਗੁ ਨਦਰੀਂ ਆਉਂਦਾ ਹੈ ਹੋਰ ਮਾਸੁ ਚੰਮੁ
ਸੁਕਿ ਗਇਆ ਹੈ । ਉਨਿ ਸਾਪਿ ਪੁਛਿਆ ਜੁ ਤੂ ਕਿਥੈ ਜਾਂਦਾ ਅਸਹਿ ਓਹੁ ਸਿਖੁ
ਬੋਲਿਆ ਆਪਣੇ ਗੁਰੂ ਪਾਸਿ ਜਾਂਦਾ ਹਾਂ । ਸਰਪੁ ਬੋਲਿਆ ਜੁ ਮੇਰੀ ਹੋਈ ਗੁਰੂ
ਪਾਸਿ ਅਰਦਾਸਿ ਕਰਣੀ । ਹਉ ਬਿਰਧਿ ਹੋਆ ਅਸਾ । ਮਹਾ ਦੁਖੁ ਪਾਇਦਾ ਅਸਾ
ਤੇਰੀ ਕਿਰਪਾ ਤੇ ਮੇਰੀ ਮੁਕਤਿ ਹੋਵੈ । ਓਥਹੁ ਅਗੈ ਚਲਿਆ ਅਗੈ ਦੇਖੈ ਤਾ
ਗਿਰਾਂਇ ਅਗਿ ਲਗੀ ਹੈ ਮੁਕਦਮ ਦੇ ਘਰਿ । ਮੁਕਦਮੁ ਰੋਂਦਾ ਹੈ । ਉਨਿ ਮੁਕਦਮਿ
ਪੁਛਿਆ ਜੁ ਤੂ ਕਿਥੈ ਜਾਂਦਾ ਅਸਹਿ, ਓਹੁ ਸਿਖੁ ਬੋਲਿਆ ਜੁ ਗੁਰੂ ਪਾਸਿ ਜਾਂਦਾ
ਅਸਾ । ਮੁਕਦਮਿ ਆਖਿਆ ਜੁ ਮੇਰੀ ਅਰਦਾਸਿ ਗੁਰੂ ਪਾਸਿ ਕਰਣੀ ਜੁ ਪਾਤਿਸਾਹ
ਮੇਰੇ ਘਰਿ ਦਿਹਾਨਗੀ ਅਗ ਲਗਦੀ ਹੈ ਤੇਰੀ ਕਿਰਪਾ ਤੇ ਮੇਰੀ ਬਹੁੜੀ ਹੋਵੈ ।
ਪਾਤਿਸਾਹ ਉਨਾ ਤ੍ਰਿਹਾ ਕੈ ਬਾਬਤਿ ਕਿ ਹੁਕਮੁ ਹੈ ?

ਬਚਾ ! ਅਜ ਤੂ ਥਕਾ ਆਇਆ ਅਸਹਿ । ਜਾਇਕੈ ਰਸੋਈ ਜੇਉ । ਅਤੇ
ਜੇਵਿ ਕੈ ਸਵਿ ਰਹੁ । ਭਲਕਿ ਉਨਾ ਦੀ ਅਰਦਾਸਿ ਕਾ ਜਵਾਬੁ ਆਖਾਂਗਾ । ਸਿਖੁ
ਪੈਰੀ ਪੈ ਕੈ ਰਸੋਈ ਆਇ ਜੇਵਿਆ, ਜੇਵਿ ਕੈ ਜਾਇ ਸਵਿ ਰਹਿਆ । ਫਿਰਿ
ਤੀਜੈ ਪਹਰਿ ਆਇ ਕੈ ਗੁਰੂ ਕੀ ਪੈਰੀਂ ਪਇਆ ਸੇਵ ਕਰਣਿ ਲਗਾ ਰਾਤਿ
ਗੁਦਰੀ ਅੰਮ੍ਰਿਤ ਵੇਲਾ ਗੁਰੂ ਨ੍ਹਾਇ ਕੈ ਆਇ ਬੈਠਾ । ਸਿਖੁ ਪੈਰੀ ਪਇਆ ।
ਗੁਰੂ ਬੋਲਿਆ ਆਉ ਬਚਾ ! ਵਿਦਿਆ ਹੋਹੁ ਤੇਰੇ ਸਭ ਮਨੋਰਥ ਗੁਰੂ ਪੂਰਨ ਕੀਤੇ ।
ਗੁਰੂ ਬਹੁਤ ਕਿਰਪਾਲੁ ਹੋਆ । ਬੋਲਿਆ ਤੇਰੀ ਸਭਾ ਸੇਵਾ ਥਾਇ ਪਈ । ਅਤੇ
ਜਿਨਾ ਦੀ ਅਰਦਾਸਿ ਕੀਤੀ ਥੀ ਤੇਰੈ ਪਿਛੈ ਉਨਾ ਦੀ ਭੀ ਗਤਿ ਹੋਈ । ਪੰਡਿਤੈ

ਨੋ ਆਖਣਾ ਤੇਰੇ ਪਾਸਿ ਵਿ ਆ ਬਹੁਤੁ ਹੈ, ਵਿਦਿਆ ਕਿਸੈ ਨੋ ਦੇਹਿ, ਤਾ
ਤੇਰੀ ਮੁਕਤਿ ਹੋਵੈ। ਅਤੇ ਸਰਪੈ ਨੋ ਆਖਣਾ, ਤੇਰੈ ਪਾਸਿ ਦਰਬੁ ਬਹੁਤੁ ਹੈ
ਓਹੁ ਦਰਬੁ ਕਿਸੈ ਨੋ ਦੇਹਿ ਤਾ ਤੇਰੀ ਮੁਕਤਿ ਹੋਵੈ। ਅਤੇ ਮੁਕਦਮੈ ਨੋ
ਆਖਣਾ ਤੇਰੀ ਬੇਟੀ ਵਰ ਪਰਾਪਤੀ ਹੈ ਓਹੁ ਤੈਨੂ ਦੁਰਾਸੀਸਾ ਦਿਹਾਨਗੀ
ਦੇਂਦੀ ਹੈ। ਓਹੁ ਬੇਟੀ ਕਿਸੈ ਨੋ ਵੀਆਹਿ ਦੇਹਿ। ਤਾ ਤੇਰੀ ਬਾਹੁੜੀ ਹੋਵੈ।
ਫਿਰਿ ਤੇਰੇ ਘਰਿ ਅਗਿ ਲਗੈ ਨਾਹੀ। ਏਹ ਗਲ ਆਖਿ ਕੈ ਫਿਰਿ ਗੁਰੂ
ਕਿਰਪਾਲੁ ਹੋਆ। ਸਿਖੁ ਵਿਦਿਆ ਕੀਤਾ। ਸਿਖੈ ਨੋ ਪਰਤੀਤਿ ਥੀ ਗੁਰੂ
ਕੇ ਬਚਨੈ ਕੀ। ਬਹੁਤੁ ਖੁਸੀ ਹੋਇਆ, ਪੈਰੀ ਪੈ ਕੈ ਸਿਖੁ ਵਿਦਿਆ
ਹੋਇਆ। ਅਗੈ ਆਵੈ ਤਾ ਓਹੁ ਮੁਕਦਮੁ ਖੜਾ ਹੈ। ਆਇ ਕੈ ਪੈਰੀ
ਪਇਆ ਅਰਦਾਸਿ ਕੀਤੀ ਸ ਜੀਉ ਮੈਨੋ ਕਿ ਹੁਕਮੁ ਹੋਇਆ, ਆਖੀਐ।
ਸਿਖੁ ਬੋਲਿਆ ਤੇਰੈ ਬੇਟੀ ਵਰ ਪਰਾਪਤੀ ਹੈ ਓਸ ਦੇ ਦੋਖ ਤੇਰੇ ਘਰਿ
ਅਗਿ ਲਗਦੀ ਹੈ। ਓਸ ਨੋ ਵੀਆਹਿ ਦੇਹਿ। ਉਸਦਾ ਸੰਤੋਖੁ ਹੋਵੈ। ਤਾ
ਤੇਰੀ ਬਾਹੁੜੀ ਹੋਵੈ। ਏਹ ਗਲ ਸੁਣਿ ਕੈ ਮੁਕਦਮੁ ਪੈਰੀਂ ਪਇਆ। ਅਰਦਾਸਿ
ਕੀਤੀ ਜੀਉ ਨਿਹਾਲ ਹੋਆ ਅਤੇ ਬੇਟੀ ਆਪਣੀ ਮੈ ਤੈਨੋ ਦਿਤੀ ਗੁਰੂ ਕੈ
ਅਰਥਿ, ਤੂ ਮੇਰੀ ਬੇਟੀ ਕਾ ਅੰਗੀਕਾਰ ਕਰੁ। ਓਨਿ ਅੰਤਰਿ ਆਤਮੈ ਗੁਰੂ
ਕੀ ਉਸਤਤਿ ਕੀਤੀ ਜੁ ਪਾਤਿਸਾਹੁ ਤੇਰਾ ਬਚਨ ਸਤਿ ਹੈ ਜੁ ਕਿਛੁ ਹੋਂਦਾ
ਹੈ ਸੁ ਤੇਰੇ ਬਚਨਿ ਕਰਿ ਹੋਦਾ ਹੈ। ਓਥੈ ਵੀਆਹੁ ਹੋਆ। ਫਿਰਿ ਸਿਖੁ
ਮੁਕਦਮ ਕੀ ਬੇਟੀ ਲੈ ਕਰਿ ਆਇਆ, ਮੁਕਦਮ ਕੀ ਬਾਹੁੜੀ ਹੋਈ। ਅਗੈ ਸਰਪੁ
ਪਇਆ ਥਾ ਜਿਨਿ ਸਰਪਿ ਏਹੁ ਡਿਠਾ ਸਿਰੁ ਆਣਿ ਕੈ ਭੁਇ ਉਪਰਿ ਪੈਰੀ
ਪਇਆ। ਅਰਦਾਸਿ ਕੀਤੀ ਜੀਉ ਮੇਰੈ ਬਾਬਿ ਕਿ ਹੁਕਮੁ ਹੈ। ਸਿਖੁ ਬੋਲਿਆ ਤੇਰੈ
ਪਾਸਿ ਦਰਬੁ ਬਹੁਤੁ ਹੈ, ਓਹੁ ਕਿਸੈ ਨੋ ਦੇਹਿ ਤਾ ਤੇਰੀ ਮੁਕਤਿ ਹੋਵੈ।
ਗੁਰੂ ਕੇ ਬਚਨਿ ਕਰਿ ਸਰਪੁ ਬੋਲਿਆ ਜੀ ਮੈ ਦਰਬੁ ਤੈਨੋ ਸਭੋ ਦਿਤਾ।
ਦਰਬੁ ਸਭ ਸਿਖੈ ਨੋ ਦੇ ਕੈ ਸਰਪੁ ਗੁਰੂ ਦੇ ਬਚਨਿ ਮੁਕਤੁ ਹੋਆ। ਸਿਖ ਦਰਬੁ
ਲੈ ਕੈ ਗੁਰੂ ਨੋ ਅਰਾਧਦਾ ਚਲਿਆ। ਅਤੇ ਓਹੁ ਪੰਡਿਤੁ ਬੈਠਾ ਥਾ। ਦੇਖਿ

ਕੈ ਆਇ ਪੈਰੀ ਪਇਆ। ਅਰਦਾਸਿ ਕੀਤੀ ਜੁ ਮੇਰੇ ਬਾਬੇ ਕਿ ਹੁਕਮੁ ਹੈ ਓਹੁ ਸਿਖੁ ਬੋਲਿਆ ਤੈਂ ਪਾਸਿ ਵਿਦਿਆ ਬਹੁਤੁ ਹੈ। ਓਹੁ ਵਿਦਿਆ ਕਿਸੈ ਨੋ ਦੇਹਿ ਤਾ ਤੇਰੀ ਮੁਕਤਿ ਹੋਵੈ। ਓਹੁ ਪੰਡਿਤ ਬੋਲਿਆ ਜੁ ਮੈ ਵਿਦਿਆ ਸਭ ਤੈ ਨੋ ਦਿਤੀ। ਗੁਰੂ ਕੇ ਬਚਨਿ ਵਿਦਿਆ ਦਿਤੀ। ਪੰਡਿਤੁ ਮੁਕਤੁ ਹੋਆ। ਸਿਖੈ ਨੋ ਗੁਰੂ ਚਿਤਿ ਆਇਆ। ਮੁਕਦਮੈ ਕੀ ਬੇਟੀ, ਸਰਪੈ ਕਾ ਦਰਬੁ, ਪੰਡਿਤ ਕੀ ਵਿਦਿਆ, ਗੁਰੂ ਕੀ ਕਿਰਪਾ ਤੇ ਲੈ ਘਰਿ ਆਇਆ। ਗੁਰੂ ਕੀ ਸੇਵਾ ਤੇ ਜੁ ਮੰਗੀਐ ਸੁ ਪਾਈਐ। ਓਸੁ ਸਿਖੈ ਦੀ ਪਰਮ ਗਤਿ ਹੋਈ। ਜੁ ਕੋਈ ਗੁਰੂ ਕੀ ਸੇਵਾ ਕਰੈ ਸੁ ਸਭ ਨਿਧਾਨ ਪਾਵੈ ਸੋ ਦੇਹ। ੨੦।

ਸਾਖੀ— ਅਹਾੜੁ ਸੀਆਲੁ ਸਾਵਣੁ ਤਿੰਨੇ ਵਤਾਂ ਹੈਨਿ। ਅਹਾੜ ਕੀ ਵਤ ਤਮ ਗੁਣੁ ਹੈ। ਜੇ ਆਤਮਾ ਤਮ ਗੁਣੈ ਕੀ ਵਤ ਆਵੈ ਤਾ ਅੰਦਰਿ ਤਪਤਿ ਵਰਤਦੀ ਹੈ। ਜੇ ਕੋਈ ਭਲੀ ਗਲ ਭੀ ਆਖਦਾ ਹੈ ਤਾ ਬੁਰਾ ਲਗਦਾ ਹੈ। ਅਤੇ ਸਭਨਾ ਬੁਰੇ ਭਲੇ ਨਾਲਿ ਖਿਖਿ ਖਿਖਿ ਬੋਲਦਾ ਹੈ। ਅਤੇ ਸੀਆਲ ਕੀ ਵਤ ਰਜ ਗੁਣੁ ਹੈ। ਜਾ ਆਤਮਾ ਰਜਗੁਣੁ ਵਿਚਿ ਆਉਂਦਾ ਹੈ ਤਾ ਅੰਦਰਿ ਸੀਤਲਾਈ ਵਰਤਦੀ ਹੈ। ਅਤੇ ਭਲੇ ਬੁਰੇ ਨਾਲਿ ਹਸਿ ਹਸਿ ਬੋਲਦਾ ਹੈ। ਸਭਨਾ ਨੋ ਸੰਤੋਖਦਾ ਹੈ। ਅਤੇ ਸਾਵਣੀ ਵਤ ਸਤਗੁਣ ਵਿਚਿ ਹੋਦਾ ਹੈ ਤਾ ਅੰਦਰਿ ਦਇਆ ਵਰਤਦੀ ਹੈ। ਜੁ ਕੋਈ ਉਸ ਵਤੈ ਵਿਚਿ ਮੰਗੈ ਸੁ ਪਾਵੈ। ਅੰਮ੍ਰਿਤੁ ਵਰਤਦਾ ਹੈ। ਏਤਨੇ ਪ੍ਰਕਾਰ ਆਤਮੇ ਕੇ ਹੈਨਿ। ਜਿਸੁ ਕੈਤੇ ਨੋ ਦਇਆਲੁ ਹੋਵੈ ਤਿਸ ਦਾ ਆਤਮਾ ਸਤਗੁਣ ਵਿਚਿ ਵਰਤੈ। ਫਿਰ ਜਾ ਪੂਰਾ ਗੁਰੂ ਮਿਲੈ ਤਾ ਚਉਥੇ ਪਦੇ ਤੁਰੀਆ ਗੁਣੈ ਨੋ ਜਾਇ ਪ੍ਰਾਪਤਿ ਹੋਵੈ ਤਿਸੁ ਤੇ ਬ੍ਰਹਮ ਗਿਆਨੁ ਉਪਜੈ। ਸਰਬ ਮੈਂ ਪਰਮੇਸਰੁ ਦ੍ਰਿਸਟਿ ਆਵੈ। ਪਰਮਗਤਿ ਹੋਵੈ। ੨੧।

ਸਾਖੀ— ਪਰਮੇਸਰ ਕਾ ਸਰੂਪੁ ਤਿਨਿ ਪਰਕਾਰ ਕਾ ਹੈ—ਪ੍ਰਥਮ ਸਰੂਪੁ ਪਾਰਬ੍ਰਹਮੁ ਹੈ। ਦੁਤੀਆ ਸਰੂਪੁ ਗੁਰਦੇਵ ਰੂਪ ਹੈ। ਤ੍ਰਿਤੀਆ ਸਰੂਪ ਸੰਗਤਿ ਹੈ। ਜੇ ਕਿਸੈ ਨੋ ਪਾਰਬ੍ਰਹਮ ਮਾਰੈ ਤਾ ਗੁਰਦੇਉ ਬਖਸਾਵੈ। ਜੇ ਕਿਸੈ ਨੋ ਗੁਰਦੇਉ ਮਾਰੈ ਤਾ ਸੰਗਤਿ ਬਖਸਾਵੈ। ਜੇ ਕਿਸੈ ਨੋ ਸੰਗਤਿ ਮਾਰੇ ਸੁ ਕਿਥਾਈ ਛੁਟੈ ਨਾਹੀ।

ਜਾ ਫਿਰਿ ਸੰਗਤਿ ਹੀ ਕਿਰਪਾਲੁ ਹੋਵੈ ਤਾ ਬਖਸੀਐ । ੨੨ ।

ਸਾਖੀ— ਕੋਈ ਸਿਖ ਗੁਰੂ ਕੇ ਜਾਂਦਾ ਥਾ, ਇਕਨਿ ਪੰਡਿਤਿ ਪੁਛਿਆ ਜਿ ਕਿਥੈ ਚਲਿਆ ਅਸਹਿ, ਸਿਖੁ ਬੋਲਿਆ ਜੁ ਗੁਰੂ ਪਾਸਿ ਜਾਂਦਾ ਅਸਾ । ਪੰਡਿਤੁ ਬੋਲਿਆ ਮੇਰੀ ਹੋਂਦੀ ਇਕ ਪਰੀਖਿਆ ਗੁਰੂ ਪਾਸਹੁ ਪੁਛੀ ਜੋ ਅਸਾਧਵਸਤੁ ਕਉਣੁ ਅਤੇ ਮਨ ਕਾ ਮੇਰੁ ਕਉਣੁ ਹੈ ਅਤੇ ਜੀਐ ਕੀ ਕੋਠੜੀ ਕਉਣੁ ਹੈ ਏਹ ਗਲ ਪੰਡਿਤ ਪਾਸਹੁ ਸੁਣਿ ਕੇ ਸਿਖੁ ਗੁਰੂ ਪਾਸਿ ਆਇਆ । ਆਇ ਕੇ ਪੈਰੀਂ ਪਇਆ । ਗੁਰ ਬਹੁਤੁ ਕਿਰਪਾਲੁ ਹੋਆ । ਬਹੁਤੁ ਸੰਤੋਖਿਆ । ਸਿਖ ਮਹਲੁ ਦੇਖਿਕੈ ਅਰਦਾਸਿ ਕੀਤੀ ਜੀਉ ਪਾਤਿਸਾਹ ! ਇਕ ਪੰਡਤੁ ਹੈ ਓਹੁ ਮੈਨੋ ਮਿਲਿਆ ਅਤੇ ਬੋਲਿਆ ਜੁ ਤੂ ਕਿਥੈ ਜਾਣਾ ਹਾਂਹ ਮੈ ਬੋਲਿਆ ਜੁ ਗੁਰੂ ਪਾਸਿ ਜਾਂਦਾ ਅਸਾ ਪੰਡਿਤੁ ਬੋਲਿਆ ਮੇਰੀ ਹੁੰਦੀ ਗੁਰੂ ਪਾਸਿ ਪਰੀਖਿਆ ਕਰਣੀ ਜੁ ਅਥਾਪਵਸਤੁ ਕਉਣੁ ਹੈ ? ਗੁਰੂ ਬੋਲਿਆ ਬਚਾ ! ਅਥਾਪਵਸਤੁ ਕਉ ਗਿਆਨੁ ਹੈ । ਮਨ ਕਾ ਮੇਰੁ ਮਤਿ ਹੈ । ਜੀਅ ਕੀ ਕੋਠੜੀ ਸੁਰਤਿ ਪਉਣੁ ਹੈ । ਸਿਖਿ, ਪੰਡਿਤ ਪਾਸਿ ਆਇਕੇ ਆਖਿਆ । ਪੰਡਿਤਿ ਬਹੁਤੁ ਉਸਤਤਿ ਕੀਤੀ । ਨਿਹਾਲੁ ਹੋਆ, ਬੋਲਿਆ ਜੁ ਨਿਸੰਦੇਹ ਗੁਰੂ ਸੰਸਾਰੁ ਉਧਾਰਿਆ ਹੈ । ਗੁਰੂ ਪਰਮੇਸਰੁ ਹੈ । ੨੩ ।

ਸਾਖੀ— ਪਰਾਈ ਇਸਤ੍ਰੀ ਨਾਲਿ ਪ੍ਰੀਤਿ ਨਾਹੀ ਕਰਣੀ । ਜੇ ਪਰਮੇਸਰ ਕੀ ਭਗਤਣੀ ਹੋਵੈਗੀ ਤਾ ਭੀ ਤੋਟਾ ਹੈ ਲਾਹਾ ਨਾਹੀ । ਮੇਲੁ ਸਬਦ ਕਾ ਕਰਣਾ । ਜਿਥੈ ਗੁਰੂ ਕਾ ਸਬਦੁ ਹੋਵੈ ਤਿਥੈ ਮਿਲਣਾ । ਜਿਥੈ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ । ਗੁਰੂ ਕਾ ਆਖਣਾ ਹੈ ਅੰਨੁ ਬਹੁਤੀ ਭੁਖੇ ਲਗੀ ਜੇਵਣਾ । ਭਰੇ ਉਪਰਿ ਭਰਣਾ ਨਾਹੀ ਅੰਨੁ ਛੋਡਣਾ ਭੀ ਨਾਹੀ । ਸਵਣਾ ਤਾਂ ਜਾ ਨੀਂਦ ਬਹੁਤੀ ਆਵੈ ਨਿਦਾ ਬਿਨਾ ਸਵਣਾ ਨਾਹੀ ਗਾਫਲੀ ਹੈ । ਦੇਹੀ ਕਉ ਬਹੁਤ ਦੁਖੁ ਭੀ ਨਾਹੀ ਦੇਣਾ । ਹਿਕੈ ਤਾ ਬਾਣੀ ਹਿਕੈ ਤਾ ਗੁਰੂ ਕੀਆ ਗਲਾ ਕਰਣੀਆ ! ਹਿਕੈ ਤਾ ਕਿਸੈ ਇਆ ਬੁਲਾਇਆ, ਬੋਲਣਾ, ਸਬਦੁ ਗਾਵਣਾ ਕੂੜੁ ਨਾਹੀ ਬੋਲਣਾ । ਜੋ ਇਨ੍ਹਾ ਗਲਾਂ ਨੋ ਮਨੋ ਨਾਲਿ ਰਖੇਗਾ ਮਹਾਪੁਰਖ ਹੋਵੈਗਾ ਉਸਕਾ ਲੇਖਾ ਮਨੋ ਨਾਲਿ ਨਿਬੜੇਗਾ ।

ਉਸਕੇ ਕੁਲ ਕਾ ਉਧਾਰੁ ਹੋਵੈਗਾ। ਉਸਕੇ ਸੰਗੀ ਸਗਲ ਤਰਹਿੰਗੇ। ਗੁਰੂ ਕਾ ਆਖਣਾ ਹੈ। ਸਤਿ ਕਰਿ ਜਾਨਣਾ। ਗੁਰੂ ਕਾ ਆਖਣਾ ਹੈ। ਜੇ ਕੋਈ ਗੁਰੂ ਨਾਲਹੁ ਭੁਲਦਾ ਹੋਵੈ ਤਾ ਸਮਝਾਵਣਾ। ਆਪਣੀ ਪਿਰਹੁ ਆਖਣਾ। ਜੇ ਮੰਨੈ ਨਾਹੀ ਤਾ ਓਹੁ ਜਾਣੈ। ਏਹੁ ਆਖਣਾ ਗੁਰੂ ਕਾ ਹੈ : ਜੋ ਸਿਖੁ ਉਦਾਸੀ ਕਰੇਗਾ ਉਸਕਾ ਬੁਰਾ ਹੋਵੈਗਾ। ਜੋ ਸਿਖੁ ਗ੍ਰਿਸਤ ਵਿਚ ਅਰਾਧੇਗਾ ਪਰਮੇਸਰ ਗੁਰੂ ਸੁਖੀ ਰਖੈਗਾ। ਧਰਮੈ ਕੀ ਕੀਰਤਿ ਕਰਣੀ, ਦੇਵਣਹਾਰੁ ਗੁਰੂ ਬਾਬਾ ਹੈ। ਸਿਖ ਕੀ ਸੇਵਾ ਕਰਣੀ ਆਪਣਾ ਆਪੁ ਕਿਛੁ ਨਾਹੀ ਜਣਾਵਣਾ। ਹੋਵੈ ਜਿਤੈ ਗੁਰੂ ਨੋ ਸਉਪਣੇ। ਅਲਿਪਤੁ ਰਹਣਾ। ਗੁਰ ਕਾ ਆਖਣਾ ਹੈ। ੨੪।

ਸਾਖੀ ਮਹਲਾ ੫

ਬਹੋੜੇ ਸੁਨਿਆਰ ਕੈ ਪਰਥਾਇ ਹੋਈ। ਸ੍ਰੀ ਗੁਰੂ ਅਰਜਨ ਪਾਸਿ ਬਹੋੜਾ ਸੁਨਿਆਰੁ ਪੈਰੀਂ ਪਉਣਿ ਆਇਆ ਰਾਮਦਾਸ ਪੁਰਿ। ਸ੍ਰੀ ਗੁਰੂ ਅਰਜਨ ਪਾਸਿ ਅਰਦਾਸਿ ਕੀਤੀ ਬਹੋੜੈ ਸੁਨਿਆਰਿ ਜੀਉ ਪਾਤਿਸਾਹ! ਏਹੁ ਜੀਉ ਚਲਦਾ ਹੈ ਸੁ ਕਿਥੈ ਜਾਂਦਾ ਹੈ ਤਾ ਸ੍ਰੀ ਗੁਰੂ ਅਰਜਨ ਬੋਲਿਆ, ਜੋ ਗੁਰੂ ਕਾ ਸਿਖੁ ਹੋਵੈਗਾ ਸੋ ਸਹਿਜ ਸਮਾਵੈਗਾ, ਮਨਮੁਖੁ ਭੰਨਿ ਘੜੀਐਗਾ। ਤਾ ਬਹੋੜੈ ਅਰਦਾਸਿ ਕੀਤੀ ਜੀਉ ਪਾਤਿਸਾਹ! ਇਕਿ ਸਿਖ ਆਖੀਦੇ ਹੈਨਿ ਅਤੇ ਬਿਕਰਮ ਕਰਮ ਕਰਦੇ ਹੈਨਿ ਇਕਿ ਮਨਮੁਖ ਆਖੀਦੇ ਹੈਨਿ ਪਰੁ ਬਹੁਤੁ ਸਿਮਰਨ ਕਰਦੇ ਹੈਨਿ, ਬੰਦਗੀ ਭੀ ਕਰਦੇ ਹੈਨਿ, ਡਰਦੇ ਭੀ ਬਹੁਤ ਹੈਨਿ। ਜੀਉ ਪਾਤਿਸਾਹ! ਏਹ ਗਲ ਕੀਕੂ ਹੈ? ਤਾ ਸ੍ਰੀ ਗੁਰੂ ਜੀਉ ਬੋਲਿਆ ਗੁਰੂ ਕੇ ਸਿਖ ਸਭ ਹੈਨਿ, ਜਿਤਨੀ ਸਾਰੀ ਹੈ, ਇਕਨੀ ਹੁਕਮੁ ਮੰਨਿਆ ਇਕਨੀ ਨਾਹੀ ਮੰਨਿਆ, ਹੁਕਮੁ ਜਿਨੀ ਮੰਨਿਆ ਹੈ ਸ ਗੁਰਸਿਖ ਹੈਨਿ। ਤਾ ਬਹੋੜੇ ਅਰਦਾਸਿ ਕੀਤੀ ਜੀਉ ਪਾਤਿਸਾਹ ਸੁ ਤੇਰਾ ਕੇਹਾ ਹੁਕਮੁ ਹੈ, ਤਾ ਸ੍ਰੀ ਗੁਰੂ ਜੀ ਬੋਲਿਆ ਏਹੋ ਹੁਕਮੁ ਹੈ—ਪਰਾਈ ਇਸਤ੍ਰੀ ਨਾਲਿ ਪ੍ਰੀਤਿ ਨਾਹੀ ਲਾਵਣੀ। ਮਾਤਾ ਕਰਿ ਜਾਨਣੀ। ਪਰਾਈ ਸੁੰਦਰਿ ਕੈ ਨੇੜੈ ਨਾਹੀ ਜਾਵਣਾ। ਕੂੜੁ ਨਾਹੀ ਬੋਲਣਾ, ਪਰਾਈ ਨਿੰਦਾ ਨਾਹੀ ਕਰਣੀ, ਸੁਣਨੀ ਭੀ ਨਾਹੀ ਜਿਤੁ ਕੰਮਿ ਕੋਈ ਦੁਖੀਐ, ਸੋ ਕੰਮੁ ਨਾਹੀ ਕਰਣਾ। ਆਪਣੀ ਪਿਰਹੁ ਕੋਈ ਦੁਖਾਵਣਾ ਨਾਹੀ। ਸਰਬ ਜੀਆ ਵਿਚਿ ਇਕੋ ਕਰਿ ਜਾਨਣਾ। ਬਗੈਰਿ ਪਾਰਬ੍ਰਹਮੈ ਹੋਰ ਸੁ

ਕਿਸੈ ਦੀ ਬਖੀਲੀ ਨਾਹੀ ਕਰਣੀ। ਸ੍ਰੀ ਗੁਰੂ ਜੀਉ ਕੇ ਉਪਦੇਸ ਨਾਲਿ ਮਨੁ ਲਾਉਣਾ। ਸਤਿਗੁਰੂ ਕੇ ਉਪਦੇਸ ਨਾਲ ਹੋਰੁ ਨਾਹੀ ਜਪਣਾ । ਉਠਦਿਆਂ ਬਹਿੰਦਿਆ, ਸਉਂਦਿਆਂ, ਹਿਰਦੇ ਅੰਦਰਿ ਸ੍ਰੀ ਸਤਿਗੁਰੂ ਜੀਉ ਦੀ ਮੂਰਤਿ ਨਾਲਿ ਮਨੁ ਲਾਵਣਾ। ਧਨੁ, ਰੂਪ, ਗ੍ਰਿਹ, ਵਸਤ੍ਰ, ਭੋਜਨ, ਸੋਭਾ, ਸਾਹਿਬੀਆਂ, ਖੁਸੀਆਂ, ਮੋਖ ਮੁਕਤਿ, ਵਡਿਆਈਆ, ਪਰਮੇਸਰ ਕੇ ਨਾਵੈ ਵਿਚਿ ਕਰਿ ਜਾਨਣੀਆਂ। ਏਹ ਗਲ ਜਾਣੈਗਾ ਤਾ ਗੁਰਮੁਖਿ ਹੋਵੈਗਾ । ਤਾ ਬਹੋੜੈ ਅਰਦਾਸਿ ਕੀਤੀ ਜੀਉ ਪਾਤਿਸਾਹ ! ਮਨਮੁਖਾਂ ਕਾ ਕਿ ਹਵਾਲੁ ਹੋਵੈਗਾ ਤਾ ਸ੍ਰੀ ਗੁਰੂ ਅਰਜਣ ਬੋਲਿਆ, ਮਨਮੁਖ ਕਾਲੈ ਕੈ ਵਸਿ ਹੈਨਿ ਦੂਜੈ ਵਿਚਿ ਹੈਨਿ, ਜੰਮਣ ਮਰਣ ਵਿਚਿ ਹੈਨਿ ਜੇਹਾ ਕਰੈ ਤੇਹਾ ਹੋਵਉ। ਤਾ ਬਹੋੜੈ ਸ੍ਰੀ ਸਤਿਗੁਰੂ ਜੀਉ ਪਾਸਿ ਅਰਦਾਸਿ ਕੀਤੀ ਜੀਉ ਪਾਤਿਸਾਹ ਤੂ ਗਲਾਂ ਆਖਦਾ ਹੈਹਿ ਗੁਰਮੁਖਾ ਕੀਆ ਸੁ ਅਸਾ ਥਾਵਹੁ ਨਾਹੀ ਹੋਂਦੀਆ। ਜਿਸੁ ਥਾਵਹੁ ਕਰਾਇਹਿ ਸੋ ਕਰੈ। ਅਸਾਡਾ ਕਿ ਹਵਾਲੁ ਹੋਵੈਗਾ ਤਾ ਸ੍ਰੀ ਸਤਿਗੁਰੂ ਜੀਉ ਬੋਲਿਆ, ਅਪਣੀ ਧਿਰਹੁ ਗਾਫਲ ਹੋਇ ਨਾਹੀ ਰਹਣਾ। ਅਪਣੀ ਧਿਰਹੁ ਲੋੜਣਾ ਗੁਰੂ ਬਾਬੇ ਨੋ ਸਰਮਾ ਹੈ ਦਰਸਨ ਡਿਠੇ ਦੀ ਅਤੈ ਜਿ ਗੁਰੂ ਆਪਣੀ ਪੈਰੀ ਪਾਏ ਹੈਨਿ ਤਿਨਾ ਦੀ ਸਭਾ ਪੂਰੀ ਹੈ ਤਿਨਾ ਦਾ ਅੰਗੀਕਾਰੁ ਕਰੈਗਾ। ਸਜਾਈਂ ਦੇਵੈਗਾ ਤਾ ਆਪੇ ਵਡਿਆਈ ਦੇਵੈਗਾ। ਤਾ ਆਪੇ ਦੂਤਾ ਕਿਹੁ ਵਸਹੁ ਕਢੈਗਾ। ਦਰਗਹਿ ਫਰਕੁ ਕਰੈਗਾ। ਤਾ ਬਹੋੜੈ ਅਰਦਾਸਿ ਕੀਤੀ ਜੀਉ ਪਾਤਿਸਾਹ ! ਅਸੀ ਸੁਨਿਆਰੇ ਅਸਹਿ, ਕਾਰ ਕਰਦੇ ਅਸਹਿ, ਅਸਾਡਾ ਕਿ ਹਵਾਲੁ ਹੋਗੁ ਤਾ ਸ੍ਰੀ ਗੁਰੂ ਅਰਜਨੁ ਬੋਲਿਆ ਆਪਣੀ ਕਿਰਤਿ ਸਭ ਕੋਈ ਕਰੇ। ਏਹ ਗਲ ਗੁਰੂ ਨੋ ਖੁਸੀ ਆਵਦੀ ਹੈ, ਪਰੁ ਭੈ ਵਿਚਿ ਕਾਰ ਕਰਣੀ। ਇਉਂ ਨਾਹੀ ਕਰਣੀ ਖੁਸਿ ਖੋਹਿ ਅੰਦਰਿ ਆਣਿ ਧਾਰਣੀ। ਧਰਮ ਕੀ ਕਿਰਤਿ ਕਰਣੀ। ਦੇਵਣਹਾਰੁ ਗੁਰੂ ਬਾਬਾ ਹੈ। ਤਾ ਬਹੋੜੈ ਸ੍ਰੀ ਗੁਰੂ ਪਾਸਿ ਅਰਦਾਸਿ ਕੀਤੀ ਜੀਉ ਪਾਤਿਸਾਹ ! ਸਾਸਤ੍ਰ ਗੀਤਾ, ਗਾਇਤ੍ਰੀ, ਇਕਾਦਸੀ, ਤਰਪਣੁ ਵਡੇ ਵਡੇ ਸਉਣ ਸੰਜੋਗ, ਏਹ ਗਲ ਕਿਤੂੰ ਹੈ ? ਸ੍ਰੀ ਸਤਿਗੁਰੂ ਜੀਉ ਬੋਲਿਆ, ਜਿਨਾ ਦਾ ਮਨੁ ਪਰਮੇਸਰ ਨਾਲਿ ਲਗਾ ਓਨਾ ਦੀ ਸਭ ਪੂਰੀ ਹੈ। ਪਰੁ ਸੰਸਾਰ ਵਿਚਿ ਜਿਉ ਤਿਉ ਰਖਣਾ। ਭਗਤਾ ਦੇ ਵਰਿ ਘਟਿ ਕਾਈ ਨਾਹੀ। ਏਹ ਗਲਾ ਆਪਣੇ ਜੀਐ ਨਾਲਿ ਹਢਾਵਣੀਆ, ਪੈਰੀਂ

ਪੈ ਕੇ, ਗੁਰੂ ਦੀ ਚਾਲ ਗੁਰੂ ਜਾਣੈ । ੨੫ ।

ਸਾਖੀ —ਬੇਦ ਜੁ ਹੋਇਆ ਹੈ ਸੁ ਬਿਦਿਆ ਤੇ ਹੋਇਆ ਹੈ ਬ੍ਰਹਮੇ ਤੇ ਉਤਪਤਿ ਹੋਈ ਹੈ, ਤਦਿ ਬੇਦੁ ਹੋਇਆ ਹੈ । ਰਚਨਾ ਕੇ ਵਰਤਮਾਨ ਤੇ ਬੇਦੁ ਹੋਇਆ । ਇਤਿ ਵੇਦ ਕੇ ਵਚਨ ਤੇ ਮਨੁ ਭਿਜਦਾ ਨਾਹੀ । ਜੋ ਪੰਡਿਤ ਉਕਤਿ ਧਾਰਿ ਕੈ ਬੇਦੁ ਕਥਿਆ ਹੈ । ਅਤੇ ਬਾਣੀ ਤੇ ਮਨੁ ਭਿਜਦਾ ਹੈ । ਬਾਣੀ ਭਗਤਾਂ ਤੇ ਉਪਤਿ ਹੋਈ ਹੈ ਭਗਤ ਅਤੇ ਪਰਮੇਸੁਰ ਭੇਦੁ ਨਾਹੀ ਜੁ ਕਿਛੁ ਭਗਤਾਂ ਬੋਲਿਆ ਸੁ ਪਰਮੇਸਰ ਕੇ ਵਾਕ ਹੈਨਿ । ਉਨਾ ਕੀ ਬਿਮਲ ਮਤਿ ਹੈ । ਜੋ ਕਿਛੁ ਬੋਲਦੇ ਹੈਨਿ ਸੋ ਅਗਾਹ ਮਤਿ ਬੋਲਦੇ ਹੈਨਿ ਉਨਾ ਕੇ ਵਚਨਿ ਪਰਮੇਸੁਰ ਕੀ ਕ੍ਰਿਪਾ ਹੈ । ਸੰਤ ਵਚਨ ਤੇ ਮਨੁ ਭਿਜਦਾ ਹੈ । ਉਨਾ ਦੇ ਵਚਨ ਪਰਮੇਸਰ ਨੋ ਭਾਉਂਦੇ ਹੈਨਿ । ਇਤਿ ਪਰਮੇਸੁਰ ਉਨਾ ਦੀ ਵਚਨੀਂ ਵਸਿ ਆਵਦਾ ਹੈ । ੨੬ ।

ਸਾਖੀ ਮ: ੫— ਸ੍ਰੀ ਸਤਿਗੁਰੂ ਅਰਜਨਿ ਆਖਿਆ, ਸਬਦੁ ਰਾਗਿ ਧਾਇ ਅੰਮ੍ਰਿਤੁ ਹੈ, ਰਾਗਿ ਧਾਇ ਗਾਵੀਐ ਤਾਂ ਮਹਾ ਅੰਮ੍ਰਿਤੁ ਹੋਇਆ, ਆਤਮੇ ਅੰਤਰਿ ਭੇਟੈ ਅਤੇ ਜੇ ਬਿਨਾ ਰਾਗ ਅਤੇ ਜੋ ਮਧਮ ਰਾਗਿ ਗਾਵੀਐ ਤਾਂ ਭੀ ਮਹਾ ਅੰਮ੍ਰਿਤ ਹੈ ਪਰੁ ਰਾਗ ਜਾਣ ਅਜਾਣ ਨੋ ਭੀ ਭੇਦਦਾ ਹੈ ਅਤੇ ਬਿਨਾ ਰਾਗ ਅਜਾਣ ਨੋ ਨਾਹੀ ਭੇਦਦਾ ਪਰ ਸੁਣੇ ਤੇ ਸਭਨਾ ਨੂੰ ਫਲ ਦੇਂਦਾ ਹੈ । ੨੭ ।

ਸਾਖੀ—ਮਨੁਖ ਦੀ ਸਾਰੀ ਦੇਹੀ ਵਿਚਹੁ ਆਪਣੀ ਜੋਤਿ ਅਖੀਂ ਵਿਚਿ ਪਰਮੇਸਰਿ ਰਖੀ ਹੈ । ਅਖੀਂ ਵਿਚਿ ਜੁ ਪੁਤਲੀ ਹੈ ਸੁ ਪਰਮੇਸਰੁ ਰੂਪ ਹੈ । ਸਭਨਾ ਇੰਦ੍ਰੀਆ ਵਿਚਿ ਅਪਨਾ ਰੂਪ ਦਸਵੇ ਦੁਆਰਿ ਰਖਿਆ ਹੈ । ਓਤੁ ਮੰਦਰ ਕੈ ਦੁਆਰਿ ਬੈਠਾ ਚਰਿਤ ਦੇਖਦਾ ਹੈ । ਏਤੁ ਰੂਪਿ ਘਟਿ ਘਟਿ ਦਾ ਭੇਦੀ ਹੈ ਅਤੇ ਅੰਦਰ ਰੂਪੀ ਤਾਂ ਪਉਣ ਰੂਪੀ ਸਰਬਤ ਇੰਦ੍ਰੀਆ ਭੇਦੀਆ ਹੈਨਿ । ਜੁ ਕਿਛੁ ਇਸੁ ਮਨੁਖ ਦੀ ਦੇਹੀ ਵਿਚਿ ਮਨਸਾ ਵਰਤਦੀ ਹੈ ਸਾ ਜਾਣਿ ਕਰਿ ਤੇਹੋ ਫਲ ਦੇਂਦਾ ਹੈ । ਪਿੰਡ ਜਾ ਪਰਮੇਸਰ ਨਾਲਿ ਹੋਵੈ ਅਤੇ ਓਸੁ ਪਾਸਹੁ ਕਿਛੁ ਛੁਪਾਇਕੇ ਹੀ ਕਰਮ ਕਿਉ ਕੀਚਨਿ, ਜਿਨੀ ਬੁਰੇ ਫਲ ਲਗਨਿ । ਅਤੇ ਪਰਮੇਸਰ ਦੀ ਦਰਗਾਹ ਸ਼ਰਮਿੰਦਿਆ ਹੋਈਐ । ਸੁ ਕਰਮ ਕਿਉ ਕੀਚਨਿ ਜਿਨਾ ਤੇ ਸਭ ਫਲ ਭਲੇ ਲਗਨਿ ਅਤੇ ਤਿਹੁ

ਲੋਕਾ ਵਿਚਿ ਸਦਬ ਕਲਿਆਣ ਹੋਵੈ । ੨੮ ।

ਸਾਖੀ—ਜੇ ਕਿਸੈ ਸਿਖ ਸੰਤ ਨੋ ਆਪਣੇ ਕੰਮੁ ਬਹੁਤੁ ਪਏ ਹੋਵਨਿ ਅਤੈ ਜਿ ਉਨਾ ਕੰਮਾ ਵਿਚਿ ਉਦਮੁ ਕਰੈ ਨਾਹੀ ਵਿਲ ਪਈ ਵਿਗੜ ਜਾਂਦੇ ਹੋਵਨਿ । ਅਤੇ ਓਤੇ ਸਮੇ ਗੁਰੂ ਜੀ ਕੀ ਕਾਰ ਆਇ ਪਵੈ ਤਾ ਆਪਣੇ ਸਭ ਕੰਮ ਛਡਿ ਕਰਿ ਗੁਰੂ ਕੇ ਕੰਮਿ ਜਾਵਣਾ । ਜਾ ਗੁਰੂ ਕਾ ਕੰਮੁ ਸਵਰੈ ਤਾ ਆਪਣੇ ਕੰਮਿ ਲਗਣਾ । ਉਸੁ ਪੁਰਖ ਦੇ ਕੰਮ ਗੁਰੂ ਪੂਰਣ ਕਰੈ । ਏਤੁ ਗਲੈ ਭੇਦ ਨਾਹੀ । ਜਿਉ ਸਿਖੁ ਗੁਰੂ ਕੇ ਕੰਮ ਨੋ ਲੋੜੇ ਤਿਉ ਗੁਰੂ ਸਿਖਾ ਦੀ ਕੰਮੀਂ ਹੋਂਦਾ ਹੈ । ਪਰਮੇਸਰੁ ਉਸੁ ਸਿਖ ਦੇ ਕੰਮ ਅਚਿੰਤੁ ਸਵਾਰਦਾ ਹੈ । ੨੯ ।

ਸਾਖੀ—ਜਾ ਸਿਖੁ ਗੁਰ ਕੈ ਜਾਵੈ ਤਾ ਦੁਆਰੈ ਜਾਇਕੈ ਗੁਰੂ ਕੇ ਦਰਸਨ ਬਾਝੁ ਚਿਤੁ ਹੋਰ ਥੈ ਰਖੈ ਨਾਹੀ । ਲੋਚਾ ਆਪਣੀ ਦਰਸਨ ਵਿਚਿ ਰਖੈ । ਦਰਸਨੁ ਅਘਾਇ ਦੇਖੈ । ਅਤੇ ਉਪਦੇਸੁ ਸੁਣੇ ਅਤੇ ਪਰਸਾਦੁ ਪਾਇ । ਅਤੇ ਸਹਜੈ ਦੇ ਘਰਿ ਵਿਦਿਆ ਹੋਵੈ ਤਾ ਉਸੁ ਸਿਖ ਦੇ ਕੰਮ ਸਪੂਰਨੁ ਹੋਵਨਿ । ੩੦ ।

ਸਾਖੀ—ਮਹਾਪੁਰਖੁ ਜੁ ਹੈਨਿ ਸੋ ਪਰਮੇਸਰ ਕਾ ਰੂਪ ਹੈਨਿ । ਜੇ ਕੋਈ ਪਰਮੇਸਰੁ ਕਾ ਰੂਪੁ ਡਿਠਿਆ ਲੋੜੈ, ਮਹਾ ਪੁਰਖ ਕਾ ਦਰਸਨੁ ਕਰਉ । ਜਣੁ ਪਰਮੇਸੁਰ ਕਾ ਦਰਸਨੁ ਕੀਤਾ । ਕਿ ਪਰਮੇਸਰੁ ਨਿਰੰਕਾਰੁ ਸਰੂਪੀ ਹੈ । ਉਸੁ ਪੁਰਖੁ ਦਾ ਕਿ ਦਿਸੈ, ਪਰੁ ਉਸੁ ਪੁਰਖ ਦੀ ਕੁਦਰਤਿ ਦਿਸਦੀ ਹੈ ਜੋ ਮਹਾ ਪੁਰਖ ਦੇ ਆਤਮੇ ਵਿਚਿ ਵਸਦਾ ਹੈ । ਸੁ ਮਹਾ ਪੁਰਖ ਏਤੁ ਪਰਮੇਸਰੁ ਕਾ ਰੂਪੁ ਹੈਨਿ । ਅਤੇ ਉਨਾ ਦੇ ਅੰਮ੍ਰਿਤ ਵਚਨ ਹੈਨਿ । ਜੋ ਹੈਨਿ ਸੋ ਪਰਮੇਸੁਰ ਨੋ ਭਾਂਵਦੇ ਹੈਨਿ । ਏਤੁ ਪਰਮੇਸੁਰ ਮਹਾਪੁਰਖਾ ਦਿਆ ਵਚਨਾ ਦੇ ਵਸਿ ਹੈ । ਜੇ ਕੋਈ ਸੰਤੁ ਭਗਤੁ ਗੁਰਮੁਖ ਉਨਾ ਵਚਨਾ ਪਾਇ ਪਰਮੇਸਰ ਨੋ ਅਰਾਧੇ ਪਉਣੁ ਅਸਥਿਰੁ ਰਖਿ ਕੈ ਨਾਭਿ ਕਵਲ ਦੇ ਵਿਖੇ ਅਤੇ ਸੁ ਆਤਮੇ ਅੰਤਰਿ ਧਿਆਨੁ ਲਾਇ ਕਰਿ, ਸੁਰਤਿ ਕੈ ਘਰਿ ਆਇ ਕਰਿ ਗੁਰਮੁਖਿ ਬਾਣੀ ਅੰਮ੍ਰਿਤ ਰਾਗਿ ਪਾਇਕੈ ਨਿਰਮਲ ਜਸੁ ਗਾਵੈ ਸਬਦੁ ਅਖੰਡਤੁ । ਤਦਿ ਉਸੁ ਸੰਤ ਨੋ ਪਰਮੇਸਰੁ ਵਿਸ ਰੂਪੀ ਤਤਕਾਲਿ ਆਇ ਮਿਲੈ । ਜੋ ਓਹੁ ਪੁਰਖੁ ਮਹਾ ਉਦਿਆਨ ਵਿਚਿ ਬੈਠੇ ਪਰਮੇਸਰੁ ਅਰਾਧੇ

ਵਿਕੇਲਾ। ਪਾਸਿ ਕੋਈ ਹੋਵੈ ਸੁ ਨਾਹੀ। ਤਾ ਅਰਾਧਣ ਦੇ ਪਰਸਾਦਿ ਸੰਬੂਹ ਸੰਗਤਾਂ ਦੇ ਉਸੁ ਪਾਸਿ ਆਇ ਜੁੜਨਿ। ਓਹ ਸੰਗਤੀ ਪਰਮੇਸੁਰ ਕਾ ਰੂਪ ਹੈਨਿ ਵਿਸੁ ਰੂਪੀ ਪਰਮੇਸਰ ਆਪਣਾ ਜਸੁ ਸੁਣਨੇ ਆਇ ਇਕਠਾ ਹੋਦਾ ਹੈ। ਨਾਹੀ ਘਟਿ ਘਟਿ ਪਰਮੇਸਰੁ ਹੈ। ਪਰਗਟੁ ਗੁਰੂ ਕੈ ਸਬਦਿ ਹੈ। ਬਿਨੁ ਸਬਦਾ ਮੁਕਤਾ ਨਾਹੀ। ੩੧।

ਸਾਖੀ—ਜੇ ਕੋਈ ਸਿਖੁ ਪਉਣੁ ਮ ਸਰਿਰ ਰਖਿ ਕਰਿ ਸੁਚਾਤ ਜਪੁ ਪੜੈ ਨਿਰਕੈ ਜੀਉ ਪੜਦਿਆ ਚਿਤੁ ਅਨਤ ਚਲਿ ਜਾਵੈ ਨਾਹੀ। ਅਤੇ ਆਦਿ ਅੰਤਿ ਤੀਕੁ ਪੜਦਿਆ ਤੀਕੁ ਮਨੁ ਹਜੂਰਿ ਰਹੇ। ਤਾ ਉਸੁ ਪੁਰਖ ਨੋ ਸੰਸਾਰੁ ਸਾਵਧਾਨੁ ਜੈਕਾਰੁ ਕਰਦਾ ਪਿਛੈ ਲਗਾ ਫਿਰੈ। ਅਤੇ ਲਛਮੀ ਭੀ ਅਚਿੰਤੁ ਨਾਲੇ ਆਇ ਵੜੈ। ਅਤੇ ਸਮਾਧਿ ਕੇ ਵਿਖੈ ਗੁਪਤ ਜਿਤਨੇ ਹੈਨਿ ਤਿਤਨੇ ਡੰਡਉਤਿ ਉਸੁ ਪੁਰਖ ਨੋ ਕਰਨਿ। ਜਪੁ ਥੀਂ ਉਪਰਿ ਮੰਤ੍ਰ ਨਾਹੀ। ਸਿਰਿ ਮੰਤ੍ਰਾ ਕੇ ਮੰਤ੍ਰੁ ਜਪੁ ਹੈ। ਜੇ ਕੋਈ ਧਿਆਨੁ ਲਾਇ ਕਰਿ ਪਰਮਾਤਮੇ ਨਾਲਿ ਪੜੈ ਅਤੇ ਸੁਣੈ ਤਾ ਉਸ ਪੁਰਖ ਨੋ ਨਉਨਿਧੀ ਪਿਛੈ ਲਗੀਆ ਫਿਰਨਿ। ਪੰਹਿ ਕਿਛੁ ਸਕੈ ਨਾਹੀ। ੩੨।

ਸਾਖੀ—ਆਤਮਾ ਪਰਮਾਤਮਾ ਦੋਵੇਂ ਦੇਹੀ ਵਿਚਿ ਵਸਦੇ ਹੈਨਿ। ਆਤਮਾ ਮਾਇਆ ਤ੍ਰਿਸਨਾ ਵਿਆਪਤੁ ਹੈ। ਅਤੇ ਪਰ-ਆਤਮਾ ਮਾਇਆ ਤ੍ਰਿਸਨਾ ਤੇ ਨਿਰਲੇਪ ਹੈ। ਇਸਤੇ ਆਤਮਾ ਦੁਖੁ ਸੁਖ ਤੇ ਭਿੰਨੁ ਨਾਹੀ। ਅਤੇ ਆਤਮਾ ਨਿਰਾਲਮੁ ਰਹਦਾ ਹੈ ਦੁਖ ਸੁਖ ਤੇ ਪਰੇ ਹੈ। ਪਰ ਆਤਮੇ ਨੋ ਛੁਟਿ ਕੀਰਤਨ ਹੋਰੁ ਕੋਈ ਨਾਹੀ ਬ੍ਰਹਮ ਰੂਪੀ ਪਰ ਆਤਮਾ ਹੈ। ਜਦਿ ਆਤਮਾ ਪਰ ਆਤਮੇ ਨੋ ਮਿਲਦਾ ਹੈ, ਤਦਿ ਮੁਕਤਾ ਹੋਦਾ ਹੈ। ਗੁਰੂ ਆਖਿਆ ਹੈ। ੩੩।

—o—

(੨)

'ਪੁਰਾਤਨ ਜਨਮ ਸਾਖੀ' ਵਿਚੋਂ

ਸ੍ਰੀ ਸਤਿਗੁਰ ਪ੍ਰਸਾਦਿ

ਪ੍ਰਿਥਮੇ ਉਦਾਸੀ ਕੀਤੀ ਪੂਰਬ ਕੀ

ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ ਤਦਹੁ ਕੁ ਪਉਣ ਅਹਾਰੁ ਕੀਆ। ਪਹਿਰਾਵਾ ਬਾਬੇ ਕਾ—ਏਕ ਬਸਤਰੁ ਅੰਬੋਆ, ਏਕੁ ਬਸਤਰੁ ਚਿਟਾ। ਏਕੁ ਪੈਰਿ ਜੁਤੀ, ਏਕੁ ਪੈਰਿ ਖਉਂਸ, ਗਲਿ ਖਫਨੀ, ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਕੀ ਮਥੈ ਤਿਲਕੁ ਕੇਸਰ ਕਾ।

ਤਦਹੁ ਰਾਹ ਵਿਚਿ ਸ਼ੇਖ ਫਰੀਦੁ ਮਿਲਿਆ ਸੁਖਪਾਲ ਵਿਚ ਚੜਿਆ ਜਾਂਦਾ ਆਹਾ। ਤਿਸਕੇ ਲਕੜਿਆਂ ਨਾਲਿ ਛਿਆ ਕਹਾਰ ਥੇ। ਜਬਿ ਓਹੁ ਨਾਇ ਉਤਰਿਆ ਏਕ ਦਰਖਤ ਤਲੈ ਤਾਂ ਉਹ ਲਾਗੇ ਦਿਹਣ ਅਤੇ ਝਲਣਿ ਤਬਿ ਮਰਦਾਨੇ ਆਖਿਆ, 'ਜੀ! ਖੁਦਾਇ ਏਕੁ ਹੈ, ਕਿਉਂ ?' ਤਬਿ ਬਾਬੇ ਆਖਿਆ, 'ਹੇ ਮਰਦਾਨਿਆ! ਖੁਦਾਇ ਏਕ ਹੈ।' ਤਬਿ ਮਰਦਾਨੇ ਅਰਜ਼ ਕੀਤੀ ਆਖਿਓਸੁ 'ਜੀ ਪਾਤਿਸਾਹੁ! ਓਹੁ ਕਿਸ ਕੀ ਪੈਦਾਇਸ ਹੈ ਅਤੇ ਓਹੁ ਕਿਸਕੀ ਪੈਦਾਇਸ਼ ਹੈ ਜੋ ਸੁਖ ਪਾਲਿ ਵਿਚਿ ਚੜ੍ਹਿਆ ਆਇਆ ਹੈ ? ਅਤੇ ਓਹ ਪੈਰਾਂ ਤੇ ਉਪੇ ਹਾਣੇ ਭੀ ਨਹੀਂ ਅਤੇ ਪਿੰਡੇ ਨਾਂਗੇ ਕਾਧੇ ਦੀਥੇ ਤੇ ਲਈ ਆਇ ਹੈਂਗੇ ਅਤੇ ਓਹ ਬੈਠੇ ਝਿਕਦੇ ਹਨ। ਤਬਿ ਬਾਬਾ ਬੋਲਿਆ—

ਪੂਰਬ ਜਨਮ ਕੇ ਤਪੀਏ, ਪਾਲੇ ਸਹਿਆ ਡੰਗ
ਤਬਿ ਕੇ ਫਕੇ ਨਾਨਕਾ, ਅਬਿ ਮੰਡਾਵਨਿ ਅੰਗ ।੧।

ਤਬਿ ਬਾਬੇ ਆਖਿਆ ਮਰਦਾਨਿਆ ਤਪੁ ਤੇ ਰਾਜ ਹੈ, ਰਾਜ ਤੇ ਨਰਕੁ ਹੈ। ਅਤੇ ਜੋ ਕੋਈ ਆਇਆ ਹੈ ਮਾਤਾ ਦੇ ਪੇਟ ਤੇ, ਨਾਂਗਾ ਆਇਆ ਹੈ ਅਤੇ ਸੁਖੁ ਦੁਖੁ ਪਿਛਲਾ ਲੇਖੁ ਚਲਿਆ ਜਾਇ। ਤਬਿ ਮਰਦਾਨਾ ਪੈਰੀਂ ਪਇਆ।

(੩)

‘ਆਦਿ ਸਾਖੀਆਂ’ ਵਿਚੋਂ

ਜਾ ਤੁਧ ਮੇਰਾ ਨਾਉ ਅਜੇਹਾ ਕਹਿ ਮੰਨਿਆ ਹੈ ਅਤੇ ਅਜੇਹਾ ਜਾਤਾ ਹਈ ਮੈਂ ਭੀ ਤੁਧ ਉਪਰਿ ਮਿਹਰਵਾਨ ਹਾਂ। ਜੁ ਮੇਰਾ ਨਾਉ ਸੁ ਤੇਰਾ ਨਾਉ। ਮੇਰਾ ਨਾਉਂ ਸਤਿਗੁਰ ਪੁਰਖੁ ਹੈ ਤੇਰਾ ਨਾਉ ਜਗਤ ਗੁਰੂ ਕੀਤਾ। ਜਾਹਿ ਨਾਨਕ ਮੈਂ ਤੇਰਾ ਇਕ ਪੰਥ ਕੀਤਾ। ਕਲਿਜੁਗ ਬਿਖੈ ਮੇਰਾ ਨਾਉ ਸਚਾ ਪਾਤਸਾਹੁ ਤੇਰਾ ਨਾਉ ਗੁਰੂ ਪਾਤਸਾਹੁ। ਤਾਂ ਫਿਰਿ ਬਾਬੇ ਜੀ ਅਰਦਾਸਿ ਕੀਤੀ ਏ ਮਿਹਰਵਾਨ ਏਹ ਬਾਤ ਨਾਹੀ ਸਾ ਸੋਘਦਾ, ਮੇਰੇ ਤਾਈਂ ਆਪਣਿਆਂ ਸੰਤਾ ਕੀ ਰੇਣੁ ਕਰੁ ਜੋ ਤੇਰੇ ਨਾਇ ਤੇ ਹੈਨਿ ਜੋ ਤੇਰਾ ਨਾਉ ਮਨ, ਬਚ ਕਰਮ ਕਰਿ ਧਿਆਵਦੇ ਹੈਨਿ, ਜੋ ਤੇਰੇ ਨਾਇ ਨਾਲਿ ਮਗਨ ਹੈਨਿ ਤਿਨਾ ਦੀ ਮੈਨੂੰ ਪੈਰੀਂ ਪਾਈਐ ਅਤੇ ਉਨਾਂ ਦੀ ਮੈਥਉ ਸੇਵਾ ਕਰਾਈਐ।

ਤਾਂ ਫਿਰਿ ਆਗਿਆ ਆਈ ਜੋ ਮੈਂ ਤੇਰੀ ਸੇਵਾ ਘਾਲ ਥਾਇ ਪਾਈ ਅਤੇ ਮੈਂ ਤੇਰਾ ਇਕ ਪੰਥ ਨਿਰਾਲਾ ਕੀਤਾ; ਉਨ ਕਾ ਕਹਣਾ ਏਹੀ ਹੋਇਆ। ਪੈਰੀਂ ਪਉਣਾ ਕਰਹਿੰਗੇ। ਬੈਸਨੋ ਕੇ ਪੰਥ ਕੀ ਬੋਲੀ ਰਾਮ, ਕਿਸਨ, ਸੰਨਿਆਸੀਆਂ ਕੀ ਬੋਲੀ ਓਨਮੋ ਨਾਰਾਇਣ, ਜੋਗੀਆ ਕੀ ਬੋਲੀ ਆਦੇਸ ਆਦੇਸ, ਮਹਮਦੀਆ ਕੀ ਬੋਲੀ ਸਲਾਮ ਅਲੇਕਮ ਏ। ਨਾਨਕ ਜੋ ਤੇਰੇ ਪੰਥ ਹੋਵਣਗੇ ਤਿਸਦੀ ਬੋਲੀ ਪੈਰੀਂ ਪਉਣਾ ਕਹੈਂਗੇ ਅਗੋ ਤੇ ਸਿਖ ਕਹੈਂਗੇ ਸਤਿਗੁਰੂ ਕਉ ਪੈਰੀਂ ਪਉਣਾ ਜੋ ਤੇਰੇ ਸਾਥਿ ਆਵਹਿੰਗੇ ਸੋ ਸਭ ਮੁਕਤਿ ਕਰੀਗਾ। ਉਨਾ ਕਉ ਭਗਤੀ ਦ੍ਰਿੜਾਵਣੀ, ਧਰਮ ਦ੍ਰਿੜਾਵਣਾ, ਗ੍ਰਿਹਸਤ ਵਿਚ ਬੈਰਾਗੀ ਕਰਣੇ, ਉਦਾਸੀ ਕਰਣੇ ਨਾਹੀ ਮੇਰੇ ਮਾਰਗ ਕੀ ਏਹਾ ਹੀ ਨੀਸਾਣੀ ਹੈ। ਪਰਮੇਸਰ ਜਪਾਵਣਾ, ਪਰਮੇਸਰ ਕਾ ਸਿਮਰਨ ਨਾਮੁ

ਦਾਨੁ ਇਸਨਾਨੁ ਦਇਆ ਧਰਮ ਕਰਣਾ, ਸੰਜਮ ਰਖਣੇ, ਘਾਲਿ ਕਮਾਇ ਖਾਣਾ। ਮੇਰੇ ਅਰਥ ਕਿਛੁ ਖੋਜਣਾ, ਨਿਰਲੋਭ ਰਹਿਣਾ, ਸਤਿਵਾਦੀ ਹੋਵਣਾ, ਝੂਠ ਨਾਹੀ ਬੋਲਣਾ, ਝੂਠ ਕੀ ਭਗਤਿ ਥਾਉਂ ਨਾਹੀ ਪਉਂਦੀ, ਸਚ ਕੀ ਭਗਤਿ ਥਾਉਂ ਪਉਂਦੀ ਹੈ। ਬਿਖਿਆਂ ਨਾਹੀ ਸੰਚਾਵਣੀ, ਆਇਆ ਚਲਾਇਆ, ਏਕ ਟੇਕ ਮੇਰੇ ਨਾਉਂ ਕੀ ਕਰਣੀ, ਦੂਜੀ ਟੇਕ ਨਾਹੀ ਕਰਣੀ ਤੁਧ ਉਪਰਿ ਮੇਰਾ ਕਰਮੁ ਹੈ। ਤੂੰ ਸੋ ਹਉਂ, ਹਉਂ ਸੋ ਤੂੰ। ਜਾਹ ਆਪਣਿਆਂ ਸੇਵਕਾਂ ਨੋ ਆਪਣੀ ਭਗਤਿ ਦ੍ਰਿੜਾਇ, ਮੇਰੇ ਨਾਵੈ ਬਿਨੁ ਕਿਛੁ ਹੋਰੁ ਬਿਚਾਰੁ ਕਰਣਾ ਨਾਹੀ। ਤਾਂ ਬਾਬੇ ਨਾਨਕ ਕਉ ਆਗਿਆ ਆਈ, ਜਾਹਿ ਝਾ ਬਾਬਾ ਨਾਨਕ ਡੰਡਉਤ ਬੰਦਨਾ ਕਰਕੇ ਵਿਦਾ ਹੂਆ ਤਾਂ ਫੇਰਿ ਇਸ ਜੁਗ ਕੇ ਮਨੁਖਾਂ ਕਉ ਤਾਰਣ ਕੀ ਨਿਮਿਤ ਈਹਾਂ ਆਇਆ। ਆਇਕੇ ਈਹਾਂ ਰਚਨਾ ਰਚੀ। ਵਾਹਿਗੁਰੂ ਸਤਿਗੁਰੁ, ਸਬਦ ਗੁਰੂ, ਕਰਣ ਕਾਰਣ ਸਮਰਥ ਗੁਰੂ ਜਿਨਕੇ ਪ੍ਰਸਾਦਿ ਸਚੁ ਦ੍ਰਿੜਿਆ ! ੧।

ਆਦਿ ਸਾਖੀਆਂ, ਪੰਨਾ ੨-੩
(1969)

(੪)

'ਭਾਈ ਬਾਲੇ ਵਾਲੀ ਜਨਮ ਸਾਖੀ' ਵਿਚੋਂ

ਫੇਰਿ ਨਵਾਬ ਕਹਿਆ ਆਦਮੀ ਕਉ ਜੁ ਨਾਨਕ ਕਉ ਬੁਲਾਵੇ । ਨਾਨਕ ਕਉ ਆਦਮੀ ਬੁਲਾਵਣ ਗਇਆ । ਨਾਨਕ ਜੀ ਆਵੇ ਨਾਹੀ, ਆਦਮੀ ਫਿਰ ਆਏ, ਆਇ ਨਵਾਬਿ ਪਾਸਿ ਆਖਣ ਲਗੇ,ਜੀ ਆਵਦਾ ਨਾਹੀ । ਨਵਾਬ ਦੌਲਤ ਖਾਨ ਗੁਸਾ ਖਾਧਾ, ਕਹਿਆ ਜਾਇ ਕਰਿ ਪਕੜਿ ਲੈ ਆਵਹੁ ਫਿਰਿ ਆਦਮੀ ਜਾਇ ਕਹਿਆ, ਨਾਨਕ ਨਵਾਬ ਬਹੁਤ ਗਿਲੇਵੰਦ ਹੋਇਆ ਹੈ । ਨਾਨਕ ਜੀ ਉਠਿ ਖੜਾ ਹੋਇਆ । ਆਇ ਕੇ ਨਵਾਬ ਪਾਸਿ ਖੜਾ ਹੋਇਆ, ਸਲਾਮ ਨ ਕੀਤੋਸੁ । ਨਵਾਬ ਗੁਸਾ ਖਾਧਾ ਗੁਸਾ ਖਾਇਕੇ ਨਵਾਬ ਕਹਿਆ ਹੇ ਨਾਨਕ ! ਆਵਦਾ ਕਿਉਂ ਨ ਥਾ ? ਤਬ ਨਾਨਕ ਜੀ ਕਹਿਆ ਸੁਣ ਨਵਾਬ ! ਜਬ ਤੇਰਾ ਚਾਕਰ ਥਾ ਤਬ ਤੇਰੇ ਪਾਸਿ ਆਵਤਾ ਥਾ, ਅਬ ਤੇਰਾ ਚਾਕਰ ਨਾਹੀ ਅਬ ਖੁਦਾਇ ਕੇ ਚਾਕਰ ਹੂਏ ।' ਨਵਾਬ ਕਹਿਆ, ਅਰ ਐਸੇ ਹੂਏ ਹੋ ਤੋ ਹਮਾਰੇ ਸਾਥਿ ਚਲ ਕੇ ਨਿਵਾਜ਼ ਕਰੋ, ਜੁੰਮੇ ਦਾ ਰੋਜ਼ ਹੈ । ਤਬ ਨਾਨਕ ਕਹਿਆ ਚਲੋ ਭਲੀ ਬਾਤ । ਨਾਲੇ ਨਵਾਬ ਨਾਲੇ ਕਾਜ਼ੀ ਨਾਲੇ ਨਾਨਕ ਜੀ, ਹੋਰ ਲੋਕ ਕਿਤਨੇ ਗਈਐ, ਜੁੰਮੇ ਮਸੀਤ ਵਿਚ ਜਾਇ ਖੜੇ ਹੋਇ । ਜਿਤਨੇ ਲੋਕ ਮਸੀਤਿ ਵਿਚਿ ਆਹੇ ਤਿਤਨੇ ਅਪਣੀ ਜਾਇਗਾ ਆਖਣ ਲਗੇ, ਨਾਨਕ ਅਜੁ ਇਸ ਪਲੇਤੇ ਆਇਆ ਹੈ । ਅਤੇ ਜਿਤਨਾ ਮਹਾਜਨ ਹਿੰਦੂ ਜਨਮ ਆਹੇ, ਸੁਲਤਾਨਪੁਰ ਵਿਚ ਡੰਡ ਪਇ ਗਈ । ਜੈ ਰਾਮ ਖਰਾ ਦਲਗੀਰ ਹੋਇ ਕੇ ਘਰਿ ਆਇ ਵੜਿਆ । ਤਾਂ ਨਾਨਕੀ ਦੇਖੇ ਤਾਂ ਮੇਰਾ ਖਾਵੰਦੁ ਬਹੁਤ ਦਲਗੀਰ ਹੈ, ਨਾਨਕੀ ਉਠਿ ਖੜੀ ਹੋਈ ਆਖਓਸੁ ਅਜ ਕਿਆ ਵਾਸਤਾ ਹੈ ਜੋ ਤੁਮ ਐਸੇ ਦਲਗੀਰ ਆਏ ਹੋ ।

ਜੈਰਾਮ ਕਹਿਆ ਸੁਣਿ ਪਰਮੇਸਰ ਦੀ, ਅਜ ਤੇਰੇ ਭਿਰਾਊ ਨਾਨਕ ਜੀ ਕਿਆ ਕੀਤਾ ਹੈ ਨਵਾਬ ਨਾਲਿ, ਜੁਮੇ ਮਸੀਤ ਨਿਵਾਜ਼ ਕਰਨਿ ਗਇਆ ਹੈ ਅਤੇ ਸਾਰੇ ਸ਼ਹਰ ਵਿਚਿ ਹਿੰਦੂ ਮੁਸਲਮਾਨ ਵਿਚਿ ਡੰਡ ਪਈ ਹੈ ਜੋ ਨਾਨਕ ਜੀ ਅਜ ਇਸ ਪਲੇਤੇ

ਆਇਆ ਹੈ । ਮੈਂ, ਕਿਆ ਨ ਦਲਗੀਰ ਹੋਵਾ। ਤਾਂ ਨਾਨਕੀ ਜੀ ਅਗੋਂ ਕਹਿਆ ਉਠ ਕਰਿ ਰਸੋਈ ਜੇਵੋ । ਤੁਸੀਂ ਨਾਨਕ ਜੀ ਦੀ ਵਲੋਂ ਧੋਖਾ ਕੋਈ ਨ ਕਰ, ਅਚਿੰਤ ਹੋਹੁ ਨਾਨਕ ਮੇਰਾ ਭਿਰਾਉ ਜੋ ਹੈ ਸੋ ਡਾਢੇ ਦਾ ਹਿਮਾਇਤੀ ਹੈ, ਉਠ ਤੁਸੀਂ ਅਨੰਦ ਨਾਲਿ ਰਸੋਈ ਜੇਵੋ। ਇਤਨੀ ਗਲ ਕਰਦੇ ਆਹੇ ਜੁ ਸ਼ੋਰ ਪਇਆ ਅਤੇ ਨਿਧੇ ਬ੍ਰਾਹਮਣ ਨੂੰ ਜੈਰਾਮ ਪਿਛੈ ਲਾਇ ਛਡਿਆ ਸੀ । ਫਿਰਿ ਖਬਰ ਸੁਣ ਕਰਿ ਨਿਧਾ ਬ੍ਰਾਹਮਣ ਭੀ ਆਇ ਪਹੁੰਚਿਆ । ਆਇ ਨਿਧੇ ਜੈਰਾਮ ਨੂੰ ਵਧਾਈ ਦਿਤੀ, ਨਿਧੇ ਪਾਸਹੁ ਜੈਰਾਮ ਅਤੇ ਨਾਨਕੀ ਪੁਛਣ ਲਗੇ, ਆਖਿ ਨਿਧਾ ਮਿਸਰ । ਕਿਉਂ ਕਰਿ ਹੋਇ ਨਿਬੜੀ ?

ਨਿਧੇ ਆਖਿਆ ਮੈਂ ਅੰਦਰਿ ਨਾਹਾ ਪਰ ਤੁਰਕਾ ਦੇ ਮੁਹੋਂ ਸੁਣਿਆ ਜੋ ਨਬਾਬ ਨਿਵਾਜ਼ ਕੀਤਾ, ਨਾਨਕ ਜੀ ਖੜਾ ਰਹਿਆ। ਨਬਾਬ ਨਿਵਾਜ਼ ਕਰਿ ਮੁੜਾ ਤਾ ਨਾਨਕ ਨੂੰ ਕਹਣੇ ਲਗਾ ਅਰੇ ਨਾਨਕ । ਤੂ ਨਿਵਾਜ ਕਿਉਂ ਨ ਕਰੀ ? ਤਾ ਨਾਨਕ ਜੀ ਕਹਿਆ, ਮੈਂ ਕਿਸ ਸਾਥਿ ਨਿਵਾਜ਼ ਕਰਾਂ । ਨਬਾਬ ਕਹਿਆ ਤੂ ਹਮ ਸਿਉਂ ਕਰਤਾ ਤਾ ਨਾਨਕ ਜੀ ਕਹਿਆ, ਤੂ ਤਾ ਘੋੜੇ ਖਰੀਦਣ ਕੰਧਾਰ ਗਇਆ ਥਾ ਮੈ ਨਿਵਾਜ ਕਿਸ ਸਿਉਂ ਕਰਾਂ । ਤਬ ਨਬਾਬ ਦਉਲਤ ਖਾਨ ਕਹਿਆ, ਰੇ ਨਾਨਕ ! ਤੂ ਇਤਨਾ ਝੂਠ ਬੋਲਤਾ ਹੈ, ਮੈ ਤੋਂ ਈਹਾਂ ਖੜਾ ਹਾਂ । ਤਬ ਨਾਨਕ ਜੀ ਕਹਿਆ, 'ਸੁਣਿ ਨਬਾਬ ! ਤੇਰੀ ਦੇਹੀ ਈਹਾ ਖੜੀ ਥੀ ਅਰ ਨਿਵਾਜ਼ ਕਰਣੇ ਵਾਲਾ ਜੁ ਥਾ ਸੋ ਘੋੜੇ ਖਰੀਦਨੇ ਗਇਆ ਥਾ । ਕਾਜ਼ੀ ਕਹਿਆ ਦੇਖੋ ਨਬਾਬ ਸਲਾਮਤ ! ਹਿੰਦੂ ਕਿਤਨਾ ਝੂਠ ਬੋਲਤਾ ਹੈ, ਤਬ ਨਬਾਬ ਕਹਿਆ ਕਾਜ਼ੀ ! ਨਾਨਕ ਸੱਚ ਕਹਤਾ ਹੈ । ਜਿਸ ਦੇ ਵਖਤ ਮੇਰਾ ਰੂਹ ਘੋੜਿਓਂ ਕੇ ਕੰਧਾਰ ਗਇਆ ਥਾ ।

ਫਿਰਿ ਕਾਜ਼ੀ ਚੁਗਲੀ ਕੀਤੀ, ਸੁਣੋ ਖਾਨ ! ਹਮਤੋ ਕਿਧਾਈਂ ਨ ਗਏ ਥੇ ਹਮ ਸੇਤੀ ਨਿਵਾਜ਼ ਕਰਤਾ । ਫਿਰਿ ਨਵਾਬ ਕਹਿਆ ਨਾਨਕ ! ਤੂ ਕਾਜ਼ੀ ਕੇ ਸਾਥ ਨਿਵਾਜ਼ ਕਰਤਾ । ਗੁਰੂ ਨਾਨਕ ਕਹਿਆ, ਕਾਜ਼ੀ ਤੋ ਵਛੇਰੇ ਘਰਿ ਸੰਭਾਲਣ ਗਇਆ ਥਾ, ਮਤ ਟੋਏ ਵਿਚ ਪੈ ਮਰਦਾ ਹੋਵੈ। ਤਾਂ ਦੁਹਾ ਨੂੰ ਪ੍ਰਤੀਤਿ ਆਈ ।

ਮੇਰਾ ਹਥਲਿਖਤ ਖਰੜਾ ੩੮੯-੯੪

(੫)

'ਬਾਬਾ ਮਿਹਰਵਾਨ ਵਾਲੀ ਜਨਮ ਸਾਖੀ' ਵਿਚੋਂ

ਤਬ ਉਦਿਆਨ ਧਰਤੀ ਦੇਖਤੇ ਦੇਖਤੇ ਚਲੇ ਗੁਰੂ ਬਾਬਾ ਨਾਨਕ ਜੀ ਅਰੁ ਮਰਦਾਨਾ ਰਬਾਬੀ ਸਾਥਿ। ਤਬ ਗੁਰੂ ਬਾਬੇ ਨਾਨਕ ਜੀ ਕੋ ਉਡਤੀਆਂ ਜਾਤੀਆਂ ਕੂੰਜਾਂ ਨਜ਼ਰ ਆਇ ਗਈਆਂ। ਤਬ ਸੁਨ ਕਰਿ ਕੂੰਜਾਂ ਕੀ ਬੋਲੀ ਅਰੁ ਉਡਣਾ ਦੇਖ ਕਰਿ ਗੁਰੂ ਬਾਬਾ ਖੁਸ਼ੀ ਹੋਆ। ਤਬ ਦੇਖਿ ਕਰਿ ਉਨਕੀ ਛਬਿ ਉਡਣੇ ਕੀ ਅਰੁ ਬੋਲਣੇ ਕੀ ਗੁਰੂ ਬਾਬਾ ਜੀ ਖੁਸ਼ੀ ਹੋਆ ਅਰ ਜੀ ਵਿਚਿ ਧਾਰੀਅਨੁ ਜਿ ਹੇ ਪਰਮੇਸਰ ਜੀ! ਕਿਵੇਂਹੀ ਏਹਿ ਮੇਰੇ ਤਾਈਂ ਮਿਲਨਿ ਤਾ ਭਲਾ ਹੋਵੈ। ਜਿਉਂ ਜਿਉਂ ਉਹ ਉਡੀਆ ਜਾਣ ਤਿਉਂ ਤਿਉਂ ਬਾਬਾ ਹੇਠ ਹੋਆ ਦਉੜਿਆ ਜਾਇ। ਜਿਉਂ ਜਿਉਂ ਦਉੜੇ ਤਿਉਂ ਤਿਉਂ ਮਰਦਾਨਾ ਆਖੈ, 'ਸਹੀ ਮੁਏ ਏਹਿ ਕਿਥੈ ਅਸੀਂ ਕਿਥੈ, ਕਿਥੈ ਏਹੁ ਖਿਆਲਿ ਪੈਆ ਹੈ ਜਾ ਇਨ੍ਹਾ ਨੂੰ ਮਿਲੈ ਤਾ ਹੀ ਖੈਰ ਹੋਵੈ। ਏਹੁ ਕਿ ਹੋਰੁ ਖੁਦਾਇ ਦਾ ਤਮਾਸ਼ਾ ਅਜਬੁ ਹੈ।'

ਤਬਿ ਗੁਰੂ ਬਾਬੇ ਆਖਿਆ 'ਜਿ ਮਰਦਾਨਿਆ! ਹੁਣਿ ਮਿਲਦੇ ਹਹ, ਹੁਸੀਆਰੁ ਹੋਹੁ।' ਅਖੈ ਜੀ ਭਲਾ ਹੋਵੈ ਹੁਣਿ ਮਿਲਦੇ ਹਹ ਜੀ।' ਤਬਿ ਉਨ੍ਹਾ ਕੂੰਜਾ ਦਾ ਜਿ ਪਾਤਸਾਹ ਕੂੰਜ ਥਾ। ਜਿ ਤਿਸਨੋ ਆਗਿਆ ਆਈ ਪਰਮੇਸ਼ਰ ਜੀ ਕੀ, ਜਿਸ ਪਿਛੈ ਸਭਿ ਕੂੰਜਾਂ ਚਲੀ ਆ ਜਾਂਦੀਆ ਥੀਆ। ਉਸ ਕਉ ਆਗਿਆ ਆਈ, 'ਜਿ ਮੇਰਾ ਭਗਤ ਤੁਮਾਰਾ ਲੀਆ ਦਉੜਿਆ ਆਵਤਾ ਹੈ, ਤੁਮ ਉਤਰ ਕਰਿ ਦਰਸਨ ਦੇਖਹੁ ਜਿ ਤੁਮਾਰੀ ਜੂਨਿ ਕਟੀਐ ਅਰ ਜੋ ਕਿਛੁ ਪੁਛੈ ਸਿ ਉਤਰ ਦੇਣਾ।'

ਤਬਿ ਗੁਰੂ ਬਾਬੇ ਕੇ ਅਗੈ ਉਹ ਕੂੰਜਾਂ ਕਤਾਰਿ ਕਰਿ ਕਰਿ ਸਭਿ ਉਤਰੀਆਂ।

ਕਤਾਰ ਕਤਾਰ ਸਭਿ ਬੈਠਿ ਗਈਆਂ। ਤਬਿ ਗੁਰੂ ਬਾਬਾ ਨਾਨਕ ਜੀ ਖੜਾ ਹੋਇ ਗਇਆ। ਤਬਿ ਮਰਦਾਨਾ ਭੀ ਹੈਰਾਨੁ ਹੋਇ ਗਇਆ ਜਿ ਪਰਮੇਸਰ ਏਹ ਕੂੰਜਾਂ ਸਭਿ ਏਵੇਂ ਹੀ ਅਸਮਾਨਹੁ ਉਤਰਿ ਇਸ ਥੈ ਆਈਆ ਇਖਾ ਏਹੁ ਤਾਂ ਖਾਲੀ ਨਾਹੀ, ਏਹੁ ਪੂਰਾ ਹੈ ਇਖਾ ਏਹੁ ਭੀ ਅਜਮਤਿ ਮੈਂ ਵੇਖਾ।' ਤਬਿ ਉਨਹੁ ਕੂੰਜਹੁ ਆਪਣੀ ਭਾਖਿਆ ਮਹਿ ਕਹਿਆ ਜਿ ਬਾਬਾ ਨਾਨਕ ਜੀ! ਹਮ ਨਿਹਾਲ ਹੋਈਆਂ ਜਿ ਤੇਰਾ ਦਰਸਨੁ ਹੋਆ। ਕਿਛੁ ਆਗਿਆ ਹੋਇ ਜਿ ਏਤਾ ਦੁਖੁ ਤੁਮ ਕਉ ਹੂਆ ਹੈ ਹਮਾਰੇ ਮਿਲਨ ਕਾਰਨਿ ਜੋ ਕਿਛੁ ਆਗਿਆ ਹੈ ਸਿ ਕਹੀਐ। ਤਬਿ ਇਤਨੇ ਉਨਕੇ ਕਹਣੇ ਸਾਥਿ ਗੁਰੂ ਬਾਬਾ ਜੀ ਗਦ ਗਦ ਹੋਇ ਗਇਆ। ਗਦ ਗਦ ਹੋਇ ਕਰਿ ਮਲਾਰ ਰਾਗ ਮਹਿ ਬਾਨੀ ਲੈ ਉਠਾ ਜਿ—

ਬਾਗੋ ਕਾਪੜ ਬੋਲੇ ਬੈਣ। ਲੰਮਾ ਨਕੁ ਕਾਲੇ ਤੇਰੇ ਨੈਣ
ਕਬਹੂੰ ਸਾਹਿਬ ਦੇਖਿਆ ਭੈਣ। ੧।

ਤਿਸਕਾ ਪਰਮਾਰਥ—

ਤਬ ਗੁਰੂ ਬਾਬੇ ਨਾਨਕ ਜੀ ਕਹਿਆ, 'ਰੀ ਬਹਿਨ! ਹਉ ਆਪਣੇ ਸਾਹਿਬ ਕੀ ਖਬਰਿ ਪੂਛਣੇ ਆਇਆ ਹਉਂ ਤੁਮ ਪਾਸਹੁ। ਉਸ ਸਾਹਿਬ ਕੀ ਖਬਰਿ ਤੁਮ ਮੁਝ ਕਉ ਦੇਹ।'

ਤਬ ਗੁਰੂ ਬਾਬੇ ਨਾਨਕ ਜੀ ਕਹਿਆ, 'ਜਿ ਤੁਮ੍ਹਾਰਾ ਬਰਨ ਰੂਪ ਭਲਾ ਹੈ, ਬਗੇ ਕਪੜੇ ਹੈਨਿ, ਲੰਬਾ ਨਕੁ ਹੈ, ਕਾਲੇ ਨੈਨ ਹੈਂ। ਤੁਮ ਕਉ ਰੂਪ ਕੀ ਭਲੀ ਹਉਂ ਪਰ ਜਿਸ ਸਾਹਿਬ ਕੀ ਤੁਮ ਹਉਂ, ਉਹ ਸਾਹਿਬ ਤੁਮਹੂ ਕਬਹੂ ਅਖੀਂ ਦੇਖਿਆ ਹੈ ? ਤਬ ਉਹ ਕੂੰਜਾਂ ਬੋਲੀਆਂ, 'ਜਿ ਬਲਿਹਾਰ ਜਾਉਂ'

ਊਡਾਂ ਊਡਿ ਚੜਾਂ ਅਸਮਾਨਿ। ਸਾਹਿਬ ਸੰਮ੍ਰਥ ਤੇਰੈ ਤਾਣਿ
ਜਲਿ ਥਲਿ ਡੂੰਗਰਿ ਦੇਖਾਂ ਤੀਰ। ਥਾਨ ਥਨੰਤਰਿ ਸਾਹਿਬੁ ਬੀਰ। ੨।

[ਪੰਨਾ ੧੧੨]

[੩੭ਵੀਂ ਸਾਖੀ

'ਪਰਚੀਆਂ ਸੇਵਾ ਦਾਸ' ਵਿਚੋਂ

ਏਕ ਬੇਰ ਰਬਾਬੀਆਂ ਸਬਦ ਹਜੂਰਿ ਆਨਿ ਪੜ੍ਹਿਆ ਪਰ ਬਹੁਤ ਭਲਾ ਸਬਦ ਪੜ੍ਹਿਆ। ਉਨ ਨੇ ਕੰਠ ਭੀ ਭਲੇ ਥੇ ਤੇ ਰਾਗ ਪਾਇ ਕਰਿ ਸਬਦ ਪੜਿਆ। ਤਾਂ ਸਿਖਾਂ ਕਹਿਆ, ਸਚੇ ਪਾਤਸ਼ਾਹ! ਰਬਾਬੀਆਂ ਬਹੁਤ ਭਲਾ ਸਬਦ ਪੜ੍ਹਿਆ ਹੈ ਤਾਂ ਗੁਰੂ ਬਾਬਾ ਬੋਲਿਓ ਕਿਛੁ ਨਾਹੀ।

ਫੇਰਿ ਸਿਖਾਂ ਅਰਦਾਸਿ ਕੀਨੀ ਸਚੇ ਪਾਤਸਾਹ! ਰਬਾਬੀਆਂ ਬਹੁਤ ਭਲਾ-ਸ਼ਬਦੁ ਪੜ੍ਹਿਆ ਹੈ। ਤਾਂ ਹੁਕਮੁ ਹੋਆ ਭਾਈ ਰਬਾਬੀਆਂ ਸਬਦੁ ਤਾਂ ਭਲਾ ਪੜਿਆ ਹੈ ਪਰ ਕਹੀ ਇਨ੍ਹਾਂ ਹੀ ਪਾਸ ਹੈ। ਤਾਂ ਫੇਰਿ ਸਿਖਾਂ ਕਹਿਆ, ਸਚੇ ਪਾਤਸ਼ਾਹ। ਸਿੱਟਾ ਜ਼ਾਹਰ ਹੋਇ। 'ਕਹੀ ਇਨ੍ਹਾਂ ਹੀ ਪਾਸ' ਕਿਆ ਕਹਿਆ। ਹੁਕਮੁ ਹੋਆ ਭਾਈ ਕਹੀ ਇਨ੍ਹਾਂ ਹੀ ਪਾਸ ਕੀ' ਇਕ ਸਾਖੀ ਹੈ। ਸੋ ਤੁਮ ਕਉ ਸੁਨਾਵਤਾ ਹਾਂ।

ਕਿਸੀ ਗਾਉਂ ਇਕ ਮੁਕੱਦਮ ਸੀ, ਗਾਉਂ ਕੇ ਪਾਸਿ ਹੀ ਉਨਕਾ ਅਰਟ ਚਲਤਾ ਥਾ। ਪਾਣੀ ਫਰਣ ਕੀ ਜੋ ਉਨਕੀ ਕਹੀ ਥੀ, ਸੋ ਕੋਊ ਲੈ ਗਇਆ। ਤਾਂ ਮੁਕੱਦਮ ਢੋਲ ਵਾਲੇ ਕਉ ਬੁਲਾਇ ਕਰਿ ਗਾਉਂ ਮੇਂ ਢੰਢੋਰਾ ਫਿਰਾਇਆ ਤਉ ਭੀ ਕਹੀ ਕਿਸੀ ਨ ਦੀਨੀ। ਫੇਰਿ ਮੁਕੱਦਮ ਸਾਰੇ ਗਾਉਂ ਕੇ ਘਰਿ ਸੋਧੇ ਤਊ ਭੀ ਕਹੀ ਨ ਨਿਕਸੀ। ਤਾਂ ਫਿਰਿ ਕਿਸੀ ਕਹਿਆ ਜੋ ਢੋਲ ਵਾਲੇ ਕਾ ਘਰ ਭੀ ਸੋਧੀਐ ਤਾਂ ਢੋਲ ਵਾਲੇ ਕਾ ਘਰਿ ਸੋਧਿਆ ਤਾਂ ਕਹੀ ਨਿਕਲ ਆਈ। ਫਿਰਿ ਮੁਕੱਦਮ ਕਹਿਆ ਢੋਲ ਵਾਲੇ ਕਉ, ਜੋ ਕਹੀ ਘਰ ਰਖਕੇ ਢੰਢੋਰਾ ਮੁਲਖ ਕਉ ਸੁਣਾਇਆ ਫਿਰਦਾ ਸਾਏਂ, ਮੁਲਖ ਕੀ ਦਸੂਣਾ ਜ਼ਿੰਮਾ ਤੇਰਾ ਹੈ। ਜਉ ਕਿਸੀ

ਅਵਰ ਕੇ ਘਰ ਜਿਉਂ ਕਹੀ ਨਿਕਸਤੀ ਤਬ ਇਉਂ ਜਾਨੀਤਾ ਜੋ ਇਹੁ ਸਚਾ ਹੈ, ਇਸਨੇ ਢੰਢੋਰਾ ਨਹੀਂ ਸੁਣਿਆ ਪਰ ਜਬ ਢੰਢੋਰਾ ਦੇਵਣ ਵਾਲੇ ਕੇ ਘਰ ਜਿਉਂ ਕਹੀ ਨਿਕਸੇ ਤਬ ਉਹ ਅਧਿਕ ਸਜ਼ਾਇ ਲਾਇਕ ਹੈ ।'

ਫਿਰਿ ਮੁਕੱਦਮ ਢੋਲ ਪਾੜ ਕਰਿ ਉਸਕੇ ਗਲ ਮਹਿ ਪਾਇਆ ਅਰ ਗਾਂਵ ਜਿਉ ਉਚਲਾਇ ਛੋਡਿਆ । ਫਿਰਿ ਹੁਕਮ ਹੋਆ, 'ਤਿਉਂ ਹੀ ਰਬਾਬੀ ਤੇ ਪੰਡਿਤ ਮਾਇਆ ਦੀ ਨਿਖੇਧ ਲੋਕਾਂ ਕੂੰ ਕਰਿ ਸੁਣਾਇਦੇ ਹੈਨਿ ਤੇ ਆਪ ਲੋਕਾਂ ਥੀਂ ਵਧੀਕ ਮਾਇਆ ਕੇ ਕਾਂਖੀ ਹੈਂ । ਤਾਂ ਤੇ ਕਹੀ ਇਨ੍ਹਾਂ ਹੀ ਪਾਸ ਹੈ । ੩੨ ।

[ਪਰਚੀਆਂ ਸੇਵਾ ਦਾਸ, ਪੰਨਾ 156-58
ਭਾਸ਼ਾ ਵਿਭਾਗ ਪਟਿਆਲਾ (1962)

(੭)

‘ਜਨਮਸਾਖੀ ਭਾਈ ਮਨੀ ਸਿੰਘ ਵਾਲੀ’ ਵਿਚੋਂ

'ਬਾਬਾ ਜੀ ਬਗਦਾਦ ਨੂੰ ਗਇਆ ਅਰ ਕਿਲੇ ਦੇ ਬਾਹਰ ਦਰਵਾਜ਼ੇ ਤੇ ਜਾਇ ਆਸਨ ਕੀਤਾ । ਸੋ ਇਕ ਬਾਬਾ ਅਕਾਲ ਰੂਪ ਹੈ ਪਰ ਦੂਜਾ ਮਰਦਾਨਾ ਰਬਾਬੀ ਹੈ । ਸੋ ਮਰਦਾਨਾ ਰਬਾਬ ਵਜਾਣ ਲਗਾ ਤਾਂ ਬਗਦਾਦ ਦੇ ਬਾਸੀ ਜੋ ਰਹ ਹੈਸਨ, ਉਨ੍ਹਾਂ ਹਜ਼ਰਤ ਪੀਰ ਨੂੰ ਜਾਇ ਕਹਯਾ ਕਿ ਤੁਸਾਂ ਸ਼ਹਿਰ ਵਿਚ ਸਰੋਦ ਦੀ ਮਨਹਿ ਕੀਤੀ ਹੈ । ਸੋ ਇਥੇ ਇਕ ਫਕੀਰ ਆ ਬੈਠਾ ਹੈ ਪਰ ਉਸ ਨਾਲ ਇਕ ਮੁਤਰਬ ਹੈ ਸੋ ਸਰੋਦ ਕਰਦਾ ਹੈ ਤਾਂ ਪੀਰ ਕਹਯਾ ਜਾਕਿ ਉਸ ਨੂੰ ਮਨਹਿ ਕਰੋ । ਸੋ ਜਾ ਆਦਮੀ ਮਨਹਿ ਕਰਨ ਆਏ ਤਾਂ ਬਾਬੇ ਕਹਿਆ, ਜਉ ਲਗ ਪੀਰ ਨ ਆਵੇ ਤਉ ਲਗ ਸਰੋਦ ਬੰਦ ਨਹੀਂ ਕਰਦੇ । ਤਾਂ ਉਨ੍ਹਾਂ ਪੀਰਾਂ ਨੂੰ ਜਾਇ ਕਹਯਾ । ਸੋ ਪੀਰ ਮੁਰੀਦਾਂ ਸਮੇਤ ਆਇਆ ਤਾ ਸਭ ਬਾਬੇ ਦੇ ਚੁਫੇਰੇ ਆਇ ਬੈਠੇ ਅਰੁ ਉਨ੍ਹਾਂ ਪੁਛਿਆ, ਕਿ ਅਸਾਂ ਜੋ ਸਰੋਦ ਮਨਹਿ ਕੀਤਾ ਹੈ, ਸੋ ਤੁਸਾਂ ਕਿਉਂ ਨ ਹਟਾਇਆ ਤਾਂ ਬਾਬਾ ਬੋਲਿਆ, ਸਰੋਦ ਬਿਨਾ ਰੂਹ ਖੁਸ਼ ਨਹੀਂ ਹੁੰਦਾ ਹੈ ਪਰ ਜਿਸ ਵੇਲੇ ਬਾਬਾ ਆਦਮ, ਆਦਮੀ ਬਣਾਇਆ ਤਾਂ ਆਦਮੀ ਦੇ ਜੁੱਸੇ ਵਿਚ ਰੂਹ ਪਰਵੇਸ਼ ਨ ਕਰੇ ਤਾਂ ਖੁਦਾਇ ਦਾ ਹੁਕਮ ਫਰੇਸ਼ਤਿਆਂ ਨੂੰ ਹੋਇਆ ਜੁ ਇਸਦੇ ਸਿਰ ਵਿਚ ਸਰੋਦ ਕਰੋ । ਸੋ ਜਦ ਸਰੋਦ ਹੋਇਆ ਤਾਂ ਰੂਹ ਇਸ ਵਿਚ ਦਾਖਲ ਹੋਇਆ ਤਾਂ ਤੇ ਤੁਸੀਂ ਸਰੋਦ ਕਯੋਂ ਮਨਹਿ ਕਰਦੇ ਹੋ ਅਰ ਜੇ ਤੁਸੀਂ ਕਹੋਂ ਅਸਾਡੇ ਪੈਗੰਬਰ ਦਾ ਹੁਕਮ ਹੈ, ਇਸ ਵਾਸਤੇ ਮਨਾਂ ਕਰਨੇ ਹਾਂ ਤਾਂ ਪੈਗੰਬਰ ਨੇ ਤੋ ਬਦਫੈਲੀਆਂ ਵਾਲਿਆਂ ਨੂੰ ਮਨਹਿ ਕੀਤਾ ਹੈ । ਸੋ ਸਰੋਦ ਦਦਫੈਲੀਆਂ ਦਾ ਨ ਸੁਣਹੁ ਅਰ ਉਮਰ ਆਪਣੀ ਅਜਾਇਆਂ ਨ ਕਰਹੁ ਪਰ ਖੁਦਾ ਦੇ ਯਾਦ ਦਾ ਸਰੋਦ ਉਮਰ ਨੂੰ

ਬਹਿਰਮੰਦ ਕਰ । ਹੈ ਤਾਂ ਤੇ ਤੁਸੀਂ ਭੀ ਸਰੋਦ ਸੁਣਹੁ ਕਯੋਂਕਿ ਇਹ ਖੁਦਾਇ ਦੀ ਸਿਫ਼ਤਿ ਦਾ ਸਰੋਦ ਹੈ।

ਤਾਂ ਪੀਰ ਕਹਯਾ ਜ਼ਿਮੀ ਅਸਮਾਨ ਦੇ ਵਿਚ ਜੋ ਅਸਾਡਾ ਪੈਗੰਬਰ ਹੈ ਅਰ ਖੁਦਾਇ ਦੀ ਸਿਫ਼ਤ ਉਸ ਕਹੀ ਹੈ ਅਤੇ ਸਰੋਦ ਉਸ ਮਨਹਿ ਕੀਤਾ ਹੈ।

ਤਾਂ ਫਿਰ ਬਾਬੇ ਕਹਿਆ—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤੁ ।

ਬਾਬਾ ਜੀ ਕਹੇ ਹੈਂ ਕਿ ਕਈ ਪਾਤਾਲ ਹੈਨ, ਅਰ ਕਈ ਆਕਾਸ਼ ਹੈਨ ਅਤੇ ਉਸਦਾ ਓੜਕ ਨਹੀਂ ਪਾਇਆ ਜਾਂਦਾ ਤਾਂ ਪੀਰ ਕਹਯਾ ਅਸਾਡੇ ਪੈਗੰਬਰਾਂ ਨੇ ਸੱਤ ਪਤਾਲ ਅਰ ਸੱਤ ਆਕਾਸ਼ ਕਹੇ ਹਨ ਸੋ ਉਨ੍ਹਾਂ ਬਹੁਤੇ ਡਿਠੇ ਹਨ ਕਿ ਨਹੀਂ ਡਿਠੇ ? ਤਾਂ ਬਾਬੇ ਕਹਿਆ, ਉਨ੍ਹਾਂ ਭੀ ਡਿਠੇ ਹਨ। ਪੀਰ ਕਹਯਾ ਕਿਥੇ ਡਿਠੇ ਹਨ ਤਾਂ ਬਾਬੇ ਕਹਿਆ, ਸ਼ਬ ਮਿਰਾਜ ਮੇਂ ਡਿਠੇ ਹਨ, ਤਾਂ ਪੀਰ ਕਹਿਆ ਉਹ ਹਕਾਇਤ ਸਾਨੂੰ ਸੁਣਾਓ ਤਾਂ ਬਾਬੇ ਕਹਿਆ, ਇਕ ਦਿਨ ਜਬਰਾਈਲ ਤੁਸਾਡੇ ਪੈਗੰਬਰ ਨੂੰ ਮਿਰਾਜ ਮੇਂ ਲੈ ਗਿਆ ਸੀ ਅਗੇ ਫ਼ਿਰਿਸ਼ਤੀ ਕਿਤਾਰਾਂ ਉਨ੍ਹਾਂ ਦੀਆਂ ਚਲੀਆਂ ਜਾਂਦੀਆਂ ਸੀਆਂ ਤਾਂ ਪੈਗੰਬਰ ਉਥੇ ਖਲੋ ਰਿਹਾ ਜੋ ਕਤਾਰਾਂ ਜਾ ਰਹਨਗੀਆਂ ਤਾਂ ਅਸੀਂ ਜਾਵਾਂਗੇ। ਤਾਂ ਜਬਰਾਈਲ ਕਹਿਆ ਕਿ ਜਬ ਦਾ ਮੈਂ ਭੀ ਨ ਸੀ ਜੰਮਿਆ ਤਦ ਦੀਆਂ ਕਤਾਰਾਂ ਚਲੀਆਂ ਜਾਂਦੀਆਂ ਹੈਨ ਤਾਂ ਪੈਗੰਬਰ ਕਹਿਆ, ਇਕ ਇਕ ਊਠ ਤੇ ਜੋ ਤਿੰਨ ਤਿੰਨ ਸੰਦੂਕ ਹੈਨ ਸੋ ਇਕ ਖੋਲ੍ਹ ਦੇਖੀਏ ਜੁ ਵਿਚ ਕੀ ਹੈ ? ਸੋ ਜਾਂ ਇਕ ਊਠ ਝੁਕਾਇਆ ਤਾਂ ਉਨ੍ਹਾਂ ਸੰਦੂਕਾਂ ਨੂੰ ਭੀ ਕੁਲਫ ਕੀਤੇ ਹੋਏ ਹਨ ਤੇ ਕੀਲਾਂ ਦਾ ਭੀ ਨਾਲ ਲਗੀਆਂ ਹੋਈਆਂ ਹੈਨ। ਸੋ ਜਬਰਾਈਲ ਇਕ ਸੰਦੂਕ ਖੋਲ੍ਹਿਆ ਤਾਂ ਕਿਆ ਦੇਖਨ ਜੋ ਬੀਜਿਆਂ ਦੇ ਨਾਲ ਪੁਰ ਕੀਤੇ ਹੋਏ ਹਨ। ਸੋ ਫਿਰ ਇਕ ਜੇਦੇ ਨੂੰ ਖੋਲ੍ਹ ਕੇ ਪੈਗੰਬਰ ਨੇ ਅਤੇ ਜਬਰਾਈਲ ਨੇ ਉਸਦੇ ਵਿਚ ਪ੍ਰਵੇਸ਼ ਕੀਤਾ ਅਰ ਜੋ ਉਸ ਵਿਚ ਜਾ ਕੇ ਦੇਖਣ ਤਾਂ ਹਫਤ ਜ਼ਿਮੀਨਾਂ ਹੈਨ ਅਤੇ

ਹਫਤ ਆਸਮਾਨ ਹੈਨ ਅਰ ਮਾਹ ਤੇ ਅਫਤਾਬ ਬੀ ਹੈਨ ਅਰ ਪੈਕੰਬਰ ਤੇ ਜਬਰਾਈਲ ਭੀ ਵਿਚ ਹੈਨ। ਤਾਂ ਜਬਰਾਈਲ ਕਹਿਆ, ਐਸੇ ਹੀ ਸਭਨਾ ਆਂਡਿਆਂ ਵਿਚ ਖਲਕਤਾ ਹੈਨ ਅਤੇ ਤੁਸੀਂ ਅਸੀਂ ਭੀ ਇਕ ਅੰਡੇ ਵਿਚ ਰਹਿਣ ਵਾਲੇ ਹਾਂ ਕਯੋਂਕਿ ਮਹਾਰਾਜ ਦੀ ਜੋ ਕੁਦਰਤਿ ਹੈ ਸੋ ਉਸਦੇ ਸਰੀਰ ਵਿਚ ਰੋਮਾਂ ਰੂਪੀ ਬ੍ਰਿਛ ਹਨ ਅਤੇ ਬ੍ਰਿਛਾਂ ਦੇ ਵਿਚ ਗੁਲਰ ਅਨੇਕ ਫਲ ਹੈਨ ਅਤੇ ਏਕ ਏਕ ਗੁਲਰ ਵਿਚ ਸਭ ਆਕਾਸ਼ ਪਾਤਾਲ ਹਨ ਅਰ ਜੀਅ ਜੰਤ ਭੀ ਅਨੇਕ ਹਨ ਤਾਂ ਉਹ ਉਠ ਫੇਰ ਕਤਾਰ ਦਿਤਾ ਤਾਂ ਅਗੇ ਕਾਦਰ ਦੀ ਦਰਗਾਹਿ ਵਿਚ ਗਏ ਤਾਂ ਕਾਦਰ ਦੇ ਬਾਹਰ ਜਵਾਬ ਸਵਾਲ ਹੋਦਾ ਸੀ ਤਾਂ ਪੈਕੰਬਰ ਨੇ ਚਾਦਰ ਉਠਾ ਦਿਤੀ ਤਾਂ ਕੀ ਵੇਖੇ ਜੋ ਮੈਂ ਬਾਹਰ ਖਲੋਤਾ ਦਸਤਾਰ ਬੰਨ੍ਹਦਾ ਹਾਂ ਤੈਸੇ ਹੀ ਮੇਰੀ ਸਬੀਹ ਵਿਚ ਖੁਦਾਈ ਸਬੀਹ ਭੀ ਹੈ। ਤਾਂ ਖੁਦਾਇ ਦਾ ਫੁਰਮਾਨ ਹੋਇਆ, ਕਿ ਮੈਂ ਤੇਰੀ ਸਬੀਹ ਨਹੀਂ, ਤੂ ਮੇਰੀ ਸ਼ਬੀਹ ਹੈਂ। ਜੈਸੇ ਆਪਣੇ ਮੁਖਮ ਦੀ ਸੂਰਤ ਸਭ ਜਗਹ ਹੈ ਪਰ ਸਾਫ਼ ਸੀਸੇ ਵਿਚ ਸਾਫ਼ ਸੂਰਤ ਨਜ਼ਰ ਆਵਦੀ ਹੈ ਤੈਸੇ ਮੈਂ ਸਭਨਾਂ ਵਿਚ ਹਾਂ ਪਰ ਤੇਰਾ ਸਾਫ਼ ਆਈਨਾ ਹੈ ਸੋ ਤੇਰੇ ਵਿਚ ਮੇਰੀ ਸਬੀਹ ਜ਼ਾਹਰ ਹੈ ਪਰ ਇਸਰਾਰ ਮੇਰਾ ਗਾਇਬ ਰੱਖਣਾ ਜ਼ਾਹਰ ਨਹੀਂ ਕਰਨਾ। ਆਇਤ—

ਨਹਨ ਅਕਰਬ ਅਲੈਹ ਕੱਤ ਕੰਤ ਲਮ ਕੀਵੀਆ।

ਤਿਸਦਾ ਵਿਚਾਰ—ਮੈਂ ਤੇਰੀ ਸ਼ਾਹ ਰਗ ਥੀਂ ਨਜ਼ਦੀਕ ਹਾਂ ਪਰ ਕੁੰਜੀ ਇਸਦੀ ਛਪੀ ਹੋਈ ਹੈ ਤਾਂ ਪੈਗੰਬਰ ਬਚਨ ਸੁਣਕੇ ਆਇਆ ਤਾਂ ਅਗੇ ਇਕ ਦਿਵਾਨਾ ਮਜਜ਼ੂਬ ਰਾਹ ਵਿਚ ਆਵਾਜ਼ ਕਰਦਾ ਹੈ ਕਿ ਹੇ ਪੈਗੰਬਰ! ਖੁਦਾ ਨੇ ਆਦਮੀ ਨੂੰ ਆਪਣੀ ਸੂਰਤ ਬਣਾਇਆ ਹੈ ਸੋ ਤੂੰ ਖੁਦਾ ਨੂੰ ਕਿਥੇ ਢੂੰਢਦਾ ਹੈਂ? ਤਾਂ ਦੂਜੇ ਦਿਨ ਪੈਗੰਬਰ ਜਬ ਖੁਦਾ ਦੇ ਰੂਬਰੂ ਗਏ ਤਾਂ ਉਨਾਂ ਪੁਛਿਆ ਜੁ ਜਿਹੜਾ ਅਸਰਾਰ ਤੁਸਾਂ ਮੈਨੂੰ ਕਹਿਆ ਸੀ ਸੋ ਕਿਸੇ ਨੂੰ ਨਹੀਂ ਕਹਣਾ। ਸੋ ਅਗੇ ਇਕ ਮਸਤਾਨਾ ਏਹੋ ਸੁਖਨ ਕਰਦਾ ਸੀ ਤਾਂ ਫੇਰ ਖੁਦਾ ਦੇ ਹਜ਼ੂਰ ਪੈਗੰਬਰ ਨੇ ਕਹਿਆ ਕਿ ਮਸਤਾਨੇ! ਇਹ ਭੇਤ ਕਿਥੋਂ ਸੁਣਿਆ ਹੈ? ਤਾਂ ਆਵਾਜ਼ ਆਈ ਕਿ ਦਾਨੇ ਦੀਵਾਨੇ ਮਸਤਾਨੇ ਮੇਰੇ ਸਾਦਿਕ ਹਨ ਪਰ ਦਾਨਿਆਂ ਦਾ ਪਿਛਾ ਸਭ ਲੈਂਦੇ ਹਨ। ਜੋ ਜਿਸਦੇ ਪਿਛੇ ਕਾਫਲਾ ਚਲਦਾ ਹੈ ਤਾਂ ਤੇ ਉਸਨੂੰ ਸਿਧੇ ਰਾਹ ਗਇਆ ਚਾਹੀਦਾ ਹੈ।

[ਪੰਨਾ 423-426

ਲਾਲਾ ਮੇਹਰ ਚੰਦ ਮੈਨੇਜਰ ਸੰਸਕ੍ਰਿਤ ਵ ਗੁਰਮੁਖੀ
ਪੁਸਤਕਾਲੇ, ਸੈਦ ਮਿਠਾ ਬਜ਼ਾਰ ਲਾਹੌਰ ਸੰਮਤ ਨਾਨਕ ਸ਼ਾਹੀ ੪੨੩

(੮)

'ਸ੍ਰੀ ਗੁਰਮਹਿਮਾਪ੍ਰਕਾਸ਼' ਵਿਚੋਂ

ਆਗੇ ਸਾਖੀ—ਸਤਿਗੁਰ ਜੀ ਕੇ ਦਰਸ਼ਨ ਕਉ ਸਰਬਤ ਸਿਖ ਸੰਗਤਿ ਆਏ ਪੂਜਾ ਭੇਟ ਅਨਗਣਤ ਚੜ੍ਹਾਵਤ ਭਏ । ਸਤਿਗੁਰ ਦੀਨ ਦਿਆਲ ਪਤਿਤ ਪਾਵਨ ਚਲਿਤ੍ਰ ਦਿਖਾਇਆ । ਜੋ ਜੋ ਸਰਬ ਦੇਸੋਂ ਸੇ ਹੁਕਮਨਾਮੇ ਭੇਜ ਕੇ ਮੰਗਾਇਆ ਥਾ ਅਰ ਜੋ ਨਕਦੀ ਰੁਪਏ, ਅਸ਼ਰਫੀਆਂ, ਖਜ਼ਾਨੇ ਮੇਂ ਥੀਂ ਸੋ ਅਰੁ ਥਾਨ ਜ਼ਰਬਾਫਤ ਤੇ ਆਦਿ ਲੈਕੇ ਤਾਸ ਬਾਦਲੇ ਕੇ ਥੇ, ਸੋ ਹਜ਼ੂਰ ਮੇਂ ਮੰਗਾਇਕੇ ਅਤਰ ਵ ਫੁਲੇਲ ਜੋ ਜਉਨਪੁਰ ਤੇ ਆਦਿ ਲੇ ਕਰ ਬਡੀ ਬਡੀ ਜਾਗ੍ਹਾ ਕਾ ਥਾ, ਸੋ ਮੰਗਾਇਕੇ ਹੁਕਮ ਕੀਆ ਜੋ ਜੋ ਇਨ ਥਾਨੋਂ ਕੋ ਇਸ ਮੇਂ ਤਰ ਕਰਕੇ ਫੂਕ ਦੇਹੁ । ਸਿਖਾਂ ਨੇ ਉਸੀ ਤਰਹ ਕੀਆ । ਸਤਿਗੁਰ ਜੀ ਕੀ ਆਗਿਆ ਮਾਨ ਕੇ ਫੇਰਿ ਹੁਕਮ ਹੂਆ ਜੋ ਇਸ ਕੀ ਸੇਮ ਏਕਠੀ ਕਰਕੇ ਚਾਦਨੀਆਂ ਕੇ ਬੀਚ ਗਠੇ ਬਾਧਹੁ ।

ਈਹਾਂ ਇਹੁ ਚਰਿਤ੍ਰ ਕਰਕੇ ਆਪਿ ਜਾਇ ਕੈ ਸਤਰੁਦ੍ਰ ਕੇ ਕਿਨਾਰੇ ਹਥ ਹਥ ਜਲ ਮੇਂ ਮੰਜੀ ਬਿਛਵਾਇਕੇ ਆਸੀਨ ਭਏ । ਵ ਹੁਕਮ ਕੀਆ ਜੁ ਇਸ ਜਾਗ੍ਹਾ ਏਕ ਗੜਾ ਨਿਕਾਲੋਂ, ਸਿਖਾਂ ਨੇ ਉਸੀ ਤਰਹ ਕੀਆ । ਆਗਿਆ ਹੋਈ ਕਿ ਜਾਇਕੇ ਅਸ਼ਰਫੀਆਂ ਵ ਰੁਪਯਾ ਕੇ ਤੋੜੇ ਖਜ਼ਾਨੇ ਸੇ ਸਭ ਉਠਾਇ ਲਿਆਵਹੁ ਵ ਜਵਾਹਰ ਖਾਨੇ ਸੇ ਕੁਲ ਜਵਾਹਰਾਤਿ ਵ ਸੀਮ ਕੇ ਗੱਠੇ ਵ ਸਿਲਹਖਾਨੇ ਸੇਂ ਕੁਲ ਹਥਿਆਰ ਵ ਸੁਇਨਾ ਵਹ ਜੋ ਹੁਕਮਨਾਮੇ ਭੇਜ ਕੈ ਮੰਗਾਇਆ ਹੈ, ਸੋ ਅਉਰ ਬਰਤਨ ਚਾਦੀ ਵ ਸੁਇਨੇ ਕੇ ਸਾਏ ਵ ਜੜਾਊ ਏਹ ਸਭ ਚੀਜ਼ਾਂ ਜਲਦ ਲਿਆਇ ਕੈ ਇਸ ਗੜੇ ਮੇਂ ਡਾਲਤੇ ਜਾਓ । ਆਗਿਆ ਮਾਨ ਕੈ ਸਰਬਤ੍ਰ ਸਿਖ ਸੰਗਤਿ ਉਸ ਕਾਰ ਮੇਂ ਲਗਿ ਪੜੇ । ਏਕ ਸਿਖ ਨੇ ਕਿਆ ਕੀਆ ਜੋ ਏਕ ਚਿਲਾ ਕਮਾਨ ਸੇ ਨਯਾ ਉਤਾਰ ਕੇ

ਕਿ ਤੇਰੀ ਕਮਰ ਮੇਂ ਕਿਆ ਹੈ ?
ਕਮਰ ਮੇਂ ਰਖਾ। ਸਤਿਗੁਰ ਅੰਤਰਜਾਮੀ ਪੂਛਾ
ਸਿਖ ਨੇ ਹਾਥ ਬਾਂਧ ਕੇ ਬੇਨਤੀ ਕੀਆ, ਏਕ ਚਿੱਲਾ ਮੈਂ ਨੇ ਲੀਆ ਹੈ। ਇਸ ਵਾਸਤੇ
ਜੋ ਮਲੇਛਾਂ ਸੇ ਲੜਾਈ ਹਮੇਸ਼ਾ ਰਹਤੀ ਹੈ, ਸਾਇਤ ਕਿਸੀ ਵਖਤ ਮੇਰਾ ਚਿਲਾ ਪੁਰਾਨਾ
ਹੈ ਟੂਟ ਜਾਇ ਤੋ ਇਸਕੋ ਚੜ੍ਹਾਇ ਲਊਂਗਾ।
ਤਬ ਸਤਿਗੁਰ ਗ੍ਰੀਬ ਨਿਵਾਜ ਬਚਨ ਕੀਆ, 'ਹੇ ਸਿਖ, ਇਹ ਪੂਜਾ ਕੀ
ਐਸ ਹੈ, ਤੁਮ ਕਉ ਇਹ ਬਿਖ ਸਮਾਨ ਹੈ।' ਇਹ ਬਚਨ ਸੁਨਕੇ ਸਿਖ ਕੰਪਮਾਨ
ਭਇਆ ਅਉ ਚਰਨਾਂ ਉਪਰਿ ਗਿਰ ਪੜਾ ਅਰ ਬੇਨਤੀ ਕਰੀ ਹੇ ਗਰੀਬ ਨਿਵਾਜ !
ਦਾਸ ਕੀ ਅਵਗਿਆ ਮਾਫ ਕਰਨੀ। ਸਤਿਗੁਰ ਸਾਹਿਬ ਜੀ ਨੇ ਹੁਕਮ ਕੀਆ ਜੋ
ਇਸ ਚਿਲੇ ਨੇ ਇਥੇ ਪਾਇ ਦੇਇ। ਹੋਰ ਚੀਜਾਂ ਜਲਦ ਲਿਆਓ। ਤਾਂ ਹਜੂਰ ਕਾ
ਹੁਕਮ ਮਾਨ ਕੈ ਹਜ਼ਾਰਾਂ ਸਿਖ ਢੋਵਨੇ ਲਗੇ, ਸੰਧਿਆ ਤਕ ਸਭ ਅਸਬਾਬ ਆਇ
ਚੁਕਾ। ਤਬ ਆਪ ਨੇ ਹੁਕਮ ਕੀਆ ਜੋ ਅਬ ਡੇਰੇ ਕੋ ਚਲੋ, ਸੰਗਤ ਸਤਿਗੁਰ ਜੀ ਕੇ
ਹਮਰਾਹ ਡੇਰੇ ਕਉ ਆਏ। ਇਧਰ ਤੋ ਇਹ ਚਰਿਤ੍ਰ ਹੂਆ। ਉਧਰ ਰਾਜਿਆਂ ਨੇ
ਸੁਨਾ ਜੁ ਗੁਰੂ ਜੀ ਨੇ ਸਭ ਮਾਯਾ ਅਰੁ ਅਸਬਾਬ ਆਪਨਾ ਸਤਲੁਦ ਕੇ ਕਿਨਾਰੇ
ਗੜਾ ਕਰਕੇ ਉਸ ਮੇਂ ਪਾਇਆ ਹੈ। ਇਹ ਸੁਨਕੇ ਰਾਜੇ ਸਤਲੁਦ੍ਰ ਕੇ ਕਿਨਾਰੇ
ਆਇਕੇ ਉਸ ਜਾਗ੍ਹਾ ਕਉ ਸਾਰੀ ਰਾਤਿ ਖੋਦਤੇ ਰਹੇ। ਕਛੁ ਹਾਥ ਨ ਲਗਾ। ਸਵੇਰ ਕੋ
ਅਪਨੇ ਘਰ ਗਏ। ਸਿਖਾਂ ਨੇ ਇਹ ਕਥਾ ਸਭਿ ਆਇਕੈ ਹਜੂਰਿ ਸਤਿਗੁਰ ਜੀ ਕੋ
ਕਹੀ। ਸ੍ਰੀ ਮੁਖ ਬਚਨ ਹੂਆ, ਜੁ ਮੈਂ ਨੇ ਇਹ ਮਾਯਾ ਅਰੁ ਅਸਬਾਬ ਅਪਨਾ ਸਤਲੁਦ੍ਰ
ਕੀ ਸਪੁਰਦ ਕੀਆ ਹੈ ਅਰ ਅਮਾਨਤ ਰਖਾ ਹੈ ਅਰ ਉਸ ਜਾਗ੍ਹਾ ਕਾ ਨਾਉ
ਹਿਮਾਇਤੀਨਾਲਾ ਕੀਆ ਹੈ ਜਿਸਕੇ ਵਾਸਤੇ ਇਹ ਸਭ ਕਛੁ ਅਮਾਨਤ ਰਖਾ ਹੈ,
ਜਦ ਉਹ ਪੁਰਖ ਆਵੇਗਾ ਤਦ ਅਪਨੀ ਅਮਾਨਤ ਲੈ ਲੇਇਗਾ। ਅਉਰ ਕਿਸੀ
ਕਉ ਕੋਟ ਜਤਨ ਕਰ ਕੇ ਨਹੀਂ ਮਿਲਨੀ। ਜੋ ਮਾਯਾ ਅਸਬਾਬ ਸਤਿਗੁਰ ਗਰੀਬ
ਨਿਵਾਜ ਨੇ ਸਤਲੁਦ੍ਰ ਮੇਂ ਡਾਲਾ, ਤਿਸਕੀ ਸੰਖਿਆ ਬਡਿਆਂ ਸਿਖਾਂ ਨੇ ਕੀਆ
ਤਉ ਨਉ ਕਰੋੜ ਠਹਿਰਾਇਆ।

(ਸਾਖੀ ੨੧)
ਪਰਮ ਸਤਿਗੁਰ ਕੀ ਮਹਿਮਾ ਕਾ ਅੰਤ ਕਉਨ ਪਾਵੈ। ਪੰਨਾ 871-73

ਸਾਖੀ ਪੂਰਨ ਹੋਈ

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ
ਹੋਇ ਦਯਾਲ ਕਰਿ ਲੇਹੁ ਉਧਾਰਿ।

(੯)

'ਸਿਖਾਂ ਦੀ ਭਗਤਮਾਲਾ' ਵਿਚੋਂ

ਭਾਈ ਕਪੂਰ ਦੇਵ ਵਡਾ ਸਿਖ ਹੈਸੀ। ਸਣੇ ਪੁਤ੍ਰਾਂ ਦੇ ਸਣੇ ਇਸਤ੍ਰੀ ਤੇ ਬਹੂਆਂ ਸਮੇਤ ਸਿਖਾਂ ਨੂੰ ਪ੍ਰਸੰਨ ਹੋ ਕੇ ਮਿਲਦਾ ਸੀ ਤੇ ਬਹੁਤੀ ਟਹਲ ਸੇਵਾ ਸਿਖਾਂ ਦੀ ਕਰਦਾ ਸੀ। ਇਕ ਦਿਨ ਗੁਰੂ ਅਰਜਨ ਜੀ ਥੀਂ ਪੁਛਿਆ : ਗਰੀਬ ਨਿਵਾਜ ! ਤੁਸਾਨੂੰ ਜੋ ਸਿਖ ਪਿਆਰੇ ਹੈਨਿ ਊਨਾਂ ਦਾ ਦਰਸਨ ਸਾਨੂੰ ਕਰਵਾਵਹੁ ਤਾਂ ਬਚਨੁ ਹੋਇਆ, ਭਾਈ ਸੰਮਣ ਸ਼ਹਿਬਾਜ਼ਪੁਰ ਵਿਚ ਰਹਿੰਦਾ ਹੈ, ਓਸਦਾ ਦਰਸਨ ਕਰਿ ਆਵਹੁ। ਤਾਂ ਕਪੂਰ ਦੇਵ ਭਾਈ ਸੰਮਣ ਦੇ ਘਰਿ ਨੂੰ ਗਇਆ। ਅਗੋਂ ਭਾਈ ਸੰਮਣ ਆਇ ਮਿਲਿਆ ਤੇ ਉਨ੍ਹਾਂ ਬਹੁਤ ਟਹਲ ਸੇਵਾ ਕੀਤੀ ਤੇ ਲੱਕੜੀਆਂ ਮੁੱਲ ਬਹੁਤੀਆਂ ਲਿਆਇਆ, ਤੇ ਛੱਪੜ ਤੇ ਸ਼ਤਰੰਜੀਆਂ ਟੁਟੀਆਂ ਹੋਈਆਂ ਗੰਢਦਾ ਰਹਿਆ। ਭਾਈ ਕਪੂਰ ਦੇਵ ਨੂੰ ਕਹਿਆ, 'ਮੈਨੂੰ ਤੁਸਾਡੇ ਦਰਸਨ ਨੂੰ ਸਾਹਿਬਾਂ ਭੇਜਿਆ ਹੈ ਤੁਸੀਂ ਨਿਕੰਮਿਆਂ ਕੰਮਾਂ ਵਿਚ ਕੀ ਪਰਚੇ ਹੋ ?' ਤਾਂ ਉਨ੍ਹਾਂ ਕਹਿਆ, 'ਭਾਈ ਜੀ ! ਇਹ ਭੀ ਕੰਮ ਹੈਸੀ ਤੇ ਰਾਤ ਨੂੰ ਅਸੀਂ ਤੁਸਾਡੇ ਪਾਸ ਰੁਜੂ ਹੋਵਾਂਗੇ' ਤਾਂ ਰਾਤ ਦੋਨੋ ਪਿਉ ਪੁਤ੍ਰ ਕੀਰਤਨ ਕਰਦੇ ਰਹੇ ਤੇ ਦਿਨੇ ਓਸ ਗਾਉਂ ਦੀਆਂ ਗਊਆਂ ਚੋਰ ਹੱਕ ਲੈ ਗਏ।

ਪਿਛੇ ਗੁਹਾਰ ਪਈ, ਸੰਮਣ ਦਾ ਪੁਤ੍ਰ ਭੀ ਪਿਛੇ ਗਇਆ, ਓਸਨੂੰ ਗੋਲੀ ਲਗੀ ਉਹ ਮਰ ਗਿਆ। ਜਿਹੜੀਆਂ ਲੱਕੜੀਆਂ ਤਿਆਰ ਹੈਸਨਿ ਉਹ ਚਿਖਾ ਵਾਸਤੇ ਲੈ ਗਇਆ ਤੇ ਓਸਨੂੰ ਖਫਨ ਦੇ ਕੇ ਬਿਬਾਣ ਵਿਚ ਪਾਇਕੇ ਅਗੋਂ ਭਾਈ ਸੰਮਣ ਕੀਰਤਨ ਕਰਦਾ ਆਵੇ। ਹੋਰ ਸਿਖ ਜੋ ਅਗੋਂ ਪਰਚਾਵਣੀ ਆਏ ਤਿਨਾਂ ਨੂੰ ਸ਼ਤਰੰਜੀਆਂ ਵਿਛਾਇ ਦਿਤੀਆਂ। ਕਹਿਆ ਜੋ 'ਅਗੇ ਹੀ ਮੈਂ ਏਸੇ ਵਾਸਤੇ ਤਿਆਰ

ਸਰ ਰਖੀਆਂ ਹੈਸਨਿ । ਤਾਂ ਕਾਜ਼ੀ ਕਪੂਰ ਦੇਵ ਕਹਿਆ, 'ਜੇ ਤੁਸੀਂ ਜਾਣਦੇ ਸੋ ਤਾਂ ਗੁਰੂ ਜੀ ਥੀਂ ਬਖਸਾਇ ਲੈਣੇ ਆਹਿ ਜੁ ਇਸਦੀ ਆਰਜਾ ਵਡੀ ਹੋਵੈ ਤਾਂ ਕਾਜ਼ੀ ਸੰਮਣ ਕਹਿਆ, 'ਸਰੀਰ ਤਾਂ ਅਸਤਿ ਹੈ, ਇਨ੍ਹਾਂ ਦਾ ਮਰਨ ਦਾ ਤਾਂ ਅਚਰਜ ਨਹੀਂ, ਏਨਾਂ ਦਾ ਜੀਂਵਣਾ ਹੀ ਵਡਾ ਅਚਰਜ ਹੈ । ਸੋਈ ਮੂਰਖ ਹੈਨਿ ਜੋ ਸਰੀਰ ਦਿਆਂ ਬਿਨਸਿਆਂ ਸੋਗ ਕਰਦੇ ਹੈਨਿ । ਗੁਰੂ ਥੀਂ ਮਾਂਗੀਐ ਤਾਂ ਨਾਮ ਮਾਂਗੀਐ ਜੋ ਨਾਲ ਇਸਦੇ ਸਹਾਇਤਾ ਕਰੈ । ਨ ਕੋਈ ਕਿਸੇ ਦਾ ਪਿਤਾ ਹੈ, ਨ ਪੁੱਤ੍ਰ ਹੈ, ਚਾਰ ਦਿਨ ਦੀ ਖੇਲ ਹੈ। ਪੰਚ ਤਤ ਵਿਰੋਧੀਏ ਇਕੱਠੇ ਕਰਕੇ ਈਸਰ ਨੇ ਸਰੀਰ ਰਚੇ ਹੈਨਿ ਆਪਣੀ ਮਿਰਜਾਦਾ ਭੋਗ ਕੈ ਫੇਰ ਭਿੰਨ ਹੋ ਜਾਂਦੇ ਹੈਨਿ । ਨ ਕੋਈ ਜੰਮਦਾ ਹੈ, ਨ ਕੋਈ ਮਰਦਾ ਹੈ । ਏਹ ਜੀਉ ਆਪਣੇ ਸਰੂਪ ਨੂੰ ਭੁਲਾਇਕੈ ਦੁਖ ਪਿਆ ਭੋਗਦਾ ਹੈ ।

ਜੇ ਗੁਰੂ ਕੇ ਬਚਨ ਮੰਨੇ, ਸਮਝੇ ਤਾਂ ਜਨਮ ਮਰਨ ਥੀਂ ਰਹਤ ਹੋਂਦਾ ਹੈ ।' ਸਾਹਿਬ ਦਾ ਬਚਨੁ ਹੈ :

'ਨਹ ਕਿਛੁ ਜਨਮੈ ਨਹ ਕਿਛੁ ਮਰੈ
ਆਪਨ ਚਲਿਤੁ ਆਪ ਹੀ ਕਰੈ ।'

ਜੈਸੇ ਘਟ ਘਟ ਕੇ ਉਪਜਣ ਤੇ ਆਕਾਸ਼ ਜਨਮਤਾ ਨਹੀਂ ਤੇ ਉਨ੍ਹਾਂ ਦੇ ਬਿਨਸਨ ਤੇ ਬਿਨਸਦਾ ਨਹੀਂ ਤੈਸੇ ਸਰੀਰਾਂ ਦੇ ਉਪਤਿ ਖਪਤਿ ਤੇ ਜੀਉ ਨਿਆਰਾ ਹੈ । ੬੬ ।

ਪੰਨਾ 107-8

ਸਿਖਾਂ ਦੀ ਭਗਤ ਮਾਲਾ

ਪ੍ਰਕਾਸ਼ਕ ਖਾਲਸਾ ਸਮਾਚਾਰ ਅੰਮ੍ਰਿਤਸਰ (1950)

—o—

'ਸੌ ਸਾਖੀ' ਵਿਚੋਂ

(ੳ) ਏਕ ਬੇਰ ਗੁਰੂ ਜੀ ਕੇ ਹਜ਼ੂਰੀ ਰਾਗੀਆਂ ਕੀਰਤਨ ਕੀਤਾ ਅਤੇ ਵੈਰਾਗ ਕਰਿ ਗੋਪੀਚੰਦ ਕੀ ਵਾਰ ਗਾਂਵੀ ਪ੍ਰੀਤਿ ਕਰਿ । ਖਾਲਸਾ ਖੁਸ਼ੀ ਹੋਇਆ। ਸਵੇਰ ਕਾ ਸਮਾ ਥਾ । ਸ਼ਬਦ, ਸਾਜ, ਕੰਠ, ਪ੍ਰੇਮ ਏਕ ਹੋ ਗਏ। ਏਕ ਰਾਗੀ ਸਿਖ ਥਾ, ਗੁਰੂ ਕੀ ਬਾਣੀ ਬਿਨਾ ਪ੍ਰੀਤਿ ਨਹੀਂ ਥਾ ਕਰਦਾ। ਸੋ ਉਠ ਕੇ ਝਲਕੇ ਦੀਵਾਨ ਵਿਚ ਆਇ ਕੇ ਬੋਲਿਆ—

ਗੁਰੂ ਜੀ ! ਮੇਰੀ ਪੁਕਾਰ ਹੈ। ਗੁਰੂ ਕੇ ਸਿਖ ਰਾਗੀ ਬਿਸਿਦਕ ਹੋਇ ਗਏ ਹੈਨਿ। ਗੁਰੂ ਕੀ ਬਾਣੀ ਛੋਡ ਕੇ ਗੋਪੀ ਚੰਦ ਦਾ ਝੇੜਾ ਅਰੰਭ ਬੈਠੇ ਹਨ। ਅੰਮ੍ਰਿਤ ਵੇਲੇ ਗੁਰੂ ਕੇ ਸਬਦ ਬਾਝਹੁ ਹੋਰ ਕਚੀ ਬਾਣੀ। ਏਨਾ ਸਿਖਾਂ ਜਾਣ ਬੁਝ ਕੇ ਛਡੀ ਬਾਣੀ। ਕੀਰਤਨ ਵੇਲੇ ਹੋਰ ਕਿਉਂ ਪੜ੍ਹਿਆ।'

ਤਾਂ ਬਚਨ ਹੋਇਆ, 'ਭਾਈ ਸਾਈਂ ਲੋਕਾ ! ਸਿਖ ਵਿਚ ਅਤੇ ਗੁਰੂ ਵਿਚ ਭੇਦ ਨਾਹੀ। ਸਿਖ ਸੇਵਕ ਭਗਤ ਸਭ ਨਾਮ ਬੈਰਾਗ ਸਾਸਿ ਸਾਸਿ ਸਮਾਲਦੇ ਹੈਨਿ ਕਰਤਾਰ ਨੂੰ ! ਸਿਖਾ ! ਸਿਖੀ ਦੂਰ ਹੈ। ਧੰਨ ਗੋਪੀਚੰਦ, ਜਿਨ ਚੇਰਾਂ ਸੈ ਰਾਣੀ ਅਤੇ ਰਾਜ ਕਾ ਮੋਹ ਤਿਨਕੇ ਕੀ ਨਿਆਈਂ ਤੋੜਿ ਸਟਿਆ। ਤਪਿ ਕਰਿ ਸਿਧ ਹੂਆ। ਗੋਰਖ ਨਾਥ ਕੀ ਚਰਨੀਂ ਲਗਿ ਉਧਰਿਆ।

ਤੁਸੀਂ ਸਭ ਸਿਖ ਗੁਰੂ ਕੇ ਹਜ਼ੂਰ ਬੈਠਦੇ ਹੋ ਅਤੇ ਮਨ ਘਰ ਕੀਆਂ ਕਾਣੀਆਂ ਕੁਸੋਹਣੀਆਂ ਕੁਰਹਿਤਣੀਆਂ ਸਿਖਣੀਆ ਵਿਚ ਹੈ, ਕਛੁ ਗੁਰ ਕੇ ਘਰੋਂ ਹਥ ਲਗੇ ਤਾਂ ਘਰਿ ਜਾਇਗੋ ਲੈ ਕਰਿ। ਤੁਸੀਂ ਕਿਕੁਰ ਗੋਪੀ ਚੰਦ ਦੀ ਰੀਸ ਕਰਦੇ ਹੋ ? ਗੁਰੂ ਸਭ ਕਾ ਸਾਂਝਾ ਹੈ ਵੈਰਾਗ ਵਾਲਿਆਂ ਦਾ। ਜਿਸ ਬਾਣੀ ਨਾਲ ਵੈਰਾਗ ਤੇ ਸ਼ਾਂਤਿ ਪ੍ਰਾਪਤ ਹੋਵੈ ਅਤੇ ਗਿਆਨ; ਸੋ ਬਾਣੀ ਗੁਰੂ ਕੀ ਬਾਣੀ ਸਮਾਨ ਹੈ। ਬੇਦ ਕਾ ਵਾਕ ਭੀ ਤਿਆਗਣਾ, ਦੇਵਤਾ ਕੀ ਬਾਣੀ ਬਿਅਰਥ ਛੋਡੀ ਹੈ। ਸਾਰ ਵਾਲਾ ਵਾਕ ਬਾਲਕ ਕਾ ਭੀ ਮੰਨਣਾ।

[ਦਸਵੀਂ ਸਾਖੀ

ਗੁਰੂ ਕਾ ਹੁਕਮ

(ੳ) ਏਕ ਬੇਰ ਗੁਰੂ ਜੀ ਪੁਸ਼ਾਕੀ ਪਹਰ ਕੈ ਸੁਪੰਦ ਹੋਇਕੈ ਬੈਠੇ ਥੇ। ਏਕ ਸਿਖ ਕੰਧਾਰ. ਦਾ ਸੀ। ਮੈਲਾ ਛੀਂਟਾ ਗੁਰੂ ਕੇ ਬਾਗੇ ਪਰ ਪੜਾ। ਬਚਨ ਹੂਆ ਸੰਗਤ ਨੂੰ ਲੋਪਨੀ ਸਿਖ ਨੂੰ ਏਕ ਤਮਾਚਾ ਮਾਰੋ ਤਾਂ ਸੁਣਕੇ ਸਭ ਸੰਗਤਿ ਦੌੜ ਪਈ, ਤਮਾਚੇ ਧਾਇ ਮਾਰੇ, ਸਿਖ ਬਿਸੁਧ ਹੋਇ ਗਿਆ ਤਾਂ ਗੁਰੂ ਜੀ ਦੇਖਿਆ ਜੋ ਗੁਨਾਹ ਥੋੜਾ ਤੇ ਮਾਰ ਬਾਹਲੀ, ਵਿਚਾਰ ਕਰ ਬੋਲੇ— ਸਿਖ ਸੰਗਤਿ ਗੁਰੂ ਕੀ ਆਗਿਆਕਾਰੀ, ਭਾਈ ਸਿਖੋ! ਗੁਰੂ ਜੀ ਕਾ ਇਹ ਤੋ ਸਿਖ ਥਾ ਤੁਸਾਂ ਸਿਖ ਦੇ ਕੇਸਾਂ ਪਰ ਧੱਫਾ ਮਾਰਿਆ, ਬੁਰਾ ਕੀਤਾ, ਏਹੁ ਗੁਰੂ ਕਾ ਬਾਣਾ ਹੈ। ਜੋ ਗੁਰੂ ਕਾ ਸਿਖ ਹੋਵੈਗਾ ਸੋ ਤੋ ਗੁਰੂ ਕਾ ਵੈਰੀ ਨ ਜਾਨਣਾ, ਬੜਾ ਗੁਨਾਹ ਅਨਰਥ ਕੀਤਾ ਅਤੇ ਜਾਉ ਤੁਸੀਂ ਕਹੋਂ ਗੁਰੂ ਕਾ ਬਚਨ ਮੰਨਿਆਂ ਤਾਂ ਗੁਰੂ ਕਿਆਂ ਏਕ ਤਮਾਚਾ ਕਹਿਆ ਸੀ। ਏਕ ਨੇ ਮਾਰਨਾ ਸੀ ਇਹ ਪਰ, ਦੂਸਰੇ ਹਟਿ ਜਾਣਾ ਸੀ।

ਸੋ ਬਚਨ ਪੂਰਾ ਹੋਇ ਗਯਾ ਹੈ, ਇਹ ਭੀ ਸਿਖ ਭਾਈ ਹੈ, ਐਸੀ ਹੀ ਨੇਤਿ ਹੋ ਗਈ ਤਾਂ ਤੇ ਇਸ ਸਿਖ ਨੂੰ ਬੇਟੀ ਦੇਵਹੁ। ਸੁਣ ਕਰਿ ਚੁਪ ਹੋ ਗਈ ਸੰਗਤਿ। ਤਾਂ ਬਚਨ ਹੂਆ, ਗੁਰੂ ਕਾ ਬਚਨ ਸਾਖ ਮੰਨੀਏ ਤਾਂ ਸਿਖ ਹੋਈਦਾ ਹੈ, ਭਾਈ ਸਿਖੀ ਦੂਰ ਹੈ। ਤੁਸੀਂ ਸਿਖ ਕਹਾਂਮਦੇ ਹੋ, ਬਾਣਾ ਗੁਰੂ ਕੇ ਸਿਖ ਦਾ ਹੈ। ਤਾਂ ਸਿਖ ਕੰਧਾਰੀ ਅਜਬ ਸਿੰਘ ਨੇ ਬੇਟੀ ਲਿਆਇ ਖੜੀ ਕੀਤੀ ਤਾਂ ਬਚਨ ਕੀਤਾ, 'ਨਿਹਾਲ ਸਿਖਾ!' ਸਿਖੀ ਗੁਰੂ ਹਜੂਰ ਕਰਿ ਵਿਡੀ ਆਹੀ। ਕੁਹਾੜੀ ਰਖੀ ਸਿਖੀ ਗੁਰੂ ਕਿਆ ਨੇ। ਤਾਂ ਉਹ ਸਿਖ ਲੋਪਨੀ ਬੋਲਿਆ, 'ਮੇਰੀ ਇਹ ਸਿਖ ਪੁਤ੍ਰੀ ਭੈਣ ਹੈ ਜੀ!'

ਉਹ ਕੰਨਿਆ ਬੋਲੀ, 'ਗੁਰੂ ਕਾ ਬਚਨ! ਬਾਪ ਨੇ ਦਿਤੀ ਮੈਂ ਤਾਂ ਹਜੂਰ ਹੀ ਰਹਾਂਗੀ।'

[੧੬ਵੀਂ ਸਾਖੀ

(੧੧)

'ਦੋਰੇ ਦੀ ਸਾਖੀ' ਵਿਚੋਂ

ਅਗੋ ਘੁੱਦੇ ਤੇ ਸੁਖੁ ਦੀਵਾਨੇ ਨੇ ਕਹਿਆ, 'ਗੁਰੂ ਜੀ ਨੇ ਦਿਵਾਨਾ ਮਾਰਿਆ ਹੈ ਵੈਰ ਲਈਏ।' ਪੰਜਾਹ ਦਿਵਾਨੇ ਕੱਠੇ ਕੀਤੇ। ਜਾਂ ਰਾਹਿ ਵਿਚਿ ਆਏ ਤਾਂ ਪੱਚੀ ਹਟ ਗਏ। ਕਹਿੰਦੇ— 'ਗੁਰੂ ਨਾਲਿ ਨਾਹੀ ਲੜਦੇ' ਜਾਂ ਅੱਗੇ ਆਇ ਤਾਂ ਤੇਰਾਂ ਹਟਿ ਗਏ। ਜਾਂ ਅਗੇ ਆਏ ਤਾਂ ਦਸ ਹਟ ਗਏ। ਕਹਿੰਦੇ 'ਗੁਰੂ ਨਾਲ ਨਾਹੀ ਲੜਦੇ। ਸੁਖੁ ਤੇ ਬੁਧੂ ਰਹਿ ਗਏ। ਸਾਰੰਗੀ ਤੇ ਢੱਡ ਸੀ ਪਾਸ, ਡੇਰੇ ਧਰ ਗਏ। ਗੁਰੂ ਜੀ ਨੂੰ ਮੱਥਾ ਜਾਇ ਟੇਕਿਆ।

ਗੁਰੂ ਜੀ ਕਹਿੰਦੇ, ਜੋ ਕੁਛ ਡੇਰੇ ਲੁਕਾਇ ਆਇ ਹਹੁ। ਓਹੁ ਲੈ ਆਵੋ। ਓਹੁ ਢੱਡ ਸਾਰੰਗੀ ਲੈ ਆਏ।

ਗੁਰੂ ਜੀ ਕਹਿੰਦੇ, ਗਾਓ। ਉਨ੍ਹਾਂ ਸਾਰੰਗੀ ਸੁਰ ਕੀਤੀ, ਗਾਵਣ ਲਗੇ ਕਹਿੰਦਾ —

ਕੱਚਾ ਕੋਠਾ ਵਿਚ ਵਸਦਾ ਜਾਨੀ
ਸਦਾ ਨ ਮਾਪੇ ਨਿਤ ਨਹੀਂ ਜੁਆਨੀ।

ਗੁਰੂ ਜੀ ਕਹਿੰਦੇ, ਫੇਰ ਕਹੁ। ਤਿੰਨ ਵਾਰੀ ਕਹਾਇਆ ਗੁਰੂ ਜੀ ਚੜਨ ਲਗੇ। ਸੁਖੁ ਕਹਿੰਦਾ, ਜੀ! ਸਾਡੇ ਉਤੇ ਅਸਵਾਰੀ ਕਰੋ। ਦੁਇ ਦਿਵਾਨ ਦੁਇ ਸਿਖ ਹੋਰ ਕੀਤੇ, ਚਾਰਪਾਏ ਉਤੇ ਗੁਰੂ ਜੀ ਨੂੰ ਚੜ੍ਹਾ ਕੇ ਚੱਕਿਆ। ਗੁਰੂ ਜੀ ਸੁਖੂ ਦੇ ਸਿਰ ਉਤੇ ਧੌਂਸੇ ਵਾਂਗੂ ਵਜਾਇੰਦੇ ਜਾਵਨ। ਸੁਖੂ ਦਾ ਸਿਰ ਗੰਡਾ, ਹੇਠ ਸੁਖੂ ਕਹਿੰਦਾ ਜਾਵੇ, 'ਧਊਂ ਧਊਂ, ਧਊਂ ਧਊਂ' ਅਗੋ ਕੋਸਕ ਥੋਂ ਗੁਰੂ ਜੀ ਘੋੜੇ

ਉਤੇ ਅਸਵਾਰੀ ਕੀਤੀ। ਉਸ ਕਾ ਭਾਉ ਕਰਕੇ ਚੜੇ ਸੇ ਪਲੰਘ ਉਪਰਿ। ਸੁਖੂ ਨੇ ਆਖਿਆ ਸੀ, ਜੋ ਸਾਂਗ ਆਪ ਮਾਛੀਵਾੜੇ ਕੀ ਤਾ ਹੈ, ਸੋ ਦਿਖਾਓ ਮੈਨੂੰ ?' ਮੰਜੇ ਉਤੇ ਚੜ੍ਹੇ, ਨੀਲੀ ਪੋਸ਼ਾਕ ਪਹਿਰੀ, ਉਸਨੂੰ ਰਾਜ਼ੀ ਕੀਤਾ। ਡੇਰਾ ਹੋਇਆ। ਸੁਖੂ ਮੱਥਾ ਟੇਕਕੇ ਪਰਕੰਮਿਆ ਦੇਣ ਲਗਾ ਨਾਲੇ ਕਹਿੰਦਾ ਫਿਰੇ, 'ਉਂਘਾਂ ਉਂਘਾਂ', ਭੌਂਦਾ ਫਿਰੇ, ਫੇਰ ਹਾਰ ਕੇ ਡਿਗ ਪਇਆ। ਗੁਰੂ ਜੀ ਨੇ ਸੁਖੂ ਨੂੰ ਕਹਿਆ, ਇਸਕਾ ਅਸਨਾਨ ਕਰਵਾਓ। ਫੇਰ ਅਸਨਾਨ ਕੀਤਾ, ਸੁਧ ਆਈ। ਸੁਖੂ ਨੇ ਗੁਰੂ ਜੀ ਨੂੰ ਮੱਥਾ ਟੇਕਿਆ, ਕਹਿੰਦਾ—ਵਡਾ ਵੈਰਾਗ ਆਇਆ ਸੀ ਤੁਸੀਂ ਅਸਨਾਨ ਨਾਹੀ ਸੀ ਕਰਵਾਉਣਾ ਜੀ।' ਗੁਰੂ ਜੀ ਨੇ ਰੁਪਯਾ ਦਿਤਾ। ਚੌਖੂਟੀਆ ਉਸਨੂੰ ਅਜਾਂ ਤੀਕ ਮੱਥਾ ਟੇਕਦੇ ਹਨ ਜੀ। ੨੪।*

ਪੰਨਾ 75-76

— — —

* ਮਾਲਵੇ ਵਿਚ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਦੀਵਾਨੇ ਸਾਧਾਂ ਨਾਲ ਮੇਲ ਦੀ ਵਾਰਤਾ ਹੈ।

(੧੨)

'ਗੁਰੂ ਕੀਆਂ ਸਾਖੀਆਂ' ਵਿਚੋਂ

ਭਾਈ ਦਯਾ ਸਿੰਘ ਆਦਿ ਦੋਹਾਂ ਸਿਖਾਂ ਕੇ ਛਢਣ ਦਿਤਾ ਜਾਨੇ ਕੇ ਉਪਰਾਂਤ ਭਾਈ ਦੇਸਾ ਸਿੰਘ ਨੇ ਗੁਰੂ ਜੀ ਪਾਸਿ ਆਇ ਬੇਨਤੀ ਕੀ, ਕਹਾ ਸਚੇ ਪਾਤਸ਼ਾਹ ! ਚੌਧਰੀ ਸਮੀਰਚੰਦ ਸੇ ਪਤਾ ਚਲਾ ਹੈ ਕਿ ਸੂਬਾ ਸਰਹੰਦ ਆਪ ਕੇ ਪਕੜਨੇ ਕੇ ਲੀਏ ਦੀਨਾ ਨਗਰੀ ਤੇ ਚੜ੍ਹਾਈ ਕਰਕੇ ਆਇ ਰਹਿਆ ਹੈ। ਆਗੇ ਜਿਮੇ ਆਪ ਕੀ ਰਜਾਇ। ਸਤਿਗੁਰਾਂ ਮਾਨ ਸਿੰਘ ਆਦਿ ਸਿਖਾਂ ਸੇ ਵੀਚਾਰ ਕਰਕੇ ਪੋਖ ਮਾਸਿ ਛਬੀਸ, ਮੰਗਲਵਾਰ ਕੇ ਦਿਹੁੰ ਦੀਨਾ ਨਗਰੀ ਸੇ ਆਗੇ ਜਾਨੇ ਕੀ ਤੈਆਰੀ ਕੀ। ਉਧਰੋਂ ਭਾਈ ਧਰਮ ਸਿੰਘ, ਧਰਮ ਸਿੰਘ ਦੋਵੇਂ ਤਖਣੇਰੇ ਸਿਖਾਂ ਆਇ ਪਾਂਚ ਰੁਪਏ ਊਪਰਿ ਰਾਖਿ ਸੁੰਦ੍ਰ ਬਸਤ੍ਰ ਭੇਟ ਕੀਏ, ਸਹਿਤ ਅਦਬ ਬੇਨਤੀ ਕੀ ਮਹਾਰਾਜ ! ਇਹ ਬਸਤ੍ਰ ਸਾਡੀ ਮਾਤਾ ਜੀ ਨੇ ਆਗੇ ਕੀ ਤਰਹ ਆਪਣੇ ਹਥ ਸੇ ਕਾਤ ਕੇ ਬੁਨਵਾਇ ਹੈਂ। ਪਗੜੀ, ਅਸਾਂ ਕੀ ਮਾਤਾ ਜੀ ਨੇ ਬੜੀ ਰੀਝ ਸੇ ਬੁਨਵਾਇ ਅਤੇ ਲੀਲਾਰੀ ਸੇ ਨੀਲੀ ਰੰਗਵਾਇ ਗੈਲ ਦੀ ਹੈ, ਸਾਥ ਸੀਸ ਤੇ ਬਾਂਧ ਕੇ ਖੁਸ਼ੀ ਦੀਜੀਏ। ਸਤਿਗੁਰਾਂ ਇਨ ਸਿਖਾਂ ਕੀ ਤਰਫ ਦੇਖਾ, ਮੁਸਕਰਾਏ ਤੇ ਪਗੜੀ ਸੀਸ ਗੈਲ ਛੁਹਾਇ ਸਾਰੇ ਬਸਤ੍ਰ ਮਾਨ ਸਿੰਘ ਕੇ ਹਵਾਲੇ ਕਰ ਦੀਏ। ਬਚਨ ਹੋਆ, ਭਾਈ ਸਿਖੋ ! ਇਹ ਬਸਤ੍ਰ ਅਸੀਂ ਆਗੇ ਜਾਇਕੇ ਪਹਿਨਾਂਗੇ। ਇਤਨਾ ਕਹਿ ਭਾਈ ਦੇਸਾ ਸਿੰਘ ਆਦਿ ਸਿਖਾਂ ਸੇ ਵਿਦਾਇਗੀ ਲੈ ਕੇ ਅਗੇ ਕੀ ਤਰਫ ਰਵਾਨਾ ਹੂਏ। ਭਗਤਾਂ ਗਾਮ ਜਾਇ ਡੇਰਾ ਕੀਆ। ਇਸ ਨਗਰੀ ਕਾ ਬਾਸਿੰਦਾ ਭਾਈ ਬਹਿਲੋ ਕਾ ਗੁਰਦਾਸ ਆਪਨੇ ਤੀਨ ਬੇਟੇ ਭਾਈ ਸੁੱਖਾ, ਭਾ. ਚਿੰਤੂਰਾਮ ਤੇ ਆਸਾ ਰਾਮ ਕਉ ਗੈਲ ਲੇ ਗੁਰੂ ਜੀ ਕਾ ਆਇ ਦਰਸ਼ਨ ਪਾਇਆ। ਸਤਿਗੁਰਾਂ ਇਨ ਕੋ ਦਸਾ [illegible] ਕੀ

ਕਮਾਈ ਕਰਨੀ ਨਾਮ ਦਾਨ ਇਸਨਾਨ ਆਦਿ ਕਰਨੇ ਕਾ ਸੁਭ ਉਪਦੇਸ ਕੀਆ। ਗੁਰੂ ਜੀ ਰੈਨ ਬਤੀਤ ਗੁਜਾਰ ਪ੍ਰਭਾਤ ਹੋਤੇ ਹੀ ਭਾਈ ਗੁਰਦਾਸ ਆਦਿ ਸਿਖਾਂ ਸੇ ਵਦ ਹਿਰਗੀ ਲੇ ਕੇ ਆਗੇ ਜਾਨੇ ਕੀ ਤਿਆਰੀ ਕੀ। ਰਾਸਤੇ ਮੇਂ ਖਾਦਰ, ਬਨਗਾਤੀ, ਬਰਬਲ ਆਦਿ ਨਗਰਾਂ ਸੀਂ ਹੋਤੇ ਹੂਏ ਸਰਾਵੀਂ ਜਾਇ ਡੇਰਾ ਕੀਆ। ਸਿਖ ਸੰਗਤਾਂ ਗੁਰੂ ਜੀ ਕਾ ਦਰਸਨ ਪਾਨੇ ਹੁਮ ਹੁਮਾਇ ਕੇ ਆਈਆਂ। ਕਾਈ ਵਾਰਾ ਪਾਰ ਨਹੀਂ ਸੀ ਆਇ ਰਹ। ਨਗਰਵਾਸੀ ਸਤਿਗੁਰਾਂ ਕੇ ਗੈਲ ਆਏ, ਸਿਖਾਂ ਕੋ ਪ੍ਰਸਾਦ ਪਾਨੇ ਆਪੋ ਆਪਨੇ ਘਰਾਂ ਮੈ ਲੇ ਆਏ। ਏਕ ਮੈਲਾਗਰ ਸਿੰਘ ਨਾਮੀ ਸਿਖ ਕੋ ਭਾਈ ਗੰਗਾ ਸਿੰਘ ਛੀਪਾ ਸਿਖ ਆਪਨੇ ਗ੍ਰਿਹ ਮੇਂ ਲੇ ਆਇਆ। ਇਸ ਸਿਖ ਨੇ ਗਰਮ ਪਾਨੀ ਕਰਕੇ ਸਿਖ ਕੇ ਪੈਰ ਧੁਲਾਏ, ਉਪਰੰਤ ਚਾਰਪਾਈ ਉਤੇ ਖੇਸ ਪਾਇ ਇਸੇ ਬਿਠਲਾਇਆ। ਉਪਰੰਤ ਸਿਖਣੀ ਸੁਕਾਏ ਹੂਏ ਦਾਣਾਂ ਕੇ ਪੀਂਝੂ ਗਰਮ ਜਲ ਮੇਂ ਪਾਇ ਨਰਮ ਕਰਕੇ ਥਾਲੀ ਮੇਂ ਪ੍ਰੋਸ ਲਾਈ। ਸਿਖ 'ਸ੍ਰੀ ਵਾਹਿਗੁਰੁ' ਕਹਿਕੇ ਭੋਜਨ ਪਾਨੇ ਲਾਗਾ। ਮੈਲਾਗਰ ਸਿੰਘ ਇਨ ਦੋਨੋਂ ਕੀ ਸਰਧਾ ਭਗਤੀ ਦੇਖਿ ਬੜਾ ਖੁਸ ਹੂਆ। ਸਹਿਤ ਪ੍ਰੇਮ ਪ੍ਰਸਾਦ ਛਕਕੇ ਚੁਲਾ ਕੀਆ। ਭਾਈ ਗੰਗਾ ਸਿੰਘ ਤੇ ਇਸਕੀ ਸਿਖਣੀ ਨੇ ਚੁਲਾ ਪੜਾਈ ਪਾਸ ਪੈਸੇ ਅਰਦਾਸਿ ਕਰਾਏ। ਮੈਲਾਗਰ ਸਿੰਘ ਪ੍ਰਸਾਦ ਪਾਇ ਚਾਰਪਾਈ ਤੇ ਆਇ ਬੈਠਾ। ਭਾਈ ਗੰਗਾ ਸਿੰਘ ਇਸ ਸਿਖ ਕੇ ਗੈਲ ਲੇ ਕਰ ਘਰ ਸੇ ਗੁਰੂ ਜੀ ਕੇ ਡੇਰੇ ਤੀਕ ਵਿਦਿਆ ਕਰਨੇ ਆਇਆ। ਸਾਰੇ ਸਿਖ ਨਗਰੀ ਕੇ ਪ੍ਰਸਾਦ ਪਾਇ ਕੇ ਆਇ ਗਏ ਤਾਂ ਸਤਿਗੁਰਾਂ ਪੂਛਾ, ਭਾਈ ਸਿਖੋ! ਮੁਝੇ ਬਤਲਾਈਏ, ਤੁਸਾਂ ਕਉਂ ਗਾਉਂ ਕੇ ਸਿਖਾਂ ਨੇ ਕੈਸਾ ਕੈਸਾ ਪ੍ਰਸਾਦ ਛਕਾਇਆ ਹੈ? ਆਗੋਂ ਸੇ ਭਾਈ ਮਾਨ ਸਿੰਘ ਆਦਿ ਸਿਖਾਂ ਕਹਾ, ਗਰੀਬ ਨਿਵਾਜ! ਨਗਰੀ ਕੇ ਸਿਖ ਬੜੇ ਸਰਧਾਵਾਨ ਹੈਂ, ਇਨ੍ਹੋਂ ਹਮੇ ਬੜੇ ਆਦਰ ਭਾਉ ਸੇ ਪ੍ਰਸਾਦ ਛਕਾਇਆ ਹੈ। ਕਿਸੇ ਸਿਖ ਨੇ ਕਹਾ, ਹਮੇਂ ਮਾਲ੍ਹ ਪੂੜੇ ਤੇ ਤਸਮਈ ਦਸਿਆ ਤੇ ਕਿਸੇ ਕਹਾ, ਮੁਝੇ ਰੋ ਖੀਰ ਤੇ ਕੁਠਾ ਮਿਲਾਇ ਕੇ ਖਲਾਇਆ ਹੈ। ਕਿਸੇ ਸਿਖ ਨੇ ਕਹਾ ਗਰੀਬ ਨਿਵਾਜ! ਮੈਨੂੰ ਲਾਹੌਰੇ ਕੀ ਰੋਟੀ ਘੀ ਸੇ ਚੋਪੜ ਗੈਲ ਸਰਸੋਂ ਕਾ ਸਾਗ ਮਖਣੀ ਪਾਇ ਕੇ ਦੀਆ ਹੈ। ਸਭ ਸਿਖਾਂ ਜੈਸਾ ਜੈਸਾ ਕਿਸੇ ਸਿਖ ਪ੍ਰਸਾਦਿ ਛਕਾਇਆ,

ਬਿਆਨ ਕਰ ਦੀਆ । ਭਾਈ ਮੈਲਾਗਰ ਸਿੰਘ ਚੁਪਕੇ ਬੈਠਾ ਰਹਾ, ਮੁਖ ਥੀਂ ਕਾਈ ਬਾਤ ਨ ਕਹੀ ।

ਗੁਰੂ ਜੀ ਨੇ ਮੈਲਾਗਰ ਸਿੰਘ ਸੇ ਪੂਛਾ, ਇਹ ਆਗੇ ਸੇ ਖੜਾ ਹੋਇ ਬੋਲਾ 'ਗਰੀਬ ਨਿਵਾਜ ! ਮੈਨੂੰ ਸਿਖ ਨੇ ਐਸਾ ਉਮਦਾ ਪ੍ਰਸਾਦ ਛਕਾਇਆ ਹੈ, ਨ ਕਬੀ ਪੀਛੇ ਖਾਇਆ ਹੈ ਨਾਹੀ ਐਸਾ ਕਹੀਂ ਫਿਰ ਮਿਲੇ ।' ਨਗਰ ਵਾਸੀ ਸਾਰੇ ਸੁਣ ਕੇ ਹੈਰਾਨ ਹੋਇ ਗਏ—ਏਹ ਤਾਂ ਗਰੀਬ ਸਿਖ ਹੈ, ਇਸ ਕਉਨ ਸਾ ਉਤਮ ਪ੍ਰਸਾਦ ਏਸ ਕੋ ਖਵਾਇਆ ਹੈ । ਸਤਿਗੁਰਾਂ ਰਾਮ ਸਿੰਘ ਕੋ ਭੇਜ ਭਾਈ ਗੰਗਾ ਸਿੰਘ ਸੇ ਬੁਲਾਇ ਪੂਛਾ, ਤੁਮ੍ਹੇ ਮੈਲਾਗਰ ਸਿੰਘ ਕੋ ਕਿਆ ਖਵਾਇਆ ਹੈ ? ਗੰਗਾ ਸਿੰਘ ਨੇ ਸਾਰੀ ਵਾਰਤਾ ਬਤਲਾਇ ਦਈ, ਗੁਰੂ ਜੀ ਸੁਨ ਕੇ ਬੜੇ ਪ੍ਰਸੰਨ ਹੂਏ ।

ਤੀਨ ਵਾਰ ਕਹਾ, 'ਸਿਖਾ ! ਤੂੰ ਦਵਹੀ ਨਦਰਿ ਨਿਹਾਲ ਹੋਇਆ ।

[ਸਾਖੀ ਨੰ. 73-74

———

(੧੩)

ਜ਼ਫਰਨਾਮੇ ਦੀ ਸਾਖੀ

ਦਇਆ ਸਿੰਘ ਸੋਹਤੀ ਲਾਹੌਰ ਦੀ ਵਾਸੀ, ਮੁਹਕਮ ਸਿੰਘ ਛੀਂਬਾ ਸਿਖ ਦੁਆਰਕਾ ਦੀ ਵਾਸੀ, ਤੀਜਾ ਸਾਹਿਬ ਸਿੰਘ ਸ਼ਹੀਦ ਬਿਦਰ ਦੀ ਵਾਸੀ, ਧਰਮ ਸਿੰਘ ਰਠੀਲਾ ਜਟੂ ਸਿਖ ਹਸਤਨਾਪੁਰ ਦੀ ਵਾਸੀ, ਪੰਜਵਾਂ ਹਿੰਮਤ ਸਿੰਘ ਝੀਵਰ ਜਗਨਨਾਥ ਦੀ ਵਾਸੀ, ਏ ਪੰਜ ਸਿੰਘ ਖਤ ਲੈ ਕੇ ਔਰੰਗੇ ਪਾਸ ਗਏ। ਅਗੇ ਔਰੰਗਾ ਪਲੰਘ ਊਪਰ ਬੈਠਾ ਥਾ, ਕਿਆ ਵੇਖੇ ਜੋ ਪੰਜ ਸਿੰਘ ਹੈਂ, ਸਿਆਮ ਬਸਤ੍ਰ ਹੈਨ, ਹਥਿਆਰਾਂ ਨਾਲ ਹੈਨ। ਆਏ ਜੈਸੇ ਸੇਰ ਆਂਵਦੇ ਹੈਨ। ਵੇਖ ਕੇ ਔਰੰਗਾ ਕੰਬਿਆ ਤਾਂ ਸਿਖਾਂ ਕਹਿਆ, 'ਬੋਲ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ ਹੈ।' ਤਾਂ ਤੀਨ ਸਿੰਘ ਸਿਰ੍ਹਾਂਦੀ ਤੇ ਦੋਇ ਪਵਾਂਦੀ ਬੈਠ ਗਏ ਤੇ ਔਰੰਗਾ ਕੰਬਿਆ, ਕਹਨ ਲਗਾ : 'ਖਾਲਸਾ ਹੂਆ ?' ਸਿਖਾਂ ਕਹਿਆ, 'ਹੂਆ।' ਫੇਰ ਔਰੰਗੇ ਕਹਿਆ, 'ਹੂਆ ?' ਤਾਂ ਸਿਖਾਂ ਕਹਿਆ, 'ਹੂਆ।' ਫੇਰ ਤੀਜੀ ਬਾਰ ਕਹਿਆ, 'ਹੂਆ ?' ਤਾਂ ਸਿਖਾਂ ਭੀ ਤੀਜੀ ਬਾਰ ਕਹਿਆ 'ਹੂਆ।' ਤਾਂ ਔਰੰਗੇ ਕਹਿਆ, 'ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਕਾਹਲ ਕੀਨੀ ਹੈ। ਸੌ ਬਰਸ ਖਾਲਸੇ ਕਾਹਲੀ ਕੀਤੀ ਹੈ ਅਗਾਹੀ, ਬੜਾ ਦੁਖ ਖਾਲਸਾ ਪਾਵੇਗਾ।' ਤਾਂ ਸਿਖਾਂ ਕਹਿਆ, 'ਏਹੁ ਖਤ ਗੁਰੂ ਜੀ ਤੈਨੂੰ ਦਿਤਾ ਹੈ। ਤੂੰ ਪੜ੍ਹ।' ਤਾਂ ਔਰੰਗਾ ਖਤ ਲੈ ਕੇ ਮਹਲ ਦੇ ਅੰਦਰ ਜਾਇ ਪੜ੍ਹਨੇ ਲਗਾ, ਜਿਵੇਂ ਜਿਵੇਂ ਪੜ੍ਹੇ, ਤਿਵੇਂ ਤਿਵੇਂ ਰੰਗ ਜਰਦ ਹੋਵੇ। ਜੋ ਸੰਪੂਰਨ ਪੜ੍ਹ ਰਹਿਆ ਤਾਂ ਲਗਾ ਤੜਫਨੇ, ਪਰ ਜਿੰਦ ਨਿਕਲੇ ਨਾਹੀ। ਤਾਂ ਔਰੰਗੇ ਦੀ ਬੇਟੀ ਪਾਸ ਆਈ। ਉਸ ਕਹਿਆ, 'ਬਾਪ ਜੀ। ਏਹ ਕਿਆ ਬਾਤ ਹੈ ?' ਤਾਂ ਔਰੰਗੇ ਕਹਿਆ, 'ਐ ਬੇਟੀ! ਮੈਂ ਗੁਰੂ ਤੋਂ ਬੇਮੁਖ ਹਾਂ। ਮੈਂ ਮੱਥੇ ਗੁਰੂ ਦੇ ਲਗ

ਨਹੀਂ ਸਕਦਾ। ਉਨਾਂ ਦੇ ਬਚਨ ਮੈਂ ਪੜ੍ਹੇ ਹੈਨ, ਸੋ ਮੇਰੇ ਕਲੇਜੇ ਨੂੰ ਬੇਧ ਗਏ ਹੈਨ। ਮੈਂ ਨ ਮਰ ਸਕਦਾ ਹਾਂ, ਨਾ ਮੈਂ ਜੀਵ ਸਕਦਾ ਹਾਂ। ਏਕ ਨਾਉ ਖੁਦਾਇ ਦਾ ਹੈ, ਜੇ ਮੈਂ ਓਹੁ ਲਵਾਂ ਤਾਂ ਮੇਰੀ ਜਿੰਦ ਨਿਕਲੇਗੀ, ਨਹੀਂ ਤਾਂ ਮੈਂ ਤੜਫਦਾ ਰਹਾਂਗਾ। ਸੋ ਮੈਂ ਲੈਂਦਾ ਨਾਹੀ, ਕਿਉਂ ਜੋ ਮੈਂ ਕਾਫਰ ਹੋਂਦਾ ਹਾਂ। ਇਸ ਕਰ ਕੈ ਮੁਖੋਂ ਮੈਂ ਲੈਂਦਾ ਨਹੀਂ।' ਤਾਂ ਬੇਟੀ ਕਹਿਆ, 'ਭਲਾ ਜੀ, ਜੇ ਮੁਖੋਂ ਤੁਸੀਂ ਲੈਂਦੇ ਨਹੀਂ ਤਾਂ ਲਿਖ ਵਿਖਾਲੋ ਜੋ ਐਸਾ ਨਾਉ ਹੈ।' ਤਾਂ ਔਰੰਗੇ ਕਹਿਆ, 'ਭਲੀ ਬਾਤ। ਕਾਗਦ ਸਿਆਹੀ ਅਣਵਾਇ, ਮੈਂ ਲਿਖਦਾ ਹਾਂ।' ਤਾਂ ਕਾਗਦ ਸਿਆਹੀ ਆਣਿ ਦੀਨੀ। ਤਾਂ ਔਰੰਗੇ ਚਾਰ ਅਛਰ 'ਵਾਹਗੁਰੂ' ਦੇ ਨਾਉਂ ਦੇ ਲਿਖੇ। ਸੋ ਅਛਰ ਤਾਂ ਲਿਖੀਦੇ ਹੈਨ ਜੋ ਜੀਅ ਵਿਚ ਆਂਵਦੇ ਹੈਨ। ਜਿਤ ਵੇਲੇ ਜੀਅ ਵਿਚ ਆਏ ਤਿਤੁ ਵੇਲੇ ਪ੍ਰਾਨ ਛੁਟ ਗਏ। ਤਾਂ ਗੁਰੂ ਸਾਹਿਬ ਬੈਠੇ ਹੈਸਨ ਪੌਲੇ ਕਾਂਗੜ, ਸਵਾ ਪਹੁਰੁ ਦਿਨੁ ਚੜ੍ਹਿਆ ਸੀ, ਸੋ ਗੁਰੂ ਸਾਹਿਬ ਬਚਨ ਕੀਤਾ, 'ਮਾਰਿਆ ਔਰੰਗਾ, ਪਰੁ ਕਾਫਰ ਕਰ ਕੇ ਮਾਰਿਆ।' ਸਿਖਾਂ ਕਹਿਆ, 'ਸਚੇ ਪਾਤਸਾਹ। ਏਹੁ ਕਿਆ ਬਚਨੁ ਕੀਤਾ?' ਗੁਰੂ ਫੇਰ ਕਹਿਆ, 'ਭਾਈ ਸਿਖੋ। ਔਰੰਗੇ ਨੂੰ ਅਸਾਂ ਮਾਰਿਆ ਕਾਫਰ ਕਰ ਕੇ ਦਿਲੀ ਵਿਚ।' ਸੁਣ ਕੇ ਸਿਖ ਅਸਚਰਜ ਹੋਏ। ਤਾ ਹੀ ਚੋਥੇ ਦਿਨ ਉਪਰੰਤ ਸਿਖ ਆਏ। ਉਨਾ ਆਇ ਕਹਿਆ, 'ਜੀ, ਔਰੰਗਾ ਮਾਰਿਆ।' ਬੋਲੋ ਵਾਹਗੁਰੂ ਜੀ ਕੀ ਫਤੇ। ਜੋ ਕੋਈ ਗੁਰੂ ਕਾ ਸਿਖ ਸੁਣੇਗਾ, ਪੜ੍ਹੇਗਾ, ਵਿਚਾਰੇਗਾ, ਉਸ ਦੀ ਸਰਬ ਭਾਵਨਾ ਪੂਰੀ ਹੋਵੇਗੀ, ਮੁਕਤ ਹੋਵੇਗਾ, ਜਨਮ ਮਰਨ ਭੀ ਛੁਟੇਗਾ, ਬੜਾ ਫਲੁ ਹੈ, ਇਜੇਹਾ ਅਵਰ ਫਲੁ ਕੋਈ ਨਾਹੀ। ਜਫਰਨਾਮਾ ਪੜ੍ਹੇ, ਸੁਣੇ ਤੇ ਜੰਗ ਵਿਚ ਜਾਵੇ ਤਿਸ ਦੀ ਫਤੇ ਹੋਵੇਗੀ। ਜਿਵੇਂ ਔਰੰਗੇ ਨੂੰ ਮਾਰਿ ਫਤੇ ਪਾਈ, ਤਿਵੇਂ ਸੁਣਨ ਪੜ੍ਹਨ ਵਾਲਾ ਫਤੇ ਪਾਵੇਗਾ। ਬੋਲੋ ਜੀ ਵਾਹਗੁਰੂ, ਵਾਹਗੁਰੂ ਵਾਹਗੁਰੂ, ਵਾਹਗੁਰੂ, ਵਾਹਗੁਰੂ ਜੀ।

[ਜ਼ਫਰਨਾਮਾ ਸਟੀਕ
ਪੱਤਰਾ 246-48

[ਭਾਸ਼ਾ ਵਿਭਾਗ ਖਰੜਾ ਨੰ. 346

(੧੪)

'ਪਰਚੀ ਭਾਈ ਕਨ੍ਹਈਆ ਜੀ ਕੀ' ਵਿਚੋਂ

ਭਾਈ ਕਨ੍ਹਈਆ ਜੀ ਜੁਗਤਿ ਕੇ ਬਚਨੋਂ ਕਰਿ, ਅਨੇਕ ਜਗਿਆਸੀਆਂ ਕੋ ਸਾਧੂਆਂ ਕੋ ਭਲੀ ਪ੍ਰਕਾਰ ਸਮਝਾਵਤੇ ਥੇ। ਇਉਂ ਕਹਤੇ ਥੇ, ਜੋ ਏਕ ਰੋਗ ਜੀਵ ਕੋ ਭਗਵੰਤ ਲਗਾਇ ਹੈਂ, ਅਰ ਏਕ ਰੋਗ ਜੀਵ ਆਪ ਹੀ ਲਗਾਇ ਲੇਤੇ ਹੈਂ। ਬੁਰੀ ਪ੍ਰਕਿਰਤੀ ਕਾ ਵਿਸ਼ਾ ਅਪਨੇ ਊਪਰਿ ਪਾਵਨਾ ਐਸੇ ਹੈ, ਜੈਸੇ ਕੋਊ ਉਦਿਆਨ ਮਹਿ ਸੂਤੇ ਸਿੰਘ ਕੋ ਜਾਇ ਜਗਾਵੈ, ਅਰ ਅਪਨਾ ਆਪ ਉਨਸੇ ਭਖਸਨ ਕਰਾਵੈ। ਤੈਸੇ ਹੀ ਬੁਰੀ ਪ੍ਰਕਿਰਤੀ ਜੀਵ ਕੇ ਅੰਗੀਕਾਰ ਕਾ ਅਰਥ ਇਹੀ ਨਿਕੱਸਤਾ ਹੈ। ਜੋ ਨਾਨਾ ਪ੍ਰਕਾਰ ਕੇ ਅਮਲ ਹੈਂ, ਤਿਨ ਕੇ ਬਿਸੱਈ ਹੋਇ ਜਾਤੇ ਹੈਂ। ਜੈਸੇ ਕਿ ਭੰਗ, ਪੋਸਤ, ਮਦਰਾ, ਮੈਸ ਤੰਬਾਕੂ ਆਦਿਕ ਨਸ਼ੇ ਹੈ।

ਪ੍ਰਥਮੇ ਤੋਂ ਜੀਵ ਸੁਖ ਰੂਪ ਜਾਨ ਕਰਿ ਅੰਗੀਕਾਰ ਕਰਤੇ ਹੈਂ, ਫਿਰ ਇਨਹੁ ਅਮਲਨ ਕੇ ਅਧੀਨ ਹੋਇ ਜਾਤੇ ਹੈਂ। ਐਸੇ ਵਿਕਾਰੋਂ ਵਾਲੇ ਅੰਤੂਲ ਰੂਪ ਰੋਗ ਅਗਿਆਨੀ ਜੀਵ ਆਪ ਲਗਾਇ ਲੇਤੇ ਹੈਂ। ਏਕ ਸਾਧ ਨੇ ਪ੍ਰਸ਼ਨ ਕੀਆ ਜੋ ਸੇਵਾ ਕਰਕੇ ਕੀ ਭਲੀ ਜੁਗਤਿ ਕਿਆ ਹੈ ? ਤਬ ਭਾਈ ਕੱਨ੍ਹਈਆ ਜੀ ਨੇ ਇਸ ਪ੍ਰਕਾਰ ਬਚਨ ਕਹੇ :—ਜੋ ਘਟਿ ਘਟਿ ਮਹਿ ਰਮਤ ਰਾਮ ਕੋ ਜਾਨ ਕਰਿ ਸੇਵਾ ਕਰਣੀ ਇਹੀ ਭਲੀ ਜੁਗਤਿ ਹੈ। ਜਗਤ ਕੇ ਲੋਗ ਤਉ ਚਉਬੀਸ ਅਵਤਾਰ ਹੂਏ ਹੀ ਮਾਨਤੇ ਹੈਂ। ਅਰ ਗੁਰਮੁਖਹੁ ਕੀ ਰਹਿਣੀ ਇਹ ਹੈ, ਕਿ ਜੇਤੇ ਪ੍ਰਾਣੀ ਮਾਤਰ ਹੈਂ ਸਭੀ ਹੀ ਅਵਤਾਰ ਦ੍ਰਿਸ਼ਟਿ ਦੇਖਤੇ ਹੈਂ। ਉਨ ਕਾ ਨਿਸਚਾ ਐਸਾ ਹੋ ਜਾਤਾ ਹੈ, ਜੋ ਸਭ ਜੀਵ ਪ੍ਰਮਾਤਮਾ ਤੇ ਉਤਪਤਿ ਹੂਏ ਹੈਂ, ਇਤਰ ਕੋਊ ਨਹੀਂ। ਜੈਸੇ ਕਨਿਕ ਤੇ ਭੂਖਣ ਅਰ ਜੈਸੇ ਮਾਟੀ ਤੇ ਅਨੇਕ ਪ੍ਰਕਾਰ ਕੇ ਭਾਜਨ ਤੈਸੇ

ਪਰਮਾਤਮਾ ਤੇ ਜਗਤ। ਤਾਂਤੇ ਜੀਵਹੁ ਕੀ ਸੇਵਾ ਪਰਮਾਤਮਾ ਹੀ ਕੀ ਸੇਵਾ ਹੈ। ਬਹੁੜ ਕਿਸੀ ਨੇ ਪ੍ਰਸ਼ਨ ਕੀਆ ਜੋ ਮਾਸ ਖਾਣਾ ਇਸ ਕੋ ਅਗਿਆਨਤਾ ਕਾ ਕਰਮ ਕਿਉਂ ਕਰਿ ਕਹਿਤੇ ਹੈਂ, ਹਮ ਕੋ ਸਮਝਾਇ ਦੇਵੋ ? ਫਿਰਿ ਸੰਤ ਉਤਰੁ ਦੀਆ ਜੋ ਮੰਸ ਕਾ ਖਾਵਣਾ ਪਰਮ ਅਗਿਆਨ ਹੈ। ਭਲੀ ਪ੍ਰਕਾਰ ਖੋਲ੍ਹ ਕਰਿ ਕਹਿਤੇ ਹੈਂ : ਜਬ ਜੀਵ ਕੋ ਹਿੰਸਾ ਕਰਣੇ ਲਾਗਤੇ ਹੈਂ, ਤਬ ਜੀਵ ਇਹ ਕਹਤਾ ਹੈ, ਪਰ ਉਨ ਕੀ ਚਿਤਵਨੀ ਕੋ ਗਿਆਨੀ ਜਨ ਬੂਝਤੇ ਹੈਂ, ਅਗਿਆਨੀ ਨਹੀਂ ਬੂਝਤੇ। ਜੀਉ ਕਹਤਾ ਹੈ, ਜੋ ਹੇ ਮਨੁੱਖ ! ਜਿਸ ਕਾਰਜ ਕੇ ਨਮਿਤ ਹਮ ਕੋ ਭਗਵੰਤ ਜਗਤ ਮਹਿ ਉਤਪਤਿ ਕੀਆ ਥਾ, ਸੋ ਕਾਰਜ ਹਮ ਤੇ ਸਭ ਹੂਆ ਹੈ। ਜੀਵਤ ਭੀ ਤੁਮਾਰਾ ਕਾਮ ਕਰਤੇ ਰਹੇ ਹੈਂ। ਜਬ ਮੂਏ ਤਬ ਮੰਸ ਭੀ ਤੁਮਾਰੇ ਕਾਮ ਆਇਆ, ਅਰ ਤੁਚਾ ਭੀ ਤੁਮਾਰੇ ਕਾਮ ਆਈ। ਅਰ ਹਮਾਰੀ ਆਂਦਰਾਂ ਭੀ, ਅਰ ਵਾਲ ਭੀ ਤੁਮਾਰੇ ਕਾਮ ਆਏ। ਪਰ ਤੁਮ ਅਪਨੀ ਓਰ ਭੀ ਕਛੁ ਦੇਖਹੁ ਜੋ ਤੁਮ ਕੋ ਭਗਵੰਤ ਭਜਨ, ਅਰ ਸੇਵਾ, ਅਰ ਭਲਾ ਕਰਨੇ ਕੋ ਮਨੁਖ ਜਨਮ ਮਿਲਾ ਥਾ, ਪਰ ਤੁਮ ਤੇ ਕਛੂ ਕਾਰਜ ਨਹੀਂ ਸਰਿਆ। ਤਾਂਤੇ ਤੁਮ ਹਮ ਸਿਉਂ ਭੀ ਨੀਚ ਹੋ। ਅਰ ਜੋ ਨੀਚ ਹੋ ਕਰ; ਊਚ ਤੇ ਟਹਿਲ ਕਰਾਵੈ। ਤਬ ਉਸ ਨੀਚ ਕਉਂ ਦੇਵਨੀ ਆਵੈਗੀ। ਬਹੁੜਿ ਜੀਵ ਅਵਰ ਬਾਤ ਕਹਤਾ ਹੈ ਜੋ ਹੇ ਮਨੁਖ ! ਤੁਮ ਕਉਂ ਭਗਵੰਤ ਰਾਜਾ ਬਨਾਇਆ ਥਾ। ਅਰ ਹਮ ਜੋ ਹਹਿਂ, ਜੂਨੀ ਜਾਤਿ ਮਹਿਂ ਸੋ ਤੁਮਾਰੀ ਪਰਜਾ ਬਨਾਈ ਥੀ। ਸੋ ਰਾਜੇ ਕੋ ਪ੍ਰਜਾ ਕੇ ਰਖਿਆ ਨਿਮਿਤ ਬਣਾਇਆ ਹੈ, ਬਹੁੜਿ ਰਖਿਆ ਨਾ ਕਰਣੀ ਉਲਟਾ ਗਲਾ ਕਾਟਣਾਂ। ਹਮ ਤੋਂ ਪਰਮ ਗਰੀਬ ਹੈਂ। ਪਰ ਹਮਾਰਾ ਕਰਤਾਰ ਤੁਮ ਸਿਉਂ ਹਿਸਾਬ ਲੇਵੈਗਾ। ਅਨਰਥ ਕੇ ਕਰਮ ਊਪਰਿ ਅਨਰਥ ਕਾ ਫਲ ਪੜੇਗਾ। ਜੈਸੇ ਚੋਰੀ ਕਾ ਮਾਲ ਬੇਚਤੇ ਹੈਂ, ਤਬ ਸਭ ਪਕੜੀਤੇ ਹੈਂ। ਦਲਾਲ, ਸਰਾਫ, ਬਣੀਏ, ਸੁਨਾਰੇ, ਸਭ ਕੋ ਡੰਡ ਹੋਤਾ ਹੈ। ਤੈਸੇ ਹੀ ਕਸਾਬ ਭੀ ਪਕੜੀਵੈਗਾ, ਜਿਸ ਨੇ ਗਲਾ ਕਾਟਿਆ ਹੈ, ਅਰ ਪਸੂ ਕੇ ਬੇਚਣੇਹਾਰਾ ਭੀ ਪਕੜੀਵੈਗਾ, ਜਿਸ ਆਗਿਆ ਦੇ ਕਰਿ ਬਨਵਾਇਆ ਹੈ, ਅਰ ਜੋ ਖਵਾਣੇ ਵਾਲਾ ਹੈ, ਅਰ ਜੋ ਖਾਵਨੇ ਹਾਰੇ ਹੈਂ, ਸਭ ਹੀ ਪਕੜੇ ਜਾਵੇਂਗੇ।

ਅਰ ਜਉਂ ਭਗਵੰਤ ਕੈ ਆਗੇ ਮਨੁਖ ਇਉਂ ਅਰਦਾਸ ਕਰੈਗਾ, 'ਜੋ ਹੇ ਪ੍ਰਭੂ ਜੀ! ਮੇਰੇ ਕੋ ਤੁਮ ਨੇ ਉਦਰ ਲਗਾਇਆ ਥਾ। ਇਸ ਕਉ ਭਰਨੇ ਨਮਿਤ ਜੀਵਹੁ ਕੀ ਹਿੰਸਾ ਕੀਨੀ ਹੈ। ਤਬ ਭਗਵੰਤ ਕਹੇਗਾ, ਜੋ ਤੁਮਾਰੇ ਦੋਇ ਸਾਖੀ ਹੈਂ ਉਨ ਤੇ ਪੂਛਤਾ ਹੌਂ। ਜਿਉਂ ਸਾਖੀ ਸਾਖ ਪਾਵਹਿੰਗੇ ਤੈਸਾ ਕਰਉਂਗਾ। ਏਕ ਤੋ ਸਾਖੀ ਤੇ ਯੇਹ ਪੂਛੋਂਗਾ ਜਉਂ ਤੇਰੇ ਗ੍ਰਿਹਿ ਵਿਖੇ ਅਵਰ ਕਛੁ ਨ ਥਾ, ਅਨਾਜ, ਅਥਵਾ ਮੇਵਾ ਕੰਦ ਮੂਲ, ਤਬ ਤੋ ਪਰਵਾਨ ਹੈ। ਪਰ ਜਬ ਭੁਖ ਕੇ ਦੁਖ ਕਰਿ ਮ੍ਰਿਤਕ ਹੋਵਨ ਲਾਗੇ, ਤਬ ਤੋ ਐਸੀ ਕ੍ਰਿਆ ਪਰਵਾਨ ਹੈਂ।

ਜੌਂ ਗ੍ਰਿਹਿ ਵਿਖੇ ਉਦਰ-ਰਖਿਆ ਨਿਮਿਤ ਸਭ ਪਦਾਰਥ ਭੀ ਹੋਵਹਿ, ਅਰ ਭੁਖ ਕੇ ਦੁਖ ਕਰਿ ਮ੍ਰਿਤੂ ਭੀ ਨਾ ਹੋਵੈ, ਤਬ ਮੰਸ ਖਾਵਨਾ ਅਯੋਗ ਹੈ? ਮੰਸ ਮੰਨ ਕੇ ਆਹਾਰ ਨਮਿਤ ਖਾਇਆ ਇਹ ਹਿਸਾਬ ਦੇਨਾ ਆਵੇਗਾ' ਜੇਤੀ ਜੂਨਿ ਬਨਾਈ ਹੈ, ਸੋ ਹੇ ਮਾਨੁਖ! ਤੇਰੀ ਧਰਤਿ ਬਨਾਈ ਹੈ, ਧਰਤੀ ਵਿਖੇ ਜੈਸਾ ਬੀਜ ਬੋਈਤਾ ਹੈ, ਤੈਸਾ ਲੁਣੀਤਾ ਹੈ। ਤੁਮਨੇ ਭਲਾ ਬੀਜ ਕਾਹੇ ਕੋ ਨ ਬੋਇਆ? ਪੰਖੀ ਕੋ ਚੋਗ ਚੁਗਾਵਣੀ ਥੀ, ਪਸ਼ੂ ਕੋ ਘਾਸ ਖਵਾਵਣਾ ਥਾ, ਬੱਕਰੀ ਕੋ ਪਾਤ ਚਰਾਵਨੇ ਥੇ ਅਰ ਮੱਛੀਆਂ ਕਉ ਥੋੜੇ ਜਲ ਤੇ ਕਾਢ ਕਰਿ ਬਹੁਤੇ ਜਲ ਮਹਿੰ ਪਾਵਣਾ ਥਾ। ਅਰ ਜਬ ਐਸੇ ਨ ਕੀਆ, ਉਲਟਾ ਹਿੰਸਾ ਕਰੀ ਅਰ ਮੰਸ ਖਾਇਆ ਤਬ ਮਾਨੋ ਧਰਤੀ ਵਿਖੇ ਤੁਮਹੂੰ ਬਿਖ ਬੋਈ। ਤਾਤੇ ਬਿਖ ਕੇ ਭੋਗਣਹਾਰੇ ਹੋਵਹੁ।

—o—

(੧੫)

'ਸਾਖੀਆਂ ਭਾਈ ਅੱਡਣ ਜੀ ਕੀਆਂ' ਵਿਚੋਂ

ਜਗਤ ਕੇ ਜੁ ਲੋਗ ਹੈਂ ਸੋ ਗੁਰਾਂ ਪੀਰਾਂ ਕੀ ਟਹਿਲ ਕੀਏ ਬਿਨਾ ਗੁਰ ਪੀਰ ਬਣਿ ਬੈਠਦੇ ਹੈਨਿ, ਸੋ ਨਾਹੀ ਬਣਨੇ ਕੇ। ਗੁਰੂ ਕੂੜ ਹੋਰ ਕਹਿੰਦੇ ਹੈਨ ਜੈਸੇ ਸ੍ਰੀ ਗੁਰੂ ਗ੍ਰੰਥ ਜੀ ਮੈਂ ਲਿਖਾ ਹੈ—

ਕਹੈ ਪ੍ਰਭੁ ਅਵਰਿ ਅਵਰਿ ਕਿਛੁ ਕੀਜੈ,
ਸਭ ਬਾਦਿ ਸੀਗਾਰੁ ਫੋਕਟ ਫੋਕਟਾਈਆ।

ਇਸਕੇ ਊਪਰਿ ਇਕ ਸਾਖ ਹੈ, ਮੁਗਲ ਅਰ ਜੱਟ ਕੇ ਲੜਕੇ ਕੀ। ਏਕ ਕਿਸੀ ਹਲਕੇ ਮੈਂ ਮੁਗਲ ਚਲਿਆ ਆਵਤਾ ਥਾ, ਤਹਾਂ ਏਕ ਜੱਟ ਕਾ ਲੜਕਾ ਰੋਵਤਾ ਉਸਕੋ ਦ੍ਰਿਸਟਿ ਪੜਾ। ਤਾਂ ਉਸ ਕਉ ਦੇਖ ਕਰਿ ਮਨ ਮੈਂ ਮਿਹਰ ਆਈ। ਉਸਨੇ ਪੁਛਿਆ, ਹੇ ਲੜਕੇ! ਤੂ ਕਿਉਂ ਰੋਵਤਾ ਹੈ? ਤਬ ਉਸ ਜੱਟ ਕੇ ਲੜਕੇ ਨੇ ਕਹਿਆ, ਜੁ ਜੀ ਮੈਂ ਭੁਖਾ ਮਰਤਾ ਹਾਂ ਮੇਰਾ ਕੋਈ ਨਹੀਂ। ਤਬ ਫੇਰ ਮੁਗਲ ਕਹਿਆ, ਕੇ ਤੇਰਾ ਕੋਈ ਨਾਹੀ? ਕਹੈ ਜੀ ਕੋਈ ਨਾਹੀ। ਤਬ ਫੇਰ ਮੁਗਲ ਕਹਿਆ ਕੇ ਤੂ ਹਮਾਰੇ ਪਾਸਿ ਹੀ ਰਹੁ। ਤਬ ਉਸਕੋ ਅਪਨੇ ਡੇਰੇ ਮੈਂ ਲੇ ਗਇਆ ਅਰ ਉਸਕੀ ਬਹੁਤ ਹੀ ਖਿਜਮਤਿ ਕਰੀ। ਉਸਕੋ ਦੇਖ ਕਰਿ ਉਸਕੇ ਮਨ ਮੈਂ ਬਹੁਤ ਦਇਆ ਮਿਹਰ ਆਵੈ। ਸਾਹਿਬ ਕਾ ਜੀਉ ਜਾਣ ਕਰਿ ਟਹਲ ਕਰੇ।

ਤਬ ਏਕ ਦਿਨ ਮੁਗਲ ਕੋ ਬਹੁਤ ਭੁਖ ਲਾਗੀ। ਤਬ ਉਸਨੇ ਹਿਰਦੇ ਮੈਂ ਸਮਝਿਆ ਕੇ ਖਾਣਾ ਤੋ ਸਾਂਈ ਸਿਰ ਆਵੈਗਾ, ਹੁਣ ਇਸ ਲੜਕੇ ਕੋ ਭੇਜ ਕਰਿ ਕੁਛ ਬਾਜ਼ਾਰ ਸਿਉਂ ਮੰਗਵਾਇ ਲਈਏ। ਤਬ ਉਸ ਲੜਕੇ ਕਉ ਮੁਗਲ ਨੇ ਛਾਪ

ਲਾਹਿ ਦੀਨੀ ਤੇ ਕਹਿਆ ਕਿ ਚਾਰ ਪਾਂਚ ਆਨੇ ਕੇ ਲੱਡੂ ਲੇ ਆਉ। ਤਬ ਉਹ ਲੜਕਾ ਹਲਵਾਈ ਕੀ ਹੱਟੀ ਪਰ ਰਖ ਕਰ ਲੱਡੂ ਲੇ ਆਇਆ। ਆਗੇ ਉਸਨੇ ਲੱਡੂ ਕਭੀ ਖਾਏ ਨ ਥੇ। ਮਨ ਮੇਂ ਕਹਿਣੇ ਲਾਗਾ, ਏਕ ਤੋ ਖਾਇ ਦੇਖਾਂ. ਤਬ ਰਸਤੇ ਮੇਂ ਏਕ ਲੱਡੂ ਆਵਤੇ ਆਵਤੇ ਖਾਇ ਲੀਆ, ਜਬ ਖਾਇ ਕਰ ਦੇਖੇ ਤੋ ਵਡੇ ਸੁਆਦੀ ਲਗੇ। ਤਾਂ ਫਿਰ ਕਿਸੀ ਇਕੰਤ ਠਉਰ ਬੈਠਕੇ ਸਭੀ ਖਾਇ ਗਇਆ ਅਰ ਮੁਗਲ ਕੇ ਪਾਸ ਖਾਲੀ ਆਇ ਬੈਠਾ। ਮੁਗਲ ਨੇ ਪੁਛਿਆ, ਰੇ ਜੱਟ! ਲੱਡੂ ਕਹਾ ਹੈ? ਤਬਿ ਲੜਕਾ ਆਗੇ ਤੇ ਬੋਲੈ ਕਿਛ ਨਾਹੀ। ਦੋ ਤੀਨ ਦਫੇ ਮੁਗਲ ਨੇ ਪੂਛਾ, ਤਬ ਭੀ ਵੁਹ ਨ ਬੋਲਿਆ। ਤਬਿ ਮੁਗਲ ਗੁਸੇ ਹੋਇ ਕਰਿ ਕਹਿਆ, ਰੇ ਛਾਪ ਕਿਸ ਕੋ ਦੀਨੀ? ਤਬ ਜੱਟ ਨੇ ਕਿਹਾ, ਜੀ ਉਸ ਹਲਵਾਈ ਕੇ ਪਾਸ ਹੈ। ਫਿਰ ਮੁਗਲ ਕਹਿਆ, ਰੇ! ਲੱਡੂ ਕਿਉਂ ਨ ਲਿਆਇਆ? ਤਬ ਕਹਿਆ ਜੀ, ਆਪੇ ਸਨ ਪਰ ਮੈਂ ਖਾਇ ਲੀਏ ਹੈਂ। ਮੁਗਲ ਗੁਸੇ ਹੋਇ ਕਰਿ ਕਹਿਆ, ਰੇ ਤੈਨੂੰ ਕਿਸ ਫੁਰਮਾਯਾ ਸੀ? ਤਬ ਆਗੇ ਤੇ ਜੱਟ ਨੇ ਕਹਿਆ, ਫੁਰਮਾਯਾ ਤੋ ਕਿਸੇ ਨਹੀਂ ਥਾ ਮੈਂ ਆਪ ਹੀ ਫੁਰਮਾਇ ਲਏ ਹੈਨ। ਫੇਰ ਉਸ ਮੁਗਲ ਨੇ ਉਸ ਕਉ ਨਿਕਾਲ ਛੋਡਿਆ।

ਤੈਸੇ ਹੀ ਇਸ ਜਗਤ ਕੇ ਲੋਗ ਗੁਰਾਂ ਸੰਤਾਂ ਕੀ ਟਹਿਲ ਸੇਵਾ ਬਿਨਾ ਜੋ ਗੁਰੂ ਪੀਰ ਬਣਿਆ ਚਾਹੁੰਦੇ ਹਨ ਸੋ ਉਸ ਜੱਟ ਕੀ ਨਿਆਈਂ ਆਪੇ ਫੁਰਮਾਇਦੇ ਹੈਨ। ਸੋ ਗੁਰੂ ਪੀਰ ਨਹੀਂ ਬਣ ਸਕਦੇ। ੭੨।

—

(੧੬)

'ਸੰਤ ਰਤਨਮਾਲ' ਵਿਚੋਂ

ਏਕ ਵੇਰ ਤਸਕਰ ਗਊਆਂ ਕੋ ਲੈ ਗਏ ਮਣਕੇਰੇ, ਕਾਹੇ ਤੇ ਜੋ ਤਿਨੋਂ ਸਾਥਿ ਵੈਰ ਥਾ ਦਿਵਾਨਿਆਂ ਕਾ ਅਰ ਪਰਸਪਰ ਮਾਲ ਲੈ ਜਾਤੇ ਥੇ। ਸੋ ਜਬ ਧਰਮਸਾਲ ਕੀਆਂ ਗਊਆਂ ਲੈ ਗਏ, ਤਬ ਬਛਰੇ ਮਾਤਾ ਬਿਨਾ ਵਿਆਕੁਲ ਭਏ। ਜਬ ਭਾਈ ਜਗਤਾ ਜੀ ਜਾਇ ਦੇਖਾ ਜੁ ਬਛਰੇ ਇਆਨੇ ਵਿਰਲਾਪ ਕਰਤੇ ਹੈਨਿ ਤਬ ਭਾਈ ਹਜ਼ਾਰੀ ਜੀ ਕੋ ਸੰਤ ਪੂਛਤੇ ਭਏ ਜੁ ਯਹ ਬਛਰੇ ਅਜ ਕਿਉਂ ਰੋਵਤੇ ਹੈਂ? ਤਬ ਭਾਈ ਹਜਾਰੀ ਰਾਮ ਹਾਥ ਜੋੜ ਕੇ ਕਹਾ, ਜੁ ਮਹਾਰਾਜ! ਇਨਕੀ ਮਾਤਾ ਕਉ ਅਜ ਤਸਕਰ ਲੇ ਗਏ ਹੈਂ ਅਮਕੀ ਤਫੀਰ ਮੈਂ। ਯਾਹੀ ਕਰ ਰੋਵਤੇ ਹੈਂ ਜੁ ਖੁਧਿਆ ਕਰਿ ਆਤੁਰ ਭਏ ਹੈਂ। ਤਬਿ ਹਰਿਜਨ ਕਹਤ ਭਏ ਜੁ ਦੀਨ ਯਹ ਦੁਖ ਕਰਿ ਰੁਦਨ ਪੜੇ ਕਰਤੇ ਹੈਂ ਅਬ ਊਹਾਂ ਇਨ ਕੀ ਮਾਤਾ ਰੋਵਤੀਆ ਹੋਵੈਂਗੀ। ਕਾਹੇ ਤੇ ਜਿਨ ਕੇ ਇਆਨੇ ਬਾਰਕ ਬਿਛੁਰ ਜਾਤੇ ਹੈਂ, ਤਿਨ ਕੀ ਜਨਨੀਆਂ ਬਡੇ ਦੁਖ ਕਰਿ ਪੁਕਾਰਤੀਆਂ ਰਹਤੀਆਂ ਹੈਂ। ਤਾਂ ਤੇ ਅਬ ਜਹਾ ਗਊਆਂ ਹੈਂ,ਤਹਾਂ ਬਛਰੇ ਭੀ ਪਹੁੰਚਾਵਹੁ.ਤਤਕਾਲ ਜ ਦੋਨੋਂ ਸੁਖ ਪਾਵਹਿ।

ਐਸੇ ਸੰਤ ਕੇ ਬਚਨ ਸੁਨ ਕੈ ਭਾਈ ਹਜਾਰੀ ਰਾਮ ਤਤਕਾਲ ਬਛਰੇ ਦੇ ਕੈ ਕੇਤੇ ਸਾਧ ਸਾਥਿ ਭੇਜੇ ਅਰ ਜੁ ਗਊਆਂ ਕੇ ਚਟਵਾਲ ਥੇ ਤਿਨਕੋ ਨਾਲ ਦੀਨਾ ਤੇ ਐਸੇ ਬਚਨ ਤਿਨ ਪ੍ਰਤੀ ਕਹੇ, 'ਜੋ ਗਊਆਂ ਕੇ ਪਾਸਿ ਬਛਰੇ ਮਿਲਾਇਕੇ ਫੇਰ ਪਛ ਤੁਰਿ ਆਵਣਾ, ਐਸੇ ਭਾਈ ਜੀ ਕੀ ਆਗਿਆ ਹੈ। ਅਵਰ ਬਾਤ ਤਸਕਰੋਂ ਪ੍ਰਤਿ ਕਛੂ ਕਹਿਣੀ ਨਾਹੀ।' ਤਬ ਤਿਨ ਐਸੇ ਹੀ ਕਰਾ। ਜਹਾਂ ਗਊਆਂ ਥੀਆਂ ਤਹਾਂ

ਜਾਇਕੈ ਬਛਰੇ ਗਊਆਂ ਸਾਥਿ ਮਿਲਾਇਕੇ ਚਲੇ ਆਏ। ਤਬ ਵਹ ਜ਼ਿਮੀਂਦਾਰ ਮੁਸਲਮਾਨ ਥੇ, ਸੋ ਦੇਖ ਕੇ ਅਸਚਰਜਮਾਨ ਭਏ ਅਰ ਆਪਸ ਮੇਂ ਮਿਲਕੈ ਕਹਿਨੇ ਲਗੇ ਕਿ ਏਹ ਬਡੇ ਕਾਮਿਲ ਅਰ ਬੇਪਰਵਾਹ ਖੁਦਾਇ ਕੇ ਪਿਆਰੇ ਫਕੀਰ ਹੈਂ। ਦੇਖੋ, ਹਮ ਇਨਕੀਆਂ ਗਊਆਂ ਲੇ ਆਏ ਹੈਂ ਅਰ ਇਨ ਨ ਕਛੂ ਪਲੂਤੇ ਦੀਏ, ਨ ਪੁਕਾਰੇ ਜੁ ਹਮ ਲੂਟੇ ਗਏ। ਉਲਟਾ ਬਛਰੇ ਭੀ ਛੋਡੀ ਜਾਤੇ ਹੈਂ। ਮਤ ਇਨਕੀ ਮੈਨ ਕਰਣੀ ਹਮਾਰੇ ਅਗਲੇ ਮਾਲ ਧਨ ਕਾ ਭੀ ਨਾਸ ਕਰੇ। ਤਾਂਤੇ ਸਿਕਦਾਰ ਕਉ ਪੂਛ ਕੇ ਗਊਆਂ ਲੈ ਚਲੋ ਔਰ ਅਪਨਾ ਗੁਨਾਹ ਭੀ ਮਾਫ ਕਰਾਵੇ। ਐਸੇ ਆਪਸ ਮੇਂ ਗਿਨ ਕੇ ਸਿਕਦਾਰ ਜਿਉਂ ਪੂਛਕੇ ਗਊਆਂ ਲੈ ਆਏ ਨੂਰਪੁਰ ਮੇਂ। ਭਾਈ ਜੀ ਕੇ ਆਗੇ ਠਾਂਢੀਆਂ ਕੀਨੀਆਂ ਅਰ ਸਲਾਮ ਕਰਨ ਲਗੇ ਬਾਰੰ ਬਾਰ। ਸਿਕਦਾਰ ਕੀ ਓਰ ਤੇ ਭੀ ਬਹੁਤ ਬੇਨਤੀ ਕੀਨੀ, ਅਊਰ ਆਪ ਭੀ ਅਧੀਨ ਹੋਇਕੇ ਕਹਤੇ ਹੈਂ ਜੁ ਹਮਾਰੇ ਗੁਨਾਹ ਮਾਫ ਕਰੀਐ ਔਰ ਅਪਨੀ ਗਊਆਂ ਲੇਵੀਐ। ਸੁਨ ਕੇ ਸੇ ਨਰ ਭਾਈ ਜੀ ਕੇ ਚਰਨ ਕਮਲਾਂ ਮੇਂ ਡਿਗ ਪੜੇ। ਔਰ ਅਤਿ ਅਧੀਨ ਹੋਇਕੈ ਗਊਆਂ ਦੇਤ ਭਏ। ਤਬ ਭਾਈ ਜੀ ਤਿਨ ਪ੍ਰਤਿ ਪ੍ਰਸਾਦ ਛਕਾਇਕੈ ਬਿਦਾ ਕੀਆ। ੬੦।

———

* ਉਲਾਮਾ, ਗਿਲਾ

ਪੁਰਾਤਨ ਭਾਰਤੀ ਧਾਰਾ—

'ਕਥਾ ਗੋਪੀ ਚੰਦ' ਕੀ

ਪ੍ਰਿਥਮ ਏਕ ਦਿਨ ਰਾਜਾ ਗੋਪੀ ਚੰਦਿ ਬੈਠਾ ਤੇਲੁ ਮਲਾਵਤਾ ਥਾ । ਤਬ ਊਪਰਿ ਧਉਲਹਰ ਕੇ ਗੋਪੀਚੰਦਿ ਕੀ ਮਾਤਾ ਥੀ, ਤਲੈ ਗੋਪੀ ਚੰਦਿ ਮਲਾਵਤਾ ਥਾ । ਤਬ ਊਪਰ ਤੇ ਬਾਰੀ ਧਉਲਹਰ ਦੀ ਥੀ, ਤਿਸੁ ਵਿਚਿ ਕਰਿ ਗੋਪੀਚੰਦਿ ਕੀ ਮਾਤਾ ਮੁਹਾੜਾ ਡਾਲਿ ਕਰਿ ਦੇਖਨ ਲਾਗੀ, ਦੇਖਿ ਕਰਿ 'ਹੈ ਹੈ' ਕਰਨੈ ਲਾਗੀ । ਰਾਜੇ ਗੋਪੀਚੰਦਿ ਕੀ ਦੇਹੀ ਕਉ ਜਿ ਹੇ ਗੋਬਿੰਦ ! ਏਹ ਭੀ ਦੇਹੀ ਧਰਤੀ ਪੜੈਗੀ ਤਬ ਉਸ ਕਉ ਬੈਰਾਗੁ ਚਲਿਆ, ਤਬ ਉਸ ਦੀਆ ਅਖੀਂ ਤੇਜਿ ਪਾਣੀ ਚਲਿਆ ਸੁ ਬੂੰਦਾਂ ਰਾਜੇ ਗੋਪੀਚੰਦਿ ਕੇ ਮੋਢੇ ਊਪਰਿ ਜਾਇ ਪੜੀਆਂ । ਤਬ ਰਾਜਾ ਗੋਪੀਚੰਦਿ ਚਮਕਿ ਪਇਆ, ਜਿ ਏਹ ਬੂੰਦਾਂ ਕਹਾਂ ਤੇ ਪੜੀਆਂ ! ਜੋ ਖਵਾਸ* ਨਾਈ ਤੇਲੁ ਮਲਤਾ ਥਾ ਤਿਉ ਬਾਹ ਉਸੁ ਨਾਈ ਕੇ ਹਾਥ ਮਹਿ ਥੀਂ ਛੁਟਕਾਇ ਲੀਨੀ । ਮਾਹੁ ਊਪਰਿ ਕੇ ਤਰਫ ਲਾਗਾ ਦੇਖਨੈ । ਜਦਿ ਦੇਖੈ ਤਉ ਮੁਖ ਤੇ ਮਾਤਾ ਬੈਰਾਗੁ ਕਰਤੀ ਹੈ । ਤਬ ਰਾਜਾ ਗੋਪੀਚੰਦਿ ਬਿਸਮਾਦੁ ਹੋਇ ਰਹਿਆ ਹੇ ਗੋਬਿੰਦ ! ਮੇਰੀ ਮਾਤਾ ਕਉ ਕਉਨ ਦੁਖ ਹੈ ਜਿ ਰੋਤੀ ਹੈ । ਕਿਨੈ ਰਾਣੀ ਦੁਖਾਈ ਹੈ ਕਿ ਕਿਸ ਅਵਰ ਦੁਖਾਈ ਹੈ, ਕਿਆ ਅਸਚਰਜੁ ਹੈ ਜਿ ਮਾਤਾ ਬੈਰਾਗੁ ਕਰਤੀ ਹੈ । ਤਬ ਏਹ ਦੁਖੁ ਸਹਿ ਨ ਸਕਈ, ਕਹਿਉਸੁ ਕਿ ਹਉ ਮਾਤਾ ਕੀ ਖਬਰਿ ਲੇਉਂ ਜਿ ਕਿਉਂ ਬੈਰਾਗਿ ਕਰਤੀ ਹੈ । ਤਬ ਜਿਉ ਪਾਨੀ ਆਨਿ ਰਾਖਾ ਥਾ ਸੁ ਉਵੇ ਹੀ ਛਡਿਆ । ਚਉਂਕੀ ਆਨਿ ਰਖੀ ਥੀ ਸੁ ਪੜੀਆ ਹੀ ਰਹੀ । ਤੇਲੁ ਆਧਾ ਲਾਗਾ ਥਾ ਆਧਾ ਪੜਿਆ ਹੀ ਰਹਿਆ । ਕਪੜੇ ਗਲ ਕੇ ਉਤਾਰੇ ਥੇ, ਅਵਰੁ ਅਵਰੁ ਜੋੜਾ ਖਵਾਸੁ ਪਹਿਰਾਵਣ

*ਸੇਵਕ

ਕੋਊ ਲੈ ਆਇਆ ਥਾ, ਉਹੁ ਸਵਾਰਤਾ ਹੀ ਰਹਿਆ। ਏਕੁ ਅੰਗਊਛਾ, ਸਿਰਿ ਧੋਤੀ ਤੇੜਿ ਖੜਾਊਂ ਪਾਵਹੁ ਤਾਹਰਿ ਕਰਿ ਚਟਕ ਚੁਟਕ ਦੁਪਟਾ ਏਕੋ ਪਹਿਰ ਕਰਿ ਧਉਲਹਰ ਕੇ ਊਪਰਿ ਜਾਇ ਚੜਿਆ। ਤਬ ਮਾਤਾ ਕਹਿਆ ਜਿ ਆਵਹੁ ਪੂਤ! ਆਵਹੁ ਬਲਿ ਜਾਊਂ ਆਈਐ ਜੀ। ਦਾਈ ਕਉ ਕਹਾ, ਹੈ ਦਾਈ! ਰਾਜੇ ਕਉ ਦੁਲੀਚਾ ਤਲੇ ਬਿਛਾਇ। ਤਬ ਦਾਈ ਮਖਮਲੀ ਦੁਲੀਚਾ ਛਿਟਕਾਇ ਦੀਆ ਰਾਜੇ ਕੇ ਤਲੇ ਕਉ, ਰਾਜਾ ਗੋਪੀਚੰਦਿ ਉਸ ਊਪਰਿ ਬੈਠਾ। ਤਬ ਮਾਤਾ ਨੇ ਮੁਖੁ ਪੋਛਾ ਅਪਨੇ ਪੱਲੂ ਕੇ ਸਾਥਿ, ਮੂਹੜਾ ਪੋਛਿਆ। ਅਗੋ ਬੈਰਾਗੁ ਕਰਤੀ ਥੀ ਜੀਉ ਮੂਹੜਾ ਪੋਛਿਆ, ਜੀਉ ਪਿਆਰਾ ਕੀਆ, ਨੈਨ ਪੋਛੇ ਰਾਜੇ ਕੇ ਮਾਥੇ ਹਾਥ ਰਾਖਾ।

ਤਬ ਰਾਜੇ ਗੋਪੀਚੰਦਿ ਮਾਤਾ ਕਉ ਪੂਛਾ ਜਿ ਮਾਤਾ! ਤੈਂ ਬੈਰਾਗੁ ਕਿਉਂ ਕੀਆ? ਤਬ ਮਾਤਾ ਨੇ ਕਹਾ ਜਿ ਕਿਛੁ ਨਾ, ਪੂਤਾ! ਇਵਹੀ ਕੀਆ ਥਾ। ਤਬ ਰਾਜੇ ਕਹਾ ਨਾ ਮਾਤਾ ਮੇਰੀ ਸਚੁ ਸਚੁ ਕਹੁ, ਤੂ ਕਿਸੀ ਦੁਖਾਈ ਹੈਂ ਤਉਂ ਮੇਰੇ ਤਾਈਂ ਕਹੁ ਮੈਂ ਉਸ ਕਉ ਸੰਘਾਰਨ ਕਰਊਂ। ਜਿ ਕਿਸੇ ਰਾਨੀ ਦੁਖਾਈ ਹੈ ਕਿ ਕਿਸੇ ਹਮਰੇ ਘਰ ਕੇ, ਤਾਂ ਤੂ ਮੋਕਉ ਕਹੁ, ਮਾਤਾ ਮੇਰਾ ਮਨੁ ਜਲਿ ਗਇਆ ਹੈ। ਜੋ ਤੂ ਕਹੈਂ ਤਾ ਮੇਰੇ ਮਨਿ ਸਾਂਤਿ ਆਵੈ। ਤਬ ਮਾਤਾ ਬੋਲੀ ਜਿ ਰਾਜਾ! ਮੈ ਤੇਰੀ ਦੇਹੀ ਦੇਖਿ ਕਰਿ ਬੈਰਾਗੁ ਆਇਆ ਜਿ 'ਹੈ ਹੈ' ਇਹ ਦੇਹੀ ਭੀ ਧਰਤੀ ਪੜੈਗੀ। ਮੈਂ ਤੇਰੇ ਹੀ ਦੁਖਿ ਬੈਰਾਗੁ ਆਇਆ ਹੈ। ਤਬ ਗੋਪੀਚੰਦਿ ਕਹਿਆ ਜਿ ਮਾਤਾ ਕਿਵੇਂ ਨ ਮਰੀਐ ਭੀ, ਤਬ ਮਾਤਾ ਨੇ ਕਹਿਆ ਜਿ ਪੂਤੁ ਕਿ ਕਰਿ ਨ ਮਰੀਐ। ਜਿ-

ਕੋਠੇ ਮੰਡਪ ਮਾੜੀਆ ਕਿਆ ਉਸਾਰਹੁ ਮੀਤ
ਸਾਹਿਬ ਗੰਢੀ ਪਾਈਆ ਇਕ ਦਿਨ ਖੁਲੈ ਨੀਤ।

ਅਰਥ, ਪੂਤਾ! ਮੁਕਦੀ ਜਾਂਦੀ ਹੈ, ਮੌਤ ਨੇੜੇ ਆਵਤੀ ਜਾਤੀ ਹੈ। ਪੂਤ ਕਿਕਰਿ ਨ ਮਰੀਐ ਜਿ ਮਰਨਾ ਆਪਿ ਹੈ। ਤਬ ਰਾਜੇ ਗੋਪੀਚੰਦਿ ਕਹਾ ਜਿ ਭੀ ਮਾਤਾ ਕੋਈ ਉਪਾਉ ਐਸਾ ਜਿ ਨ ਮਰਿਐ। ਤਬ ਮਾਤਾ ਕਹਿਆ ਜਿ ਪੂਤ! ਜੋ ਤੂੰ ਸ੍ਰੀ ਗੋਰਖ ਨਾਥ ਕਾ ਚੇਲਾ ਹੋਹਿ ਤਬ ਮਰਨੇ ਤੇ ਬਾਚੀਅਹਿ। ਤਬ ਮਾਤਾ ਸਲੋਕੁ ਕਹਿਆ ਜਿ—

ਰਾਜ ਛੋਡਿ ਦੇਹਿ ਪਾਟ ਛੋਡਿ ਦੇਹਿ, ਤਜੀ ਲੇਹੁ ਸੁਤ ਪੀੜਾ ।

ਸੁਨੁ ਹੇ ਪੂਤਾ ਗੋਪੀਚੰਦਾ, ਜਗ ਮਹਿ ਜੀਵਨ ਥੋੜਾ ।

ਤਬ ਰਾਨੀ ਕਹਿਆ ਪੂਤ ! ਮਰਿ ਜਾਹਿਗਾ ਤੂ ਜੋਗੀ ਹੋਇ । ਤਬ ਰਾਜਾ ਗੋਪੀਚੰਦਿ ਬੋਲਾ ਕਿ ਮਾਤਾ—

ਕਉਨ ਨ ਮੂਆ ਅਰੁ ਕਉਨੁ ਨ ਮਰਸੀ, ਤਿਸ ਕਿਸ ਪਰੀ ਨ ਭਾਰਾ

ਕਿਸਹੀ ਨਾਲ ਨ ਨਿਬਹੈ ਮਾਤਾ, ਘਰ ਘੋੜੇ ਭੰਡਾਰਾ । ੩ ।

ਅਸਪਤਿ ਗਜਪਤਿ ਰਾਜੇ ਚਲੇ ਗਏ ਛੋਡਿ ਛੋਡਿ ਰਾਜੁ ਕਰੰਤੇ । ਤਬ ਰਾਜੇ ਗੋਪੀਚੰਦਿ ਕਹਿਆ ਜਿ ਮਾਤਾ ! ਕਿਛੁ ਮੇਰੀ ਨਾਹੀ ਰਾਜੁ ਕੀਆ, ਕਈ ਰਾਜੇ ਹੋਇ ਹੋਇ ਗਏ ਹੈਂ, ਉਇ ਕਿਛੁ ਸਾਥਿ ਲੇ ਗਏ ਹੈਂ ? ਕਿ ਸਭੁ ਕੋਈ ਮੂਆ ਹੈ ਅਵਰਿ ਮਰਹਿਗੇ ਇਸ ਬਾਤ ਕਾ ਕਿ ਹੈ ਜਿਨਿ ਮਰੀਐ, ਮਰਨ ਕੀ ਬਾਤ ਸਭ ਕਿਸੀ ਕਉ ਹੈ । ਤਬ ਮਾਤਾ ਬੋਲੀ ਨਾ ਰੇ ਪੂਤ ! ਸਭ ਕੋਈ ਮਰਤਾ ਹੈ ਪਰ ਇਕਿ ਨਾਹੀ ਮਰਤੇ । ਤਬ ਰਾਜੇ ਕਹਿਆ, ਮਾਤਾ ਕਉਨਿ ਨਾਹੀ ਮਰਤੇ । ਤਬ ਰਾਨੀ ਕਹਿਆ ਜਿ ਪੂਤੁ ਸੁਨੁ ਜਿ ਨਾਹੀ ਮਰਤੇ ।

ਕਾਇਆ ਸੋਧੈ ਪਵਨੁ ਬਿਰੋਲੈ ਕਦੇ ਨਾ ਹੋਇਗਾ ਰੋਗੀ

ਉਤਾਇ ਬੁੱਢ ਕਦੇ ਨ ਹੋਇਗੇ, ਸਧੁ, ਵਣਾਸਪਤਿ ਜੋਗੀ । ੪ ।

ਸੁਨੁ ਹੇ ਪੂਤ ! ਜਿ ਐਸੀ ਜੁਗਤਿ ਕਰਿ ਕਰਿ ਰਹਤੇ ਹੈਂ ਸੇ ਬੂਢੇ ਨਾਹੀ ਹੋਤੇ । ਤੂ ਜੋਗੀ ਹੋਇ, ਪੂਤਾ ! ਜੇ ਜੀਵਿਆ ਚਾਹਤਾ ਹੈਂ । ਤਬ ਰਾਜਾ ਗੋਪੀਚੰਦਿ ਬੋਲਿਆ, ਮਾਤਾ ਕਿ ਪੂਛਤ ਹੈਂ ਕਿਆ ਕਹਤ ਹੈਂ,

ਰਾਜੇ ਕੀ ਤੂ ਰਾਨੀ ਹੋਤੀ ਅਬ ਮੇਰੀ ਤੂ ਮਾਇਆ ।

ਸਤਵੈ ਧਉਲਹਰਿ ਤੇਰਾ ਵਾਸਾ ਤੈਂ ਜੋਗੁ ਗਿਆਨ ਕਹਾ ਤੇ ਪਾਇਆ । ੫ ।

ਤਬ ਰਾਜੇ ਕਹਿਆ ਹੇ ਮਾਤਾ ! ਅਰੀ ਤੂ ਰਾਜੇ ਕੀ ਰਾਨੀ ਥੀ ਤਉਂਉ ਬਾਹਿਰਿ ਨਿਕਸਨੁ ਨ ਪਾਵਤੀ, ਕਿਸੀ ਸਾਥਿ ਬਾਤ ਕਰਨ ਨ ਪਾਵਤੀ । ਅਬ ਤੂ ਮੇਰੀ ਮਾਤਾ

ਹੈ' ਅਬ ਤੂੰ ਬਾਹਰਿ ਨਿਕਸਨ ਨ ਪਾਵਤੀ। । ਅਰ ਨਗਰ ਬਿਚਿ ਮਾਨੁਖਾ ਸਾਥਿ
ਭੀ ਨ ਬੋਲਤੀ, ਸਭਨੈ ਪਉਲਚਰਿ ਤੂੰ ਰਹਤੀ ਹੈਂ, ਇਹੁ ਗਿਆਨੁ ਕਹਾਂ ਤੇ ਸੀਖਾ
ਹੈ। ਤਬ ਰਾਨੀ ਬੋਲੀ-

ਪੂਤਾ ! ਬਾਲਕ ਹੋਤੀ ਬਿਦਿਆ ਲੋਰੀ ਗੁਰ ਕੀ ਸੇਵ ਕਮਾਈ।
ਗੋਰਖ ਰਾਇ ਕੀ ਚੇਲਾ ਬੋਲੀ ਅਗਧਿ ਸਿਧੀ ਗੁਰ ਤੇ ਪਾਈ। ੬।

ਤਬ ਰਾਨੀ ਕਹਿਆ ਜਿ ਪੂਤ ਜਦ ਹਉ ਬਾਲਕਾ ਥੀ ਬਾਪ ਕੇ ਘਰਿ ਤਦਿ
ਕੀ ਮੈ ਸੇਵਾ ਸ੍ਰੀ ਗੋਰਖਨਾਥ ਕੀ ਕਰਤੀ ਥੀ, ਏਹ ਬਾਤ ਗੁਰ ਤੇ ਪ੍ਰਾਪਤਿ ਹੂਈ।
ਪੂਤਾ ! ਜੇ ਮੇਰੇ ਕਹਿਐ ਲਾਗਹਿ ਤਉ ਤੀਸਰੇ ਦਿਨ ਕਾ ਗੋਰਖ ਉਤਰਿਆ ਪੜਿਆ
ਹੈ, ਤੂ ਜਾਇ ਕਰ ਦਰਸਨ ਲੇਹਿ ; ਤਬ ਰਾਜਾ ਗੋਪੀ-ਚੰਦਿ ਬੋਲਿਆ, ਮਾਤਾ ਹਉ
ਬੇਨਤੀ ਕਰਤਾ ਹੈ-ਐਹਿ ਬੋਲੀਆ ਮਾਈ ਬੋਲਿਐ, ਬੰਗਾਲ ਦੇਸ ਮੇਰਾ ਭੋਗੀ।

ਬਾਰਹ ਬਰਸ ਮੋਕਉ ਰਾਜ ਕਰਨ ਦੇਹਿ ਬਾਹੁੜਿ ਹੋਸਾਂ ਜੋਗੀ। ੭।

ਹੇ ਮਾਤ ! ਇਕੇ ਬਾਰਹ ਬਰਸ ਮੁਝ ਕਉ ਕਿਛੁ ਨ ਕਹੁ, ਫਿਰਿ ਤੂ ਕਹੇਂਗੀ
ਤਉ ਜੋਗੀ ਹੋਊਂਗਾ। ਤਬ ਮਾਤਾ ਜਬਾਬੁ ਦੇਤੀ ਹੈ, ਕਿਆ ਕਹਿਆ

ਪੂਤਾ ! ਆਜੁ ਕਰੰਤੇ ਆਜੁ ਗਇਆ ਕਾਲ ਕਰੰਤੇ ਕਾਲੁ।
ਮਛਾ ਮਿਰਗਾ ਮਾਣਸਾ, ਪੜੇ ਅਚਿੰਤਾ ਜਾਲ।੮।

ਹੇ ਪੂਤ, ਤੂ ਤੋ ਬਾਰੁ ਬਾਰੁ ਕਰਤਾ ਹੈ ਪਰ ਮਛੁਲੀ ਕੀ ਨਿਆਈਂ ਹੁਣੇ ਹੀ
ਪਕੜਿ ਲੀਜੀਅਹਿਗਾ ਤਬ ਕਿਛੁ ਨ ਕਰਨਾ ਜਾਇਗਾ। ਸ੍ਰੀ ਗੋਰਖ ਨਾਥ ਕਉ ਜਾਇ
ਮਿਲ, ਦਰਸਨੁ ਲੇਹਿ, ਜਿ ਤੈਨੂੰ ਕਾਲ ਤੇ ਬਚਾਇ ਲਏ। ਤਬ ਇਤਨੇ ਹੀ ਕਹਿਨ
ਸਾਇ, ਰਾਜਾ ਗੋਪੀਚੰਦਿ ਉਠਾ ਖੜਾ ਭਇਆ, ਹੇ ਮਾਤਾ ਜੀ ! ਅਬ ਮੇਰੀ ਰਾਮ ਰਾਮ
ਹੈ। ਮਾਤਾ ਕਉ ਡੰਡਉਤਿ ਕਰਿ ਕੇ ਉਠਿ ਚਲਾ ਤਬ ਬੋਲਾ ਚਲਤੀ ਬਾਰ।

ਸਰਪੀ ਕੂੰਜਾ ਛੋਡੀਆ ਅਰ ਭੀੜੀ ਛੋਡੇ ਲਉ।
ਰਾਜੇ ਗੋਪੀ ਚੰਦਿ ਰਾਜੁ ਪਾਟ ਛਡਿਆ ਜੋ ਭਾਵੈ ਸੋ ਭਉ। ੯।

ਤਬ ਚਲਿਆ ਬਾਹਰਿ ਆਇਆ, ਆਇ ਕਰਿ ਖੜਾ ਹੂਆ ਤਬ ਕਹਿਓਸੁ
ਜਿ ਪਦਮਾ ਰਾਨੀ ਕਉ ਮਿਲੀ ਆਵਉ, ਉਹ ਸੇਵਕਿ ਥੀ ਰਾਜੇ ਕੀ ਅਰੁ ਪਿਆਰੀ
ਥੀ, ਕਹੈ ਪੜੀ ਭ੍ਰਾਂਤਿ, ਜਉ ਛੋਡੌਂ, ਹਉ ਕਿਆ ਕਰਉ। ਤਬ ਸ੍ਰੀ ਗੋਰਖਨਾਥ

ਕੋਊ ਜਾਇ ਮਿਲਿਆ। ਸ੍ਰੀ ਗੋਰਖਨਾਥ ਕਹਿਆ ਜਿ ਰਾਜਾ! ਭਲੇ ਹੋਊ ਗੁਸਾਈ ਜੀ! ਅਜੁ ਭਲੇ ਰਾਜਾ। ਕੈ ਕਹਉ, ਕਲਿਆਣੁ ਹੀ ਸਭ ਸੁਖ ਹੈ! ਤਬ ਰਾਜੇ ਗੋਪੀ-ਚੰਦਿ ਕਹਿਆ ਜਿ ਸ੍ਰੀ ਗੋਰਖ ਨਾਥ ਜੀ ਮੇਰੇ ਤਾਈਂ ਦਇਆ ਕਰਿ ਕੈ ਮਿਲਾਇ ਲੇਹੁ ਅਪਨੈ ਸੰਗਿ ਸਾਥਿ। ਤਬ ਸ੍ਰੀ ਗੋਰਖ ਨਾਥਿ ਕਹਿਆ ਜਿ ਰਾਜਾ ਤੂ ਧਰਮਿ-ਆਤਮਾ ਰਾਜਾ ਹੈਂ, ਤੂ ਸਦਾ ਸਭ ਦੀ ਸਾਥੈ ਹੀ ਹੈਂ। ਤਬ ਰਾਜੇ ਗੋਪੀ ਚੰਦ ਕਹਿਆ ਹਾ ਜੀ ਅਬ ਰਾਜਾ ਨਰਕ ਤੇ ਚਿੰਤਾ ਅਗਨ ਤੇ, ਮਾਇਆ ਜੰਜਾਲ ਤੇ ਕਾਢਿ ਲੇਹਿ, ਹਉ ਤੇਰੀ ਸਰਨੀਂ ਪਰਿਆ ਹਉ। ਦਿਆਲੁ ਹੋਇ ਦਰਸਨੁ ਦੇਹਿ। ਤਬ ਸ੍ਰੀ ਗੋਰਖਨਾਥ ਕਹਿਆ ਕਿ

ਰਾਜਾ ਤੂ ਰਾਜ ਛੋਡਿ ਕਰਿ ਆਇਆ ਆਗੈ ਅਸਟ ਸਿਧਾਂ ਕਾ ਮੇਲਾ ।
ਤੂ ਆਜੁ ਦਰਸਨੁ ਲੇਹਿਗਾ ਰਾਜਾ, ਤਾਂ ਤੂ ਬਡਾ ਹੋਇਗਾ ਚੇਲਾ । ੧੦ ।

ਹੇ ਰਾਜਾ! ਈਹਾਂ ਅਸਟ ਸਿਧ ਨਉਂ ਨਾਥ ਚਉਰਾਸੀਹ ਸਿਧ, ਛਿਅ ਜਤੀ, ਚਉਹਠਿ ਜੋਗਨੀ, ਬਵੰਜਾਹ ਬੀਰ, ਬਾਰਹ ਪੰਥ ਜੋਗੀ ਆਜੁ ਮੇਲਾ ਕੀਆ ਹੈ ਤੂ ਬਡਾ ਜੋਗੀ ਚੇਲਾ ਹੋਇਗਾ ਦਰਸਨ ਲੇਹਿ, ਤੂ ਭਲੇ ਹੋਇਗਾ। ਤਬ ਰਾਜੇ ਗੋਪੀਚੰਦਿ ਕਹਿਆ ਜਿ ਗੁਸਾਈ ਜੀ! ਅਬ ਢੀਲ ਨਾਹੀ ਬਨਤੀ। ਤਬ ਸ੍ਰੀ ਗੋਰਖ ਨਾਥਿ ਖਰੀਅੜਾ ਲੈ ਕਰਿ ਰਾਜੇ ਕੇ ਕੰਨਾ ਨੋ ਛਿਦੁ ਕਰਿ ਕਾਢਾ। ਤਬ ਸਿਧਾਂ ਕਉ ਨਮਸਕਾਰੁ ਆਦੇਸ ਕੀਆ, ਡੰਡਾ, ਝੋਲੀ, ਮੁੰਦ੍ਰਾ, ਖਿਥਾ, ਪਤਰ ਹਥਿ ਮਿਲਿਆ, ਸਿੰਙੀ ਗਲਿ ਬਾਧੀ, ਬਿਭੂਤ ਮਾਥੈ ਲਗਾਈ, ਜੋਗੀਆਂ ਕੇ ਬਸਤ੍ਰ ਪਹਿਰਿ ਬੈਠਾ। ਤਬ ਝਖੜ ਅਰੁ ਮੀਹ ਨੂੰ ਆਗਿਆ ਭਈ ਸ੍ਰੀ ਗੋਰਖ ਨਾਥਿ ਕਹਿਆ, ਇੰਦ੍ਰ! ਦਿਖਾ ਤੂ ਕੈਸਾ ਝੁਲਹੁਗੇ ਤੇਮ ਝੁਲਹੁ ਅਰੁ ਬਰਸਹੁ ਜਿ ਰਾਜਾ ਗੋਪੀਚੰਦਿ ਜੋਗੀ ਹੂਆ ਹੈ ਜਿ ਫਿਰਿ ਘਰਿ ਜਾਊ। ਤਬ ਲਾਗਾ ਇੰਦ੍ਰ ਬਰਸਨੈ, ਕੈਸਾ ਬਰਸਨੈ ਲਾਗਾ ਜਿ ਬਹੁਤੁ ਸਕਤਾ ਬਰਸਨੈ ਲਾਗਾ। ਤਬ ਰਾਜਾ ਗੋਪੀ ਚੰਦਿ ਬੋਲਾ—

ਘਣ ਬੈਸ ਤ੍ਰਿਣ ਸਿਹਜਾ ਪੰਚ ਤਨ ਏਕੁ ਅੰਚਲਹੁ ।
ਘੋਰ ਘੋਰ ਬਰਸਤੇ ਇੰਦ੍ਰ, ਰਾਜੇ ਗੋਪੀਚੰਦਿ ਕਾ ਮਨੁ ਨਿਹਚਲਹੁ । ੧੧ ।

ਚਾਰੇ ਪਹਰ ਗੋਪੀਚੰਦਿ ਸਿਰਿ ਐਸਾ ਮੇਘੁ ਅਰੁ ਗੋਲੇ ਅਰੁ ਪਵਨ ਕੀ ਅੰਧੀ

ਜੈਸੀ ਭੂਲੋ ਜੈਸਾ ਉਨ ਕੇ ਜੋਰੁ ਸਾ; ਤੈਸਾ ਉਨਹੁ ਕੀਆ। ਰਾਜਾ ਗੋਪੀਚੰਦਿ ਜਿਉਂ ਬੈਠਾ ਥਾ ਤਿਉਂ ਥਿਰ ਹੋਇ ਰਹਾ। ਤਬ ਪ੍ਰਾਤ ਭਈ, ਜਦਿ ਪ੍ਰਾਤ ਭਈ, ਤਬ ਸ੍ਰੀ ਗੋਰਖ ਨਾਥਿ ਕਹਿਆ ਜਿ ਰਾਜਾ ਕਹੋ ਜੀਉ ਗੁਰੂ ਕੇ ਬਾਲ ਬੈਠੇ ਰਹਿਐ ਬੈਠਿ ਨਾਹੀ ਆਵਤੀ। ਅਬ ਤੂ ਜੋਗੀ ਹੂਆ, ਰਾਜ ਤੇ ਰਹਿਆ ਅਬ ਕਿਛੁ ਸਿਦਾ ਆਗੈ ਟਹਲ ਕਰ। ਤਬ ਗੋਪੀਚੰਦਿ ਉਠਿ ਖਰਾ ਭਇਆ, ਜਿ ਗੁਰੂ ਜੀਉ ਆਗਿਆ ਹੋਇ ਕਿਨ ਟਹਲ ਕਰਉ ? ਤਬ ਸ੍ਰੀ ਗੋਰਖਨਾਥਿ ਕਹਿਆ ਜਿ ਪੂਤ ! ਪਤੁ ਹਥਿ ਲੇਹਿ ਅਰੁ ਅਪਨੀ ਨਗਰੀ ਮਹਿ ਜਾਹਿ, ਜਾਇ ਕਰਿ ਭਿਖਿਆ ਮੰਗਿ ਲੈਆਉ। ਕਿ ਭਿਖਿਆ ਭੀ ਸਾਈ ਜਿ ਕੋਈ ਟੂਕਾ ਥਾਈ ਉਹ ਲੈਨਾ, ਟੂਕਾ ਭੀ ਸੋਈ ਲੈਨਾ ਜਿ ਖਾਤੇ ਭੈਠਿ ਥਾਹੈ, ਅਵੈਰੁ ਟੂਕਾ ਨਾਹੀ ਲੈਣਾ, ਇਹੀ ਆਗਿਆ ਹੈ। ਰਾਨੀਆ ਜਾਨਤੀਆਂ ਹੈ ਜਿ ਮਿਲਕੇ ਗਇਆ ਹੈ ਅਬ ਆਵਤਾ ਹੈ ਤਾ ਪਰਜਾਨੀਐ ਜਾ ਮੂੰਡਿਆ ਸਿਰ ਕੰਨਾਂ ਮਹਿ ਮੁੰਦ੍ਰਾ ਥੀਹੇਹ ਤੇ ਲੇਹੁ ਕੰਨਾ ਤੇ ਸਿਰ ਮਹਿ ਬਿਭੂਤ, ਗਲ ਮਹਿ ਗੋਦੜੀ, ਹਥਿ ਖਪਰੀ, ਰਾਜਾ ਗੋਪੀਚੰਦਿ ਨਗਰੀ ਮਹਿ ਪਿਨਤਾ ਪਿਨਤਾ ਆਇ ਖੜਾ ਹੂਆ। ਸਾਰੀ ਨਗਰੀ ਮਹਿ ਡੰਡਿ ਪੜੀ ਜਿ ਰਾਜਾ ਗੋਪੀਚੰਦਿ ਜੋਗੀ ਹੂਆ। ਜਦਿ ਰਾਨੀਆ ਰਾਜਾ ਗੋਪੀਚੰਦਿ ਦੇਖਿਆ ਸੋ ਦੇਖਿਆ ਅਰੁ ਲਾਗੀਆ ਸਿਰੇ ਸਿਰ ਪਿਟਣੇ, ਮਾਥੇ ਖੋਹਿਨਿ, ਹੈ ਹੈ ਕਰਨਿ ਏ ਪਹਰਿਆ ! ਰਾਜੇ ਕਾ ਮਾਥਾ ਕਿਨਿ ਮੁੰਡਿਆ। ਤਾ ਰਾਨੀਆ ਲਾਗੀਆ ਕਹਨੈ—

ਸੁਨੁ ਸੁਨੁ ਰਾਜਾ ਗੋਪੀ ਚੰਦਾ ਕੋਟਗੜ੍ਹ ਕੇ ਰਾਇਆ।
ਜਿਨਿ ਜੋਗੀ ਤੇਰਾ ਮਾਥਾ ਮੂੰਡਿਆ ਸੋ ਜੋਗੀ ਘੁਮਾਇਆ। ੧੨।

ਤਬ ਰਾਜਾ ਗੋਪੀ ਚੰਦਿ ਰਿਝਤਾ ਹੈ ਅਪੁਨਿ ਗੁਰੂ ਉਪਰ, ਤਬ ਰਾਜੇ ਗੋਪੀ ਚੰਦਿ ਕਹਿਆ

ਸਲੋਕ ਰਹੁ ਰਹ ਰੀ ਤੂੰ ਪਦਮਾ ਰਾਨੀ,ਮੇਰੇ ਗੁਰ ਕਉ ਨ ਦੀਜੈ ਗਾਲਿ।
ਸੋਲਹ ਸੈ ਕੰਨਿਆ ਸਤਰਿ ਸਹੰਸ ਮਹੇਲੀਆ,
ਤੁਮ ਸਗਲੀਆ ਜਾਹੁ ਪੈਆਲਿ। ੧੩।

ਤੁਸੀ ਹੁਣਿ ਮੇਰੇ ਕਾਮਿ ਕਾਈ ਨਾਹੀ, ਸੋਲਹ ਸੈ ਕੰਨਿਆ ਕੁਆਰੀ ਆਣਿ

ਰਾਖੀ ਥੀ ਉਇ ਬਨਿ ਸਾਥਿ ਮੰਡਤੀਆ, ਰਾਜੇ ਗੋਪੀਚੰਦਿ ਕਉ। ਅਰੁ ਸਤਰਿ ਸੈ ਇਸਤ੍ਰੀਆਂ ਸਾਥ ਭੋਗ ਕਰਤਾ। ਸੋਲਹ ਸੈ ਕੰਨਿਆ ਕੁਆਰਹੀ ਥੀ ਉਨ ਕੀ ਏਹ ਟਹਲ ਜਿ ਥਣਾਂ ਸਾਥਿ ਮੰਡਹਿ, ਉਨ ਕੈ ਮਹਲਿ ਨ ਜਾਤਾ, ਉਇ ਇਵ ਹੀ ਰਹਤੀਆਂ, ਐਸਾ ਰਾਜਾ ਥਾ। ਤਬ ਰਾਨੀਆਂ ਰੋਤੀਆਂ ਹੈਂ ਰਾਜੇ ਕੰਉ ਕਿਆ ਕਹਨੈ ਲਾਗੀਆਂ-

ਰਾਜਾ ਕਵਨ ਤੁਮਾਰੇ ਪਾਵ ਪਖਾਲਹਿਗੀਆ,
ਅਰੁ ਕਵਨਿ ਰੀਧਹਿਗੀਆ ਭਾਤਾਂ।
ਕਵਨ ਤੁਮਾਰੇ ਸੇਜ ਬਿਛਾਵਹਿਗੀਆ
ਤੂ ਕਿਸ ਸੰਗਿ ਕਰਹਿਗਾ ਬਾਤਾਂ। ੧੪।

ਤਬ ਰਾਜਾ ਗੋਪੀਚੰਦਿ ਬੋਲਾ-

ਰਾਨੀ ਸਗਲੇ ਤੀਰਥ ਮੈਂਉ ਪਾਵ ਪਖਾਲਉ
ਅਰੁ ਘਰਿ ਘਰਿ ਪਾਵੋ ਭਾਤਾ।
ਅਰੁ ਧਰਤੀ ਹਮਾਰੀ ਸੇਜ ਵਿਛਾਈ
ਨਿਰੰਜਨ ਸੰਉ ਮੇਰੀ ਬਾਤਾ। ੧੫।

ਏਹ ਆਗੈ ਹੀ ਰਾਜੇ ਗੋਪੀਚੰਦਿ ਰਾਨੀਆ ਕਉ ਕਹਿਆ, ਤਬ ਰਾਨੀ ਰਾਜੇ ਕਉ ਕਹਤੀ ਹੈ—

ਰਹੁ ਰਹੁ ਰਾਜਾ ਤੂ ਬੁਰਾ ਨ ਬੋਲੁ। ਤੈਨਿ ਕਲ ਕਾ ਤੇਨ ਗਇਆ ਬੋਲੁ
ਛਾਡਿ ਚਲੇ ਗ੍ਰਿਹੁ ਮਾਲੁ
ਰਾਜ ਪਾਟ ਛੋਡਿ ਤੂ ਜੋਗੀ ਹੂਆ, ਹਮਰਾ ਕਵਨ ਹਵਾਲੁ। ੧੬।

ਅਬ ਰਾਜਾ ਜਵਾਬ ਦੇਤਾ ਹੈ ਰਾਨੀਆਂ ਕੰਉ—

ਜਾ ਹਉ ਰਾਜਾ ਥਾ ਤਬ ਤੁਮ ਇਸਤ੍ਰੀਆਂ,
ਬੋਲੀਅਹੁ, ਅਬ ਹਮਰੀ ਤੁਮ ਮਾਈ
ਜੇ ਤੁਮ ਹਮ ਸਿਉ ਬਾਹੁੜਿ ਬੋਲਹੁ,
ਤਾ ਸ੍ਰੀ ਰਾਮਚੰਦ ਕੀ ਦੁਹਾਈ। ੧੭।

ਤਬਿ ਮਾਤਾ ਸੁਣਿਆ ਕਿ ਗੋਪੀਚੰਦਿ ਜੋਗੀ ਹੋਇ ਕਰਿ ਆਇਆ ਹੈ, ਤਬ ਮਾਤਾ ਦਉੜਿ ਕਰਿ ਆਈ, ਰਾਜੇ ਗੋਪੀਚੰਦ ਪਾਸਿ । ਤਬਿ ਦੇਖ ਕਰਿ ਮਾਤਾ ਕਾ ਮਨ ਫਿਰਿ ਗਇਆ, ਲਾਗੀ ਰੋਵਨੀ । ਰਖਿਆ ਚਾਹਤੀ ਹੈ ਰਾਜੇ ਗੋਪੀਚੰਦ ਕੋਉ, ਕਿਆ ਕਹਤੀ ਹੈ—

ਮਾਤਾ ਬੋਲੀ ਸੁਣਿ ਗੋਪੀਚੰਦਾ, ਕੋਟ ਗੜ੍ਹਾ ਕੇ ਰਾਇਆ
ਮਾਤਾ ਤੇਰੀ ਬਹੁਤ ਉਡੀਣੀ, ਦਉਲਤਰ ਰਾਖਹੁ ਪਾਇਆ ।੧੮ ।

ਅਬ ਮਾਤਾ ਕਉ ਜਬਾਬ ਦੇਤਾ ਹੈ ਰਾਜਾ—

ਮਾਤਾ ਪੂਰਬਿ ਲਿਖੇ ਕੇ ਜੋਗੀ ਹੂਏ, ਕਲਮ ਨ ਬਾਹੀ ਜਾਈ
ਈਟ ਸਿਰਹਾਣੇ ਜੰਗਲਿ ਬਾਸਾ, ਸਿਹਜਾ ਨੀਂਦ ਨ ਪਾਈ ।੧੯ ।

ਫਿਰਿ ਮਾਤਾ ਕਹਤੀ ਹੈ—

ਮਹਲੀਂ ਬਸਹੁ ਸਿਹਜੀਂ ਸੋਵਹੁ ਤੂ ਕਾਹੇ ਕੋਉ ਬਾਹਰਿ ਜਾਤਾ
ਜਿਸ ਕਾਰਨ ਤੂ ਧਰਤੀ ਫਿਰਤਾ, ਸੋ ਅੰਤਰਿ ਪਿਤਾ ਮਾਤਾ ।੨੦ ।

ਤਬ ਰਾਜਾ ਫਿਰਿ ਜਬਾਬ ਕਰਤਾ ਹੈ—

ਮਾਤਾ ਰੁਖ ਬਿਰਖ ਗੜ੍ਹ ਕੋਠੇ ਮੰਡਪ, ਧਰਤੀ ਸੇਜ ਰੁਲਾਈ
ਘਰਿ ਘਰਿ ਪਿਤਾ ਹਮਾਰੇ ਬੋਲੀ ਹਿ, ਘਰਿ ਘਰਿ ਹਮਾਰੀ ਮਾਈ ।੨੧ ।

———

(੧੯)

ਕਥਾ ਰਾਜੇ ਜਨਕ ਕੀ

ਮਥਰਾ ਕਾ ਰਾਜ ਰਾਜਾ ਜਨਕ ਕਰੈ ਥਾ, ਤ੍ਰੇਤੇ ਜੁਗ ਮਹਿ ਬਡਾ ਧਰਮਾਤਮਾ ਰਾਜਾ ਥਾ, ਰਾਜ ਭੀ ਕਰੈ ਅਰੁ ਜੋਗੁ ਭੀ ਕਰੈ । ਰਾਜੁ ਕੈਸੇ ਕਰੈ ਹੈ, ਧਰਮ ਨਿਆਉ ਕਰਤਾ ਹੈ, ਕਿ ਨਿਹਕੁ ਕਿਸੀ ਸਾਥਿ ਕਰੈ ਨਾਹੀ । ਅਰੁ ਜੋਗ ਕੈਸਾ ਕਮਾਵਤਾ ਹੈ ਏਕ ਦਿਨ ਏਕ ਸਿਧ ਪੁਰਖ ਆਇ ਨਿਕਲੇ, ਰਾਜੇ ਬਹੁਤ ਆਦਰ ਕੀਆ ਅਰੁ ਭਾਉ ਕੀਆ, ਆਣਿ ਪਾਸਿ ਬੈਠਾਇ, ਉਨਿ ਰਾਜੇ ਕਉ ਪੁਛਿਆ, ਜੁ ਤੂੰ ਰਾਜ ਅਰੁ ਜੋਗ ਕਮਾਵਤਾ ਹੈਂ ਸੋ ਕਿਉਂ ਕਰਿ ਕਮਾਵਤਾ ਹੈਂ? ਗੋਵਿੰਦ ਲੋਕ ਬੈਠ ਗਏ । ਅਰ ਰਾਜਾ ਚੁਪ ਕਰਿ ਰਹਿਆ ।

ਉਨ੍ਹਾਂ ਗੋਬਿੰਦ ਲੋਕਾਂ ਆਪਿ ਬੀਚ ਕਹਿਆ, ਜੁ ਰਾਜਾ ਹਮ ਕਉ ਬੁਲਾਵੈ, ਬੋਲੈ ਪੂਛੈ ਤਬਿ ਰਾਜੇ ਕਉ ਰਾਜ ਜੋਗ ਕੀਆਂ ਬਾਤਾਂ ਪੂਛਹਿਂ ਅਰੁ ਜੇ ਰਾਜਾ ਨ ਬੁਲਾਵਹਿ ਨ ਪੂਛਹਿ ਤਾ ਬੋਲਣਾ ਨਾਹੀਂ, ਚੁਪ ਕਰਿ ਰਹਣਾ । ਤਬਿ ਬੈਠੇ ਬੈਠੇ ਤੀਨ ਪਹਰ ਬੀਤੇ ਤਬਿ ਏਕ ਗਰੀਬ ਅਨਾਥ ਫਿਰਿ ਯਾਦ ਆਇਆ ਉਨ੍ਹਾਂ ਆਇ ਪੁਕਾਰ ਕਰੀ ਤਾਂ ਉਨਿ ਸਾਥਿ ਰਾਜਾ ਬੋਲਿਆ, ਉਨ੍ਹਾਂ ਕਾ ਨਿਆਂ ਤੇ ਰਾਜੇ ਕੀਆ, ਜਿਉਂ ਜਿਉ ਉਨਕੀ ਨਿਸ਼ਾ ਭਈ, ਤਿਉਂ ਤਿਉਂ ਉਨ ਕਉ ਸਮਝਾਇ ਕਰਿ ਬਿਦਾ ਕੀਏ । ਤਬਿ ਉਹ ਗੋਵਿੰਦ ਲੋਕ ਹਸਿ ਪਤੇ । ਤਬਿ ਗੋਬਿੰਦ ਲੋਕਾਂ ਕਹਿਆ, ਹਮ ਬੈਠੇ ਹੈਂ ਅਰੁ ਹਮਾਰੇ ਸਾਥਿ ਬਾਤ ਨਾਹੀ ਕਰਤਾ । ਤਬਿ ਰਾਜੇ ਜਨਕ ਕੇ ਜੀਅ ਨਹਿਂ ਕਰਦੇ ਹੋਵਨਿ ਤਬਿ ਰਾਜੇ ਜਨਕ ਕਹਿਆ, ਸੁਆਮੀ ਜੀ ! ਜੋ ਤੁਮਾਰੇ ਜੀਅ ਬੀਤੀ ਹੈ ਸੋ ਪੂਛੀਐ ? ਤਬਿ ਉਨਿ ਗੋਬਿੰਦ ਲੋਕਾਂ ਕਹਿਆ, ਹਮ ਜੁ ਆਇ ਹਹਿਂ ਸੋ ਤੇਰੇ ਪਾਸਿ ਆਇ ਹਹਿਂ, ਹਮ ਰਾਜ ਜੋਗ ਕੀਆਂ ਬਾਤਾਂ ਪੂਛਣ ਆਏ ਹੈਂ, ਤੂ ਹਮ ਕਉ ਕਹੁ ।

ਤਬਿ ਰਾਜੇ ਜਨਕ ਕਹਿਆ, ਭਲਾ ਹੋਵਹਿ ਰਾਮ ਜਨਹੁ ਜੀ, ਸੁਣੀਐ-ਰਾਜ ਮਹਿਂ ਜੋਗ ਇਉਂ ਹੋਤਾ ਹੈ । ਜਿਉਂ ਦਾਈ ਬਿਗਾਨੇ ਪੁਤ੍ਰ ਕਉ ਖਿਲਾਵਤੀ ਹੈ, ਨਵਾ-ਵਤੀ ਹੈ, ਨਾਕ ਚਟਤੀ ਹੈ, ਭਾਉ ਕਰਤੀ ਹੈ, ਬਸਤ੍ਰ ਪਹਰਾਵਤੀ ਹੈ, ਨੀਕੇ ਰਾਖਤੀ ਹੈ, ਮਾਤਾ ਕਉ ਚਿੰਤਾ ਉਸਕੇ ਰਾਖਣੇ ਕੀ ਕਾਈ ਨਹੀਂ ਹੋਤੀ, ਚਿੰਤਾ ਬਾਲਕ ਕੀ-

ਦਾਈ ਕਉ ਹੋਤੀ ਹੈ। ਦਾਈ ਬਾਲਕ ਕਉ ਮਹਾ ਹੇਤੁ ਕਰਿ ਰਾਖਤੀ ਹੈ ਪਰ ਜੀਅ
ਵਿਚਿ ਜਾਣਦੀ ਹੈ ਜੁ ਪੁਤ੍ਰ ਮੇਰਾ ਨਾਹੀ, ਮੁਝ ਕਉ ਖਿਲਾਵਨਾ ਰਾਖਨਾ ਮਿਲਿਆ
ਹੈ ਤਿਉਂ ਸਾਧ ਪੁਰਖ ਗਿਰਸਤ ਰਾਜ ਮਹਿੰ ਰਹਤੇ ਹੈਨਿ, ਰਾਜ ਗ੍ਰਿਹਸਤ ਕਿਉਂ
ਕਰਿ ਜਾਣਦੇ ਹੈਨਿ ਜੁ ਏਹ ਰਾਜ ਗ੍ਰਿਹਸਤ ਮੇਰਾ ਨਾਹੀ, ਹਮ ਕਉਂ ਰਾਖਨਾ ਮਿਲਿਐ
ਉਸ ਦਾਈ ਕੀ ਨਿਆਈਂ ਜੀਅ ਮਹਿੰ ਇਵਹੀ ਜਾਣਤੇ ਹੈਂਨਿ ਜੁ ਵਸਤੁ ਜੋ
ਹੈ ਸੋ ਸਭ ਪਰਮੇਸਵਰ ਕੀ ਹੈ, ਹਮਾਰੀ ਕਿਛੁ ਨਾਹੀ। ਜਬ ਇਹ ਵਸਤੁ ਆਪਣੀ
ਕਰਿ ਜਾਣਤਾ ਹੈ, ਤਬਿ ਇਸ ਕਉ ਦੋਖ ਇਹ ਲਗਤਾ ਹੈ ਅਰੁ ਜੁ ਜਾਣੈ ਕਿ ਇਹੁ
ਰਾਜੁ ਗ੍ਰਿਹ ਮੇਰਾ ਨਾਹੀ, ਹਮ ਕਉ ਰਾਖਨਾ ਮਿਲਿਆ ਹੈ, ਉਸ ਦਾਈ ਕੀ ਭਾਤਿ
ਕਰਿ ਜਾਣੈ ; ਰਾਜ ਜੋਗ ਕਮਾਵਣੇ ਵਾਲੇ ਜਾਣਤੇ ਹੈਨਿ ਜੁ ਵਸਤੁ ਹੈ ਸੋ ਪਰਮੇਸਰ
ਕੀ ਹੈ, ਹਮਾਰੀ ਕਿਛੁ ਨਾਹੀ। ਜਬ ਇਹ ਵਸਤੁ ਅਪਣੀ ਕਰਿ ਜਾਣਤ ਹੈ ਜੁ ਰਾਜ
ਧਨ, ਗ੍ਰਿਹੁ, ਜੋਬਨ ਪੁਤ੍ਰ, ਇਸਤ੍ਰੀ ਮੇਰੀ ਹੈ, ਤਾਂ ਇਸ ਕਉ ਇਸੀ ਵਾਸਤੇ ਦੋਖ ਹੈ।
ਐਸੀ ਜਾਣ ਕੇ ਨਰਕ ਜਾਤਾ ਹੈ। ਹੇ ਰਾਮ ਜਨਹੁ ! ਜੋ ਵਸਤੁ ਅਪਣੀ ਕਰਿ ਜਾਣੈ
ਅ ਖੈ ਏਹ ਵਸਤੁ ਮੇਰੀ ਹੈ ਤਾਂ ਇਸੀ ਵਾਸਤੇ ਨਰਕ ਜਾਤਾ ਹੈ। ਸਭ ਵਸਤੂ ਪਰ-
ਮੇਸਰ ਕੀ ਕਰਿ ਜਾਣੀਐ ਜੁ ਇਸਕਾ ਮੋਹ ਕਿਸੀ ਸਾਥਿ ਨ ਲਾਗੈ ਬਿਨਾ ਪਰਮੇਸਰ
ਕੇ ਨਾਮ ਬਿਨਾ। ਤਾਂ ਇਹ ਰਾਜਾ ਗ੍ਰਿਹਸਤ ਮਹਿੰ ਮੁਕਤਿ ਪਾਵੈ, ਸੁਣਹੁ ਰਾਮ
ਜਨਹੁ ! ਇਉਂ ਕਰ ਕੇ ਰਾਜ ਮਹਿੰ ਜੋਗੁ ਹੋਤਾ ਹੈ।
ਤਬਿ ਉਨ ਗੋਬਿੰਦ ਲੋਕਾਂ ਨਮਸਕਾਰ ਕਰਕੈ ਆਇ, ਰਾਜੇ ਜਨਕ ਕੇ ਸਿਖ
ਹੂਏ.ਰਾਜੈ ਜਨਕ ਉਨ ਕਉ ਦੀਖਿਆ ਦੀਨੀ ਉਨਹੁ ਕਹਿਆ ਧੰਨ ਹੈ, ਰਾਜਾ ਜਨਕ
ਧੰਨ ਜਿਸ ਕਉ ਐਸੀ ਰਾਜ ਮਹਿੰ ਭਗਤਿ ਆਈ ਹੈ। ਤਬ ਓਇ ਸਿਖ ਹੋਇ ਕਰਿ
ਲਾਗੈ ਪਰਮੇਸਰ ਜਪਣੇ ਰਾਜੇ ਜਨਕ ਕੇ ਸਿਖ ਕੈਸੇ,ਜੈਸਾ ਇਕ ਸੁਖਦੇਉ ਪੰਡਿਤਹੈ।
ਐਸਾ ਰਾਜਾ ਜਨਕ ਨਰਮ ਨਿਤ ਉ ਕਰਤਾ ਥਾ ਜੈਸਾ ਮਿਤ੍ਰ ਸਾਥਿ ਤੈਸਾ ਸਤ੍ਰ
ਸਾਥਿ, ਨਿਰਲੇਪ, ਅਠੇ ਪਹਰ ਸਿਮਰਨ ਧਿਆਨ ਮਹਿੰ ਰਹੈ ਦੇਖੈ ਸੁ ਧਿਆਨ,
ਬੋਲੈ ਸੁ ਗਿਆਨ। ਪਰ ਦੁਖ ਨਿਵਾਰਣ ਧਰਮਸ਼ਾਲਾ ਰਾਜੇ ਜਨਕ ਦੀਆ ਚਲਦੀਆਂ
ਸੀਆਂ, ਪਾਣੀ ਕੀ ਧਰਮਸਾਲਾ ਚਲੈ ਪਿਆਸਾ ਹੋਇ ਸੋ ਪੀਵੈ, ਅੰਨ ਕੀ ਧਰਮਸਾਲਾ
ਚਲੈ ਭੁੱਖਾ ਹੋਇ ਸੁ ਖਾਵੈ, ਕਪੜੇ ਕੀ ਧਰਮਸਾਲਾ ਚਲੈ, ਨੰਗਾ ਹੋਇ ਸੁ ਪਹਰੈ,
ਐਸਾ ਧਰਮ-ਰਾਜਾ ਥਾ-ਨਾਮ, ਦਾਨ, ਇਸ਼ਨਾਨ ਸੀਲ ਸੰਜਮ ਕਮਾਵਤਾ ਥਾ।

(੧੯)

ਕਥਾ ਕਬੀਰ ਗੁਸਾਈਂ ਜੀ ਕੀ

ਏਕ ਦਿਨ ਕਬੀਰ ਗੁਸਾਈਂ ਪੂਰਬ ਕੀ ਧਰਤੀ ਨਗਰ ਬਨਾਰਸੀ ਬਿਖੇ ਬੈਠਾ ਥਾ ਅਰ ਏਕ ਗੋਬਿੰਦ ਲੋਕ ਆਏ, ਉਨ੍ਹ ਆਇ ਕਹਿਆ ਜਿ ਰਾਮ ਰਾਮ ਕਬੀਰ ਗੁਸਾਈਂ ਰਾਮ ਰਾਮ। ਤਬਿ ਕਬੀਰ ਗੁਸਾਈਂ ਕਹਿਆ ਜਿ 'ਸਤਿ ਦਾਸਾ ਰਾਮ' ਆਈਏ ਜੀ ਭਾਈ ਰਾਮ ਜਨਹੁ ਬੈਸੀਐ ਜੀ, ਤਬਿ ਉਨਹੁ ਗੋਬਿੰਦ ਲੋਕਾ ਕਹਿਆ ਜੀ ਅਜ ਭਲੇ ਜੀ ਤੇਰੇ ਦਰਸਨ ਦੇਖੀਐ ਕਲਿਆਣ ਹੈ ਜੀ। ਤਬ ਘੜੀ ਏਕ ਸਮਝਾਇ ਕਰਿ ਉਨੇ ਕਹਿਆ ਜੀ ਕਬੀਰ ਗੁਸਾਈਂ ਜੀ, ਏਕ ਬੇਨਤੀ ਹੈ ਜੇ ਆਗਿਆ ਹੋਇ ਤਬ ਕਹੈ ਜੀ। ਤਬ ਕਬੀਰ ਗੁਸਾਈਂ ਕਹਿਆ, ਭਲਾ ਹੋਵੈ ਜੋ ਕਿਛੁ ਤੁਮਾਰੇ ਜੀਅ ਹੈ ਸੋ ਕਹੀਏ ਜੀ। ਤਬ ਉਨ੍ਹੂੰ ਗੋਬਿੰਦ ਲੋਕਾਂ ਕਹਿਆ ਜੀ ਇਹੀ ਬੇਨਤੀ ਹੈ, ਜੀ ਏਹ ਜਿ ਸੰਸਾਰੀ ਚਾਕਰ ਉਮਰਾਵਹੁ, ਪਾਤਸ਼ਾਹੂ ਕੇ ਚਾਕਰ ਲਗਤੇ ਹੈਂ ਜਿ ਕੋਈ ਉਸ ਕਉ ਚਾਕਰ ਰਖਤਾ ਹੈ ਸੋ ਉਨ ਕੀ ਪ੍ਰਤਿਪਾਲ ਭੀ ਕਰਤਾ ਹੈ, ਦਿਖਾ ਜੀ ਤੁਮਾਰੀ ਬਾਤਿ ਕਿਉਂ ਕਰਿ ਹੈ ? ਤੁਮ ਤਉ ਚਾਕਰ ਨੌਕਰ ਕਿਸੀ ਕੇ ਨਾਹੀ, ਕਬੀਰ ਜੀ ਤੁਮ ਕੀ ਕਿਰਤਿ ਕਿਉਂ ਕਰਿ ਚਲਤੀ ਹੈ, ਜਿਵ ਹੈ ਤਿਵ ਸਮਝਾਈਐ ਜੀ।

ਤਬ ਕਬੀਰ ਗੁਸਾਈਂ ਬਾਣੀ ਬੋਲੀ ਆਸਾ ਰਾਗ ਮਹਿ —

ਭਾਈ ਰੇ ਹਮ ਹਰਿ ਜੀ ਕੇ ਚਾਕਰ ਲਾਗੇ,
ਮਨ ਮਹਿ ਚਿੰਤਾ ਰਹੀ ਨਾ ਕਾਈ, ਦੂਖ ਭਰਮ ਭਉ ਭਾਗੇ।੧।

ਤਿਸਕਾ ਪਰਮਾਰਥ— ਤਬਿ ਕਬੀਰ ਗੁਸਾਈਂ ਕਹਿਆ; ਸੁਨਹੋ ਭਾਈ ਰਾਮ ਜਨਾ ਜੀ! ਜਦ ਨਾਹੀ ਚਾਕਰ ਲਾਗਤਾ ਤਬ ਇਸ ਕਉ ਸਭੇ ਡਰ ਭਉ ਬਿਆਪਤੇ ਹੈਂ। ਦੀਵਾਨ ਕਾ ਭਉ, ਚਉਧਰੀ, ਮੁਕਦਮ, ਕਾਨੂੰਗੋ ਕਾ ਭਉ ਬਿਆਪਤ ਹੈ ਜੀ। ਮਤੁ ਏ ਮੁਝ ਕਉ ਮਾਰਿ ਲੇਤੇ ਹੋਹਿ। ਰੋਟੀ ਕਪੜੇ ਕਾ ਡਰ ਜਿ ਕਹਾ ਤੇ ਪੈਦੇ ਹੋਇਗਾ। ਜਬ ਇਹ ਚਾਕਰ ਲਾਗਾ ਤਬ ਇਸ ਕਉ ਸਭੇ ਡਰ ਚੁਕਿ ਗਏ ਜਿ ਮੈਂ ਅਬ ਚਾਕਰ ਹੂਆ ਹਾ ਰੋਟੀ ਕਪੜਾ ਦੇਗਾ ਸੋ ਸਾਹਬ ਦੇ ਗਾ। ਜਿਸਕਾ ਮੈਂ ਚਾਕਰ ਹਾ ਅਰੁ ਹੋਰਨਾ ਮਨੁਖਾ ਕਾ ਡਰ ਭਉ ਚੁਕਿ ਗਇਆ ਜਿ ਮੈਂ ਪਾਤਸਾਹੀ ਚਾਕਰ ਹੂਆ ਹਾਂ। ਭਾਈ ਰਾਮ ਜਨਾ ਜੀ! ਤਿਸਕਾ ਚਾਕਰੁ ਸੰਸਾਰੀ ਕੀ ਕਿਆਈਂ ਸੋ

ਜੀ ਚਾਕਰ ਪਰਮੇਸਰ ਜੀ ਕਾ ਲਾਗਾ ਹਾਂ ਜਿ ਤੂ। ਕੜਏ ਜਮ ਕਾ ਥਾ ਉਹ ਸੋ ਡਰ ਭੀ ਉਤਰਿ ਗਇਆ ਅਰ ਦੁਖ ਰੋਗ ਕਾ ਭੀ ਡਰ ਉਤਰਿ ਗਇਆ ਜਿ ਜਿਸਕਾ ਕੀਆ ਦੁਖ ਰੋਗ ਆਵਤਾ ਹੈ, ਹਮ ਤਉ ਉਸ ਹੀ ਕੀ ਸਰਣਾਗਤਿ ਹਾਂ ਹਮ ਜੀ ਉਸਕੇ ਚਾਕਰ ਹਾਂ। ਭਾਈ ਰਾਮ ਜਨਾ ਜੀ! ਇਹ ਕਥਾ ਏਵ ਹੈ ਜੀ।

ਤਬਿ ਫਿਰ ਉਨਹੁ ਗੋਬਿੰਦ ਲੋਕਾਂ ਕਹਿਆ ਜਿ ਕਬੀਰ ਗੁਸਾਈ! ਉਹ ਜਿ ਚਾਕਰ ਸੰਸਾਰੀ ਹੋਤੇ ਹੈਂ ਜੀ ਉਨਕੇ ਤਲੇ ਘੋੜੇ ਹੋਤੇ ਹੈਂ, ਜੀਨ ਹੋਤੀ ਹੈ ਅਰ ਉਨਹੁ ਤੇ ਪਾਖਰ ਪੜਤੀ ਹੈ। ਅਰ ਪੇਸ਼ਕਬਜ਼ਹੁ ਸਾਥਿ ਬਾਧਿ ਰਾਖੀ ਤੇ ਹੈਂ, ਚਾਬਕ ਹਾਥ ਲੇਕਰਿ ਚਲਾਈਤੇ ਹੈਂ। ਏ ਕਬੀਰ ਗੁਸਾਈਂ ਜੀ! ਦਿਖਾ ਤੁਮ ਜਿ ਚਾਕਰ ਭਏ ਜੀ ਤੁਮਰੇ ਘੋੜੇ, ਪਾਖਰ ਜੀਨ, ਮੁਹਰ ਚਾਬਕ ਕਾਹੇ ਕੇ ਭਏ? ਤਬ ਕਬੀਰ ਗੁਸਾਈਂ ਬਾਣੀ ਬੋਲੀ—

ਲਿਵ ਲਗਾਮ ਗਿਆਨੁ ਘੋੜਾ, ਪ੍ਰੇਮ ਕੀ ਪਾਖਰ ਪਾਈ
ਜੋਗ ਕਾ ਜੀਨੁ ਜੁਗਤਿ ਕਰਿ ਬਾਧਿਆ, ਚਿਤ ਚਾਬਕ ਕਰਿ ਲਾਈ। ੨।

ਫਿਰ ਗੋਬਿੰਦ ਲੋਕਹੁ ਬੇਨਤੀ ਕਰੀ ਉਹ ਜਿ ਸੰਸਾਰੀ ਚਾਕਰ ਹੋਤੇ ਹੈਂ ਉਨ ਪੈ ਹਥੀਆਰ ਹੋਤੇ ਹੈਂ ਅਰ ਜੀ ਉਹ ਸੰਜੋਇ ਲਗਾਈ ਰਹਤੇ ਹੈਂ ਦਿਖਾ ਜੀ ਤੁਮ ਮਹਿ ਹਥੀਆਰ ਕੈਸੇ ਹੈਂ? ਕਬੀਰ ਜੀ! ਜਿਵ ਇਹ ਕਥਾ ਹੈ ਤਿਵ ਇਹ ਸਮਝਾਈਐ। ਤਬਿ ਕਬੀਰ ਗੁਸਾਈਂ ਬਾਣੀ ਬੋਲੀ—

ਸਤ ਕਾ ਸੇਲੁ ਖਿਮਾ ਕੀ ਟੋਪੀ, ਪ੍ਰੀਤਿ ਤਲਵਾਰ ਬੰਧਾਈ
ਕਾਮ ਕਟਾਰੀ ਰਾਹ ਕਰਿ ਬੰਧਨ, ਖੰਜਰਿ ਮੋਹਰਲੇ ਲਾਈ। ੩।

ਸਤ ਜਿ ਮੇਰੇ ਮਨ ਬਸਿਆ ਹੈ ਜਿ ਮਸਤਕ ਕੀ ਸਾਂਗ ਕੀਨੀ ਹੈ। ਅਰ ਜਿ ਖਿਮਾ ਜਿ ਮੇਰੈ ਆਤਮੈ ਆਈ ਹੈ ਇਸ ਕਾ ਟੋਪੁ ਕੀਆ ਹੈ। ਅਰੁ ਜੀ ਤਤ ਵਸਤੂ ਜਿ ਪਰਮੇਸਰ ਬੂਝਿਆ ਹੈ ਸੁ ਏਹ ਤਲਵਾਰਿ ਬਾਧੀ ਹੈ। ਅਰੁ ਜੀ ਕਾਮੁ ਨੇ ਚਲਣੇ ਨ ਦੀਆ ਪਕਰਿ ਕਰਿ ਕਾਮੁ ਬਾਂਧਿਆ ਹੈ, ਸੁ ਇਹ ਕਟਾਰੀ ਭਈ ਅਰ ਜੀ ਖੰਜਰ ਸਾਧਿ ਕਰਿ ਆਪਣੈ ਘਰ ਮਹਿ ਰਖੀ ਜਿ ਏਹੁ ਮੁਜਰਾ ਸਾਹਬ ਪਹਿ ਹੂਆ ਭਾਈ ਰਾਮ ਜਨਾ।

ਅੰਤਰਿ ਜੋਤਿ ਪ੍ਰੇਮ ਰਸ ਭੀਜੈ, ਸਬਦ ਅਨਾਹਦ ਵਾਜੇ
ਬੋਧ ਨਿਰੰਤਰ ਸਿਰ ਊਪਰਿ ਖੇਲੈ, ਜੂਝੇ ਰਾਮ ਕੇ ਆਗੈ। ੪।

(੨੦)

ਮਸਲਾ ਮੂਸੇ ਪੈਕੰਬਰ ਕਾ

ਇਕ ਦਿਨਿ ਮੂਸਾ ਪੈਕੰਬਰ ਖੁਦਾਇ ਦੀ ਦਰਗਾਹ ਹੱਕ ਤਾਲਹ ਕੀ ਜਾਇ ਖੜਾ ਹੂਆ। ਤਬਿ ਹਕ ਤਾਲਹ ਸਾਥਿ ਲਗਾ ਬਾਤਾਂ ਕਰਣੇ, ਤਬ ਮੂਸੇ ਅਰਜ਼ ਕੀਤਾ ਹੱਕ ਤਾਲਹ ਪਾਸਿ ਜਿ ਯਾ ਰੱਬੁਲਆਲਮੀਨ! ਇਸ ਬਾਤ ਕਾ ਮੇਰੇ ਮਨਿ ਬਹੁਤ ਅਫਸੋਸੁ ਰਹਿਆ ਜਿ ਤੂ ਕੇਹਾ ਹੈਂ, ਮੈਂ ਤੂ ਦੇਖਿ ਨ ਸਕਿਆ। ਤਬ ਹੁਕਮ ਰੱਬਉਲਆਲਮੀਨ ਦਾ ਹੋਇਆ ਜਿ ਏ ਮੂਸੇ! ਮੈਨੂੰ ਤੂ ਕਿਆ ਦੇਖਤਾ ਹੈਂ, ਮੇਰੀ ਤੂੰ ਕੁਦਰਤਿ ਦੇਖ, ਮੇਰੇ ਤਾਈਂ ਪਛਾਣੁ, ਹੋਰ ਤੂ ਕਾਈ ਬਾਤ ਨ ਦੇਖੁ।

ਤਬਿ ਮੂਸੇ ਅਰਜ਼ ਕੀਤਾ ਜਿ ਯਾ ਪਾਕ ਬੇਐਬ! ਜਿਸ ਦੀ ਇਹ ਕੁਦਰਤਿ ਵਾਪਰਦੀ ਹੈ ਜਿ ਮੇਰੇ ਮਨਿ ਇਹੀ ਅਫਸੋਸੁ ਹੈ ਸੁ ਉਹ ਕੇਹੇ ਜੇਹਾ ਹੈ। ਤਬ ਹੱਕ-ਤਾਲਹ ਮੂਸੇ ਨੋ ਫਰਮਾਇਆ ਜਿ ਮੂਸੇ; ਦੇਖਣ ਸਾਰਖ ਖੁਦਾਇ ਦਾ ਦੀਦਾਰ ਨਿਜੀਕਿ ਨਾਹੀ। ਤਬਿ ਮੂਸੇ ਪੈਕੰਬਰ ਕੇ ਜੀ ਆਈ ਜਿ ਖੁਦਾਇ ਜਿ ਕਹਿੰਦਾ ਹੈ ਜਿ ਮੇਰਾ ਦੀਦਾਰੁ ਨੇੜਾ ਨਾਹੀ; ਖੁਦਾਇ ਤਾ ਇਹੀ ਮੇਰੇ ਨਜੀਕਿ ਹੀ ਹੈ। ਮੈਂ ਇਕ ਬਾਰ ਹਥ ਬਾਹਿ ਕਰਿ ਦੇਖਾ, ਦਿਖਾਂ ਖੁਦਾਇ ਕਿਸ ਜਿਹਜਾ ਉਪਰਿ ਪੜਿਆ ਹੈ। ਇਸ ਕਪੜੇ ਕੋ ਉਠਾਇ ਕਰਿ ਦੇਖਾ ਮੈਂ ਆਪੇ ਹੀ। ਖੁਦਾਇ ਦੇ ਤਾਈਂ ਮੈਂ ਕਿਆ ਪੂਛਦਾ ਹਾਂ, ਖੁਦਾਇ ਤਾ ਮੇਰੇ ਨਿਜੀਕ ਹੈ। ਮੈਂ ਹਥਾਂ ਕਾ ਹਥਿ ਪੱਲਾ ਉਠਾਇ ਦੇਖਾਂ ਤਬ ਮੂਸਾ ਧੀਰਜੁ ਬੰਧਿ ਨ ਸਕਿਆ। ਮੂਸਾ ਨਕ ਉਠਾਇ ਕਰਿ ਦੇਖੈ ਤਾਂ ਵਿਚਿ ਕਿਛੁ ਨਾਹੀ ਅਵਾਜ ਜਿ ਆਵਦਾ ਸਿ ਆਵਾਜ਼ ਭੀ ਆਵਣੇ ਤੇ ਰਹਿ ਗਇਆ। ਤਬਿ ਮੂਸਾ ਪਛੁਤਾਣਾ ਜਿ ਹਾਇ! ਮੈਂ ਕਿਆ ਕਮਲੀ ਕਰੀ ਜਿ ਬਿਨਾ ਹੁਕਮ ਥੀਂ ਦੀਦਾਰੁ ਦੇਖਿਆ

ਚਾਹੁੰਦਾ ਸਾ। ਜਿ ਖੁਦਾਇ ਮੈਨੂੰ ਦੀਦਾਰੁ ਭੀ ਨ ਦੀਆ, ਮੈਂ ਗ਼ਫ਼ਲਤਿ ਕੀਤੀ, ਮੈਂ ਖੁਦਾਇ ਥੀਂ ਦੂਰ ਪੜਿਆ। ਮੇਰਾ ਹਲਤੁ ਗਇਆ ਮੈਂ ਗੈਰਰਜ਼ਾਇ ਹਕ ਤਾਲਹ ਦੀ ਕੀਤੀ। ਨਾ ਜਾਣੀਐ ਜਿ ਖੁਦਾਵੰਦ ਤਾਲਹ ਮੇਰੇ ਬਾਬਿ ਕਿਆ ਕਰੈਗਾ।

ਜਾਂ ਮੂਸਾ ਬਹੁਤ ਗ਼ਮਨਾਕ ਹੋਇ ਗਇਆ। ਤਬਿ ਹੁਕਮ ਰੱਬੁਲਆਲਮੀਨ ਦਾ ਹੋਇਆ ਜਿ ਏ ਮੂਸੇ! ਤੂ ਕਿਉਂ ਗ਼ਮਨਾਕ ਹੋਇਆ ਹੈ? ਮੈਂ ਤੇਰੇ ਤਾਈਂ ਮਿਹਰਬਾਨ ਹਾਂ, ਤੂ ਡਰਹਿ ਮਤੁ ਜਿ ਕਿਛੁ ਤੈਂ ਪੁਛਣਾ ਹੈ ਜਿ ਤੂ ਪੁਛ, ਮੈਂ ਤੇਰੇ ਤਾਈਂ ਬਤਾਇ ਦੇਊਂਗਾ। ਜਬ ਇਹ ਜਬਾਬੁ ਹਕ ਤਾਲਹ ਦਾ ਮੂਸੇ ਪੈਗੰਬਰ ਦੇ ਤਾਈਂ ਆਇਆ ਤਬ ਮੂਸਾ ਖਰਾ ਖੁਸੀ ਹੋਇਆ। ਤਬ ਮੂਸੇ ਇਹ ਜਬਾਬੁ ਪੁਛਿਆ, ਕਿ ਯਾ ਪਾਕੀ ਨਾਹੀਂ ਪਾਕ ਪਰਵਰਦਗਾਰ! ਲਿਖਾ, ਮੇਰਾ ਇਕ ਪਹਿਲਾ ਏਹੁ ਅਰਜ਼ ਹੈ ਜਿ ਤੂ ਮੈਂ ਸੁਣਿਆਹਿ ਤਾਂ ਹਜ਼ੂਰਿ ਜਾ ਦੇਖਣ ਲਗਾ ਤਾਂ ਦੂਰਿ, ਈਹਾਂ ਹੈ ਹੀ ਨਾਹੀ ਜਾਂ ਮੈਂ ਹਥ ਤੇਰੇ ਦੇਖਣੇ ਕਉ ਬਾਹਿਐ ਤਾਂ ਯਾ ਪਰਵਰਦਗਾਰ! ਤਾਂ ਤੂ ਕਹਾਂ ਥਾ। ਤਬਿ ਹੁਕਮ ਰੱਬੁਲਆਲਮੀਨ ਦਾ ਆਇਆ ਜਿ ਏ ਮੂਸੇ! ਤੂ ਏਤ ਖਿਆਲਿ ਨ ਪੜੁ, ਕਾਈ ਬਾਤਿ ਤੈਂ ਮੰਗਣੀ ਹੈ, ਸਾ ਮੰਗ। ਮੇਰੇ ਇਸ ਥੋਲਣੇ ਅਰੁ ਦੂਰ ਕਉ ਕਿਆ ਕਹਿਦਾ ਹੈ? ਤਬਿ ਮੂਸੇ ਕਹਿਆ, ਯਾ ਰੱਬੁਲਆਲਮੀਨ! ਮੈਂ ਇਹ ਬਾਤ ਮੰਗਦਾ ਹਾਂ ਜਿ ਤੂ ਮੇਰੀਆਂ ਪੁਛੀਆਂ ਬਾਤਾਂ ਕਹਦਾ ਜਾਹਿ। ਤਬ ਖੁਦਾਇ ਤਾਲਾ ਮੂਸੇ ਕਉ ਕਹਾਂਦਾ ਲਗਾ ਜਾਵੇ। ਏ ਮੂਸੇ! ਜਾਂ ਤੂ ਮੇਰੇ ਤਾਈਂ ਪੁਛਤਾ ਥਾ ਤਬ ਮੈਂ ਇਹ ਜਿ ਉਮਤਿ ਸਾਜੀ ਹੈ, ਸੁ ਇਸ ਕਾਜਿ ਮੈਂ ਜ਼ਿਮੀ ਅਸਮਾਨੁ ਪੈਦਾ ਕੀਆ ਹੈ, ਤੂੰ ਲੋਕ ਤਬਲ ਕੀਏ ਹੈਂ, ਮੈਂ ਉਸ ਤੇ ਪਰੇ ਪਰੇ ਫਿਰਤਾ ਥਾ। ਤਬ ਮੂਸੇ ਕਹਿਆ ਯਾ ਰੱਬੁਲਆਲਮੀਨ! ਲਿਖਾ ਤੂ ਏਹੋ ਜੇਹਾ ਸਭਸ ਤੇ ਊਪਰ ਤੂ ਹੈ ਹੈਂ, ਲਿਖਾ ਜੀ ਤੂ ਕਦੇ ਸਉਂਦਾ ਭੀ ਹੈਂ? ਕਹੈ, ਮੂਸੇ! ਮੈਂ ਸਉਂਦਾ ਕਦੇ ਨਾਹੀ, ਜਾਗਤ ਹੀ ਰਹਤਾ ਹਾਂ। ਕਹੈ, ਯਾ ਪਰਵਰਦਗਾਰ! ਮੇਰੇ ਮਨਿ ਪਰਤੀਤਿ ਨਾਹੀ ਆਂਵਦੀ। ਤਬ ਹਕ ਤਾਲਹ ਕਉਤਕ ਦੇਖਾਲਿਆ ਮੂਸੇ ਦੇ ਤਾਈਂ। ਏਕ ਕਦਹਾ* ਹਰੇ ਦੁਧ ਭਰਿਆ, ਦੇਖਿਆਹਿ ਮਤੁ ਦੁਧ ਗਿਰਾਵਤਾ ਹੋਇ ਕਿ ਕਦੇ ਰੱਖਤਾ ਹੋਇ। ਕਹੈ, ਨਾਹੀ ਜੀ ਫੇੜਤਾ: ਤਬ ਮੂਸੇ ਪੈਗੰਬਰ ਹਥ ਉਪਰਿ ਕਦਹਾ ਲੇ ਕਰਿ ਖੜਾ ਹੋਇ

*ਪਿਆਲਾ

ਰਹਿਆ । ਤਬ ਹਕ ਤਾਲਹ ਹੁਕਮ ਨੀਂਦ ਕੇ ਤਾਈਂ ਕਹਿਆ ਜੋ ਇਖਾ ਤੂੰ ਨੀਂਦ ਕਿਆ ਕਰਹਿਂਗੀ । ਤਬ ਮੂਸੇ ਪੈਕੰਬਰ ਕੇ ਤਾਈਂ ਨੀਂਦ ਆਇ ਗਈ ਸੋ ਛੂਟਾ ਆਇਆ ਨੀਂਦ ਦਾ, ਸੋ ਹਥ ਤੇ ਕਦਹਾ ਛੁਟਿ ਜਿਮੀ ਪੜਿਆ । ਕਦਹਾ ਛੁਟਿ ਗਇਆ ਦੁਧੁ ਗਿੜਿ ਪੜਿਆ । ਤਬਿ ਮੂਸੇ ਕੇ ਨੇਤ੍ਰ ਉਘੜ ਗਏ, ਲਗਾ ਮੂਸਾ 'ਹਾਇ-ਹਾਇ' ਕਰਨੇ ।

ਤਬ ਹੁਕਮ ਹੱਕ ਤਾਲਹ ਦਾ ਥੀਆ, ਜਿ ਏ ਮੂਸੇ ! ਮੈਂ ਤੇਰੇ ਤਾਈਂ ਜਿ ਕਹਿਆ ਥਾ ਜਿ ਦੇਖੈ ਮਤੁ ਦੁਧ ਗਿਰਾਵਤਾ ਹੋਇ, ਤੈਂ ਕਿਆ ਕੀਆ ? ਕਹੈ ਜੀ ਪਰਵਰਦਗਾਰ ! ਨੀਂਦ ਜਿ ਆਈ ਸੋਇ ਗਇਆ, ਹਥ ਸੇ ਕਦਹਾ ਛੁਟਿ ਗਇਆ ਤਬ ਪਰਵਰਦਗਾਰ ਕਹਿਆ ਜਿ ਏ ਮੂਸਾ; ਮੈਂ ਜੇ ਸੋਵਤਾ, ਇਹ ਸਾਰੀ ਪੈਦਾਇਸਿ ਮੇਰੇ ਹਾਥ ਮਹਿ ਹੈ, ਜੇ ਮੈਂ ਸੋਵਤਾ ਸਾਰੀ ਪੈਦਾਇਸ ਸਭ ਛੂਟ ਜਾਇ ਤਉ ਮੈਂ ਨਾਹੀ ਸੋਵਤਾ । ਤਬ ਮੂਸੇ ਕੇ ਮਨ ਮਹਿ ਪਰਤੀਤਿ ਆਈ । ਤਬਿ ਹੁਕਮ ਪਰਵਰਦਗਾਰ ਦਾ ਹੋਇਆ ਜਿ ਏ ਮੂਸੇ ! ਇਬ ਪਰਤੀਤਿ ਆਈ ਹੈ ? ਜੀ ਆਈ ਹੈ ।

ਤਬਿ ਫਿਰ ਮੂਸੇ ਪੈਕੰਬਰ ਕਹਿਆ ਜਿ ਯਾ ਪਰਵਰਦਗਾਰ ! ਇਹ ਨੀਂਦ੍ਰ ਹੈ ਸੋ ਕਿਆ ਹੈ ? ਤਬ ਸਿਰਜਨਹਾਰ ਕਹਿਆ ਏ ਮੂਸੇ ! ਜਿ ਨੀਂਦ੍ਰ ਹੈ ਸਿ ਮੌਤ ਕਾ ਸਾਇਆ ਹੈ । ਤਬ ਮੂਸੇ ਕਹਿਆ ਯਾ ਪਰਵਰਦਗਾਰ ! ਬਸਤੀ ਕਹਾ ਹੈ ? ਕਹੈ ਮੂਸੇ ! ਸਿਰ ਮਹਿ ਰਹਤੀ ਹੈ । ਤਬ ਮੂਸੇ ਕਹਿਆ ਏ ਪਾਕੀ ਨਾਹੀਂ ਪਾਕ ! ਇਹ ਜਾ ਮਨੁਖ ਸੌਂਵਦਾ ਹੈ, ਤਾਂ ਕਹਾ ਜਾਂਦਾ ਹੈ । ਕਹੈ ਮੂਸੇ ! ਜਾ ਸੋਵਤਾ ਹੈ ਤਾ ਵਿਦੇਹੀ ਮਾਹਿ ਜਾਦਾ ਹੈ । ਇਸ ਕੇ ਖਾਣੇ ਪੀਣੇ ਪਹਰਣੇ ਕਾ ਰਸਮੁ ਆਦਿ ਸਭ ਏਹ ਬਿਦੇਹੀ ਲੇਵੰਦੀ ਹੈ । ਕਮਾਣੇ ਕਾ ਸੁਆਦ ਭੀ ਦੇਹੀ ਦੇਤੀ ਹੈ । ਤਬਿ ਬਿਦੇਹੀ ਮਹਿ ਸੌਂਦਾ ਹੈ, ਕਹੈ ਜੀ ਏਹੁ ਜਿ ਕਿਛੁ ਬੋਲਤਾ ਹੈ, ਜਿ ਦੇਹੀ ਕੀ ਕਵਨ ਠਵਰ ਬਸਤਾ ਹੈ ? ਕਹੈ ਜੀ, ਏਸ ਕੀ ਬੋਲਨ ਕੀ ਠਵਰ ਕਵਨੁ ਹੈ, ਖੁਦਾ ਏਸ ਕੀ ਕਹਾ ਹੈ ? ਬੰਦਾ ਏਸ ਕਾ ਕਵਨ ਹੈ, ਗੁਰੂ ਏਸ ਪ੍ਰਾਨ ਪੁਰਖ ਕਾ ਕਵਨ ਹੈ ? ਜਾਤਿ ਇਸ ਕੀ ਕਵਨ ਹੈ, ਪਿਤਾ ਇਸਕਾ ਕਵਨੁ ਹੈ । ਯਾ ਮਿਹਰਵਾਨ ! ਬਤਾ ਮੁਝ ਕਉ

ਸਮਝਾਈਐਹਿ। ਤਬ ਹੁਕਮ ਹੱਕਤਾਲਹ ਦਾ ਹੋਇਆ, ਏ ਮੂਸੇ ! ਪ੍ਰਾਨ ਪੁਰਖ ਜਿ ਹੈ—ਇਸ ਮਹਿ ਬੋਲਤਾ ਪਵਨੁ ਹੈ, ਗੁਹਾ ਇਸ ਕੀ ਨਾਭਿ ਕਵਲੁ ਹੈ, ਬੋਲਨ ਕੀ ਠਵਰ ਕੰਠ ਅਰ ਜਬਾ ਹੈ, ਰੰਗ ਇਸਕਾ ਨੀਲਾ ਹੈ, ਅਹਾਰ ਇਸ ਕਾ ਸੁਗੰਧ ਹੈ, ਪਿਤਾ ਇਸ ਕਾ ਪਰਮੇਸਰ ਹੈ, ਜਾਤਿ ਇਸਕੀ ਸੀਤਲਾਈ ਹੈ, ਕਪੜਾ ਇਸ ਕਾ ਦੇਹੀ ਹੈ।

ਤਬ ਮੂਸੇ ਅਰਜ਼ ਕੀਆ ਜਿ ਯਾ ਪਰਵਰਦਗਾਰ ! ਖਾਂਦਾ ਇਸ ਦੇਹੀ ਮਹਿ ਸਿ ਕਵਣ ਹੈ ? ਕਹੈ ਮੂਸੇ ! ਖਾਂਦੀ ਜਿ ਹੈ ਸਿ ਅਗਨਿ ਹੈ ਖਾਂਦੀ। ਜਦ ਅਗਨਿ ਨੂੰ ਅੰਤਰਿ ਅਹਾਰ ਪਹੁਚਤਾ ਹੈ ਤਬ ਅਗਨਿ ਕੀ ਲਹਿਰ ਸਬਲ ਹੋਇ ਜਾਂਦੀ ਹੈ, ਤਿਸਕੇ ਊਪਰਿ ਤੇ ਪਾਣੀ ਪੀਵਤਾ ਹੈ ਤਬ ਜਾਇ ਅਗਨਿ ਨਿਵਰ ਜਾਤੀ ਹੈ। ਤਬ ਮੂਸੇ ਨੇ ਕਹਿਆ, ਯਾ ਪਰਵਰਦਗਾਰ ! ਚਲਦਾ ਜਿ ਹੈ ਸਿ ਕਿਆ ਹੈ ? ਬੈਠਤਾ ਜਿ ਹੈ ਸਿ ਕਿਆ ਹੈ ? ਸਿਮਰਤਾ ਹੈ ਜਿ ਕਿਆ ਹੈ ? ਤਬ ਹੁਕਮ ਹੱਕਤਾਲਹ ਦਾ ਹੋਇਆ ਜਿ ਏ ਮੂਸੇ ! ਚਾਰ ਚੀਜ਼ ਕਾ ਮੈਂ ਬੰਦਾ ਰਾਸਿ ਕੀਆ ਹੈ—ਆਬ, ਖਾਕ, ਆਤਸਿ, ਪਵਣੁ, ਤਿਸ ਮਹਿ ਮੈਂ ਪੰਜਵਾਂ ਚੀਜ਼— ਜੋਤਿ ਆਣਿ ਰਖੀ ਹੈ। ਏ ਮੂਸੇ ! ਜਿ ਪੰਜ ਚੀਜ਼ ਹੈਂ, ਸਿ ਆਪੋ ਆਪਣੀ ਪ੍ਰਕ੍ਰਿਤੀ ਕਰਤੇ ਹੈਂ। ਜਿ ਕਥੀਐ ਜ਼ਾਹਰਾ ਹੈਨਿ—ਪਵਣੁ ਬੋਲਤਾ ਹੈ, ਅਗਨਿ ਦੇਖਤੀ ਹੈ, ਚਾਲ ਜਿ ਹੈ ਪਾਣੀ ਕੀ ਪ੍ਰਕ੍ਰਿਤੀ ਹੈ। ਬੈਠ ਜਿ ਰਹਤਾ ਹੈ ਸਿ ਇਹ ਧਰਤੀ ਕੀ ਪ੍ਰਕ੍ਰਿਤੀ ਹੈ। ਜਦ ਏਸ ਕਉ ਪਵਣ ਕੀ ਪ੍ਰਕ੍ਰਿਤੀ ਆਇ ਪੜਤੀ ਹੈ ਤਬ ਇਹ ਬੋਲਿਆ ਹੀ ਕਰਤਾ ਹੈ, ਜਦਿ ਇਸ ਕਉ ਪਾਨੀ ਕੀ ਪ੍ਰਕ੍ਰਿਤਿ ਆਂਵਦੀ ਹੈ ਤਾਂ ਚਲਿਆ ਹੀ ਕਰਤਾ ਹੈ। ਜਦ ਏਸ ਕਉ ਅਗਨਿ ਕੀ ਪ੍ਰਕ੍ਰਿਤਿ ਆਇ ਪੜਤੀ ਹੈ, ਤਬ ਇਹ ਦੇਖਿਆ ਹੀ ਕਰਤਾ ਹੈ। ਜਦ ਇਸ ਕਉ ਜ਼ਿਮੀ ਖਾਕ ਕੀ ਪ੍ਰਕ੍ਰਿਤੀ ਆਇ ਪੜਤੀ ਹੈ ਤਬ ਏਹ ਬੈਠਾ ਹੀ ਰਹਤਾ ਹੈ। ਜਦਿ ਇਸ ਕਉ ਸਾਹਬ ਕੀ ਪ੍ਰਕ੍ਰਿਤਿ, ਉਸ ਜੋਤਿ ਕੀ ਆਵਤੀ ਹੈ ਤਬ ਇਹ ਸਭ ਬਾਤਾ ਛੋਡ ਕੇ ਖੁਦਾਇ ਕੀ ਬੰਦਗੀ ਕਰਤਾ ਹੈ।

———

(੨੧)

ਮਸਲਾ ਬੀਬੀ ਬਸਰੀ ਕਾ

ਉਥਹੁ ਚਲੇ ਸੇਖ ਫਰੀਦ, ਸੇਖ ਬਹਾਵਦੀ ਅਖੇ ਯਾਰੋ ! ਬੀਬੀ ਬਸਰੀ ਹੈ ਜਿ ਬਹੁਤ ਖੁਦਾਇ ਦੀ ਪਿਆਰੀ ਸੁਣੀਂਦੀ ਹੈ। ਖੁਦਾਇ ਦੇ ਨਾਵੈਂ ਨਾਲਿ ਬਹੁਤ ਰਾਜ਼ੀ ਹੈ ਅਤੇ ਫਕੀਰ-ਦੋਸਤ ਭੀ ਹੈ ਅਤੇ ਲੋਕ ਆਖਦੇ ਨੇ ਜਿ ਬੀਬੀ ਬਸਰੀ ਖੁਦਾਇ ਰੁੱਠਾ ਵੀ ਜਾਣਦੀ ਹੈ ਅਤੇ ਤੁੱਠਾ ਭੀ ਜਾਣਦੀ ਹੈ, ਚਲੋ ਚਲਾਹੇ ਬੀਬੀ ਬਸਰੀ ਕੰਨੇ। ਜਿ ਬੀਬੀ ਤਿਖਾ ਤੂੰ ਖੁਦਾਇ ਰੁੱਠਾ ਤੁਠਾ ਕਿਉਂ ਕਰਿ ਜਾਣਦੀ ਹੈਂ ? ਜਾਇ ਕਰਿ ਅਜ ਬੀਬੀ ਬਸਰੀ ਕੂ ਪੁਛਾਹੇ। ਖੁਦਾਇ ਦੀ ਖਬਰਿ ਉਸ ਕ ਹੈ ਕਿ ਨਾਹੀ ?

ਸੇਖ ਫਰੀਦ, ਸ਼ੇਖ ਬਹਾਵਦੀ ਦੋਵੇਂ ਚਲੇ ਚਲੇ ਬੀਬੀ ਬਸਰੀ ਦੇ ਆਏ। ਆਇ ਕਰਿ ਦਰਿ ਉਪਰਿ ਖੜੇ ਹੋਏ। ਅੰਦਰਿ ਦੁਆਇ ਭੇਜੀਆ ਨੇ ਜੋ ਬੀਬੀ ਬਸਰੀ ! ਸੇਖ ਫਰੀਦ, ਸ਼ੇਖ ਬਹਾਵਦੀ ਖੜੋਤੇ ਹੈਨਿ ਦਰ ਉਪਰਿ ਜਿ ਬੀਬੀ ਬਸਰੀ ਕੂ ਅਸਾਡੀ ਦੁਆਇ ਪਹੁਚਾਹੁ। ਤਾਂ ਬੀਬੀ ਬਸਰੀ ਲਉਂਡੀ ਹਥ ਆਖ ਭੇਜਿਆ ਜਿ ਸੇਖ ਸਲਾਮਤੀ ਹਿਕੁ ਭੇਰਾ ਇਥਾਉਂ ਖੜੇ ਹੋਹੁ ਮੈਂ ਨ੍ਹਾਵ ਘਿੰਨਾਂ, ਜਾਂ ਮੈਂ ਨ੍ਹਾਵ ਘਿੰਨਾ ਤਾਂ ਤੁਸਾ ਕੂ ਸਦਿ ਘਿੰਨਸਾਂਹੇ, ਭੇਰਾ ਕੁ ਇਥਾਊਂ ਬਹਹੁ। ਸ਼ੇਖ ਬਹਾਵਦੀ ਸੇਖ ਫਰੀਦ ਉਥਾਊਂ ਬਹਿ ਗਏ ਤਾਂ ਤੋੜੀਂ ਹਿਕ ਜੋਗੀ ਆਇ ਗਇਆ। ਉਹ ਅਜੇ ਬੈਠੇ ਆਹੇ, ਬੀਬੀ ਬਸਰੀ ਨ੍ਹਾਂਵਦੀ ਆਹੀ। ਜੋਗੀ ਆਖਿਆ, 'ਸ੍ਰੀ ਗੋਰਖ ਜਾਗੇ ਜਾਗੇ' ਕਹਿੰਦੇ ਸਾਥ ਨੰਗੀ ਹੀ ਉਠ ਕਰਿ ਭਿਖਿਆ ਪਾਈ, ਭਿਖਿਆ ਪਾਇ ਕਰਿ ਫਿਰ ਜਾਇ ਨ੍ਹਾਵਣ ਲਗੀ।

ਜੋਗੀ ਭਿਖਿਆ ਲੈ ਕਰਿ ਚਲਦਾ ਰਹਿਆ। ਉਹ ਦੋਵੇਂ ਹੈਰਾਨ ਹੋਏ

ਬਹਾਵਦੀ, ਸ਼ੇਖ ਫਰੀਦ ਜਿ ਏਨ ਬਸਰੀ ਕਿਆ ਕੀਤਾ ਜਿ ਅਸਾਂ ਕੂ ਫੇਰ ਭੇਜਿਅਸੁ ਅਤੇ ਜੋਗੀ ਕੂ ਉਠਿ ਕਰਿ ਭਿਖਿਆ ਪਾਈਅਸੁ। ਅਜਬ ਹੈ ਇਹ ਬਾਤ। ਇਤ ਕੀ ਕੀਤੁ ਸੁ ? ਤਾਂ ਹੁਕਮ ਅੱਲਾਹ ਦਾ ਹੋਇਆ ਚੁਪ ਕਰਿ ਬਹਿ ਰਹੇ ਜਿ ਇਹ ਭੀ ਜਵਾਬ ਪੁਛਸਾਂਹੇ। ਤਾਂ ਜਾ ਨ੍ਹਾਇ ਪਹੂੰਚੀ ਬੀਬੀ ਬਸਰੀ ਕਪੜੇ ਗਲ ਸਿਰ ਮੌਂਝ ਪਿਧੁਸੁ, ਖੁਦਾਇ ਯਾਦ ਕੀਤੁਸੁ। ਸਫਾਂ ਵਿਛਾਇ ਕਰਿ ਸ਼ੇਖ ਫਰੀਦ ਸ਼ੇਖ ਬਹਾਵਦੀ ਬੁਲਾਇਅਸੁ। ਪੈਰਾਂ ਕੂ ਪਾਣੀ ਡਿਤੁਸੁ। ਲਉਂਡੀ ਕੂ ਆਖਿਸੁ ਜਿ ਖੁਦਾਇ ਦੀ ! ਇਨ੍ਹਾਂ ਖੁਦਾਇ ਦਿਆਂ ਯਾਰਾਂ ਕੂ ਰੋਟੀਆਂ ਤੂ ਪਕਾਇ। ਉਹ ਬਾਂਦੀ ਉਠੀ, ਉਠ ਕਰਿ ਆਟਾ ਲੈ ਕਰਿ ਪਾਤ੍ਰੀ ਵਿਚਿ ਛਾਣ ਕਰਿ ਗੁੰਨ੍ਹਿ ਕਰਿ ਠੀਕਰੀ ਚੜ੍ਹਾਇ ਕਰਿ ਤ੍ਰੈ ਰੋਟੀਆਂ ਪਕਾਇਆਸੁ ਚੋਪੜ ਕਰਿ; ਸਹਨਕ ਧੋਇ ਕਰਿ ਵਿਚ ਰਖੀਅਸੁ। ਆਣਿ ਬੀਬੀ ਬਸਰੀ ਆਗੈ ਰਖੀਅਸੁ।

ਬੀਬੀ ਬਸਰੀ ਆਖਿਆ ਜਿ ਲਾਲੀ ! ਜਾਇ ਕਰਿ ਫਕੀਰਾਂ ਦੇ ਹਥ ਧੁਆਇ ਆਉ, ਉਨਿ ਬਾਂਦੀ ਅਫਤਾਬਾ ਪਾਣੀ ਭਰ ਕਰਿ ਲੈ ਜਾਇ ਸ਼ੇਖ ਫਰੀਦ ਸ਼ੇਖ ਬਹਾਵਦੀ ਦੇ ਹਥ ਧੁਆਇਸੁ, ਫਿਰਿ ਰੋਟੀਆਂ ਲੈਣ ਆਈ ਜਿ ਹਉ ਫਕੀਰਾਂ ਅਗੈ ਆਣਿ ਰਖਾਂ। ਹੁਕਮ ਅਲਾਹ ਦੇ ਨਾਲਿ ਹਿਕੁ ਫਕੀਰ ਆਇ ਖੜਾ ਹੋਇਆਸੁ ਸੁਆਲੀ। ਉਨਿ ਆਖਿਆ, ਜਿ ਅਲਾਹ ਦੇ ਪਿਆਰਿਹੋ ! ਭਿਰੁ ਕੁਝ ਮੈਕੂ ਖੁਦਾਇ ਦੇ ਨਾਇ। ਉਨਿ ਸੁਆਲ ਪਾਇਆ, ਬੀਬੀ ਬਸਰੀ ਦੋਵੇਂ ਰੋਟੀਆਂ ਲੈ ਕੈ ਸਹਨਕ ਵਿਚਹੁ ਫਕੀਰ ਸੁਆਲੀ ਕੂ ਚਾਇ ਦਿਤੀਅਸੁ। ਫਕੀਰ ਸੁਆਲੀ ਲੈ ਦੇ ਗਇਆ।

ਸ਼ੇਖੁ ਫਰੀਦ ਸ਼ੇਖੁ ਬਹਾਵਦੀ ਧੋਤੀ ਹਥੀਂ ਬੈਠਿਆਂ ਹੀ ਰਹੇ। ਉਹ ਹੈਰਾਨ ਹੋਇ ਜਿ ਹੇ ਖੁਦਾਇ ! ਏ ਕੈ ਕਿਆ ਕੀਆ, ਜਿ ਰੋਟੀਆਂ ਚਾਇ ਹੋਰਸੁ ਕੂ ਡਿਤੀਆਸੁ। ਏਨਿ ਕਿਆ ਕੀਤਾ। ਬੰਦੀ ਭੀ ਚੁਪ ਕਰਿ ਬੈਠੀ। ਬਹਾਵਦੀ, ਸ਼ੇਖ ਫਰੀਦ ਚੁਪ ਕਰ ਬੈਠੇ ਹੈਰਾਨ ਹੋਇ ਰਹੇ ਜਿ ਏਨਿ ਬੀਬੀ ਬਸਰੀ ਕਿ ਕੀਤਾ। ਅਗੈਂ ਸ਼ੇਖ ਫਰੀਦ ਦੇ ਅਤੇ ਸ਼ੇਖ ਬਹਾਵਦੀ ਦੇ ਜੀ ਹੋਈ ਜਿ ਇਹ ਗੱਲ ਭੀ ਬੀਬੀ ਬਸਰੀ ਕੰਨਹੁ ਦੇਂਦੀ ਵਾਰ ਪੁਛਸਾਂਹੇ। ਹੁਣ ਤਾਂ ਚੁਪ ਕਰ ਰਹਾਂਹ ਹੈਰਾਨ ਹੋਇ ਕਰਿ

ਬਹਿ ਰਹੇ। ਜਿਥੇ ਇਕ ਘੜੀ ਗੁਜਰੀ, ਦੂਜੀ ਘੜੀ ਗੁਜਰੀ ਤਿਥੇ ਇਕੁ ਖੁਦਾਇ ਦਾ ਸਖੀ ਆਇ ਖੜਾ ਹੋਇਆ ਜਿ ਬੀਬੀ ਬਸਰੀ! ਅਸਾਡੇ ਖੁਦਾਇ ਦਾ ਨਾਉਂ ਹੈ, ਤੂ ਇਕ ਆਦਮੀ ਆਪਣਾ ਛੋਡਿ ਜਿ ਕੁਝ ਤਬਰਕੁ ਘਿਨ ਆਵੈ। ਹੁਕਮ ਅਲਹ ਦਾ ਹੋਇਆ ਜਿ ਕਿਛੁ ਖੁਦਾਇ ਭੇਜਿਆ ਹੈ। ਤਾ ਉਹ ਬਾਂਦੀ ਉਸ ਸਖੀ ਖੁਦਾਇ ਨਾਲਿ ਗਈ ਉਸ ਖੁਦਾਇ ਦੇ ਸਖੀ ਵੀਹ ਰੋਟੀਆ ਚੋਪੜੀਆਂ ਬਾਂਦੀ ਕੂ ਦਿਤੀਅਸੁ ਬਾਂਦੀ ਲੈ ਕਰਿ ਦੁਇ ਰੋਟੀਆਂ ਵਿਚਹੁ ਰਖੀਆਸੁ। ਅਠਾਰਹ ਰੋਟੀਆ ਘਿਨ ਆਈ। ਆਣਿ ਕਰਿ ਬੀਬੀ ਬਸਰੀ ਕੰਨੇ ਰਖੀਅਸੁ। ਬੀਬੀ ਬਸਰੀ ਜਾਂ ਰੋਟੀ ਆਣ ਕਰਿ ਦੇਖੈ ਤਾਂ ਅਠਾਰਹੁ ਰੋਟੀਆ ਹੈਨਿ। ਤ ਬੀਬੀ ਬਸਰੀ ਆਖਿਆ, ਜਿ ਬਾਂਦੀ! ਉਹ ਦੁਇ ਰੋਟੀਆਂ ਭੀ ਘਿਨ ਆਉ। ਤਾਂ ਓਹਿ ਬਾਂਦੀ ਆਖਿਆ ਜਿ ਬੀਬੀ ਸਲਾਮਤ! ਇਹੋ ਅਠਾਰਹ ਰੋਟੀਆਂ ਮੈਕੂ ਮਿਲੀਆਂ ਹੈਨਿ ਸੇ ਮੈਂ ਆਣੀਆ ਹੈਨਿ ਤੇਰੇ ਹਜੂਰ। ਹੋਰ ਮੈਂ ਕੰਨੇ ਨਾਹੀਂ, ਮੈਂ ਕੂ ਇਹੋ ਮਿਲੀਆਂ ਹੈਨਿ। ਤਾ ਭੀ ਬਾਂਦੀ ਆਖਿਓਸੁ ਮੈ ਕੂ ਏਹੋ ਮਿਲੀਆ ਹੈਨਿ ਹੋਰ ਮੈਂ ਕੰਨੇ ਨਾਹੀ।

ਤਾ ਬੀਬੀ ਬਸਰੀ ਆਖਿਆ ਐ ਬਦਬਖਤ ਬਾਂਦੀ! ਮੈਂ ਕਿਛ ਊਰੇ ਨਾਲ ਸਉਦਾ ਨਾਹੀ ਕੀਤਾ ਜਿ ਕਮ ਭੇਜੇਗਾ ਮੈਂਡਾ ਸਉਦਾ ਪੂਰੇ ਨਾਲਿ ਹੈ। ਜਾਇ ਕਰਿ ਦੋਵੇਂ ਰੋਟੀਆ ਜਿ ਰਖੀਆਂ ਨੀ,ਸੇ ਘਿਨ ਆਉ, ਨਾਹੀ ਤਾ ਆਪਣਾ ਕੀਤਾ ਪਾਏਂਗੀ। ਜਾਂ ਬੀਬੀ ਬਸਰੀ ਬਹੁਤ ਗਰਮ ਹੋਈ, ਬਾਂਦੀ ਉਪਰਿ। ਤਾਂ ਜਾਇ ਕਰਿ ਬਾਂਦੀ ਦੋਵੈਂ ਰੋਟੀਆਂ ਘਿਨ ਆਈ। ਸ਼ੇਖ ਫਰੀਦ ਸ਼ੇਖ ਬਹਾਵਦੀ ਹੈਰਾਨ ਹੋਇ ਗਏ। ਬੈਠੇ ਤਮਾਸ਼ਾ ਦੇਖਨਿ ਜਿ ਯਾ ਖੁਦਾਇ! ਇਸ ਬੀਬੀ ਬਸਰੀ ਕੂ ਇਤਨੀ ਪਹੁੰਚ,ਤੈਂ ਕਿਥਹੁ ਦਿਤੀ ਹੈ, ਅਜਬ ਹੈਰਾਨ ਹੈ ਤੇਰਾ।

ਬੀਬੀ ਬਸਰੀ ਰੋਟੀਆ ਲੈ ਕਰਿ ਸਹਨਕ ਵਿਚਿ ਰਖ ਕਰਿ ਸ਼ੇਖ ਬਹਾਵਦੀ, ਸ਼ੇਖ ਫਰੀਦ ਦੇ ਆਗੈ ਰਖੀਅਸੁ, ਸ਼ੇਖ ਫਰੀਦ ਸ਼ੇਖ ਬਹਾਵਦੀ ਖਾਧੀਆ, ਖਾਇ ਕਰਿ ਸ਼ੁਕਰ ਬਜਾਇ ਆਂਦੇ ਨੇ। ਦੁਆਇ ਸਿਫਤਿ ਇਤਾਇਤ ਪੜੀਓਨਿ, ਖੁਦਾਇ ਨੂੰ ਯਾਦ ਕੀਤੇ ਨੇ। ਤਬਿ ਬੀਬੀ ਬਸਰੀ ਆਪਣਿਆਂ ਲੜਿਆਂ ਲਾਇਆ ਕੂ ਰੋਟੀ ਦੇ ਕਰਿ ਸ਼ੇਖ ਫਰੀਦ ਬਹਾਵਦੀ ਕੰਨੇ ਸਿਰ ਨਿਵਾਇਕੈ ਆਇ ਬੈਠੀ। ਲਗੀ ਖੁਦਾਇ

ਖਾਤਾਂ ਕਰਹਿ ।

ਤਾਂ ਸ਼ੇਖ ਹੋਰਾਂ ਫਰਮਾਇਆ, ਜਿ ਬੀਬੀ ਸਲਾਮਤ ! ਹਿਕੁ ਗੱਲ ਤਉ ਕੋਲਉ ਕੂ ਆਏ ਆਹੇ ਤੇ ਗੱਲਾਂ ਚਾਰ ਪੰਜ ਪੁਛਣੀਆਂ ਹਈਆਂ । ਅਸਾਂ ਕੂ ਖੁਦਾਇ ਵਾਸਤੇ ਇਨ੍ਹਾਂ ਗੱਲਾਂ ਦਾ ਬਿਆਨ ਕੇਹਿ ਕਿ ਅਸਾਡੀ ਤਿਸਾ ਥੀਵੰਦਿ । ਤਾਂ ਫਰਮਾਇਆ, ਜਿ ਖੁਦਾਇ ਜੇਹਾ ਜਵਾਬੁ ਭੇਜਸੀ ਤੇਹਾ ਕਾਹਸਾਹੇ । ਤੁਸੀਂ ਆਖਹੁ ਜਿ ਕਿਝਹੁ ਤੁਸਾਡੇ ਦਿਲ ਵਿਚਿ ਹੈ ਤਾਂ ਸੇਖਿ ਫਰਮਾਇਆ, ਜਿ ਪਹਿਲਾ ਕੂ ਆਖਿਆਹੇ ਜਿ ਅਸਾਂ ਸੁਣਿਆ ਆਹਾ ਜਿ ਤੂ ਖੁਦਾਇ ਰੁੱਠਾ ਭੀ ਜਾਣਦੀ ਅਤੇ ਤ੍ਰੁਠਾ ਭੀ ਜਾਣਦੀ ਹੈਂ ? ਇਹ ਗੱਲ ਕਿਉਂ ਕਰਿ ਹੈ, ਅਸਾਂ ਕੂ ਆਖਿ । ਬੀਬੀ ਬਸਰੀ ਬੋਲੀ, ਜਿ ਸ਼ੇਖ ਸਲਾਮਤੀ ! ਇਹ ਬਾਤ ਤਹਿਕੀਕ ਹੈ, ਅਸਾਂ ਕੂ ਖੁਦਾਇ ਬੁਝਾਈ ਹੈ । ਜਿ ਰੁਠਾ ਤ੍ਰੁਠਾ ਖੁਦਾਇ ਕੂ ਪਛਾਣਦੀ ਹਾਂ । ਜਿਤ ਦਿਨ ਕੋਈ ਖੁਦਾਇ ਦਾ ਭੇਜਿਆ ਆਵੈ ਤਿਤ ਦਿਨਿ ਜਾਣਦੀ ਹਾਂ ਜਿ ਅਜੁ ਅਸਾਂ ਕੂ ਖੁਦਾਇ ਮਿਹਰਵਾਨ ਹੈ ਜਿ ਅਜ ਕੋਈ ਖੁਦਾਇ ਦੀ ਮੁਹਬਤਿ ਅਸਾਡੇ ਆਇਆ ਹੈ ।

ਅਤੇ ਜਿਤ ਦਿਨ ਕੋਈ ਨ ਆਵੀ, ਤਿਤ ਦਿਨ ਜਾਣਦੀ ਹਾਂ ਜੁ ਅਜ ਖੁਦਾਇ ਸਾਡੇ ਬਾਬਿ ਕਹਰਵਾਨ ਹੈ ਜਿ ਅਜ, ਅਸਾਡੇ ਖੁਦਾਇ ਦਾ ਬੰਦਾ ਕੋਈ ਨਹੀਂ ਆਇਆ ਸ਼ੇਖ ਸਲਾਮਤੀ ! ਏਤੁ ਕਰਿ ਕਰਿ ਖੁਦਾਇ ਰੁੱਠਾ ਭੀ ਅਰ ਤ੍ਰੁੱਠਾ ਵੀ ਜਾਣਦੀ ਹਾਂ । ਤਾਂ ਇਦੂ ਬਾਹਰੂ ਭੀ ਸ਼ੇਖ ਉਹਨਾਂ ਦਾ ਕਿਸਾ ਬੀ ਹੈ । ਆਖੇ ਜੀ ਫਰਮਾਈਐ । ਅਤੇ ਹਿਕੁ ਜੋਗੀ ਜੋ ਆਇਆ, ਉਸ ਕੂ ਤੈਂ ਉਠ ਕਰਿ ਖੈਰ ਪਾਇਆ, ਇਹ ਕਿਆ ਕੀਤੋਈ ? ਤਾਂ ਬੀਬੀ ਬਸਰੀ ਜਵਾਬ ਦਿਤਾ, ਜਿ ਸ਼ੇਖ ਸਲਾਮਤੀ ! ਇਹੁ ਇਵੈਂ ਹੀ ਹੋਇਆ ਜਿ ਮੈਂ ਨੰਗੀ ਨ੍ਹਾਵਦੀ ਆਹੀ ਅਤੇ ਤੁਸੀਂ ਆਏ ਆਹੇ, ਤੁਸਾਡੀ ਨਜਰ ਅਜੈ ਕੱਚੀ ਆਹੀ, ਮੈਂ ਤੁਸਾਂ ਕੂ ਏਤੇ ਕਮਿਆ ਜਿ ਮੈਂ ਭੇਰਾ ਨ੍ਹਾਇ ਘਿੰਨਾ । ਅਤੇ ਉਹ ਜੋ ਜੋਗੀ ਆਹਾ ਸੁ ਰਾਜਾ ਭਰਥਰੀ ਆਹਾ, ਉਸਦੀ ਨਜਰ ਪੱਕੀ ਆਹੀ, ਉਸ ਕੂ ਤੇਹੀ ਨੰਗੀ ਤੇਹੀ ਪੈਧਨੀ, ਤੇਹੀ ਕੰਧ ਤੇਹੀ ਅਉਰਤ, ਤੇਹਾ ਸੁਇਨਾ ਤੇਹੀ ਮਿਟੀ, ਉਸ ਕੂ ਪੂਰੀ ਨਦਰਿ ਆਹੀ । ਜਿ ਮੈਂ ਨੰਗੀ ਖੈਰ ਪਾਇਆ, ਉਹ ਨਹੀਂ ਜਾਣਦਾ ਜਿਸ ਕੂ ਖੈਰੁ ਪਾਇਆ ਹੈ । ਉਹ ਜਾਣਦਾ ਹੈ

ਕਿ ਹਭ ਕੁਝ ਉਜਾੜ ਹੈ। ਇਵੂੰ ਗੱਲੋਂ ਭੀ ਹੈਰਾਨ ਹੋਇ ਨਿਸਾ ਥੀਆ ਹੈ।

ਤਾਂ ਸ਼ੇਖ ਹੋਰਾਂ ਫਿਰ ਫੁਰਮਾਇਆ, ਜਿ ਬੀਬੀ ਸਲਾਮਤ! ਜੋ ਅਸਾਂ ਕੂ ਰੋਟੀਆ ਪਕਾਈਆ ਓਹੀਓ ਤੈਂ ਆਇ ਫਕੀਰ ਕੂ ਡਿਤੀਓਈ। ਇਹੁ ਕਿਆ ਥੀਆ? ਤਬ ਬੀਬੀ ਬਸਤੀ ਫੇਰ ਜਵਾਬ ਡਿਤਾ ਜਿ ਸ਼ੇਖ ਸਲਾਮਤੀ! ਇਹ ਬਾਤ ਏਵੈ ਹੈ। ਆਦਮੀ ਚਾਰ ਪੰਜ ਖਾਣਹਾਰੇ ਆਹੇ ਅਤੇ ਫੁਇ ਖੁਦਾਇ ਤੁਸਾਂ ਆਏ ਆਹੇ। ਅਸਾ ਕੂ ਹੋਵੈ ਭਾਵੇਂ ਨ ਹੋਵੈ ਪਰ ਜਿ ਬੀਆਂ ਕੂ ਕੁਝ ਮੁਖਿ ਪਵੈ ਤਾਂ ਖੁਦਾਇ ਇਤ ਹੀ ਮਿਹਰਵਾਨ ਥੀਂਦਾ ਹੈ ਅਸਾਂ ਰੋਜ਼ਾ ਕਬੂਲ ਕੀਤਾ, ਜੁ ਰੋਟੀਆਂ ਦਾ ਆਟਾ ਆਹਾ, ਵਧ ਕੁਝ ਨ ਹੋਇਆ। ਸੁ ਅਸਾਂ ਆਖਿਆ, ਜਿ ਰਜ਼ਸਹਿ ਨਾਹੀ ਪਰ ਏਤੀ ਹੈ, ਵਧ ਨਾਹੀ, ਖੁਦਾਇ ਦੇ ਤਾ ਹੋਵੈ। ਜਾ ਰੋਟੀ ਪਕਾਇ ਕਰਿ ਤੁਸਾਂ ਕੂ ਭੇਜਣ ਚਲੀ ਤਾਂ ਜਵਾਬ ਖੁਦਾਇ ਦਾ ਆਇਆ ਜਿ ਇਹ ਰੋਟੀਆਂ ਮੇਰੇ ਨਾਇ ਦੇਹੁ ਜਿ ਰੱਜ ਖਾਵਹੁ। ਸ਼ੇਖ ਸਲਾਮਤੀ! ਜੇ ਘਰੀ ਬੁਝ ਹੋਵੈ ਤਾਂ ਕੁਝ ਪੈਦਾ ਨ ਹੋਵੀ ਕਿਤਨੀ ਹੀ ਚਾਕੀ, ਕੁਝ ਰੋਟੀਆ ਪੈਦਾ ਹੋਇ ਨ ਆਵੈ। ਖਾਵਣ ਕੂ ਬਹੁਤ ਹੋਵਨ, ਖਾਣ ਕੂ ਕੁਝ ਨ ਥੀਵੇ, ਬੇੜਾ ਥੀਵੈ ਅਤੇ ਦਿਲ ਵਿਚ ਤਲਖ ਖਰੀ ਥੀਵੈ ਭੁਖ ਦੀ ਅਤੇ ਕੁਝ ਥੋੜਾ ਤਾਮ ਅਗੈ ਆਣਿ ਰਖੀਐ ਖਾਵਣ ਕੂ ਅਤੇ ਜਵਾਬ ਖੁਦਾਇ ਦਾ ਆਵੈ। ਪਾਸਹੁ ਕੋਈ ਪੁਕਾਰ ਉਠਿ ਫੁਰਮਾਉ ਜਿ ਖੈਰ ਖੁਦਾਇ ਦੇ ਨਾਇ ਇਹ ਢਿਲ ਨ ਕਰ, ਜੋ ਕੁਝ ਇਸਦੇ ਅਗੇ ਹੋਵਹਿ ਸੁ ਚਾਇ ਖੁਦਾਇ ਦੀ ਮੁਹਬਤਿ ਦੇਵੈ, ਦਿਲਗੀਰ ਨ ਥੀਵੈ। ਖੁਸੀ ਹੋਇ ਕਰਿ ਖੁਦਾਇ ਦੇ ਰਾਹ ਦੇਵੈ। ਤਾਂ ਖੁਦਾਇ ਉਸਦੀ ਮਿਹਨਤ ਸਟ ਨਾਹੀ ਹੇਘਦਾ। ਦਰਹਾਲ ਦੇ ਮਿਹਰਵਾਨ ਹੋਂਦਾ ਹੈ। ਏਵ ਸਮਝ ਕਰਿ ਤੁਸਾਂ ਕੂ ਡਿਠਿਆ ਛੋੜ ਕਰਿ ਰੋਟੀਆ ਚਾਇ ਖੁਦਾਇ ਦੇ ਨਾ ਡਿਤੀਆਂ। ਖੁਦਾਇ ਇਹੁ ਕੀਤਾ ਜਿ ਬਹੁਤ ਰੋਟੀਆਂ ਰੱਜਣ ਜੋਗੀਆ ਭੇਜ ਦਿਤੀਓਸੁ ਤਾਂ ਇਵੂੰ ਗੱਲੋਂ ਭੀ ਸ਼ੇਖ ਹੋਰਾਂ ਦੀ ਨਿਸਾ ਹੋਈ।

ਤਾਂ ਫਿਰਿ ਸ਼ੇਖ ਹੋਰਾਂ ਪੁਛਿਆ, ਜਿ ਬੀਬੀ ਸਲਾਮਤੀ! ਇਹ ਜੁ ਬਾਂਦੀ ਕੂ ਤੈਂ ਜਿ ਪਰ ਸਲਾਹ ਕੀਤੀ ਜੁ ਦੁਹਿ ਰੋਟੀਆਂ ਕੂ ਰਖਿ ਆਈ ਹੈਂ, ਸੋ ਲੈ ਆਇਸੁ। ਇਹ ਤੁਸਾਂ ਕੂ ਕਿਉਂ ਕਰਿ ਮਾਲੂਮ ਥੀਆ ਤਾਂ ਬੀਬੀ ਬਸਤੀ ਜਵਾਬ ਡਿਤਾ, ਜਿ

ਸੇਖ ਸਲਾਮਤੀ ! ਕੁਝ ਅਸਾਂ ਕਰਾਮਾਤ ਥੀਂ ਨਾਹੀ ਬੁਝਿਆ ਪਰ ਖੁਦਾਇ ਦੀ ਕਲਮ ਅਉਰ ਕਲਾਮ ਹੈ ਜਿ ਖੁਦਾਇ ਵਾਹ । ਤਾਂ ਅਸਾਂ ਦਿਲ ਵਿਚਿ ਬੁਝਿਆ ਜਿ ਏ ਬਾਂਦੀ ਕੂ ਰੋਟੀਆਂ ਵੀਹ ਦੀਆਂ ਵੀਹ ਅਸਾਂ ਸਾਮਸਾਸ ਆਈਆਂ ਰਹਿਨ ਜੋ ਵਧ ਨਾਹੀ। ਇਹ ਕਲਾਮ ਖੁਦਾਇ ਦੀ, ਲਿਖਿਆ ਨਾਹੀ ਮਿਟਦਾ । ਏ ਬਾਂਦੀ ! ਅਧੂਰੇ ਨਾਲਿ ਸਰੀਦਾ ਨਾਹੀਂ, ਸਉਦਾ ਪੂਰੇ ਨਾਲਿ ਹੈ ਤੂ ਕਿਉਂ ਕੂ ਰੋਟੀਆਂ ਰਖਦੀਆਹਿਸੁ । ਖੁਦਾਇ ਤਾਂ ਰਖਣ ਵਿਚਿ ਨਾਹੀ । ਤੂੰ ਕਿਉਂ ਰਖਦੀ ਹੈਂ, ਖੁਦਾਇ ਦੀਆ ਭੇਜੀਆਂ ਵਿਚਹੁ । ਸੌ ਰੋਟੀਆਂ ਬਾਂਦੀ ਘਿੰਨ ਆਈ । ਸੇਖ ਸਲਾਮਤੀ ! ਇਸ ਕੂ ਏਵੇਂ ਕਰਾਰ ਹੈ।

ਤਾਂ ਸੇਖ ਫਰੀਦ ਸ਼ੇਖ ਬਹਾਵਦੀ ਖੁਦਾਇ ਬਜਾ ਆਂਦਾ, ਖੁਦਾਇ ਦੀ ਸਿਫਤਿ ਲਗੇ ਕਰਣਿ । ਖੁਸ਼ੀ ਹੋਇ ਕਰਿ ਬੀਬੀ ਬਸਰੀ ਕੋਨਿਅਹੁ ਵਿਦਾ ਹੋਏ । ਤਬ ਬੀਬੀ ਬਸਰੀ ਕੂ ਆਖਿਓਨਿ ਜਿ ਬੀਬੀ ਬਸਰੀ ਸਲਾਮਤ ! ਅਸੀਂ ਪੀਰ ਕਰਨ ਵੈਂਦੇ ਆਹੇ । ਅਸਾਂ ਕੂ ਦੁਆਇ ਦੇਹ ਜਿ ਪੀਰ ਅਸਾਂ ਕੂ ਦਰਗਾਹਿ ਢੋਈ ਦੇਵੈ । ਤਬ ਬੀਬੀ ਬਸਰੀ ਆਖਿਆ ਜਿ ਸੇਖ ਸਲਾਮਤੀ, ਖੁਦਾਇ ਤੁਸਾਡੇ ਨਾਲਿ ਹੈ । ਖੁਦਾਇ ਤੁਸਾ ਕੂ ਪੀਰ ਸੁਰਖਰੂ ਕਰੇਸੀ ।

ਜਿ ਦੁਆਇ ਬੀਬੀ ਬਸਰੀ ਦਿਤੀ ਸੇਖਾਂ ਕੂ, ਸੇਖ ਬਹਾਵਦੀਂ ਕੂ, ਸੇਖ ਫਰੀਦ ਕੂ । ਖੁਸ਼ੀ ਹੋਇ ਗਏ, ਓਥਹੁੰ ਵਿਦਾ ਥੀਏ, ਵਤ ਦਰਗਹਿ ਪੀਰ ਦੀ ਚਲੇ ।

——

(੨੨)

ਮਸਲਾ ਸ਼ੇਖ ਫਰੀਦ ਕਾ

ਹੁਕਮ ਅੱਲਾਹ ਦਾ ਹੋਇਆ, ਸ਼ੇਖ ਫਰੀਦ ਸ਼ੇਖ ਬਹਾਵਦੀ ਦੋਵੇਂ ਚਲੇ। ਤਾਂ ਸ਼ੇਖ ਬਹਾਵਦੀ ਦੇ ਮੂਹਹੁ ਨਿਕਲਿ ਗਈ, ਗੱਲ ਸੁ ਸ਼ੇਖ ਫਰੀਦ! ਕਰਾਮਾਤ ਵੱਡੀ ਕਿ ਮੁਲਾਕਾਤ ਵੱਡੀ? ਤਾਂ ਸ਼ੇਖ ਫਰੀਦ ਆਖਿਆ ਜਿ ਜੀ ਤੁਸਾਂ ਨੂੰ ਰੌਸ਼ਨ ਹੈ ਅਸੀਂ ਕਿਆ ਅਖਾਹੇ ਜੀ, ਤਾਂ ਸ਼ੇਖ ਬਹਾਵਦੀ ਆਖਿਆ ਜਿ ਨ ਸ਼ੇਖ ਫਰੀਦ ਤੂ ਆਖੁ ਜਿ ਮੁਲਾਕਾਤ ਵਡੀ ਕਿ ਕਰਾਮਾਤ ਵਡੀ। ਤਾਂ ਸ਼ੇਖ ਫਰੀਦ ਦੇ ਮੂਹਹੁ ਨਿਕਲਿ ਗਇਆ ਜਿ ਸ਼ੇਖ ਸਲਾਮਤੀ! ਮੁਲਾਕਾਤ ਵੱਡੀ।

ਤਾਂ ਸ਼ੇਖ ਬਹਾਵਦੀ ਆਖਿ। ਜਿ ਹੇ ਸ਼ੇਖ ਫਰੀਦ! ਦਾਤਾ ਆਪ ਹੈ ਸੁ ਸਚ ਹੈ ਪਰ ਕਰਾਮਾਤ ਵੱਡੀ ਹੈ। ਮੁਲਾਕਾਤ ਕਿਆ ਵਡੀ ਥੀਵਹਿ। ਸ਼ੇਖ ਸਲਾਮਤਿ ਹੈ ਜਿ ਤੁਸਾ ਕੂ ਰੌਸ਼ਨ ਹੈ, ਹਕਮ ਅਲਾਹ ਦਾ ਹੋਇਆ ਆਨ ਮਾਸਾ ਕੁ ਹਿਕਤ ਨਗਰ ਜਾਇ ਪੌਂਦਾ ਤੇ ਖੁਦਾਇ ਕੀਤੇ ਉਸ ਨਗਰ ਦੇ ਨਜ਼ੀਕ ਗਏ ਅਤੇ ਅਨ੍ਹੇਰੀ ਝਖੜ ਮੀਂਹ ਬਹੁਤ ਆਇਸੁ। ਖੜੇ ਹੋਇ ਗਏ, ਖੜੇ ਖੜੇ ਆਜਰ ਹੋਏ ਤਾਂ ਸ਼ੇਖ ਫਰੀਦ ਆਖਿਆ, ਜਿ ਸ਼ੇਖ ਸਲਾਮਤੀ! ਹੁਣਿ ਕਰਾਮਾਤ ਦਾ ਵਕਤ ਹੈ ਜਿ ਲਾਈਐ, ਇਹ ਬਲਾਇ ਕੁਰਾਨ ਦਫੇ ਥੀਵੈ। ਤਾਂ ਸ਼ੇਖ ਫਰੀਦ ਆਖਿਆ ਜਿ ਸ਼ੇਖ ਸਲਾਮਤੀ, ਹਿਕ ਗਰੀਬੜਾ ਜਿਹਾ ਅਸਾਡਾ ਮੁਲਾਕਾਤੀ ਹੈ, ਆਈਐ ਉਦਾਹੂੰ ਵੇਖਾਹੋਂ, ਅਖੈ ਫਰੀਦ ਭਲਾ ਥੀਵੈ।

ਸ਼ੇਖ ਫਰੀਦ, ਸ਼ੇਖ ਬਹਾਵਦੀ ਉਸ ਦੇ ਆਇ ਖੜੇ ਹੋਏ ਦਰ ਉਪਰਿ ਜਾਇ ਕਰਿ ਆਖਿਓਨਿ ਜਿ ਅਸਲਾਮਾ ਲੇ ਕੈ ਯਾਰ ਅਲਾਹ ਦਿਆ! ਉਹ ਵਿਚਹੁ

ਨਿਕਲਿ ਆਇਆ, 'ਅਲੈਕੇ ਸਲਾਮ' ਹੈ ਸ਼ੇਖ ਫਰੀਦ ਖੁਦਾਇ ਦਿਆ ਪਿਆਰਿਆ ! ਆਇ, ਉਹ ਪੈਰੀਂ ਪਇਆ। ਨਿਕੀ ਝੁੱਗੀ ਆਹੀਅਸੁ। ਉਸ ਵਿਚਿ ਲਿਜਾਇ ਵਾੜਿਆ ਸੁ, ਨਿਘੇ ਰਖਿਅਸੁ, ਅਗੈ ਅੱਗ ਜਲਾਇਸੁ, ਪਾਣੀ ਤੱਤਾ ਕਰਕੇ ਪੈਰ ਧੋਤਿਅਸੁ। ਸਾਗੁ ਅਤੇ ਰੋਟੀ ਅਗੈ ਆਇ ਰਖੀਅਸੁ। ਹੇਠਿ ਉਪਰਿ ਕੂ ਕਪੜੇ ਦਿਤਿਅਸੁ, ਬਹੁਤ ਲੋੜਿਆ ਖੁਦਾਇ ਦੀ ਮੁਹਬਤਿ। ਸ਼ੇਖ ਫਰੀਦ ਅਤੇ ਸੇਖ ਬਹਾਵਦੀਂ ਬਹੁਤ ਖੁਸ਼ੀ ਹੋਏ। ਉਹ ਤੂਫਾਨ ਝਖੜ ਮੀਂਹ ਹਨੇਰੀ ਉਥਾਊਂ ਬੈਠਿਆ ਕਢੀਆਨੇ, ਖੁਸ਼ਹਾਲ ਜ਼ਮਾਨਾ ਕਟਿ ਉਠਿ ਜਬ ਬਹੁਤ ਖੁਸ਼ੀ ਹੋਏ ਤਾਂ ਸ਼ੇਖ ਫਰੀਦ ਆਖਿਆ ਜਿ ਸ਼ੇਖ ਬਹਾਵਦੀ ! ਹੁਣ ਆਖਸੁ, ਮੁਲਾਕਾਤ ਵਡੀ ਕਿ ਕਰਾਮਾਤ ਵਡੀ ? ਅਖੇ ਨ ਸ਼ੇਖ ਫਰੀਦ ! ਮੁਲਾਕਾਤ ਵਡੀ। ਤਿਥੈ ਸ਼ੁਕਰ ਬਜਾਇ ਆਏ ਨੇ, ਖੁਸੀ ਹੋਏ। ਜੇਂਦੇ ਘਰੇ ਵਿਚ ਰਹੇ ਆਹੇ, ਤਿਸਕੂ ਦੁਆਇ ਦਿਤੀਆ ਨੇ, ਜਿ ਅੱਲਾਹ ਦੇ ਖੁਦਾਇ ਦੀ ਮੁਹਬਤਿ ਸੇਵਾ ਕੀਤੀ ਏਤੀ ਫਕੀਰਾਂ ਦੀ। ਖੁਦਾਇ ਤੇਰਾ ਅੱਗਾ ਦਿਆ ! ਖਰਾ ਭਲਾ ਕਰੇਸੀ।

['ਮਸਲੇ ਸ਼ੇਖ ਫਰੀਦ' ਕੇ ਵਿਚੋਂ
(1962)

———

(੨੩)

ਅਹਿਵਾਲਿ ਸੁਖਨ ਸਾਈਂ ਲੋਕਾਂ ਕੇ

(ੳ)

ਅਬਦੁਲਾ ਅਨੁਸਾਰੀ ਵੈਰਾਗਵਾਨ ਸਾ, ਇਕ ਡੋਰੀ ਗੜਵਾ ਪਾਸ ਰਖਦਾ ਸੀ, ਬਡੇ ਜੰਗਲ ਵਿਖੇ ਗਿਆ। ਇਕ ਵੈਰਾਨ ਖੂਹ ਦੇਖਿਆ ਜੁ ਹਰਨੀ ਉਸ ਵਿਚੋਂ ਜਲ ਪੀਂਦੀ ਹੈ। ਇਸਨੂੰ ਵੇਖ ਕੇ ਹਰਨੀ ਚਲੀ ਗਈ ਤੇ ਪਾਣੀ ਥਲੇ ਜਾਇ ਰਹਿਆ ਤਦ ਇਸ ਅਰਜ਼ ਕੀਤੀ, ਹੇ ਬੇਪ੍ਰਵਾਹ ਸੁਆਮੀ ! ਅਬਦੁਲਾ ਇਨਸਾਰੀ ਦਾ ਕਦਰ ਹਰਨੀ ਜੈਸਾ ਭੀ ਨ ਹੋਇਆ। ਤਦ ਅਕਾਸ਼ ਬਾਣੀ ਹੋਈ, 'ਜੋ ਹਰਨੀ ਤੇਰੇ ਵਾਂਗੂ ਗੜਵਾ ਡੋਰੀ ਨਹੀਂ ਰਖਦੀ ਮੇਰਾ ਭਰੋਸਾ ਹੀ ਰਖਦੀ ਹੈ।' ਇਹ ਬਾਤ ਸੁਣ ਕੇ ਉਸ ਨੇ ਗੜਵਾ ਡੋਰੀ ਸੁੱਟ ਦਿਤਾ ਤੇ ਪਰਵਰਦਗਾਰ ਦਾ ਭਰੋਸਾ ਰੱਖਿਆ।

(ਅ)

ਅਹਿਵਾਲ ਕਿਸੇ ਸਾਈਂ ਲੋਕ ਦਾ ਜੋ ਖੁਸ਼ ਹੋ ਅੰਦਰ ਕਿਸੇ ਰਸਤੇ ਟੁਰਿਆ ਜਾਂਦਾ ਸੀ। ਅੱਗੇ ਨਦੀ ਵਿਚ ਇਕ ਸਿਉ ਰੁੜ੍ਹਿਆ ਆਂਵਦਾ ਸੀ, ਇਹ ਭੁਖਾ ਸੀ। ਵੇਖ ਕੇ ਸਿਉ ਖਾਇ ਲਇਆ। ਤਦ ਇਸ ਦੇ ਦਿਲ ਵਿਚ ਆਇਆ ਮੈਂ ਬਿਗਾਨੀ ਵਸਤੂ ਕਿਉਂ ਖਾਧੀ ? ਇਸ ਚਿੰਤਾ ਕਰ ਨਦੀ ਦੇ ਕਿਨਾਰੇ ਕਿਨਾਰੇ ਚਲਿਆ ਗਿਆ ਅੱਗੇ ਇਕ ਬਾਗ ਦੇਖਿਆ। ਨਦੀ ਦੇ ਕਿਨਾਰੇ ਸਿਉਂਆ ਦੇ ਬੂਟੇ ਦੇਖੇ ਤਦ ਉਸ ਦੇ ਬਾਗਵਾਨ ਨੂੰ ਕਹਿਆ ਤੇਰਾ ਸਿਉ ਖਾਧਾ ਹੈ ਉਸਦਾ ਮੁੱਲ ਤੂੰ ਮੈਥੋਂ ਲੈ ਤਦ ਮੈਂ ਦਰਗਾਹ ਵਿਚ ਸੁਰਖਰੂ ਹੋਵਾਂ। ਉਸ ਕਹਿਆ ਬਾਗ ਦਾ ਮਾਲਕ ਸ਼ਹਿਰ ਵਿਚ ਹੈ ਮੈਂ ਤਾਂ ਰਾਖਾ ਹਾਂ। ਤਦ ਉਸ ਪਾਸ ਉਹ ਗਯਾ, ਜਾਇ ਕੇ ਉਸ ਸ਼ਖਸ਼ ਨੂੰ ਪੁਛਿਆ ਤਾਂ ਉਸ ਕਹਿਆ ਮੈਨੂੰ ਬਾਗ ਦੀ ਸਪੁਰਦੀ ਕਰਕੇ ਬਾਗ ਦਾ ਮਾਲਕ ਬਲਖ ਗਯਾ

ਹੈ। ਤਬ ਉਸ ਵੀਚਾਰਿਆ ਬਲਖ ਦਾ ਪੈਂਡਾ ਥੋੜਾ ਹੈ ਪਰ ਨਰਕ ਦਾ ਬਹੁਤ ਹੈ। ਤਦ ਬਲਖ ਵਿਚਿ ਗਇਆ ਤੇ ਜਾ ਕੇ ਪੁਛਿਆ ਤਦ ਲੋਕੀਂ ਕਹਿਆ ਥੋੜੇ ਦਿਨ ਹੋਏ ਹੈਨ, ਉਹ ਬਗਦਾਦ ਨੂੰ ਤੁਰ ਗਯਾ ਹੈ। ਤਦ ਉਸ ਨੇ ਫੇਰਿ ਵਿਚਾਰਿਆ ਜੁ ਦੋਜ਼ਕ ਦੇ ਅਜ਼ਾਬ ਥੋਂ ਬਗਦਾਦ ਦਾ ਪੈਂਡਾ ਥੋੜਾ ਹੈ। ਤਦ ਬਗਦਾਦ ਵਿਖੇ ਜਾਇ ਕੇ ਪੁਛਿਆ। ਤਦ ਲੋਕਾਂ ਕਹਿਆ ਉਹ ਸ਼ਖਸ ਕੂਫੇ ਸ਼ਹਿਰ ਤੁਰ ਗਇਆ ਹੈ। ਫੇਰ ਉਹ ਫਿਕਰਵੰਦ ਹੋਇਆ ਪਰ ਨਰਕ ਦੀ ਤਾੜਨਾ ਥੋਂ ਡਰਦਾ ਕੂਫੇ ਵਿਚਿ ਗਇਆ ਤਾਂ ਉਸਨੂੰ ਮਿਲਿਆ ਅਤੇ ਆਪਣੀ ਹਕੀਕਤ ਸੁਣਾਈ ਤੇ ਉਸਨੂੰ ਕਹਿਆ, 'ਤੂੰ ਅਪਣੇ ਸਿਉ ਦਾ ਮੁੱਲ ਲੈ ਕੇ ਮੈਨੂੰ ਦਰਗਾਹ ਥੀਂ ਸੁਰਖਰੂ ਕਰ। ਤਦ ਉਹ ਅਸਚਰਜ ਭਇਆ, ਕਹਿਓਸੁ ਇਕਸ ਸਿਉ ਵਾਸਤੇ ਬੁਖਾਰੇ ਥੀਂ ਕੂਫੇ ਆਇਆ ਹੈ।

ਤਦ ਉਸਨੂੰ ਕਹਿਓਸੁ ਤੂ ਬੈਠ ਕੇ ਖਾਣਾ ਖਾਹੁ। ਫਕੀਰ ਕਹਿਆ ਜਿਤਨਾ ਚਿਰ ਮੈਨੂੰ ਸੁਰਖਰੂ ਨ ਕਰੇ ਤਿਤਨਾ ਚਿਰ ਮੈਂ ਰੋਟੀ ਤੇਰੀ ਨਹੀਂ ਖਾਂਦਾ। ਉਸ ਕਹਿਆ ਬਾਗ ਮੈਂ ਅਪਣੀ ਬੇਟੀ ਨੂ ਦਿਤਾ ਹੋਇਆ ਹੈ ਉਸਨੂੰ ਪੁਛ ਕੇ ਮੈਂ ਤੈਨੂੰ ਦੱਸਾਂਗਾ। ਘਰਿ ਜਾਇ ਕੇ ਔਰਤ ਅਪਣੀ ਨੇ ਕਹਿਆ, ਇਕ ਫਕੀਰ ਖੁਦਾ ਪ੍ਰਹੇਜ਼-ਗਾਰ ਆਇਆ ਹੈ ਤੇ ਮੈਂ ਬੇਟੀ ਦੀ ਨਿਸਬਤ ਕੀਤੀ ਚਾਹਦਾ ਹਾਂ। ਜੋ ਐਸਾ ਸ਼ਖਸ ਫੇਰ ਨਹੀਂ ਲੱਭਦਾ। ਤਦ ਔਰਤ ਕਹਿਆ ਇਸ ਸ਼ਹਿਰ ਵਿਚ ਦੌਲਤਵੰਦ ਸਾਡੇ ਜੈਸਾ ਹੋਰ ਕੋਈ ਨਹੀਂ ਤੇ ਬੇਟੀ ਸਾਡੀ ਜੇਹੀ ਇਸਕੀ ਸੁੰਦਰ ਤੇ ਗੁਣਵਾਨ ਹੋਰ ਕਿਤੇ ਕੋਈ ਨਹੀਂ ਤੇ ਤੂ ਫਕੀਰ ਨੂੰ ਦੇਨਾ ਹੈਂ, ਜਿਸ ਦੇ ਮਾ ਬਾਪ ਨੂੰ ਭੀ ਅਸੀਂ ਨਹੀਂ ਜਾਣਦੇ। ਤਬ ਉਸ ਕਹਯਾ ਜੈਸਾ ਨੇਕ ਪਾਕ ਮੈਂ ਉਸ ਫਕੀਰ ਨੂੰ ਡਿਠਾ ਹੈ ਤੈਸਾ ਅੱਗੇ ਕੋਈ ਨਹੀਂ ਡਿਠਾ ਜੋ ਇਕ ਸਿਉ ਦੇ ਬਦਲ ਬੁਖ਼ਾਰੇ ਥੀਂ ਕੂਫੇ ਵਿਚ ਆਇਆ ਹੈ।'

ਤਦ ਔਰਤ ਕਹਿਆ ਜੋ ਤੂ ਭਲੀ ਜਾਣੈ ਸੋ ਕਰਿ। ਤਾਂ ਉਸਦੀ ਅਜ਼ਮਾਇਸ਼ ਵਾਸਤੇ ਕਹਿਆ ਜੁ ਤੂ ਮੇਰੀ ਬੇਟੀ ਨੂੰ ਕਬੂਲ ਕਰ ਤਦ ਉਹ ਤੈਨੂੰ ਸਿਉ ਦਾ ਹੱਕ ਬਖਸ਼ੀਦਾ ਹੈ। ਐਪਰ ਅੰਧੀ ਹੈ, ਡੋਰੀ ਹੈ, ਤੇ ਲੂਜ਼ੀ ਹੈ ਸੁਣ ਕੇ ਉਹ ਬੜਾ ਫਿਕਰ ਵਿਚ ਗਲਤਾਨ ਹੋਇਆ ਤੇ ਵਿਚਾਰ ਕੀਤਾ ਜੋ ਐਸੀ ਇਸਤਰੀ ਜਨਮ ਦਾ ਦੁਖ ਹੈ

ਪਰ ਨਰਕ ਦਾ ਦੁਖ ਵਡਾ ਭਾਰਾ ਸੁਣੀਦਾ ਹੈ ਉਸ ਤੋਂ ਇਹ ਥੋੜਾ ਹੀ ਹੋਵੇਗਾ, ਤਦ ਮਨਜ਼ੂਰ ਕੀਤਾ। ਉਸ ਨੇ ਬੇਟੀ ਵਿਵਾਹ ਦਿਤੀ ਜਦ ਉਸ ਦੇ ਘਰ ਵਿਚ ਆਈ ਤਾਂ ਉਸ ਦੀ ਮਾਤਾ ਵੀ ਨਾਲਿ ਆਈ ਤਾਂ ਉਸ ਨੇ ਵੇਖੀ ਜੋ ਉਹ ਲੜਕੀ ਵਡੀ ਸੁੰਦਰ ਤੇ ਅੰਗ ਭੀ ਸਭੇ ਸਾਬਤ ਹੈਨ, ਹੈਰਾਨ ਹੋਇਆ ਤੇ ਸੱਸ ਨੂੰ ਕਹਿਣ ਲਗਾ, 'ਮੇਰੀ ਝੂਠ ਬੋਲਣ ਵਾਲਿਆਂ ਨਾਲ ਬਣ ਨਹੀਂ ਆਉਂਦੀ, ਤੇਰਾ ਸੁਆਮੀ ਬਹੁਤ ਝੂਠ ਬੋਲਦਾ ਹੈ। ਜੋ ਐਸੀ ਸੁੰਦਰੀ ਨੂੰ ਕੁਰੂਪ ਕਹਿੰਦਾ ਸੀ। ਤਾਂ ਉਸ ਨੇ ਕਹਿਆ ਉਹ ਸੱਚ ਕਹਿੰਦਾ ਸੀ। ਇਸ ਬੁਰੀ ਨਜ਼ਰ ਕਰ ਕਦੀ ਕਿਸੇ ਵਲ ਡਿਠਾ ਨਹੀਂ ਤਾਂ ਤੇ ਅੰਧੀ ਹੈ ਤੇ ਕਿਸੇ ਦੀ ਚੁਗਲੀ ਨਿੰਦਾ ਕਦੇ ਨਹੀਂ ਸੁਣੀ ਤਾਂ ਤੇ ਡੋਰੀ ਹੈ ਤੇ ਪਰਾਈ ਵਸਤੂ ਨੂੰ ਕਦੇ ਹਥ ਨਹੀਂ ਪਾਇਆ ਤਾਂ ਤੇ ਲੂੰਜੀ ਹੈ। ਤਬ ਉਹ ਬਹੁਤ ਪ੍ਰਸੰਨ ਭਇਆ ਤਾਂ ਉਸ ਨੂੰ ਅਕਾਸ਼ ਬਾਣੀ ਹੋਈ, ਹੇ ਦਰਵੇਸ਼! ਜੋ ਤੂੰ ਮੇਰੇ ਭੈ ਕਰ ਪਰਾ-ਇਆ ਹੱਕ ਬੁਰਾ ਜਾਤਾ ਤਾਂ ਮੈਂ ਤੈਨੂੰ ਐਸਾ ਨਿਆਮਤਿ ਦਿਤੀ ਹੈ ਜੁ ਆਕਬਤ ਨੂੰ ਤੇਰਾ ਭਲਾ ਕਰੇਗੁ।

(ੲ)

ਇਕ ਖੁਸਰੋ ਪਰਵੇਜ਼ ਨਾਮੇ ਬਾਦਸ਼ਾਹ ਦਾ ਗੁਲਾਮ ਸੀ। ਬਾਦਸ਼ਾਹ ਦੇ ਪੀਵਣ ਵਾਸਤੇ ਜਲ ਲੈ ਆਇਆ, ਜਦ ਪੀਲਾਵਣ ਲਗਾ ਤਦ ਬਾਦਸ਼ਾਹ ਦੇ ਭੈ ਨਾਲ ਹੱਥ ਕੰਬਿਆ ਤਦ ਜਲ ਦੀ ਬੂੰਦ ਬਾਦਸ਼ਾਹ ਦੇ ਬਸਤ੍ਰਾਂ ਉਪਰ ਪੜੀ। ਤਦ ਉਸ ਨੇ ਕ੍ਰੋਧ ਕਰਕੇ ਕਹਿਆ, ਇਸ ਦਾ ਸਿਰ ਕੱਟ ਸੱਟੋ। ਜਦ ਉਸ ਨੂੰ ਪਕੜਿ ਲੈ ਚਲੇ ਤਾਂ ਉਸ ਨੇ ਸਾਰਾ ਕਟੋਰਾ ਜਲ ਦਾ ਬਾਦਸ਼ਾਹ ਦੇ ਉਤੇ ਡੋਲ੍ਹ ਦਿਤਾ। ਤਦ ਲੋਕਾਂ ਕਹਿਆ ਇਹ ਕੀ ਕੀਤਾ? ਤਦ ਉਸ ਗੁਲਾਮ ਕਹਿਆ, ਮੇਰੇ ਪਾਸੋਂ ਜਲ ਦੀ ਬੂੰਦ ਡੁਲ੍ਹੀ ਸੀ ਤਾਂ ਮੇਰੇ ਸਿਰ ਕੱਟਣ ਦਾ ਹੁਕਮ ਹੋਇਆ ਜੇਕਰ ਤੁਸੀਂ ਮੇਰਾ ਸਿਰ ਕੱਟਦੇ ਤਾਂ ਬਾਦਸ਼ਾਹ ਦੀ ਨਿੰਦਾ ਹੋਂਦੀ, ਲੋਕ ਕਹਿੰਦੇ—ਜੁ ਬਾਦਸ਼ਾਹ ਬੜਾ ਗਾਫਿਲ ਹੈ, ਜਿਸ ਨੇ ਥੋੜੀ ਤਕਸੀਰ ਬਦਲੇ ਆਦਮੀ ਮਰਵਾਇ ਸੁੱਟਿਆ। ਇਹ ਗਿਲਾ-ਗੁਜ਼ਾਰੀ ਮੈਂ ਆਪਣੇ ਸੁਆਮੀ ਦੀ ਨ ਸੁਣ ਸਕਾਂ, ਇਸ ਵਾਸਤੇ ਸਭੋ ਜਲ ਡੋਲ੍ਹਕੇ ਮੈਂ ਪੁਰ-ਤਕਸੀਰੀ ਬਣਿਆ ਜੋ ਹੁਣ ਲੋਕ ਬਾਦਸ਼ਾਹ ਦਾ ਗਿਲਾ ਨਾ ਕਰਨਗੇ। ਇਹ ਗੱਲ ਸੁਣ ਕੇ ਬਾਦਸ਼ਾਹ ਬਹੁਤ

ਪ੍ਰਸੰਨ ਹੋਇਆ,ਉਸਦੀ ਜਾਨ ਮਾਫ਼ ਕੀਤੀ ਤੇ ਉਸ ਦਾ ਮਰਾਤਬਾ ਭੀ ਬੁਲੰਦ ਕੀਤਾ।

(ਸ)

ਕਿਰਮਾਨ ਦੇ ਬਾਦਸ਼ਾਹ ਦੀ ਬੇਟੀ ਸੀ; ਕਿਤਨੀ ਬਾਦਸਾਹਾਂ ਨੇ ਉਸ ਨੇ ਵਿਵਾਹ ਹੁਣ ਦੀ ਸਲਾਹ ਕੀਤੀ ਪਰ ਉਸ ਮਨਜ਼ੂਰ ਨ ਰਖੀ। ਤਾਂ ਇਕ ਦਿਨ ਬਾਪ ਉਸ ਦਾ ਭਜਨ ਕੇ ਇਸਥਾਨ ਤੇ ਗਿਆ ਤਦ ਇਕ ਸ਼ਖਸ ਜੁਆਨ ਦੇਖਿਆ ਨਾਲ ਬੜੀ ਆਜਜ਼ੀ ਦੇ ਭਜਨ ਕਰਦਾ। ਤਦ ਵੀਚਾਰਿਆ ਜੋ ਇਹ ਸ਼ਖਸ ਦਰਵੇਸ਼ ਨਜ਼ਰ ਆਉਂਦਾ ਹੈ। ਮੈਂ ਆਪਣੀ ਬੇਟੀ ਇਸਨੂੰ ਦਿਆਂ, ਮਤਲਬ ਜੋ ਉਸਨੂੰ ਵਿਵਾਹ ਦਿਤਾ। ਜਦ ਉਹ ਲੜਕੀ ਘਰ ਉਸ ਦਰਵੇਸ਼ ਦੇ ਆਈ ਤਾਂ ਉਪਰ ਮਿਟੀ ਦੇ ਭਾਂਡੇ ਦੇ ਅੱਧੀ ਰੋਟੀ ਬੇਟੀ ਪਾਈ ਹੋਈ ਡਿਠੀ; ਵੇਖ ਕੇ ਉਹ ਮੁੜ ਚਲੀ। ਤਾਂ ਉਹ ਫ਼ਕੀਰ ਬੋਲਿਆ ਮੈਂ ਅਗੇ ਹੀ ਜਾਣਦਾ ਸਾਂ ਜੁ ਬਾਦਸ਼ਾਹ ਦੀ ਬੇਟੀ ਨੇ ਮੇਰੇ ਘਰ ਕਦ ਵਸਣਾ ਹੈ। ਤਾਂ ਉਹ ਬੋਲੀ ਜੋ ਤੇਰੀ ਮੁਫ਼ਲਸੀ ਵਲੋਂ ਤਾਂ ਨਹੀਂ ਹਟੀ ਮੇਰੇ ਮੁੜਨ ਦਾ ਸਬੱਬ ਇਹ ਹੈ ਜੋ ਬਾਪ ਨੇ ਤੈਨੂੰ ਫ਼ਕੀਰ ਜਾਣ ਕੇ ਮੈਨੂੰ ਤੇਰੇ ਲੜ ਲਾਇਆ ਸੀ। ਜੋ ਤੂੰ ਉਪਰ ਪਰਮੇਸਰ ਦੇ ਸਿਦਕ ਰਿਜ਼ਕ ਪਹੁੰਚਾਵਣ ਦਾ ਨਹੀਂ ਰਖਦਾ ਤਦ ਤੁਹਿ ਅੱਧੀ ਰੋਟੀ ਜ਼ਖੀਰਾ ਕੀਤਾ ਹੈ। ਤਦ ਉਸ ਕਹਿਆ ਮੈਨੂੰ ਬਖਸ਼ ਤਾਂ ਕਹਿਆ ਬਖਸ਼ਣ ਦਾ ਫਲ ਇਹ ਹੈ ਜੇ ਮੈਨੂੰ ਤੁਧ ਘਰ ਰਖਣਾ ਹੈ ਤਾਂ ਪਰਮੇ-ਸਰ ਦਾ ਸਿਦਕ ਰਖ ਰੋਟੀ ਕੱਲ ਵਾਸਤੇ ਨਾ ਰੱਖ। ਤਾਂ ਉਸ ਵੇਲੇ ਬਾਪ ਉਸਦੇ ਨੂੰ ਅਕਾਸ਼ ਬਾਣੀ ਹੋਈ ਹੇ ਬਾਦਸਾਹ! ਤੇਰੀ ਬੇਟੀ ਮੇਰੇ ਨਾਲ ਨਿਹਾਇਤ ਪ੍ਰੇਮ ਰਖਦੀ ਹੈ ਤਾਂ ਤੇ ਮੈਂ ਉਸ ਨੂੰ ਆਪਣੀ ਵਲ ਰਾਹ ਦਿਤਾ ਹੈ ਤੈਨੂੰ ਤੇ ਉਸਨੂੰ ਮੈਂ ਗ਼ਫ਼ਲਤ ਦੀ ਘੁੰਮਣਘੇਰੀ ਵਿਚੋਂ ਕਢਿਆ ਹੈ। ਹੁਣ ਨਿਤ ਮੇਰੀ ਮਿਹਰਬਾਨੀ ਨੂੰ ਦੇਖ।

(ਹ)

ਇਕ ਸਮੇ ਮੂਸੇ ਪਾਸਿ ਫ਼ਰਿਸ਼ਤਾ ਆਇਆ ਜੁ ਆਪਣੇ ਦੇਸ਼ ਵਿਚਹੁ ਇਕ ਚੰਗਾ ਆਦਮੀ ਢੂੰਡਿ ਦੇਵੋ ਤਾਂ ਉਨ੍ਹਾਂ ਦਸਿਆ ਜੁ ਇਹ ਚੰਗਾ ਹੈ। ਤਾਂ ਹੁਕਮ ਹੋਇਆ; ਜੋ ਇਸਨੂੰ ਕਹੋ ਜੁ ਇਕ ਬੁਰਾ ਆਦਮੀ ਢੂੰਢਿ ਲੈ ਆਉ। ਤਾਂ ਉਸਨੇ

ਦਿਨਾਂ ਦੀ ਮੁਹਲਤਿ ਚਾਹੀ। ਫਿਰ ਕੈ ਚੌਥੈ ਦਿਨ ਆਪਣੇ ਗਲਿ ਰੱਸਾ ਪਾਇ ਕੈ ਲੈ ਆਇਆ ਜੁ ਮੈਂ ਹੀ ਬੁਰਾ ਹਾਂ। ਤਦਿ ਮੂਸੇ ਕਹਿਆ; ਜੋ ਤੂ ਅਮਾਨ ਨੂੰ ਬੁਰਾ ਕਿਸ ਤਰਾਂ ਕਹਨਾ ਹੈਂ ? ਤਾਂ ਉਸ ਨੇ ਕਹਿਆ ਜੁ ਮੈਂ ਆਪਣੇ ਗੁਨਾਹ ਨੂੰ ਜਾਣਦਾ ਹਾਂ। ਲੋਕਾਂ ਦੇ ਗੁਨਾਹਾਂ ਦੀ ਮੈਨੂੰ ਕੀ ਖਬਰ ਹੈ ਜੁ ਮੈਂ ਕਿਸੇ ਨੂੰ ਬੁਰਾ ਕਹਾਂ।

ਤਾਂ ਹੁਕਮ ਹੋਇਆ, ਜੋ ਅਗੇ ਭੀ ਇਹੋ ਚੰਗਾ ਸੀ ਪਰ ਇਸ ਆਜਜ਼ੀ ਕਰਨ ਕਰ ਕੇ ਇਹ ਮੈਨੂੰ ਬਹੁਤ ਪਿਆਰਾ ਹੋਇਆ ਹੈ।

(ਕ)

ਹਸਨ ਬਸਰੀ ਨੇ ਰਾਬੀਆ ਬਸਰੀ ਨੂੰ ਕਿਹਾ ਕਿ ਤੂ ਭਰਤਾ ਕੀਤਾ ਚਾਹਨੀ ਹੈਂ ? ਉਸ ਕਹਿਆ ਸਰੀਰ ਹੀ ਨਹੀਂ ਭਰਤਾ ਕੈਸੇ ਹੋਵੇ ਅਤੇ ਵਯਵਹਾਰ ਵਿਖੇ ਭੀ ਮੈਂ ਕਛੂ ਨਹੀਂ ਵਿਚ ਹੁਕਮ ਪਰਮੇਸਵਰ ਦੇ। ਤਦ ਹਸਨ ਕਹਿਆ, ਇਹ ਦਰਜਾ ਕਿਥੋਂ ਪਾਇਆ ਹੀ ? ਤਦ ਕਹਯੋ ਸਭ ਕਛੂ ਪਾਵਣਾ ਛਡਿਆ ਤਦ ਇਹੁ ਦਰਜਾ ਪਾਇਆ ਹੈ। ਤਦ ਹਸਨ ਕਹਿਆ, 'ਖੁਦਾਰਾ ਚੂੰ ਦਾਨੀ ਗੁਫਤ ਚੂੰ ਦਾਨੀ ਮਨ ਊਰਾ ਬੇ ਚੂੰ ਦਾਨਮ।' ਅਰਥ ਇਹ-ਖੁਦਾ ਨੂੰ ਤੂ ਕਿਸ ਪ੍ਰਕਾਰ ਜਾਣਨੀ ਹੈਂ ਤਾਂ ਰਾਬੀਆ ਕਹਿਆ ਇਸ ਪ੍ਰਕਾਰ ਨਾਲ ਤੂੰ ਜਾਣਨਾ ਹੈਂ ਮੈਂ ਉਸ ਨੂੰ ਸਰਬ ਪ੍ਰਕਾਰ ਤੇ ਪਰੇ ਜਾਣਨੀ ਹਾਂ।'

(ਖ)

ਇਕ ਸਮੇਂ [1]ਜੁਨੈਦ ਸਾਈਂ ਲੋਕ ਪਾਸ ਸ਼ੈਤਾਨ ਆਇਆ, ਜੁਨੈਦ ਕਹਿਆ ਤੂ ਫਕੀਰਾਂ ਨੂੰ ਦੁਖ ਦੇਨਾ ਹੈਂ, ਸਾਈਂ ਥੋਂ ਨਹੀਂ ਡਰਦਾ। ਸ਼ੈਤਾਨ ਕਹਿਆ ਤੁਹਿ ਜਾਣ ਕੇ ਮਨਸੂਰ[2] ਦੇ ਮਾਰਨ ਦਾ ਫਤਵਾ ਦਿਤਾ ਤੈਨੂੰ ਸਾਈਂ ਦਾ ਭੈ ਨ ਆਇਆ। ਤਦ ਜੁਨੈਦ ਦੇ ਨੇਤ੍ਰ ਭਰ ਆਏ ਤੇ ਕਹਿਓਸੁ ਤੂ ਸੱਚ ਕਹਿਆ

---

1 ਜੁਨੈਦ (੯੧੧ ਈ.) ਇਕ ਪ੍ਰਸਿਧ ਸੂਫ਼ੀ

2 ਮਨਸੂਰ ਨੂੰ ੨੬ ਮਾਰਚ ੯੨੨ ਈ. ਨੂੰ ਕੱਟੜ ਪੰਥੀਆਂ ਸੂਲੀ ਦਿਤਾ ਸੀ, ਇਸ ਕਸੂਰ ਬਦਲੇ ਕਿ ਉਹ ਅਨਲਹੱਕ (ਮੈਂ ਖੁਦਾ ਹਾਂ) ਆਖਦਾ ਸੀ।

ਹੈ ਪਰ ਮੈਂ ਸਾਈਂ ਦੇ ਹੁਕਮ ਨਾਲ ਫਤਵਾ ਦਿਤਾ ਹੈ। ਸੋ ਜਿਸ ਪ੍ਰਕਾਰ ਜਦ ਮਨਸੂਰ ਨਿਰਸੰਗ 'ਅਨਲਹੱਕ' ਕਹਿਣ ਲਗਾ ਤਦ ਬਗਦਾਦ ਦੇ ਲੋਕ ਇਕੱਠੇ ਹੋ ਕੇ ਉਲਮਾਵਾਂ ਪਾਸ ਗਏ ਤੇ ਕਹਿਓ ਨੇ ਤੁਸੀਂ ਆਖੋ ਤਦ ਇਸ ਨੂੰ ਮਾਰਿ ਸੁਟੀਐ ਜੋ ਉਮੱਤ ਨ ਵਿਗਾੜੇ। ਤਦ ਉਨ੍ਹਾਂ ਕਿਹਾ, ਸਾਡੀ ਕੀ ਮਜਾਲ ਹੈ ਜੁਨੈਦ ਦੇ ਬੈਠਿਆਂ ਅਸੀਂ ਮਨਸੂਰ ਦੇ ਮਾਰਨ ਦਾ ਫਤਵਾ ਦੇਈਏ। ਤਦਿ ਸਭੇ ਰਲ ਕੇ ਮੇਰੇ ਪਾਸ ਆਏ ਤਾਂ ਮੈਂ ਤਿੰਨ ਮਹੀਨੇ ਉਨ੍ਹਾਂ ਨੂੰ ਦਾਰ ਮਦਾਰ* ਕਰਦਾ ਰਹਿਆ।

ਜਦ ਉਹ ਲਾਚਾਰ ਮੈਨੂੰ ਤੰਗ ਕਰਦੇ ਭਏ ਤਾਂ ਮੈਂ ਅੱਧੀ ਰਾਤ ਨੂੰ ਉਠ ਕੇ ਇਸ਼ਨਾਨ ਕਰ ਕੇ ਸਿਰ ਨੰਗਾ ਕਰ ਕੇ ਸਾਈਂ ਦੇ ਅੱਗੇ ਚਿਤ ਏਕਾਗਰ ਕਰ ਕੇ ਗਲ ਵਿਚ ਪੱਲਾ ਪਾਇਕੇ ਬੇਨਤੀ ਕੀਤੀ ਹੇ ਸਰਬੰਗ ਸੁਆਮੀ ! ਇਨ੍ਹਾਂ ਲੋਕਾਂ ਥੀਂ ਮੈਂ ਆਜਿਜ਼ ਹੋਇਆ ਜੋ ਮੈਥੋਂ ਮਨਸੂਰ ਦੇ ਮਾਰਨ ਦਾ ਹੁਕਮ ਮੰਗਦੇ ਹੈਨ ਤੇ ਮੈਂ ਜਾਣਨਾ ਹਾਂ 'ਅਨਲਹੱਕ' ਮਨਸੂਰ ਨਹੀਂ ਕਹਿੰਦਾ ਤਾਂ ਮੈਂ ਉਸਦੇ ਮਾਰਨ ਦਾ ਫਤਵਾ ਕਿਸ ਤਰ੍ਹਾਂ ਲਿਖਾਂ, ਹੇ ਸੁਆਮੀ ! ਇਸ ਬਾਤ ਦਾ ਮੈਨੂੰ ਰਸਤਾ ਦਸੋ ਤਦੋਂ ਅਕਾਸ਼ ਬਾਣੀ ਹੋਈ, 'ਹੇ ਜੁਨੈਦ ! ਲੋਕਾਂ ਕਾ ਕਹਿਆ ਮੰਨ ਕੇ ਮਨਸੂਰ ਦੇ ਮਾਰਨ ਦਾ ਫਤਵਾ ਦੇਹੁ ਜਾਂਤੇ ਹਜ਼ਾਰ ਫਰਿਸ਼ਤੇ, ਵਾਸਤੇ ਰੂਹ ਮਨਸੂਰ ਦੇ ਲਿਆਵਣ ਨੂੰ ਮੈਂ ਭੇਜੇ ਹੈਂ ਤੇ ਜੁਨੈਦ ਤੂੰ ਤੰਗ ਨ ਹੋਇ। ਇਸ ਸਬਬ ਤੇਰਾ ਮਨਸੂਰ ਜੋ ਮੇਰਾ ਪਿਆਰਾ ਹੈ, ਸੋ ਮੈਨੂੰ ਮਿਲੇਗਾ।' ਇਹ ਬਾਤ ਸੁਣਦਿਆਂ ਅੰਮ੍ਰਿਤ ਵੇਲਾ ਹੋਇਆ ਤੇ ਬਸਤ੍ਰ ਪਹਰ ਕੈ ਮੈਂ ਆਪਣੇ ਮਕਾਨ ਪਰ ਬੈਠਾ ਤਦ ਉਲਮਾਵ ਸਭੇ ਆਏ ਤੇ ਖਲਕਤਿ ਸਭੇ ਮਨਸੂਰ ਨੇ ਪਕੜਿ ਲੈ ਆਈ। ਜਦ ਮੈਂ ਕਲਮ ਫੜ ਕੇ ਲਿਖਣ ਲਗਾ ਤਾਂ ਅਫਸੋਸ ਕਰਕੇ ਮੇਂ ਨੇਤ੍ਰਾਂ ਵਿਚੋਂ ਇਤਨਾ ਜਲ ਚਲਿਆ ਸੁ ਕਾਗਦ ਤਰ ਹੋ ਗਇਆ। ਇਸ ਪ੍ਰਕਾਰ ਤਿੰਨ ਵਾਰੀ ਹੋਇਆ ਜੋ ਫਤਵਾ ਮੈਥੋਂ ਨ ਲਿਖਿਆ ਗਿਆ। ਉਸ ਵੇਲੇ ਮਨਸੂਰ ਮੈਨੂੰ ਵੇਖਕੇ ਸਜਦਾ ਕੀਤਾ

---

* ਟਾਲਮਟੋਲ

ਤੇ ਕਹਿਆ ਜੋ ਪਿਛਲੀ ਰਾਤ ਦਾ ਸੁਖਨ ਯਾਦ ਨਹੀਂ ਰਖਦਾ ਸੁ ਹੁਣ ਤੀਕ ਮੇਰੇ ਕੰਮ ਵਿਚ ਦੇਰ ਪਿਆ ਕਰਨਾ ਹੈਂ ? ਤਦ ਚੌਥੀ ਵਾਰ ਕਲਮ ਲੈ ਕੇ ਫਤਵਾ ਲਿਖਿਆ, ਮਨਸੂਰ ਦੇ ਮਰਨ ਵਾਸਤੇ । ਉਹ ਲੋਕ ਮਨਸੂਰ ਨੂੰ ਪਕੜਕੇ ਲੈ ਗਏ ਪਰ ਇਸ ਅਫਸੋਸ ਨਾਲ ਚਾਲੀ ਦਿਨ ਮੈਂ ਘਰ ਥੀਂ ਬਾਹਰ ਨ ਨਿਕਲਿਆ ਤੇ ਸਾਰੇ ਜਨਮ ਦਾ ਨੇਮ ਕੀਤਾ ਜੋ ਇਸ ਸ਼ਰਮਿੰਦਗੀ ਕਰਕੇ ਮੈਂ ਸਿਰ ਤੇ ਪਗੜੀ ਨ ਬੰਨ੍ਹਾਂਗਾ ਤੇ ਉਪਰਿ ਬਸਤ੍ਰ ਨ ਓਢਾਂਗਾ ਤੇ ਕਿਸੇ ਬਾਤ ਦਾ ਫਤਵਾ ਨ ਲਿਖਾਂਗਾ । ਤਿਸ ਥੀਂ ਪਿਛੇ ਜੁਨੈਦ ਨੇ ਨੇਤ੍ਰ ਭਰਕੇ ਕਹਿਆ, ਹੇ ਸੰਤਾਨ ! ਜਦ ਮਨਸੂਰ ਨੂੰ ਸੂਲੀ ਚੜ੍ਹਾਇਆ: ਉਸ ਵਖਤ ਤੂੰ ਕਿਥੇ ਸੀ ? ਉਸ ਕਹਿਆ ਮੈਂ ਸੂਲੀ ਦੇ ਪਾਸ ਖੜੋਤਾ ਸਾਂ ਤੇ ਦੇਖਦਾ ਸਾਂ ਜੋ ਹਜ਼ਾਰਾਂ ਫ਼ਰਿਸ਼ਤੇ ਬਹਿਸ਼ਤਾਂ ਦੇ ਮੇਵੇ ਲੈ ਕੇ ਖੜੋਤੇ ਸਨ ਜੋ ਪੈਰ ਰਖਣ ਦੀ ਜਗ੍ਹਾ ਉਥੇ ਨਹੀਂ ਸੀ । ਜਦ ਉਨ੍ਹਾਂ ਮਨਸੂਰ ਨੂੰ ਸੂਲੀ ਚੜ੍ਹਾਇਆ ਤਾਂ ਉਪਰ ਬੈਠਕੇ 'ਅਨਲਹੱਕ' ਬੋਲਿਆ ਤਾਂ ਉਨ੍ਹਾਂ ਸਮਝਿਆ ਜੋ ਅਜੇ ਜੀਵਤ ਹੈ ਤਦ ਉਸ ਦੇ ਅੰਗ ਵੱਢਣ ਲਗੇ ਜਿਹੜਾ ਅੰਗ ਕਟਣ ਉਥੋਂ ਅਵਾਜ਼ 'ਅਨਲਹੱਕ' ਆਵੇ ਤੇ ਜਿਹੜੀ ਬੂੰਦ ਖੂਨ ਦੀ ਗਿਰੇ ਸੋ ਜ਼ਿਮੀਨ ਉਪਰ ਸ਼ਕਲ 'ਅਨਲਹੱਕ' ਦੀ ਬਣਦੀ ਜਾਵੇ ਤੇ ਜਿ ਤ ਲੋਕ ਉਥੇ ਸੇ, ਤਿਨ੍ਹਾਂ ਵਿਚੋਂ ਜਿਹੜੇ ਉਸ ਦੇ ਹਾਲ ਥੀਂ ਬੇਖਬਰ ਸੇ ਸੋ ਪੱਥਰ ਲਗੇ ਮਾਰਨ ਤੇ ਜਿਹੜੇ ਮਹਿਰਮ ਸੇ, ਸੇ ਰੋਵਨ ਲਗੇ । ਉਸ ਸਮੇਂ ਭੈਣ ਮਨਸੂਰ ਦੀ ਬੁਰਕਾ ਪਹਿਰ ਕੇ ਆਈ ਤੇ ਪਾਸ ਸੂਲੀ ਦੇ ਆਇ ਖਲੋਤੀ ਤੇ ਰੁਦਨ ਕਰਕੇ ਕਹਣ ਲਗੀ—ਅਜਲ ਹਕ ਬਹੱਕ ਮਨਸੂਰ ਮਸਤ ਰਾ ਬਰਦਾਰ ਦਾਸ਼ਤਨ ।

ਅਰਥ— ਅਜਲਹੱਕ ਦੀ ਨੇ ਨਾਲ ਹੱਕ ਅਨਲਹਕ ਦੇ ਮਨਸੂਰ ਮਸਤ ਨੂੰ ਉਪਰ ਸੂਲੀ ਤੇ ਚੜ੍ਹਾਇਆ । ਤਦ ਮਨਸੂਰ ਨੇ ਉਸ ਦੀ ਓਰ ਦੇਖ ਕਰ ਕਹਿਆ, 'ਹੇ ਭੈਣੇ ! ਰੋਵੀਦਾ ਵਿਛੜਨ ਵਾਲਿਆਂ ਨੂੰ ਹੈ, ਕਿ ਮਿਲਣ ਵਾਲਿਆਂ ਨੂੰ ਤਾਂ ਤੇ ਬੇਸਬਬ ਦਾ ਰੋਵਣਾ ਨਿਆਰਾ ਜਾਂ ਤੇ ਭਾਈ ਤੇਰਾ ਆਪਣੇ ਦੋਸਤ ਨੂੰ ਪਰਾਪਤ ਹੋਇਆ, ਤੂ ਹੱਸ ਕੇ ਘਰ ਜਾਹੁ ਨਿਸਚਿੰਤ ਹੋਹੁ । ਇਹ ਕਹਿ ਕੇ ਉਧਰੋਂ ਧਿਆਨ ਹਟਾਇਆ ਸੋ ਇਹ ਬਾਤਾਂ ਮੇਰੇ ਦੇਖਦਿਆਂ

ਰੋਈਆਂ । ਜਦ ਤਕ ਉਸ ਦੇ ਅੰਗ ਕੱਟਦੇ ਰਹੇ ਤਦ ਤਕ ਮੈਂ ਭੀ ਪਾਸ ਖਲੋਤਾ ਰਿਹਾ । ਜਦ ਉਸ ਦੀ ਜ਼ਬਾਨ ਮੁਬਾਰਕ ਕੱਟੀ, ਤਦ ਉਨ੍ਹਾਂ ਦੁਸਟਾਂ ਵਲੋਂ ਮੈਂ ਭੀ ਮੂਹ ਫੇਰ ਲਿਆ । ਉਸ ਵਖਤ ਰੂਹ ਉਸ ਆਰਿਫ[1] ਦਾ ਸਰੀਰ ਥੀਂ ਬਾਹਰ ਆਇਆ ਤਦ ਸਭਨਾਂ ਫਰੇਸ਼ਤਿਆਂ ਨੇ ਜੈ ਜੈ ਕਾਰ ਕੀਤਾ ਜੁ ਮਨਸੂਰ ਆਪਣੇ ਪਿਆਰੇ ਨੂੰ ਮਿਲਿਆ, ਵਿਛੋੜਾ ਦੂਰ ਹੋਇਆ । ਇਹ ਕਹਿ ਕੇ ਸੈਤਾਨ ਬਿਦਾ ਹੋਇਆ ।

(ਗ)

ਇਕ ਦਿਨ ਹਸਨ ਬਸਰੀ ਨੇ ਰਸਤੇ ਟੁਰੀ ਜਾਂਦੀ ਰਾਬੀਆ ਡਿੱਠੀ ਜੋ ਵਿਚਿ ਇਕਸ ਹਥ ਦੇ ਅਗਨਿ ਲਈ ਹੋਈ, ਦੂਸਰੇ ਹਥ ਵਿਚ ਜਲ ਦਾ ਭਾਂਡਾ ਲਿਆ ਹੋਇਆ ਹੈ । ਤਾਂ ਹਸਨ ਪੁਛਿਆ, 'ਹੇ ਰਾਬੀਆ ! ਕਿਥੇ ਚਲੀ ਹੈਂ' ? ਤਾਂ ਕਹਿਓਸੁ, ਪਾਣੀ ਨੂੰ ਵਿਚ ਨਰਕ ਦੇ ਡੋਲ੍ਹਾਂਗੀ ਤੇ ਅਗਨਿ ਨੂੰ ਵਿਚ ਸੁਰਗ ਦੇ ਲਾਵਾਂਗੀ, ਤਾਂ ਜੁ ਕੋਈ ਸਾਈਂ ਲੋਕ ਨਰਕ ਦੇ ਭੈ ਥੀਂ ਤੇ ਸੁਰਗ ਦੀ ਇਛਾ ਕਰਿ ਪਰਮੇਸਰ ਦੀ ਪ੍ਰੀਤਿ ਨ ਕਰੇ । ਤਾਤਪ੍ਰਜ ਇਹ ਨਿਹਕਾਮ ਹੋਇਕੇ ਪਰਮੇਸਰ ਦੀ ਬੰਦਗੀ ਕਰੈ ।

(ਘ)

ਇਕ ਦਿਨ ਰਾਬੀਆ ਬਸਰੀ ਤੇ ਇਬ੍ਰਾਹੀਮ ਬਲਖੀ, ਵਾਸਤੇ ਖਾਣੇ ਦੇ ਕਣਕ ਪੀਂਹਦੇ ਸਨ, ਉਸ ਸਮੇਂ ਬਜੀਦ ਬੁਸਤਾਮੀ[2] ਉਥੇ ਪਹੁੰਚਿਆ ਤੇ ਰਾਬੀਆ ਨੂੰ ਕਹਿਆ, ਜੁ ਕਿਤਨੀਆਂ ਕੁ ਬਾਤਾਂ ਮੈਂ ਤੇਰੇ ਪਾਸ ਅਰਜ ਕੀਤੀਆਂ ਚਾਹਨਾ ਹਾਂ । ਤਾਂ ਰਾਬੀਆ ਨੇ ਕਿਹਾ, ਮੈਂ ਨੰਗੀ ਬੈਠੀ ਹਾਂ ਬਸਤ੍ਰ ਲੈ ਕੇ ਤੇਰੇ ਪਾਸ ਆਉਨੀ ਆਂ । ਜਦ ਆਈ ਤਾਂ ਬਾਯਜ਼ੀਦ ਨੇ ਕਹਿਆ ਬੀਬੀ ਰਾਬੀਆ !

---

1 ਬ੍ਰਹਮਗਿਆਨੀ

2 ਇਕ ਪ੍ਰਸਿਧ ਸੂਫ਼ੀ (੭੭੭—੮੭੫ ਈ.) ਜੋ ਕਿ ਬਿਸਤਾਮ ਦੇ ਰਹਿਣ ਵਾਲਾ ਸੀ ।

ਇਬਰਾਹੀਮ ਨੇ ਅਜ ਕੱਲ ਫਕੀਰੀ ਦਾ ਬੁਰਕਾ ਪਹਿਰਿਆ ਹੈ, ਤੂੰ ਉਸ ਦੇ ਪਾ
ਨੰਗੀ ਹੋਇਕੇ ਵਣਕ ਪੀਂਹਦੀ ਰਹੀ ਹੈਂ ਤੇ ਮੈਂ ਹਮੇਸ਼ਾ ਦਾ ਫ਼ਕੀਰ ਹਾਂ, ਮੇ
ਪਾਸ ਬਸਤ੍ਰ ਲੈ ਕੇ ਆਈ ਹੈਂ। ਤਾਂ ਰਾਬੀਆ ਕਹਿਆ, ਮੈਂ ਇਸ ਵਾਸਤੇ ਬਸ
ਲੈ ਕੇ ਆਈ ਜੋ ਤੈਨੂੰ ਨਫਸ ਦੀ ਰੱਖਿਆ ਵਾਸਤੇ ਕਸ਼ਟ ਨਾ ਕਰਨਾ ਪਵੇ।
ਸਾਰੀ ਉਮਰ ਵਿਚ, ਜੁਆਨ ਸੁੰਦਰ ਇਸਤਰੀ ਕਦੀ ਡਿਠੀ ਨਹੀਂ ਤੇ ਇਬ੍ਰਾਹੀ
ਸੈਲਾਂ ਜੈ ਇਸਤਰੀ ਸੁੰਦਰ ਨਵੇਸੁਵਾਨ, ਵਾਸਤੇ ਸਾਈਂ ਦੇ, ਛੱਡ ਕੇ ਫਕੀ
ਹੋਇਆ ਹੈ। ਬਾਯਜ਼ੀਦ ਗੁੱਸੇ ਵਿਚ ਆਇਆ ਤੇ ਕਹਿਣ ਲਗਾ, ਜੋ ਤੈਨੂੰ ਫਕ
ਗੁਮਾਨ ਹੈ। ਪਰ ਔਰਤਾਂ ਵਿਚ ਪੈਗੰਬਰੀ ਨਹੀਂ ਹੋਈ। ਰਾਬੀਆ ਨੇ ਕਹਿਆ
'ਸੱਚ ਹੈ ਔਰਤਾਂ ਨੂੰ ਪੈਗੰਬਰੀ ਨਹੀਂ ਪਰ ਅੱਜ ਤਕ ਕਿਸੇ ਔਰਤ ਨੇ 'ਦਾਅਵਾ
ਖੁਦਾਈ' ਦਾ ਵੀ ਨਹੀਂ ਕੀਤਾ।'

(5)

ਹਸਨ ਬਸਰੀ, ਸ਼ਕੀਕ ਬਲਖੀ, ਬਾਯਜ਼ੀਦ ਬੁਸਤਾਮੀ, ਜੁਨੈਦ ਬਗਦਾਦੀ
ਰਾਬੀਆ ਬਸਰੀ ਦੇ ਪਾਸ ਆਏ ਤੇ ਕਹਿਣ ਲਗੇ 'ਅਸੀਂ ਇਕ ਵਾਰਤਾ ਪੁਛਿਣੇ ਹ
ਜੇ ਤੂ ਮੰਨੇ। ਤਾਂ ਰਾਬੀਆ ਨੇ ਕਹਿਆ ਜੋ ਤੁਹਾਡੇ ਦਿਲ ਵਿਚ ਹੈ ਸੋ ਕਹੋ। ਤਦ
ਉਹ ਬੋਲੇ, ਜੁ ਸ਼ਰ੍ਹਾ ਮੁਹੰਮਦੀ ਵਿਚ ਜੁਆਨ ਇਸਤਰੀ ਦਾ ਭਰਤਾ ਬਿਨਾ ਰਹਿਣ
ਦਰੁਸਤ ਨਹੀਂ, ਤਾਂ ਤੇ ਤੂ ਭੀ ਸਾਡੇ ਵਿਚਹੁੰ ਜਿਸਨੂੰ ਮਨਜ਼ੂਰ ਕਰੇਂ ਸੋ ਤੈਨੂੰ ਨਿਕਾਹ
ਵਿਚ ਲਿਆਵੇ।' ਤਾਂ ਰਾਬੀਆ ਕਹਿਆ, ਕਿਤਨੀਆ ਕੁ ਬਾਤਾਂ ਦੀਆਂ ਸ਼ੰਕ
ਮੇਰੇ ਮਨ ਵਿਚ ਹੈਨ, ਜਿਹੜਾ ਇਨ੍ਹਾਂ ਦਾ ਉਤਰ ਦੇਵੇ ਤਿਸਨੂੰ ਮੈਂ ਭਰਤਾ ਕਰਨੀ
ਹਾਂ। ਪਹਿਲ ਇਹ ਜਿਸ ਵੇਲੇ ਮਾਤਾ ਦੇ ਗਰਭ ਵਿਚ ਮਹੀਨਿਆਂ ਛਹੁਆਂ ਦਾ
ਹੁੰਦਾ ਹੈ, ਉਸ ਵੇਲੇ ਉਸ ਦੇ ਸਰੀਰ ਵਿਚ ਰੂਹ ਪ੍ਰਵੇਸ਼ ਕਰਦਾ ਹੈ ਤਾਂ ਫਰਿਸ਼ਤੇ
ਸਾਈਂ ਅਗੇ ਅਰਜ਼ ਕਰਦੇ ਹੈਨਿ ਜੋ ਇਹ ਮਰਦ ਨੇਕ ਹੋਵੇਗਾ ਕਿ ਬਦ ਹੋਵੇਗਾ।
ਸੋ ਮੈਨੂੰ ਇਹ ਦੱਸੋ ਜਦ ਫਰਿਸ਼ਤਿਆਂ ਨੇ ਮੇਰੇ ਵਾਸਤੇ ਅਰਜ਼ ਕੀਤੀ ਸੀ ਤਾਂ ਸਾਈਂ
ਦਾ ਕਿਆ ਹੁਕਮ ਹੋਇਆ ਸੀ ਤਾਂ ਖਆਜੇ ਕਹਿਆ, 'ਇਸ ਬਾਤ ਨੂੰ ਅਸੀਂ ਨਹੀਂ
ਜਾਣਦੇ।'

ਦੂਸਰਾ ਸੁਆਲ ਇਹ ਹੈ, ਜਿਸ ਵੇਲੇ ਆਦਮੀ ਦੀ ਜਾਨ ਨੂੰ ਲੈਣ ਵਾਸਤੇ ਜਮ ਆਉਂਦਾ ਹੈ ਤਾਂ ਪਰਮੇਸਰ ਅੱਗੇ ਬੇਨਤੀ ਕਰਦਾ ਹੈ, ਇਸ ਨੂੰ ਈਮਾਨ ਸਮੇਤ ਮਾਰ ਕਿ ਬੇਈਮਾਨ ਕਰ ਕੇ ਮਾਰ । ਇਹ ਬਾਤ ਦਸੋ ਜਦ ਮੇਰੇ ਵਾਸਤੇ ਅਜ਼ਰਾਈਲ ਅਰਜ਼ ਕਰੇਗਾ ਤਾਂ ਸਾਈਂ ਦਾ ਕੀ ਹੁਕਮ ਹੋਵੇਗਾ ? ਤਾਂ ਉਨ੍ਹਾਂ ਕਹਿਆ, ਇਸ ਬਾਤ ਨੂੰ ਅਸੀਂ ਨਹੀਂ ਜਾਣਦੇ। ਸਵਾਲ ਤੀਸਰਾ ਇਹ ਹੈ, ਜਿਸ ਵੇਲੇ ਮੈਨੂੰ ਬਰਜ਼ੰਗ ਵਿਚ ਪਾਉਣਗੇ ਤੇ ਮੇਰੇ ਕਰਮਾਂ ਦੀ ਹਕੀਕਤ ਫਰੇਸ਼ਤੇ ਪੁਛਣਗੇ ਤਾਂ ਉਸ ਵੇਲੇ ਮੈਂ ਜਵਾਬ ਹੱਛਾ ਦੇ ਸਕਾਂਗੀ ਕਿ ਨਾ ? ਤਾਂ ਉਨ੍ਹਾ ਕਹਿਆ, 'ਅਸੀਂ ਇਸ ਗੱਲ ਨੂੰ ਨਹੀਂ ਜਾਣਦੇ ।' ਸਵਾਲ ਚਉਥਾ ਇਹ ਹੈ ਜਿਸ ਦਿਨ ਰੋਜ਼ਿ ਕਿਆਮਤ[1] ਦੇ ਖਲਕਤ ਸਭੋ ਇਕੱਠੀ ਹੋਵੇਗੀ ਤੇ ਤਰਾਜ਼ੂ ਨਾਲ ਕਰਮ ਸਭਨਾ ਦੇ ਤੋਲੀਅਨਗੇ ਉਸ ਵੇਲੇ ਮੇਰੇ ਪੱਲੇ ਉਪਰ ਨੇਕੀ ਬਹੁਤਿਆਂ ਹੋਵੇਗੀ ਕਿ ਬਦੀ ?

ਤਾਂ ਉਨ੍ਹਾਂ ਨੇ ਕਹਿਆ, 'ਇਸ ਬਾਤ ਨੂੰ ਅਸੀਂ ਨਹੀਂ ਜਾਣਦੇ ।' ਸੁਆਲ ਪੰਜਵਾ ਇਹ ਹੈ ਜਿਸ ਸਮੇਂ ਹੁਕਮ ਸਾਹਿਬ ਦਾ ਹੋਵੇਗਾ, ਜੁ ਇਕਸੁ ਫਿਰਕੇ ਨੂੰ ਨਰਕ ਵਿਚ ਪਾਓ ਤੇ ਇਕਸੁ ਨੂੰ ਸੁਰਗ ਵਿਚ ਪਾਵੋ, ਤਾਂ ਕਿਹੜੇ ਕਿਹੜੇ ਫਿਰਕੇ ਵਿਚ ਚਲਾਂਗੀ । ਤਾ ਉਨ ਕਹਿਆ, 'ਅਸੀਂ ਇਸ ਬਾਤ ਨੂੰ ਨਹੀਂ ਜਾਣਦੇ ।' ਸੁਆਲ ਛਿਵਾਂ ਇਹ ਹੈ ਵਿਚ ਪੁਰਖਾਂ ਤੇ ਇਸਤ੍ਰੀਆਂ ਦੇ; ਬੁਧਿ ਕਿਸਨੂੰ ਹੁੰਦੀ ਹੈ ਤਾਂ ਉਨ੍ਹਾਂ ਕਹਿਆ, ਜਿਸ ਦਿਨ ਪਰਮੇਸਰ ਨੇ ਖਲਕਤ ਪੈਦੇ ਕੀਤੀ ਹੈ ਤਾਂ ਉਸ ਵੇਲੇ ਅਕਲ ਦੇ ਦਸ ਹਿੱਸੇ ਕੀਤੇ ਹੈਨ, ਨੌਂ ਹਿੱਸੇ ਪੁਰਖਾਂ ਨੂੰ ਦਿਤੀ, ਤਾਂ ਇਕ ਹਿਸਾ ਔਰਤਾਂ ਨੂੰ ਦਿਤਾ ਹੈ। ਫੇਰ ਰਾਬੀਆ ਨੇ ਕਿਹਾ, ਸ਼ਹਵਤ[2] ਕਿਸ ਤਰ੍ਹਾਂ ਵੰਡੀ ? ਤਾਂ ਉਨ੍ਹਾਂ ਕਹਿਆ ਸ਼ਹਵਤ ਦੇ ਭੀ ਦਸ ਹਿਸੇ ਕੀਤੇ ਹੈਨ, ਇਕ ਹਿਸਾ ਪੁਰਖਾਂ ਨੂੰ ਤੇ ਨੌਂ ਹਿਸੇ ਇਸਤ੍ਰੀਆਂ ਨੂੰ ।

ਇਹ ਸੁਣਕੇ ਰਾਬੀਆ ਹੱਸੀ ਤੇ ਕਹਿਣ ਲਗੀ ਹੇ ਸਾਈਂ ਲੋਕੋ ! ਮੇਰੇ ਵਿਚ ਨਉਂ ਹਿਸੇ ਕਾਮ ਹੈ ਤੇ ਇਕ ਹਿਸਾ ਅਕਲ ਹੈ ਪਰ ਮੇਰਾ ਮਨ ਧੀਰਜ ਵਿਚ ਹੈ।

---

1 ਕਿਆਮਤ ਵਾਲੇ ਦਿਨ 2 ਕਾਮਚੇਸ਼ਟਾ

ਤੇ ਤੁਹਾਡੇ ਵਿਚ ਨੌਂ ਹਿਸੇ ਅਕਲ ਹੈ ਤੇ ਕਾਮ ਇਕ ਹਿੱਸਾ ਹੈ। ਸੋ ਤੁਸੀਂ ਮਨ ਨੂੰ ਵਸ ਕਰ ਨਹੀਂ ਰਖਦੇ।' ਇਹ ਗੱਲ ਸੁਣ ਕੇ ਸਭੇ ਜ਼ਾਰ ਜ਼ਾਰ ਰੋਣ ਲਗੇ ਤੇ ਕਹਿਣ ਲਗੇ, ਤੇਰੀ ਹਿੰਮਤ ਨੂੰ ਸਦਾ ਆਫਰੀਨ ਹੈ, ਜੁ ਸਾਨੂੰ ਨਸੀਹਤ ਕੀਤੀ ਹੈ।

(ਚ)

ਇਕ ਦਿਨ ਰਾਬੀਆ ਬਸਰੀ ਟੁਰੀ ਜਾਂਦੀ ਸੀ। ਕੋਈ ਬਦਕੌਮ ਸ਼ਖਸ
ਮਿਲਿਆ। ਰਾਬੀਆ ਨੂੰ ਪਕੜ ਕੇ ਕਿਸੇ ਕੰਚਨੀ ਪਾਸ ਵੇਚਿ ਆਇਆ। ਉਸ
ਕੰਚਨੀ ਨੇ ਬੀਬੀ ਬਸਰੀ ਨੂੰ ਵਿਚ ਬਜ਼ਾਰ ਦੇ ਬਿਠਾਲ ਕੇ ਬਦਕਾਰਾਂ ਪਾਸੋਂ
ਮੁੱਲ ਉਸਦਾ ਇਕ ਅਸ਼ਰਫੀ ਮੰਗੀ। ਜੋ ਕੋਈ ਸ਼ਖਸ ਅਸ਼ਰਫੀ ਦੇਵੇਗਾ ਤਾਂ ਉਸ ਦੇ
ਪਾਸ ਜਾਏ ਸੋ ਉਸਦੀ ਬੰਦਗੀ ਬਰਗਤਿ ਦੇਖਕੇ ਉਸਨੂੰ ਮੱਥਾ ਟੇਕੇ ਤੇ ਸਾਰੀ ਰਾਤ
ਬੰਦਗੀ ਕਰਦਾ ਰਹੇ। ਤਾਂ ਰਾਬੀਆ ਦੇ ਨਿਸਚੇ ਦੀ ਬਰਕਤ ਨਾਲ ਉਸਨੂੰ ਰਿਦੇ
ਦੀ ਸਫਾਈ ਹਾਸਲ ਹੁੰਦੀ ਤੇ ਸਜਦਾ ਕਰਕੇ ਸਵੇਰ ਹੋਈ ਬਨ ਨੂੰ ਚਲਿਆ ਜਾਂਦਾ
ਸੀ। ਤੇ ਉਸ ਤਾਕ ਵਿਚੋਂ ਰਾਬੀਆ ਇਕ ਅਸ਼ਰਫੀ ਰੋਜ਼ ਕੱਢਕੇ ਘਰ ਵਾਲਿਆਂ ਨੂੰ
ਦੇ ਛਡਦੀ। ਇਕਸ ਦਿਨ ਉਸ ਕੰਚਨੀ ਨੇ ਮਨ ਵਿਚ ਵਿਚਾਰ ਕੀਤਾ, ਕਈ ਸ਼ਖਸ
ਇਸ ਪਾਸ ਦਉਲਤਵੰਦ ਆਉਂਦੇ ਹੈਨ, ਸਭੇ ਤਾਂ ਅਸ਼ਰਫੀਆ ਦੇਣ ਜੋਗੇ ਨਹੀਂ,
ਇਹ ਮੈਨੂੰ ਰੋਜ਼ ਅਸ਼ਰਫੀ ਕਿਥੋਂ ਦੇਂਦੀ ਹੈ। ਇਕ ਦਿਨ ਕੋਈ ਗਰੀਬ
ਗੋਦੜੀਆਪੋਸ਼ ਰਾਬੀਆ ਪਾਸ ਆਇਆ। ਉਹ ਕੰਚਨੀ ਤਾ ਕਦੇ
ਛੇਕ ਵਿਚਹੁ ਦੇਖਦੀ ਰਹੀ। ਜਿਸ ਵੇਲੇ ਉਸ ਨੇ ਰਾਬੀਆ ਦਾ
ਮੁਖ ਡਿਠਾ ਤਾਂ ਸਾਰੀ ਰਾਤ ਮਸ਼ਗੂਲ ਭਜਨ ਵਿਚ ਰਹਿਆ। ਅੰਮ੍ਰਿਤ ਵੇਲੇ
ਪਤ੍ਰਾਂ ਦੀ ਲਿਆਈਂ ਉਸ ਦੇ ਚਰਨਾਂ ਪਰ ਮੱਥਾ ਟੇਕਕੇ ਵਿਦਾ ਹੋਇਆ ਤੇ
ਰਾਬੀਆ ਨੂੰ ਕੁਝ ਨ ਦੇ ਗਇਆ। ਤਾਂ ਦਰਵਾਜ਼ਾ ਖੋਲਕੇ ਉਸ ਕੰਚਨੀ ਨੇ
ਰਾਬੀਆ ਪਾਸਹੁ ਰਾਤ ਦਾ ਮੁੱਲ ਮੰਗਿਆ ਤਾਂ ਤਾਕ ਦੇ ਵਿਚੋਂ ਇਕ ਅਸ਼ਰਫੀ
ਕਢਕੇ ਦਿਤੀ ਤਾਂ ਕੰਚਨੀ ਇਸ ਬਾਤ ਨੂੰ ਵੇਖ ਕੇ ਕੰਬੀ ਤੇ ਹੈਰਾਨ ਹੋਈ ਤੇ
ਕਹਿਣ ਲਗੀ. 'ਸਭਨਾਂ ਗੁਨਾਹਾਂ ਵਿਚੋਂ ਮੈਂ ਇਹ ਬੜਾ ਗੁਨਾਹ ਕੀਤਾ ਹੈ

ਜੋ ਇਹ ਨੇਕਬਖਤ ਨੂੰ ਇਸ ਕਦਰ ਵਿਚ ਬੈਠਾਇਆ ਹੈ। ਮੇਰੀ ਖਲਾਸੀ ਕਿਸ ਤਰ੍ਹਾਂ ਹੋਵੇਗੀ। ਤੇ ਕਹਿਣ ਲਗੀ 'ਹੇ ਸਾਈਂ ਲੋਕਾ! ਮੇਰੇ ਘਰੋਂ ਜਾਹੁ, ਮੈਂ ਐਡੇ ਗੁਨਾਹ ਦਾ ਬੋਝ ਨਹੀਂ ਉਠਾਇ ਸਕਦੀ। ਰਾਬੀਆ ਕਹਿਆ, ਮੈਨੂੰ ਗੋਸ਼ੇ ਵਿਚ ਬੈਠਿਆ ਰਹਿਣ ਦੇ। ਲਾਚਾਰ ਉਸ ਘਰ ਥੀਂ ਬਾਹਰਿ ਆਈ ਤੇ ਕਸਦ ਕਾਬੇ ਦਾ ਕੀਤਾ। ਵਡੇ ਜੰਗਲ ਵਿਚ ਗਈ ਜੋ ਉਥੇ ਪਾਣੀ ਕਿਤੇ ਨਹੀਂ ਸੀ ਤੇ ਮਾਹਿਰ ਦੇਸ਼ / ਦੇ ਤਪਦਾ ਸੀ ਤੇ ਉਥੇ ਇਕ ਵੇਰਾਨ ਖੂਹ ਡਿਠਾ ਜੋ ਉਸਦੇ ਗਿਰਦੇ ਇਕ ਕੁੱਤੀ ਤਿਹਾਈ ਪਈ ਤੜਫਦੀ ਹੈ, ਉਸਨੂੰ ਵੇਖ ਕੇ ਰਾਬੀਆ ਨੇ ਆਪਣੇ ਸਿਰ ਦੇ ਵਾਲ ਪੱਟ ਕੇ ਉਨ੍ਹਾਂ ਦੀ ਰੱਸੀ ਵੱਟ ਕੇ ਤੇ ਆਪਣਾ ਕਪੜਾ ਖੂਹ ਦੇ ਵਿਚ ਵਹਾਇਆ। ਉਸਨੂੰ ਨਚੋੜ ਕੇ ਬੁਕ ਆਪਣੇ ਉਪਰ ਉਸ ਕੁੱਤੀ ਨੂੰ ਪਾਣੀ ਪੀਆਇਆ। ਤਾਂ ਦਰਗਾਹ ਸਾਈਂ ਦੀ ਵਿਚ ਉਸਦੀ ਸੇਵਾ ਐਸੀ ਕਬੂਲ ਪਈ। ਸੋ ਤਿਸ ਸਮੇਂ ਹਸਨ ਬਸਰੀ ਭੀ ਮੱਕੇ ਗਇਆ ਸੀ ਉਸਨੂੰ ਕਾਬੇ ਦੀ ਜ਼ਿਆਰਤ ਨ ਹੋਈ। ਤਾਂ ਉਸ ਮੱਕੇ ਵਿਚ ਅਰਜ਼ ਕੀਤੀ—ਮੈਨੂੰ ਦੀਦਾਰ ਕਿਉਂ ਨਹੀਂ ਹੋਇਆ? ਤਦ ਅਕਾਸ਼ਬਾਣੀ ਹੋਈ, 'ਮੈਂ ਰਾਬੀਆ ਨੂੰ ਅਗੋਂ ਲੈਣ ਗਇਆ ਹੋਇਆ ਸਾ ਤਦ ਹਸਨ ਕਹਿਆ, ਮੈਨੂੰ ਇਵੇਂ ਆਇਆ ਨੂੰ ਦੀਦਾਰ ਨ ਦਿਤਾ ਤੇ ਰਾਬੀਆ ਔਰਤ ਨੂੰ ਅਗੋਂ ਲੈਣ ਗਏ ਹੋਂ? ਤਦ ਅਵਾਜ਼ ਹੋਈ, ਜਿਸ ਕੁੱਤੀ ਨੂੰ ਤਿਹਾਈ ਵੇਖਕੇ ਉਜਾੜ ਵਿਚ ਤੂੰ ਪਾਸੋਂ ਚਲਿਆ ਆਇਆ ਸੈਂ, ਰਾਬੀਆ ਨੇ ਉਸ ਨੇ ਏਡੇ ਜਤਨ ਨਾਲ ਜਲ ਪਿਲਾਇਆ ਹੈ। ਤਾਤਪਰਜ ਇਹ ਜੈਸੇ ਰਾਬੀਆ ਮੈਨੂੰ ਸਰਬ ਰੂਪ ਜਾਣਦੀ ਹੈ, ਤੈਸਾ ਤੂੰ ਨਹੀਂ ਜਾਣਦਾ, ਤਾਂ ਤੇ ਉਹ ਮੈਨੂੰ ਬਹੁਤ ਪਿਆਰੀ ਹੈ।

(ਫ)

ਇਕਨੁ ਬਾਪ ਨੇ ਆਪਣੇ ਬੇਟੇ ਨੂੰ ਕਹਿਆ, ਅਜ ਜੋ ਕਛੁ ਤੂ ਬੋਲੇਂ, ਜੋ ਕਛੁ ਤੂ ਸੁਣੇਂ ਤੇ ਜੋ ਕਛੁ ਤੂ ਕਰੇਂ, ਸੋ ਮੈਨੂੰ ਰਾਤ ਨੂੰ ਕਹੀਂ। ਤਦ ਉਸਨੇ ਰਾਤ ਨੂੰ ਸਭ ਹਕੀਕਤਿ ਆਪਣੇ ਬਾਪ ਨੂੰ ਕਹੀ ਤੇ ਦੂਸਰੀ ਰਾਤਿ ਨੂੰ ਫੇਰ ਬੇਟੇ ਨੂੰ ਕਹਿਆ ਜੁ ਅੱਜ ਦੀ ਹਕੀਕਤਿ ਸੁਣਾਇ। ਬੇਟੇ ਨੇ ਕਹਿਆ, ਇਹ ਗੱਲ ਹਰ ਰੋਜ਼ ਮੇਰੇ

ਪਾਸੋਂ ਨਹੀਂ ਪੁਜ ਸਕਦੀ। ਬਾਪ ਨੇ ਕਹਿਆ, ਮੈਂ ਇਸ ਗੱਲ ਵਿਚ ਤੈਨੂੰ ਨਸੀਹਤ ਦੇਨਾ ਹਾਂ ਜੁ ਤੂੰ ਬਰਖੁਰਦਾਰ ਹੈਂ ਤੇ ਭਲੇ ਕਰਮਾਂ ਥੀਂ ਗਾਫ਼ਲ ਨ ਹੋ। ਤਾਤਪ੍ਰਜ ਇਹ ਜੇ ਬਾਪ ਪਾਸ ਇਕ ਦਿਨ ਦੇ ਹਿਸਾਬ ਦੱਸਣ ਦੀ ਤਾਗਤ ਨ ਹੋਈ ਤਾਂ ਸਾਰੀ ਉਮਰ ਦਾ ਹਿਸਾਬ ਅਜ਼ਰਾਈਲ ਪਾਸ ਕਿਸ ਤਰ੍ਹਾਂ ਦੱਸੇਗਾ ?

(ਜ)

ਇਬਰਾਹੀਮ ਆਦਮ, ਇਕ ਗ਼ੁਲਾਮ ਦੇ ਖ਼ਰੀਦਣ ਵਾਸਤੇ ਗਿਆ। ਜਦ ਉਸਨੂੰ ਖ਼ਰੀਦ ਕੇ ਲੈ ਆਇਆ ਤਾਂ ਪੁਛਿਓਸੁ ਜੁ ਹੇ ਗ਼ੁਲਾਮ! ਤੇਰਾ ਨਾਮ ਕਿਆ ਹੈ ? ਉਸਨੇ ਕਿਹਾ, ਜੋ ਤੁਸੀਂ ਬੁਲਾਓ। ਤਾਂ ਪੁਛਿਓਸੁ ਜੁ ਤੂੰ ਖਾਏਂਗਾ ਕੀ ? ਤਾਂ ਉਸਨੇ ਕਿਹਾ, ਜੋ ਤੁਸੀਂ ਖੁਆਓ। ਪਹਿਰੇਂਗਾ ਕੀ ? ਜੋ ਪਹਿਰਾਓ। ਤਾਂ ਪੁਛਿਓਸੁ, ਜੋ ਕਿਸ ਚੀਜ਼ ਨੂੰ ਤੇਰਾ ਦਿਲ ਚਾਹੁੰਦਾ ਹੈ ? ਤਾਂ ਉਸਨੇ ਕਿਹਾ, ਬੰਦੇ ਨੂੰ ਖ਼ਾਹਸ਼ ਨਾਲ ਕਿਆ ਗ਼ਰਜ਼ ਹੈ।

ਤਾਂ ਉਸ ਵੇਲੇ ਇਬ੍ਰਾਹੀਮ ਅਕਾਸ਼ ਵਲ ਮੂੰਹ ਕਰਕੇ ਰੋਣ ਲਗ ਗਇਆ ਤੇ ਕਹਿਣ ਲਗਾ—'ਹੇ ਮਹਾਰਾਜ! ਏਤਨਾ ਚਿਰ ਬੰਦਗੀ ਕਰਦਿਆਂ ਹੋਇਆ ਹੈ, ਪਰ ਬੰਦੇ ਬਣਨ ਦਾ ਹਰਫ਼ ਅਜ ਇਸ ਥੀਂ ਸੁਣਿਆ ਹੈ।'

———

(੩)

ਗੋਸ਼ਟਿ ਸਾਹਿੱਤ

(੧)

ਗੋਸ਼ਟਿ ਆਤਮੈ ਪਰਾਤਮੈ ਕੀ

ਜੋ ਬ੍ਰਹਿਮੰਡੇ ਸੋਈ ਪਿੰਡੇ ।

ਤਬਿ ਆਤਮੈ ਕਹਿਆ, ਬ੍ਰਹਿਮੰਡ ਮਹਿੰ ਤ੍ਰੈ ਲੋਅ ਹੈਂ, ਇਸ ਪਿੰਡ ਮਹਿੰ ਕਹਾ ਹੈ ?

ਤਬਿ ਪਰਾਤਮੈ ਕਹਿਆ—ਦੇਖੋ ਜੀ ਸਿਰ ਊਚਾ, ਪੇਟ ਮੱਧ ਪੈਰ ਤਲੇ ।

ਤਬਿ ਆਤਮੈ ਕਹਿਆ—ਬ੍ਰਹਿਮੰਡ ਮਹਿੰ ਸਪਤ ਦੀਪ ਹੈਂ, ਇਸ ਪਿੰਡ ਮਹਿੰ ਕਹਾ ਹੈਂ ?

ਤਬਿ ਪਰਾਤਮੈ ਕਹਿਆ—ਪਹਿਲਾ ਦੀਪੁ ਸਿਰ ਹੈ, ਦੂਜਾ ਦੀਪ ਮੁਖ ਹੈ, ਤੀਜਾ ਦੀਪ ਕੰਠ ਹੈ, ਚਉਥਾ ਦੀਪ ਛਾਤੀ ਹੈ, ਪੰਜਵਾ ਦੀਪ ਕੱਛੜਾ ਹੈ, ਛੇਵਾਂ ਦੀਪ ਪੇਟ ਹੈ, ਸੱਤਵਾ ਦੀਪ ਤ੍ਰਿਪਨ ਹੈ ।

ਤਬਿ ਆਤਮੈ ਕਹਿਆ—ਬ੍ਰਹਿਮੰਡ ਵਿਚੇ ਉਤਰ, ਦੱਖਣ ਹੈ, ਪੂਰਬ ਪੱਛਮ ਚਾਰ ਦਿਸਾ ਹੈਂ ।

ਤਬਿ ਪਰਾਤਮੈ ਕਹਿਆ—ਇਹੋ ਚਾਰ ਕੁੰਟਾਂ ਹੈਂ, ਅੱਗਾ, ਪਿਛਾ, ਬਾਵਾਂ, ਦਾਹਨਾ ।

ਤਬਿ ਆਤਮੈ ਕਹਿਆ—ਬ੍ਰਹਿਮੰਡ ਵਿਚੇ ਗੜਾਡ ਹੈਂ, ਸਪਤ ਸਮੁੰਦ੍ਰ ਹੈਨਿ, ਨਦੀਆਂ ਹੈਨਿ, ਇਸ ਪਿੰਡ ਮਹਿੰ ਦਿਖਾਵਹੁ ਜੀ ਗੁਰਪ੍ਰਸਾਦਿ ।

ਤਬਿ ਪਰਾਤਮੈ ਕਹਿਆ—ਪਿੰਡ ਵਿਚੇ ਬਡਾ ਗੜਾਡ ਪੇਟ ਹੈ, ਏ ਜੋ ਨੇਤ੍ਰ ਹੈਨਿ ਸੋ ਇਹ ਸੱਤ ਸਮੁੰਦ੍ਰ ਹੈਨਿ । ਸੋ ਨੇਤ੍ਰ, ਨਾਸਿਕਾ, ਮੁਖ, ਸ੍ਰਵਣ ਇੰਦ੍ਰੀ, ਗੁਦਾ, ਉਦਰ— ਇਹ ਸੱਤ ਸਮੁੰਦਰ ਹੈਨਿ ।

ਤਬਿ ਆਤਮੈ ਕਹਿਆ—ਨਦੀਆ ਗੜਾੜ ਕੀ ਪ੍ਰਕਿਤਿ ਮੋਹਿ ਦਿਖਾਵਹੁ ਜੀ ?

ਤਬਿ ਪਰਾਤਮੈ ਕਹਿਆ—ਨਦੀਆ ਗੜਾੜ ਕੀ ਇਹ ਪ੍ਰਕ੍ਰਿਤਿ ਹੈ, ਚਲਤੀਆਂ ਰਹਤੀਆ ਹੈਨਿ, ਜਾਇ ਉਦਰ ਗੜਾੜ ਮਹਿ ਪੜਤੀਆਂ ਹੈਨਿ । ਤਬਿ ਉਦਰ ਗੜਾੜ ਕਹਤਾ ਹੈ—ਨ ਤ੍ਰਿਪਤਿਉ, ਨ ਤ੍ਰਿਪਤਉਂ, ਸ੍ਰਵਣ ਸੁਨਨ ਨ ਰੱਜੇ, ਨਾਸਕਾ ਬਾਸਨਾ ਨਹੀਂ ਰੱਜੀਆ, ਜਿਹਵਾ ਸੁਆਦ ਨਹੀਂ ਰੱਜੀ, ਅੱਖੀਆਂ ਦੇਖਿ ਦੇਖਿ ਨਹੀਂ ਰੱਜੀਆਂ । ਸਰਬ ਗੜਾੜ ਉਦਰ ਮਹਿ ਜਾਇ ਸਮਾਵਤਾ ਜਾਤਾ ਹੈ । ਜਦ ਏਹ ਪੜਿ ਪੜਿ ਨਿਖੁਟਤੀਆਂ ਹੈਨਿ ਤਬ ਪੀਛੈ ਕਰਿ ਉਹ ਗੜਾੜ ਉਮਡਤਾ ਹੈ, ਲਹਿਰੀਂ ਦੇਤਾ ਹੈ—ਕਾਮ ਕੀ ਲਹਰ, ਕ੍ਰੋਧ ਕੀ ਲਹਰ, ਲੋਭ ਕੀ ਲਹਰ ਅਹੰਕਾਰ ਕੀ ਲਹਰ, ਚਿੰਤਾ ਕੀ ਲਹਰ, ਆਸਾ ਕੀ ਲਹਰ । ਜਿਉਂ ਉਸ ਗੜਾੜ ਕੀਆ ਏਹ ਲਹਰੀਂ ਹੈਨਿ, ਤਿਉਂ ਇਸ ਜੀਆਂ ਏਹ ਲਹਰੀ ਹੈਨਿ ।

ਤਬਿ ਆਤਮੈ ਕਹਿਆ—ਏਕ ਬਾਤ ਉਸ ਗੜਾੜ ਕੀ ਅਉਰ ਹੈ, ਜਬ ਲਹਰੀਂ ਦੇਤਾ ਹੈ ਤਬ ਰਤਨ, ਜਵਾਹਰ, ਲਾਲ, ਮੋਤੀ ਲਹਰੀਂ ਸਾਥਿ ਨਿਕਸਤੇ ਹੈਨ ਇਸ ਪਿੰਡ ਮਹਿ ਕਹਾ ਹੈਨਿ ?

ਤਬ ਪਰਾਤਮੈ ਕਹਿਆ, ਇਸ ਪਿੰਡ ਤੇ ਭੀ ਨਿਕਸਤੇ ਹੈਨਿ, ਜਦ ਇਸ ਪਿੰਡ ਮਹਿ ਗੁਰਮੁਖੀ ਲਹਰ ਕਾ ਉਦਮਾਦ ਆ ਹੋਤਾ ਹੈ, ਤਬਿ ਹਰਿ ਗੁਣ ਗਾਵਤਾ ਹੈ ਅਰ ਬੇਦ ਸਾਸਤ੍ਰ, ਹਰਿ ਕਥਾ, ਕੀਰਤਨ ਭੀ ਗਾਵਤਾ ਹੈ । ਜਦ ਇਹ ਨਾਮ ਗੁਣ ਪਰਮੇਸਰ ਕੇ ਗਾਵੈ, ਸੁਣਾਵੈ, ਜਪੈ ਜਪਾਵੈ, ਸਿਖੈ ਸਿਖਾਵੈ ਤਾਂ ਰਤਨ ਜਵਾਹਰ ਲਾਲ ਹੀਰੇ ਮੋਤੀ ਪ੍ਰਵਾਲੇ ਜੋ ਹੈਨ ਸੋ ਏਹੀ ਹੈਨਿ । ਅਰੁ ਜੇ ਗੁਰਮੁਖੀ ਲਹਰ ਦੇ ਉਦਮਾਦ ਮਹਿ ਨ ਆਵੈ, ਹਰਿ ਕਥਾ ਸੁਣਨ ਕਉ ਨ ਆਵੈ, ਗੁਣ ਗਿਆਨ ਧਿਆਨ, ਸਿਮਰਨ ਸਿਫਤਿ ਸਲਾਹ ਕੋ ਨ ਆਵੈ, ਸਾਖੀ ਸਬਦ ਸੁਣਨ ਕਉ ਨ ਆਵੈ; ਹਰਿ ਜਸੁ ਕੀਰਤਨ ਕਰਨ ਕਉ ਨ ਆਵੈ, ਤਾਂ ਇਸ ਲਹਰ ਉਦਾਸੀ ਮਹਿ ਕੀੜੇ ਪਤੰਗੇ, ਘੁਗੇ, ਸਿਬਾਲ, ਕਉਡੀਆਂ, ਰੇਤ ਏਹ ਵਸਤੂ ਨਿਕਸਤੀਆ ਹੈਨਿ ।

ਤਬ ਆਤਮੈ ਕਹਿਆ, ਏਕ ਬਾਤ ਬ੍ਰਹਮੰਡ ਸਮੁੰਦ੍ਰ ਕੀ ਅਉਰੁ ਹੈ, ਉਨ ਮਹਿ

ਨਾਵ ਬੇੜੀ ਹੋਤੀ ਹੈ, ਇਨ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ—ਉਨ ਮਹਿ ਬੇੜੀ ਲੋਹਿ ਕਾਠ ਕੀ ਹੋਤੀ ਹੈ, ਅਰ ਈਹਾ ਜਤ ਸਤ ਕੀ ਬੇੜੀ ਹੈ।

ਤਬਿ ਆਤਮੈ ਕਹਿਆ, ਏਕ ਬਾਤ ਸਮੁੰਦ੍ਰ ਕੀ ਅਉਰ ਹੈ, ਜੋ ਉਸ ਸਮੁੰਦ੍ਰ ਮਹਿ ਮਰਜੀਵੜੇ ਪਿੰਜਰੇ ਮਹਿ ਬੈਠ ਕਰਿ ਟੁਬਕੀ ਮਾਰਤੇ ਹੈਨਿ

ਤਬਿ ਪਰਾਤਮੈ ਕਹਿਆ—ਏਕ ਜੁ ਮਹਾਂ ਪੁਰਖ ਹੈਨਿ, ਸੋ ਧਿਆਨ ਕੇ ਬਿਖੈ ਟੁਬਕੀ ਮਾਰਤੇ ਹੈਨਿ, ਮਨ ਕੇ ਬਿਖੈ ਉਹ ਧਿਆਨ ਕਰਤੇ ਹੈਨਿ, ਉਨ ਕਾ ਧਿਆਨ ਗੁਰੂ-ਮੂਰਤਿ ਸਾਥਿ ਲਗਤਾ ਹੈ। ਉਦਰ ਸਮੁੰਦ੍ਰ ਕੇ ਬਿਖੇ ਦਰਸ਼ਨ ਕਰਤੇ ਹੈਂ ਤਬ ਉਹ ਪਰਮੇਸਰ ਕੀ ਉਸਤਤਿ ਕਰਤੇ ਹੈਂ ਅਰ ਪਰਮੇਸਰ ਕਾ ਮੰਤ੍ਰ ਪੜਤਾ ਹੈ, ਏਕ ਪਦ ਜੋੜ ਲੇ ਨਿਕਸਤਾ ਹੈ—ਰਤਨ, ਲਾਲ, ਜਵਾਹਰ, ਮੋਤੀ, ਹੀਰੇ ਪਰਵਾਲੇ ਏਹੀ ਹੈਨਿ।

ਤਬ ਆਤਮੈ ਕਹਿਆ, ਬ੍ਰਹਮੰਡ ਮਹਿ ਬ੍ਰਹਮਾ, ਬਿਸ਼ਨੁ, ਮਹੇਸ਼ਰ ਹੈਂ, ਇਸ ਪਿੰਡ ਮਹਿ ਕਹਾਂ ਹੈਂ ?

ਤਬ ਪਰਾਤਮੈ ਕਹਿਆ—ਬ੍ਰਹਮਾ ਪਾਣੀ ਹੈ, ਬਿਸਨੁ ਪਉਣ ਹੈ, ਅਗਨਿ ਮਹਾਂਦੇਉ ਹੈ।

ਤਬ ਆਤਮੈ ਕਹਿਆ, ਬ੍ਰਹਮੰਡ ਵਿਖੇ ਤੇਤੀਸ ਕ੍ਰੋੜੀ ਦੇਵਤੇ ਹੈਂ, ਇਸ ਪਿੰਡ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ—ਏਹ ਜੋ ਤੇਤੀਸ ਲੱਛਨ ਹੈਂ, ਏਕ ਏਕ ਲੱਛਣ ਕ੍ਰੋੜ ਦੇਵਤੇ ਸਮਾਨ ਹੈ।

ਤਬ ਆਤਮੈ ਕਹਿਆ, ਬ੍ਰਹਮੰਡ ਵਿਖੇ ਚੰਦ੍ਰ ਅਰ ਸੂਰਜ ਹੈਂ, ਇਸ ਪਿੰਡ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ—ਏਹ ਜੁ ਨੇਤ੍ਰ ਹੈਂ, ਇਨਹੀ ਕੋ ਉਜੀਆਰਾ ਹੈ।

ਤਬ ਆਤਮੈ ਕਹਿਆ, ਚੰਦ੍ਰ ਅਰ ਸੂਰਜ ਕੀ ਪ੍ਰਕ੍ਰਿਤਿ ਹੈ, ਕਬਹੂੰ ਚਾਂਦਨਾ ਹੋਤਾ ਹੈ, ਕਬਹੂੰ ਅੰਧਿਆਰਾ ਹੋਤਾ ਹੈ।

ਤਬ ਪਰਾਤਮੈ ਕਹਿਆ—ਜਬ ਨਿੰਦ੍ਰਾ ਆਵਤੀ ਹੈ, ਤਬ ਅੰਧਿਆਰਾ ਹੋਤਾ ਹੈ, ਜਬ ਉਘੜਤੇ ਹੈਂ ਤੋ ਚਾਂਦਨਾ ਹੋਤਾ ਹੈ।

ਤਬ ਆਤਮੈ ਕਹਿਆ, ਬ੍ਰਹਮੰਡ ਵਿਖੈ ਦਿਨ ਅਰ ਰਾਤ ਹੈ, ਇਸ ਪਿੰਡ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ—ਜਬ ਸੋਵੈ ਤਬ ਰਾਤ, ਜਾਗੈ ਤਬ ਦਿਨ।

ਤਬ ਆਤਮੈ ਕਹਿਆ, ਬ੍ਰਹਮੰਡ ਮਹਿੰ ਅਠਸਠ ਤੀਰਥ ਹੈਂ, ਇਸ ਪਿੰਡ ਮਹਿੰ ਕਹਾਂ ਹੈਂ ?

ਤਬ ਪਰਾਤਮੈ ਕਹਿਆ—ਜੋ ਕਛੁ ਸੁਕ੍ਰਿਤ ਕਰਤਾ ਹੈ, ਸੋ ਇਹੁ ਅਠਸਠਿ ਤੀਰਥ ਸਮਾਨ ਹੈ।

ਤਬ ਆਤਮੈ ਕਹਿਆ, ਬ੍ਰਹਿਮੰਡ ਬਿਖੈ ਨਰਕ ਅਰ ਸੁਰਗ ਹੈਂ, ਇਸ ਪਿੰਡ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ, ਜਬ ਦੁਖ ਲਾਗਤਾ ਹੈ ਤਬ ਨਰਕ ਹੈ, ਜਬ ਸੁਖ ਲਾਗੈ ਤਬ ਸੁਰਗ ਹੈ।

ਤਬ ਆਤਮੈ ਕਹਿਆ, ਬ੍ਰਹਮੰਡ ਬਿਖੈ ਮੇਘ ਬਰਸਤਾ ਹੈ ਅਰ ਖੇਤੀ ਬੀਜੀਤੀ ਹੈ, ਇਕ ਜੰਮਤੀ ਹੈ ਇਕ ਨਾਹੀ ਜਮਤੀ, ਇਸ ਪਿੰਡ ਮਹਿੰ ਕਹਾ ਹੈ ?

ਤਬ ਪਰਾਤਮੈ ਕਹਿਆ—ਸਤੁ ਮੇਘ ਸਮਾਨ ਹੈ, ਈਮਾਨ ਖੇਤ੍ਰੀ ਹੈ, ਅਮਲ ਧਰਤੀ ਹੈ, ਮਨ ਹਾਲੀ ਹੈ, ਧਰਮ ਕਾ ਕਰਮ ਹੈ, ਨਾਮੁ ਕਾ ਬੀਜ ਹੈ, ਸੰਤੋਖ ਸੁਹਾਗਾ ਹੈ, ਸਿਊ ਕਾ ਹਲ ਹੈ, ਭਾਉ ਭਗਤਿ ਬੈਲ ਹੈ, ਗਰੀਬੀ ਰਾਖਾ ਹੈ, ਸੰਜਮ ਕੀ ਵਾੜ ਹੈ ਐਸੀ ਖੇਤ੍ਰੀ ਹੋਇ ਤੋ ਜੰਮੈ, ਐਸੀ ਜੁਗਤਿ ਨ ਹੋਵੈ ਤੋ ਖੇਤ੍ਰੀ ਉਜੜ ਜਾਇ।

ਤਬ ਆਤਮੈ ਕਹਿਆ, ਬ੍ਰਹਮੰਡ ਮਹਿ ਮੁਕਤ ਹੈ, ਇਸ ਪਿੰਡ ਮਹਿ ਕਹਾਂ ਹੈ ?

ਤਬ ਪਰਾਤਮੈ ਕਹਿਆ—ਅੰਤਰਿ ਸੁਧ ਹੋਤਾ ਹੈ, ਤੋ ਸਭ ਬ੍ਰਹਮੰਡ ਇਸ ਹੀ ਕਾ ਹੋਇ।

ਤਬ ਆਤਮੈ ਕਹਿਆ, ਜਿਸ ਵਸਤੁ ਤੇ ਅੰਤਰ ਸੁਧ ਹੋਤਾ ਹੈ, ਸੋ ਕਉਣ ਹੈ ?

ਤਬ ਪਰਾਤਮੈ ਕਹਿਆ—ਜੁ ਬਧਿ ਨ ਛਿਤਰੈ, ਸੁ ਬਧਿ ਨ ਛੋੜੈ, ਦਇਆ ਕੈ ਘਰ ਮਹਿੰ ਰਹੈ, ਗੁਰ ਕ੍ਰਿਪਾ ਤੇ ਸਾਧੂ ਕੀ ਸੰਗਤਿ ਪਾਈਐ।

(੨)

ਗੋਸ਼ਟਿ ਸ੍ਰੀ ਕ੍ਰਿਸ਼ਨ ਅਰ ਊਧੋ ਕੀ

ਊਧਉ ਪੁਛਣਾ ਕੀਤਾ ਤਿਸਦਾ ਉਤਰ ਕ੍ਰਿਸ਼ਨ ਜੀ ਦੇਤਾ ਹੈ,
ਕਿਆ ਉਤਰ ਦੇਤਾ ਹੈ।
ਸਾਂਤਿ ਕਿਆ ਕਹੀਐ, ਇੰਦ੍ਰੀਆਂ ਵਸ ਕਰਣੀਆ। ੧।
ਦਾਨ ਕਿਆ ਕਹੀਐ, ਅਗਲਾ ਦੁਖਾਵਣਾ ਨਾਹੀ। ੨।
ਤਪ ਕਿਆ ਕਹੀਐ, ਸਭਨਾਂ ਭੋਗਾਂ ਤੇ ਰਹਣਾ। ੩।
ਸੂਰਬੀਰ ਕਿਆ ਕਹੀਐ, ਕਾਮਨਾ ਜੀਤਣੀ। ੪।
ਮਿਤ੍ਰੁ ਕਿਆ ਕਹੀਏ, ਜੇਹਾ ਹੋਵੈ ਤੇਹਾ ਆਖਣਾ। ੫।
ਪਵਿਤ੍ਰੁ ਕਿਆ ਕਹੀਏ, ਕਰਮ ਕਰਿ ਅਲਿਪਤੁ ਰਹਿਣਾ। ੬।
ਛੱਡਣਾ ਕਿਆ ਕਹੀਏ, ਸਭਨਾਂ ਤੇ ਬਿਰਕਤੁ। ੭।
ਧਨ ਕਿਆ ਕਹੀਏ, ਧਰਮ ਕਰਣਾ। ੮।
ਉਪਦੇਸ ਕਿਆ ਕਹੀਏ, ਗਿਆਨ ਉਪਦੇਸ਼। ੯।
ਚਿਨ ਕਿਆ ਕਹੀਏ, ਜੋਗ ਧਾਰਣਾ। ੧੦।
ਬਿਦਿਆ ਕਿਆ ਕਹੀਏ, ਏਕੋ ਕਰਿ ਜਾਨਣਾ। ੧੧।
ਬੁਧਿ ਕਿਆ ਕਹੀਏ, ਮਨ ਵਿਚਿ ਕਪਟ ਨ ਕਰਣਾ। ੧੨।
ਸੁਖ ਕਿਆ ਕਹੀਏ, ਸੁਖ ਦੁਖ ਦੁਹਾਂ ਤੇ ਰਹਣਾ। ੧੩।
ਦੁਖ ਕਿਆ ਕਹੀਏ, ਕਾਮਨਾ ਮੰਗਣੀ। ੧੪।
ਪੰਡਿਤ ਕਿਆ ਕਹੀਏ, ਜੋ ਬੰਧਨ ਮੁਕਤਿ ਕੇ ਲਖਣ ਜਾਣੈ। ੧੫।
ਮੂਰਖ ਕਿਆ ਕਹੀਏ, ਪੁਤ੍ਰ ਕਲਤ੍ਰ ਸਮਗ੍ਰੀ ਆਪਣੀ ਕਰਿ ਜਾਣੈ। ੧੬।
ਸੁਰਗੁ ਕਿਆ ਕਹੀਏ, ਸਦਾ ਸਰਧੁ ਰਹਿਣਾ। ੧੭।
ਨਰਕ ਕਿਆ ਕਹੀਏ, ਕ੍ਰੋਧ ਕਰਨਾ। ੧੮।
ਘਰ ਕਿਆ ਕਹੀਏ, ਮਾਨੁਖ ਦੇਹਿ। ੧੯।
ਦਲਿਦ੍ਰ ਕਿਆ ਕਹੀਏ, ਜਿਸਨੋ ਸੰਤੋਖ ਨਾਹੀ। ੨੦।
ਬੁਰਾ ਕਿਆ ਕਹੀਏ, ਜੋ ਅਵਗੁਣ ਕਰੇ। ੨੧।

(੩)

ਗੋਸ਼ਟਿ ਬਾਬੇ ਨਾਨਕ ਜੀ ਕੀ, ਬਾਬੇ ਲਾਲ ਨਾਲ ਹੋਈ

ਆਦਿ ਫਕੀਰੀ ਕਾ ਕਿਆ ਹੈ, ਅਰੁ ਅੰਤਿ ਫਕੀਰੀ ਕਾ ਕਿਆ ਹੈ ?
ਆਦਿ ਫਕੀਰੀ ਦਾ ਨਾਸ ਹੋਣਾ, ਅਰੁ ਅੰਤ ਫਕੀਰੀ ਦਾ ਸਤਿ ਹੋਣਾ ਹੈ।
ਵਡਿਆਈ ਫਕੀਰੀ ਕੀ ਕਿਆ ਹੈ, ਨਿੰਮ੍ਰਤਾ। ਬੁਧਿਵਾਨਤਾ ਫਕੀਰ ਕੀ ਕਿਆ ਹੈ
ਚਿਤ ਕਰਨਾ ਅਪਨਾ ਅਰ ਪਰਮੇਸਰ ਕਾ,
ਬਿਨਾ ਪਰਮੇਸਰ ਚਿਤ ਅਵਰ ਸਥਾਨ ਨਹੀਂ ਅਟਕੇ।
ਸ਼ਕਤਿ ਫਕੀਰੀ ਕੀ ਕਿਆ ਹੈ, ਕਿ ਅਸ਼ਕਤਿ ਹੋ ਰਹਣਾ।
ਮੁਹਕਾਲਗੀ ਫਕੀਰੀ ਕੀ ਕਿਆ ਹੈ, ਆਪਣੀ ਉਸਤਤਿ ਕਰਣੀ।
ਰੰਗੀਣਾ ਫਕੀਰ ਕਾ ਕਿਆ ਹੈ ਪਰਮੇਸ਼ਰ ਕੀ ਭਾਣ,
ਜੋ ਉਸ ਹੀ ਭਾਣੇ ਵਿਖੇ ਇਸਥਿਤ ਪਾਵਣਾ।
ਪ੍ਰਕਾਸ਼ ਫਕੀਰ ਕਾ ਕਿਆ ਹੈ, ਪਰਮੇਸਰ ਕਾ ਨਾਮੁ ਅਰਾਧਨਾ।
ਫਕੀਰ ਕੇ ਸਿਰ ਪਰ ਕਿਆ ਹੈ, ਸਾਇਆ ਭਗਵੰਤ ਕਾ।
ਆਗੇ ਫਕੀਰ ਕੇ ਕਿਆ ਹੈ, ਪ੍ਰਾਰਬਧ। ਪਾਛੇ ਫਕੀਰ ਕੇ ਕਿਆ ਹੈ, ਮ੍ਰਿਤੂ।
ਦੋਨੋਂ ਹਾਥ ਫਕੀਰ ਕੇ ਕਹਾ ਹੈਂ, ਦੋਨੋਂ ਹਾਥ ਕਾਨੋਂ ਪਰ ਧਰੇ ਹੂਏ ਹੈਂ
ਅਰੁ ਸ਼ਕਤਿ ਅਪਣੇ ਨੇਮ ਧਰਮ ਵਿਖੇ ਹੈ।
ਚਰਨ ਫਕੀਰ ਕੇ ਕਹਾ ਹੈਂ ? ਸੰਕੋਚੇ ਹੂਏ ਹੈਂ ਅਰ ਬਾਂਧੇ ਹੂਏ ਨਹੀਂ।
ਕਮਰ ਫਕੀਰ ਕੀ ਕਿਆ ਟਿਹਲ ਗੁਰਦੂ ਕੀ। ਸੰਕਲਪ ਫਕੀਰ ਕਾ ਕਿਆ,
ਕਿ ਭਜਨ ਕਰਨਾ। ਸੰਸਾ ਫਕੀਰ ਕੇ ਕਿਆ ਹੈ, ਭਜਨ ਕਰਤਾ ਹੋਂ ਕਬੂਲ ਪੜੇ
ਕਿ ਨਾ ਪੜੇ। ਘੋੜਾ ਫਕੀਰ ਕਾ ਕਿਆ ਹੈ, ਪ੍ਰੀਤ ਅਰ ਇਛਾ ਪ੍ਰੀਤ ਕੀ।
ਅਰੁ ਅਧਿਕਾਰ ਫਕੀਰ ਕਾ ਕਿਆ ਹੈ, ਦਿਨ ਰਾਤ੍ਰ ਜਾਗ੍ਰਿਤ।
ਕਾਹਲੀ ਫਕੀਰ ਕੀ ਕਿਆ ਹੈ, ਬਹੁਤ ਧਾਵਣਾ।

ਚਲਾਕੀ ਫਕੀਰ ਕੀ ਕਿਆ ਹੈ, ਅੰਨ ਜਲ ਕਾ ਸੰਜਮ ਕਰਣਾ।
ਅਰਾਮ ਅਰੁ ਠਹਰਾਉ ਫਕੀਰ ਕਾ ਕਿਆ ਹੈ, ਰੰਜੇ ਬੈਠਣਾ।
ਤੋਸਾ ਫਕੀਰ ਕਾ ਕਿਆ ਹੈ, ਭਰੋਸਾ ਭਗਵੰਤ ਕਾ।
ਗੁਜ਼ਰਾਨ ਫਕੀਰ ਕੀ ਕਿਆ ਹੈ, ਕਿਸੀ ਤੇ ਲੋਭ ਨ ਰਹਨਾ,
ਮਿਹਮਾਨ ਫਕੀਰ ਕਾ ਕਉਨ ਹੈ, ਸਰੀਰ ਅਰੁ ਜੀਉ
ਉਦਮ ਫਕੀਰ ਕਾ ਕਿਆ ਹੈ, ਚਿਤ ਪਰਮੇਸ਼ਰ ਵਿਖੇ ਇਸਥਿਤ ਕਰਨਾ।
ਘਰ ਫਕੀਰ ਕਾ ਕਹਾ ਹੈ, ਸਾਰਾ ਜਗਤ, ਮਿਲਖ ਫਕੀਰ ਕਾ ਕਿਆ ਹੈ,
ਨਾਮ ਪਰਮੇਸ਼ਰ ਕਾ। ਗੰਜ ਫਕੀਰ ਕਾ ਕਿਆ ਹੈ ? ਸਰੀਰ ਅਰੋਗ।
ਜੰਦ੍ਰਾ ਗੰਜ ਕਾ ਕਉਨ ਸਾ ਹੈ, ਤਿਆਗ ਭੋਗਹੁ ਕਾ।
ਭੋਗ ਕਿਸਕੋ ਕਹਤੇ ਹੈਂ, ਜਿਸ ਬਿਖੇ ਚਿਤ ਚੰਚਾਇਮਾਨ ਹੋਵੈ।
ਕੁੰਜੀ ਫਕੀਰ ਕੇ ਘਰ ਕੀ ਕਉਨਸੀ ਹੈ, ਹਰ ਕਿਸੀ ਤੇ ਸਿਖਿਆ ਲੈਣੀ
ਅਹਾਰ ਫਕੀਰ ਕਾ ਕਿਆ ਹੈ, ਮੰਸ ਆਪਨਾ।
ਫਕੀਰ ਕੋ ਜ਼ਰੂਰਤ ਕਿਆ ਪਰਵਾਨ ਹੈ, ਸੁਕ੍ਰਿਤ ਕਰਨਾ ਪਰਵਾਨ ਹੈ
ਪ੍ਰਸੰਨਤਾ ਫਕੀਰ ਕੀ ਕਿਆ ਹੈ, ਚਿਤ ਕਿਸੀ ਬਿਖੇ ਨ ਅਟਕਾਵਣਾ
ਆਦਤ ਫਕੀਰ ਕੀ ਕਿਆ ਹੈ, ਭਜਨ ਕਰਨਾ।
ਤ੍ਰਿਸ਼ਨਾ ਫਕੀਰ ਕੀ ਕਿਆ ਹੈ, ਤਪ ਵਧਾਵਣਾ।
ਰਸ ਫਕੀਰ ਕਾ ਕਿਆ ਹੈ, ਚੁਪ ਵਿਖੇ।
ਮਤਾ ਕੇਨਸਾ ਭਲਾ ਹੈ ਸੁਭ ਕਰਮੋਂ ਕਾ
ਨਿਆਉ ਫਕੀਰ ਕਾ ਕਿਆ ਹੈ, ਸਭ ਕਿਸੀ ਸੇ ਨਿਰਵੈਰ ਹੋਵਣਾ।
ਵਿਵਹਾਰ ਮਾਯਾ ਕੇ ਕੈਸੇ ਹੈ, ਜੈਸੇ ਊਂਠ ਕੇ ਨਾਕ ਵਿਖੇ ਮੁਹਾਰ ਹੋਤੀ ਹੈ
ਸੋ ਮੁਹਾਰ ਮਨੁਖੋਂ ਕੋ ਭਲੀ ਨਹੀਂ, ਪਸ਼ੂਅਹੁ ਕੋ ਭਲੀ ਹੈ।
ਪ੍ਰੀਤਿ ਪਰਮੇਸਰ ਸਾਥ ਕਰਣੀ ਕਬ ਭਲੀ ਹੈ, ਅਬਹੀ ਭਲੀ ਹੈ।
ਕਰਮਜੋਗ ਅਰ ਸਾਂਖਜੋਗ ਕਿਸ ਕਉ ਕਹਿਤੇ ਹੈ, ਕਰਮ ਜੋਗ-ਪਵਨ ਕਾ ਰੋਕਣਾ
ਅਰ ਸਾਂਖਜੋਗ ਚਿਤ ਕਾ ਨਿਰੋਧ ਕਰਨਾ।
ਇਨ ਦੋਨੋਂ ਮਹਿ ਕਵਨ ਪਰਵਾਨ ਹੈ, ਜਬ ਲਗ ਕਲਿਜੁਗ ਨਾ ਆਇਆ ਥਾ,

ਤਬ ਹੋਨੋਂ ਕ੍ਰਿਤਿਆ ਪਰਮਾਨ ਥੀਂ, ਅਰ ਜੋ ਕਲਿਜੁਗ ਆਇਆ ਹੈ, ਚਿਤ
ਕੀ ਬ੍ਰਿਤੀ ਚੰਚਲ ਹੈ ਤਿਸ ਕਰਿ ਕਰਮਜੋਗ ਕੀ ਸਿਧਤਾ ਨਹੀਂ ਹੋਤੀ,
ਤਾਂ ਤੇ ਇਸ ਜੁਗ ਵਿਖੇ ਸਾਂਖ ਜੋਗ ਪਰਵਾਨ ਹੈ।
ਤਤੇ ਫਕੀਰ ਕਉੜੀ ਖੰਡਨ ਕਿਆ ਹੈ,
ਜਪ ਤਪ ਕਾ ਅਹੰਕਾਰ ਨਿਵਿਰਤ ਕਰਨਾ।
ਮੇਲਾ ਫਕੀਰ ਕਾ ਕਿਆ ਹੈ,
ਅਪਣਾ ਆਪ ਭੁਲਾਵਣਾ, ਆਪ ਹੀ ਰਹਣਾ।
ਜਾਮਾ ਫਕੀਰ ਕਾ ਕਿਆ ਹੈ ? ਸਭ ਕਿਸੀ ਕਾ ਪਾਪ ਢੱਕਣਾ।
ਕਿ ਫਕੀਰ ਨਗਨ ਭਲਾ ਹੈ ? ਜਬ ਲਗ ਸਰੀਰ ਕਾ ਭਾਸ ਹੈ,
ਤਬ ਲਗ ਨਿਰਬਾਹ ਮਾਤ੍ਰ ਬਸਤ੍ਰ ਅੰਗੀਕਾਰ ਕਰੇ
ਅਰ ਜਬ ਸਰੀਰ ਕਾ ਆਭਾਸ ਮਿਟ ਜਾਵੇ ਤਬ ਸ੍ਵੈਇਛਤ ਵਰਤੇ।
ਭਜਨ ਕਿਸ ਕਰਿ ਇਸਥਿਤ ਹੋਤਾ ਹੈ, ਤਪੁ ਕਰ ਕੇ।
ਤਪ ਕਿਸ ਕਰਿ ਸਿਧ ਹੋਤਾ ਹੈ, ਕਹਣਾ ਥੋੜਾ ਅਰ ਕਰਣਾ ਬਹੁਤਾ।
ਕਰਣਾ ਕੀ ਹੈ, ਗੁਰਹੂੰ ਕੀ ਆਗਿਆ।
ਰੋਗ ਫਕੀਰ ਕੋ ਕਿਆ ਹੈ, ਮਾਇਆਧਾਰੀਓਂ ਸਾਥ ਪ੍ਰੀਤ ਕਰਣੀ।
ਦੁਖ ਫਕੀਰ ਕਉ ਕਿਸ ਕਰ ਹੋਤਾ ਹੈ, ਕਰਾਮਾਤ ਕਰ ਕੇ।
ਲੋਕੋਂ ਕੀ ਹਜੂਮ ਕਿਸ ਪ੍ਰਕਾਰ ਮਿਟੇ, ਹਰ ਕਿਸੀ ਤੇ ਕਛੁ ਜਾਚਨਾ ਨ ਕਰਣੀ।
ਬਿਲਾਸ ਫਕੀਰ ਕਾ ਕਿਆ ਹੈ, ਪੂਰਨ ਉਤ੍ਰ ਭਗਵੰਤ ਕੀ ਚਰਚਾ ਕਰਨੀ।
ਅਰਥ ਫਕੀਰ ਕਾ ਕਿਸ ਕਰ ਸਿਧ ਹੋਤਾ ਹੈ, ਸਰਬ ਅਰਥਹੂੰ ਕੇ ਤਿਆਗ ਕਰ।
ਜਗਿਆਸੀ ਫਕੀਰ ਪਰਮੇਸਰ ਕੋ ਕਬ ਪ੍ਰਾਪਤ ਹੋਤਾ ਹੈ,
ਜਬ ਸਾਚੀ ਪ੍ਰੀਤ ਉਪਜੇ।
ਸਾਚੀ ਪ੍ਰੀਤ ਕੀ ਨਿਸ਼ਾਨੀ ਕਿਆ ਹੈ, ਗੁਰਹੂੰ ਵਿਖੇ ਪ੍ਰੀਤ ਕਰਨਾ।
ਸੁਆਲ ਫਕੀਰ ਕੋ ਕੌਣ ਕਰਣਾ ਪਰਵਾਨ ਹੈ ? ਕਿਸੀ ਅਵਰ ਕੇ ਅਰਥ।
ਤਿਆਗ ਕਰਨਾ ਫਕੀਰ ਕੋ ਕਿਸ ਕਾ ਪਰਵਾਨ ਹੈ, ਸਨਬੰਧੀਅਹੂੰ ਕਾ।

ਜਨਕਾਦਿਕ ਕੁਟੰਬ ਵਿਖੇ ਕਿਉਂ ਕਰਿ ਵਰਤੇ ਹੈਂ ?
ਆਪਨੇ ਰਿਦੇ ਕਰ ਨਿਰ-ਅਹੰਕਾਰ ਹੋ ਕਰ ।
ਮਿਤ੍ਰ ਫ਼ਕੀਰ ਕਾ ਕਵਨ ਹੈ, ਮਾਯਾ ਕਾ ਤਿਆਗ ।

ਗਿਆਨ ਕਿਸ ਕਉ ਕਹਤੇ ਹੈਂ, ਸਰੀਰ ਕਾ ਅਹੰਕਾਰ ਮਿਟਾਵਣਾ
ਅਰੁ ਪਰਮੇਸਰ ਵਿਖੇ ਇਸਥਿਤ ਹੋਵਣਾ ।
ਦੁਸ਼ਮਨ ਫ਼ਕੀਰ ਕਾ ਕਵਨ ਹੈ, ਮਨ ਆਪਣਾ ।
ਪੁਤ੍ਰ ਫ਼ਕੀਰ ਕਾ ਕਵਨ ਹੈ, ਸਿਖ ਆਗਿਆਕਾਰੀ ।
ਪਿਤਾ ਫ਼ਕੀਰ ਕਾ ਕਉਨ ਹੈ, ਸਤਿਗੁਰ ਪੂਰਾ ।
ਦਇਆ ਫ਼ਕੀਰ ਕੀ ਕਿਆ ਹੈ, ਉਪਦੇਸ ਕਰਣਾ ਚਿਤ ਪਰਮੇਸਰ ਕਾ ।
ਦਿਲਾ ਫ਼ਕੀਰ ਕੀ ਕਿਆ ਹੈ, ਉਪਕਾਰ ਕਰਣਾ ਸਭ ਉਪਰਿ ।

ਰੀਤਿ ਫ਼ਕੀਰ ਕੀ ਕਿਆ ਹੈ,
ਜੋ ਕਿਛ ਕਹੇ ਸੋ ਕਰੇ ਅਰ ਜੋ ਕਛੁ ਨ ਕਰੇ ਸੋ ਨਾ ਕਹੇ ।
ਸਮਗ੍ਰੀ ਫ਼ਕੀਰ ਕੀ ਕਿਆ ਹੈ, ਸੰਚਿਆ ਨ ਰਾਖਣਾ ।
ਚਰਚਾ ਫ਼ਕੀਰ ਕੀ ਕਿਆ ਹੈ, ਸੰਤਹੁੰ ਕੇ ਵਚਨ ।
ਜੀਵਣਾ ਫ਼ਕੀਰ ਕਾ ਕਿਆ ਹੈ,
ਸੁਕ੍ਰਿਤ ਕਰਨਾ ਅਰੁ ਚਿਤੁ ਕਰਨਾ ਪਰਮੇਸਰ ਕਾ ।

ਬੁਧਿਵਾਨਤਾ ਫ਼ਕੀਰ ਕੀ ਕਿਆ ਹੈ,
ਹਰਿ ਅਰਥ ਵਿਖੇ ਅਰਥ ਆਪਣਾ ਭੁਲਾਵੇ ਨਹੀਂ ।
ਮਿਹਰਵਾਨਗੀ ਫ਼ਕੀਰ ਕੀ ਕਿਆ ਹੈ, ਜੋ ਆਪਣੀ ਸੰਗਤ ਵਿਖੇ ਰਾਹ ਦੇਵਣਾ ।
ਰਿਆਇਤ ਫ਼ਕੀਰ ਕੀ ਕਿਆ ਹੈ,
ਜੋ ਕਿਸੀ ਕੋ ਦੇਵੈ ਤੋ ਐਸੀ ਵਸਤੁ ਦੇਵੈ ਜਿਸਕਾ ਨਾਸ ਨ ਹੋਵੈ ।

ਵਡਿਆਈ ਅਰ ਬਲ ਫ਼ਕੀਰ ਕਾ ਕਿਆ ਹੈ, ਖਬਰਦਾਰੀ ਰਖਣੀ ਦਮ ਕੀ ।
ਸੂਰਤਣ ਫ਼ਕੀਰ ਕਾ ਕਿਆ ਹੈ, ਚਿਤ ਭਜਨ ਵਿਖੇ ਇਸਥਿਤ ਕਰਣਾ ।
ਮੂਰਖਤਾ ਫ਼ਕੀਰ ਕੀ ਕਿਆ ਹੈ, ਅਚੇਤ ਹੋਵਣਾ ਭਜਨ ਤੇ,

ਅਰ ਨਾਸਵੰਤ ਪਦਾਰਥ ਵਿਖੇ ਸੁਚੇਤ ਹੋਵਣਾ।

ਮਰਦਾਨਗੀ ਫ਼ਕੀਰ ਕੀ ਕਿਆ ਹੈ, ਜਿਸਕਾ ਹਾਥ ਪਕੜੇ ਛੋਡੇ ਨਾਹੀਂ।

ਅਧਿਕਾਰ ਫ਼ਕੀਰ ਕਾ ਕਿਆ ਹੈ, ਸੁਧ ਮਨਸਾ। ਚਲਾਕੀ ਫ਼ਕੀਰ ਕੀ ਕਿਆ ਹੈ ?
ਸੰਗਤਿ ਮਾਇਆਧਾਰੀਓਂ ਵਿਖੇ ਵਰਤ ਕਰ, ਲਿਪਾਇਮਾਨ ਨ ਹੋਵਣਾ।
ਰਖਿਆ ਕਰਨੀ ਫ਼ਕੀਰ ਕੇ ਪਦ ਕੀ ਕਿਆ ਹੈ,
ਵਧਾਵਨਾ ਤਪ ਅਰ ਭਜਨ ਕਾ।
ਘਾਟਾ ਫ਼ਕੀਰ ਕੇ ਕਿਸ ਕਰ ਹੈ, ਪ੍ਰੀਤ ਕਰਨੀ ਧਨਵਾਨਹੁ ਪੁਰਖਹੁ ਸਾਥ।
ਜਾਚਨਾ ਕਰਨੀ ਫ਼ਕੀਰ ਕਉ ਕਿਉਂ ਨਿੰਦ ਹੈ,
ਫ਼ਕੀਰ ਕਾ ਭੇਖ, ਜਾਚਨਾ ਕਾ ਰੂਪ ਹੈ।

ਬਹਾਦਰੀ ਫ਼ਕੀਰ ਕੀ ਕਿਸ ਕਰ ਹੈ, ਸੰਤੋਖ ਕਰ ਕੇ।
ਭਿਖਿਆ ਕਰਨੀ ਫ਼ਕੀਰ ਕਉ ਜੋਗ ਹੈ ?
ਸਰੀਰ ਕੇ ਨਿਰਬਾਹ ਮਾਤ੍ਰ ਪਰ ਅਧੀਰਜ ਜੋਗ ਨਹੀਂ।

ਪ੍ਰਾਲਬਧ ਦੇ ਪਹੁੰਚਾਵਣੇਹਾਰਾ ਈਸ੍ਵਰ ਹੈ, ਫ਼ਕੀਰ ਕਉ ਉਦਮ ਕਰਨਾ ਜੋਗ ਹੈ ?
ਜੋ ਦੇਖੇ ਚਿਤ ਕੀ ਬ੍ਰਿਤੀ ਡੁਲਾਇਮਾਨ ਨਹੀਂ ਹੋਤੀ ਤੋ ਸਹਜੇ ਜੋ ਕਛੂ ਆਨ
ਪ੍ਰਾਪਤ ਹੋਵੈ ਤਿਸੀ ਪਰ ਸੰਤੋਖ ਕਰਣਾ
ਜਉ ਚਿਤ ਕੀ ਬ੍ਰਿਤੀ ਇਸਥਿਤ ਨਾ ਰਹੈ ਤੋ ਦੋ ਘੜੀ ਭਿੱਛਾ ਕਰਿ ਲੇਵੇ।
ਧਰਮਸਾਲਾ ਟਿਕਾਣਾ ਫ਼ਕੀਰ ਕਉ ਜੋਗ ਹੈ, ਅਥਵਾ ਰਟਣ ਕਰਣਾ ਵਿਸੇਸ਼ ਹੈ ?
ਜੋ ਬੂਢਾ ਹੋਇ ਤਬ ਟਿਕਾਣਾ ਕਰਿ ਬੈਠੇ,
ਪਰ ਜੋ ਕਿਸੀ ਕੀ ਸੇਵਾ ਨ ਕਰੇ ਤੋ ਟਿਕਾਣੇ ਕਾ ਫ਼ਲ ਕਛੁ ਨਹੀਂ ਹੋਤਾ
ਅਰ ਜੋ ਟਹਲ ਸੇਵਾ ਕਰੇਗਾ, ਤਉ ਜਗਤ ਕੇ ਲੋਗ
ਅਰਾਮ ਨ ਕਰਨੇ ਦੇਵਹਿਂਗੇ
ਤਉ ਐਸੀ ਬੁਧ ਕੀ ਜੁਗਤਿ ਕਰ ਟਹਲ ਸੇਵਾ ਕਰੇ ਜੋ ਕੋਊ ਲਖੈ ਨਾਹੀਂ।
ਫ਼ਕੀਰ ਕਉ ਸਿਖ ਕਰਣਾ ਜੋਗੁ ਹੈ ਕਿ ਨਹੀਂ,
ਜਬ ਲਗ ਗੁਰ ਨ ਹੋਵੈ ਤਬ ਲਗ ਸਿਖ ਨ ਕਰੇ

ਜਬ ਸਿਧਤਾ ਕੋ ਪ੍ਰਾਪਤ ਹੋਵੈ ਤਬ ਸਿਖ ਕਰੈ,
ਅਪਨੀ ਸੇਵਾ ਪੂਜਾ ਕੇ ਅਰਥ ਨ ਕਰੈ,
ਉਸ ਕੀ ਜਗਿਆਸਾ ਦੇਖ ਕਰ ਉਪਦੇਸ ਕਰੈ ।

ਪਾਤਸ਼ਾਹੀ ਫਕੀਰ ਕੀ ਕਿਆ ਹੈ, ਬੇਪਰਵਾਹੀ ਜਗਤ ਸਿਉਂ
ਅਰ ਆਪਣੇ ਸਰੀਰ ਸਿਉਂ ।
ਚੋਰੀ ਫਕੀਰ ਕੀ ਕਿਆ ਹੈ, ਬਿਗਾਨੀ ਨਿੰਦਾ ਸੁਣਨੀ ਕਰਨੀ
ਅਰ ਨਿੰਦਿਆ ਕਿਸ ਕਉ ਕਹਤੇ ਹੈਂ, ਜੋ ਵਰਤੀ ਉਸ ਕੇ ਪਾਛੇ ਕਹੇ, ਸੋ ਨਿੰਦਾ ।
ਫਕੀਰ ਕਉ ਪ੍ਰੀਤ ਕਰਣੀ ਕਿਸ ਸਾਥ ਜੋਗ ਹੈ,
ਪਰਮੇਸਰ ਅਰੁ ਪਰਮੇਸਰ ਕੇ ਲੋਕਹੁ ਸਾਥ ।
ਮਾਇਆਧਾਰੀਓਂ ਸਾਥ ਪ੍ਰੀਤਿ ਅਰ ਵਿਪ੍ਰੀਤਿ ਦੋਨੋਂ ਭਲੀ ਨਾਹੀਂ ।

ਮੰਸ ਭਖਣ ਫਕੀਰ ਕਉ ਕਿਉਂ ਕਰ ਹੈ, ਸਾਧਨਾ ਕਰਣੇ ਵਾਲੇ ਕਉ ਬੁਰਾ ਹੈ
ਜਬ ਸਾਧਨਾ ਪੂਰਨ ਕਰ ਚੁਕੈਗਾ; ਤਬ ਸਭ ਕਿਸੀ ਕੇ
ਮਾਸ ਕਉ ਆਪਣਾ ਮਾਸ ਨਿਸਚੇ ਕਰੇਗਾ ।
ਫਕੀਰ ਕਉ ਮੰਸ ਕਾ ਅਹਾਰ ਭਲਾ ਹੈ ਕਿ ਨਹੀਂ,
ਹਿੰਸਾ ਕਰਿ ਕੇ ਇਸ ਕੀ ਉਤਪਤਿ ਭਈ ਹੈ, ਪਰਵਾਨ ਨਹੀਂ ।
ਜੋ ਸਹਜ ਸੁਭਾਵਿਕ ਹਿੰਸਾ ਬਿਨਾ ਪ੍ਰਾਪਤ ਹੋਵੈ, ਤਉ

ਔਰ ਭੀ ਇਸ ਮਾਸ ਵਿਖੇ ਕੋਊ ਦੋਖ ਹੈਂ
ਪਰਮੇਸਰ ਕੀ ਸਤਾ ਕਾ ਅਵਰਣ ਕਰਣੇਹਾਰ ਇਹੀ ਸਰੀਰ ਰੂਪੀ ਮੰਸ ਹੈ
ਅਰ ਇਸ ਮਾਸ ਕੇ ਖਾਵਣੇ ਕਰ ਮਾਸ ਵਰਧਤਾ ਹੈ,
ਇਸ ਕਰ ਭੀ ਫਕੀਰ ਕੋ ਜੋਗ ਨਹੀਂ ।
ਫਕੀਰ ਕਉ ਥੋੜਾ ਖਾਣਾ ਭਲਾ ਹੈ ਅਥਵਾ ਬਹੁਤਾ ?
ਥੋੜੇ ਖਾਵਣੇ ਕਰਿ ਥੋੜੀ ਖੁਆਰੀ, ਬਹੁਤੇ ਖਾਵਣੇ ਕਰ ਬਹੁਤੀ ਖੁਆਰੀ ।
ਜਗਤ ਪਰਮੇਸਰ ਤੇ ਉਪਜਾ ਕਹਤੇ ਹੈਂ,
ਬਹੁਤ ਕਹਤੇ ਹੈ ਜਗਤ ਪਰਮੇਸਰ ਏਕ ਰੂਪ ਹੈ ।

ਉਤਰ—ਭੇਤ ਬ੍ਰਿਛ ਨਹੀਂ ਬੀਜ ਅਰੁ ਬ੍ਰਿਛ ਏਕ ਹੀ ਰੂਪ ਹੈ
ਅਰੁ ਪਰਮੇਸਰ ਰੂਪੀ ਬ੍ਰਿਛ ਕੀ ਇਹ ਜਗਤ ਛਾਯਾ ਹੈ
ਅਰੁ ਜੀਵ ਜੋ ਹੈ ਸੋ ਚੈਤੰਨ ਕੀ ਅੰਸ ਹੈ,
ਅਰ ਚੈਤੰਨ ਤੇ ਬਿਛੁੜਿ ਕੇ ਸਰੀਰ ਅਰੁ ਇੰਦ੍ਰੀਓਂ ਬੀਚ ਫਸਿਆ ਹੈ
ਤਿਸ ਕਰਿ ਜੈਸਾ ਕਰਮ ਕਰਤਾ ਹੈ, ਤੈਸਾ ਫਲ ਭੋਗਤਾ ਹੈ।
ਤਿਸ ਕਾ ਦ੍ਰਿਸਟਾਂਤ ਹੈ, ਜੈਸੇ ਸਮੁੰਦ੍ਰ ਤੇ ਜਲ ਕਾ ਘੜਾ ਭਰ ਕਰਿ ਕਾਢੀਏ
ਤੌ ਜਲੁ—ਭਾਵ ਕਰਿ ਸਮੁੰਦ੍ਰ ਅਰ ਘੜੇ ਕਾ ਜਲ ਏਕ ਹੀ ਰੂਪ ਹੈ
ਅਰ ਘੜੇ ਤੇ ਏਕ ਕਟੋਰਾ ਭਰ ਕਾਢੀਏ ਤੌ ਘਟਿਆ ਦ੍ਰਿਸਟਿ ਆਵਦਾ ਹੈ।
ਅਰ ਸਮੁੰਦ੍ਰ ਤੇ ਕਟੋਰੇ ਘੜੇ ਭਰ ਕਾਢੀਏ ਤੋ ਘਟਤਾ ਕਛੁ ਨਾਹੀਂ।
ਅਰ ਘੜੇ ਬੀਚ ਏਕ ਬੂੰਦ ਮਦ ਕੀ ਡਾਰੀਏ ਤੌ ਅਪਵਿਤ੍ਰ ਹੋਇ ਜਾਤਾ ਹੈ
ਅਰ ਸਮੁੰਦਰ ਮਹਿ ਕਟੋਰੇ ਘੜੇ ਮਦ ਕੇ ਡਾਰੀਅਹਿ ਤੋਂ ਅਪਵਿਤ੍ਰ ਨਹੀਂ ਹੋਤਾ
ਤੈਸੇ ਇਹ ਜੀਵ ਸਰੀਰ ਕੇ ਅਹੰਕਾਰ ਕਰਿ ਕੇ ਕਾਮ ਕ੍ਰੋਧ ਲੋਭ ਮੋਹ ਆਦਿਕ
ਅਪਵਿਤ੍ਰਤਾ ਕਰਕੇ ਮਲਿਨ ਭਯਾ ਹੈ ਅਰੁ ਆਸਕਤਿ ਹੂਆ ਹੈ
ਜਬ ਇਸ ਕੇ ਸੰਜੋਗ ਕੇ ਛੇਦ ਕਰਿ ਪਰਮੇਸਰ ਬਿਖੇ ਚਿਤ ਕੋ ਇਸਥਿਤ
ਕਰਤਾ ਹੈ ਤਬ
ਜੈਸੇ ਘੜਾ ਸਮੁੰਦ੍ਰ ਬਿਖੇ ਪੜਾ ਸਮੁੰਦ੍ਰ ਹੋ ਜਾਤਾ ਹੈ, ਤੈਸੇ ਇਹ ਭੀ ਪਰਮੇਸਰ
ਰੂਪ ਹੋਇ ਜਾਤਾ ਹੈ। ਅਗਰ ਮਾਇਆ ਆਵਰਣ ਕਰਿ ਇਸ ਕੀ ਪ੍ਰੀਤਿ
ਅੜਾਦੀ ਜਾਇ ਤਿਸੀ ਆਵਰਣ ਬਿਖੇ ਸਰੀਰ ਛੂਟ ਜਾਇ, ਤਉ ਫੇਰ ਭੀ
ਤਿਸ ਕੇ ਪ੍ਰੀਤਿ ਕੀ ਅੰਗੂਰੀ ਉਪਜਤੀ ਹੈ। ਜੈਸੇ ਕੋਈ ਪੁਰਖ ਕਿਸੀ ਠਉਰ
ਕੀ ਮਨਸਾ ਕਰਿ ਟੁਰਤਾ ਹੈ ਉਸ ਕਉ ਕੋਈ ਰਾਹ ਬਿਖੇ ਬੇਗਾਰੀ ਪਕੜਤਾ
ਹੈ ਅਰ ਜਬ ਛੂਟਤਾ ਹੈ ਤਬ ਬਹੁਰਿ ਉਸੀ ਓਰ ਜਾਤਾ ਹੈ। ਤਾਂ ਤੇ
ਪਰਮੇਸਰ ਕੀ ਚਾਹ ਪਰਮੇਸਰ ਕੇ ਪ੍ਰਾਪਤ ਕਰਿ ਛਾਡਤੀ ਹੈ। ਮਨ ਬਨ ਕਾ
ਮ੍ਰਿਗ ਹੈ, ਜਬ ਇਸ ਕੋ ਪਕੜਿ ਲਿਆਵਤੇ ਹੈਂ ਤਬ ਅਧੀਰਜਤਾਈ ਬਹੁਤ
ਕਰਤਾ ਹੈ ਜਬ ਦੌੜਤਾ ਹੈ, ਛੋਡਤੇ ਨਹੀ ਤਬ ਕ੍ਰਮ ਕ੍ਰਮ ਕਰਿ ਇਸਥਿਤ
ਹੋਤਾ ਜਾਤਾ ਹੈ।

।ਸੰਪੂਰਨ।

(੪)

ਗੋਸ਼ਟਿ ਬਾਬਾ ਨਾਨਕ ਤੇ ਸ਼ਾਹ ਸ਼ਰਫ

ਇਕ ਦਿਨ ਸ਼ਹਰ ਬਿਦਰ ਦੱਖਣ ਦਿਸ਼ਾ ਕੇ ਅੰਦਰਿ ਬਾਬਾ ਬੈਠਾ ਥਾ। ਤਹਾਂ ਹਾਜੀ ਮੱਕੇ ਕੀ ਹੱਜ ਚਲੇ ਸਨ। ਤਾਂ ਮਰਦਾਨੇ ਰਬਾਬੀ ਅਰਦਾਸਿ ਕੀਤੀ, ਜੀ ਸੱਚੇ ਪਾਤਸ਼ਾਹ! ਹਾਜੀ ਮੱਕੇ ਮਦੀਨੇ ਦੀ ਹੱਜ ਕਰਨ ਚਲੇ ਹੈਨਿ ਕਿਉਂ ਜੁ ਮੱਕੇ ਮਦੀਨੇ ਕੀ ਹੱਜ ਕਰਦਾ ਹੋਇ ਸੋ ਖੁਦਾਇ ਵਲਿ ਆਵਦਾ ਹੈ। ਜੇ ਹੁਕਮ ਹੋਵੇ ਤਾਂ ਹਉਂ ਭੀ ਹੱਜ ਕਰਿ ਆਵਾਂ ਮੱਕੇ ਮਦੀਨੇ ਕਉ। ਤਾਂ ਬਾਬਾ ਬੋਲਿਆ ਜੁ ਮਰਦਾਨਿਆ! ਮੱਕਾ ਮਦੀਨਾ ਇਸਦੇ ਅੰਦਰਿ ਹੈ ਜੇ ਇਸਦੇ ਅੰਦਰਿ ਮਿਹਰ ਆਵਦੀ ਹੈ ਤਾਂ ਘਰਿ ਹੀ ਬੈਠਿਆ ਮੱਕੇ ਮਦੀਨੇ ਦੀ ਹੱਜ ਕਰਦਾ ਹੈ ਅਤੇ ਬਜ਼ੁਰਗੀਵਾਰ ਦਾਨਿਸ਼ਵੰਤ ਸਦੀਂਦਾ। ਤਾਂ ਬਾਬਾ ਸਲੋਕ ਬੋਲਿਆ—

ਮੁਖ ਮੱਕਾ ਮਨ ਮਦੀਨਾ, ਸਿਰ ਮੁਸੱਲਾ ਮਸਤਕ ਸੀਤ
ਨਕ ਕਬਰ ਬਾਜੂ ਵਰਾਨ ਇਮਾਮ, ਕਲਾਮ ਅੱਲਾਹ ਕੁਰਾਨ
ਤਮਾਮ ਅੰਗ ਸੀਹਰਫੀ ਕਾਇਦਾ ਅਲਫ ਪਛਾਨ
ਰੂਹ ਅਜ਼ਾਦਿ ਜਿਸਮ ਬਗ਼ਦਾਦ
ਨੈਨ ਨਬੀ ਕਰਨੀ ਕਾਬਾ, ਹਥਿ ਹਜ਼ਰਤਿ ਪੈਰ ਰਸੂਲ
ਨਾਨਕ ਐਸੇ ਅਮਲ ਜੁ ਕਰੈ, ਦਰਗਹਿ ਪਵਹਿ ਕਬੂਲ।

ਜਾਂ ਇਹ ਬਚਨ ਬਾਬਾ ਬੋਲਿਆ ਤਾਂ ਮਰਦਾਨਾ ਬਿਸਮਾਦ ਹੋਇ ਰਹਿਆ। ਚੁਪ ਕਰਿ ਰਹਿਆ। ਤਾਂ ਫੇਰਿ ਬਾਬਾ ਬੋਲਿਆ, ਮਰਦਾਨਿਆ! ਜੇ ਇਹੁ ਆਦਮੀ ਆਪਣਾ ਅੰਦਰਿ ਸੋਧੇ ਅਤੇ ਆਪ ਨੂੰ ਪਛਾਣੇ ਤਾਂ ਏਹੋ ਸਭਾ ਕਿਛੁ। ਪਰ ਇਹ ਦੁਨੀਆ ਕੇ ਲਾਲਚ ਭੂਲਾ ਫਿਰਦਾ ਹੈ ਆਪਣਾ ਆਪ ਭੁਲਾਇ ਦਿਤਾ ਹੈਸੁ,

ਮ੍ਰਿਗ ਕੀ ਨਿਆਈਂ । ਮ੍ਰਿਗ ਕੀ ਨਾਭਿ ਵਿਚ ਕਸਤੂਰੀ ਹੈ ਅਤੇ ਭਾਲਿ ਸੁੰਘਦਾ ਫਿਰਦਾ ਹੈ। ਤਾਂ ਫਿਰ ਮਰਦਾਨੇ ਅਰਦਾਸਿ ਕੀਤੀ, 'ਸੱਚੇ ਪਾਤਸਾਹਿ ! ਜੋ ਤੇਰੇ ਦਿਲ ਆਂਵਦੀ ਹੈ, ਸੋਈ ਕਰਹੁ ਜੀ । ਤਾਂ ਫੇਰਿ ਬਾਬਾ ਬੋਲਿਆ, ਮਰਦਾਨਿਆ ! ਤੂੰ ਸੱਤ ਆਖਦਾ ਹੈਂ ਜੁ ਫਕੀਰਾਂ ਨੋ ਦੇਸ ਪਰਦੇਸ ਦੇਖਣਾ ਭਲਾ ਹੈ, ਅਸੀਂ ਭੀ ਮੱਕਾ ਮਦੀਨਾ ਦੇਖਾਂਗੇ ਅਤੇ ਇਕ ਛੂਟਿ ਸੁਖਨ ਮਜਬ ਦੇ ਕਾਜ਼ੀ ਰੁਕਨਦੀਨ ਨਾਲਿ ਕਰਹਿਗੇ । ਤਾਂ ਇਕਾ ਦਿਨ ਬਾਬਾ ਨਾਨਕ ਅਤੇ ਮਰਦਾਨਾ ਉਠਿ ਚਲੇ ਮਕੇ ਕੀ ਰਾਹ ਕਉ । ਜਾਂ ਦੂਜੀ ਮਜ਼ਲ ਗਏ ਤਾਂ ਚਾਰਿ ਹਾਜੀ ਅਰ ਇਕ ਫਕੀਰ ਸ਼ਾਹ ਸ਼ਰਫ ਰਾਹ ਵਿਚਿ ਮਿਲੇ । ਸ਼ਾਹ ਸ਼ਰਫ ਦੇਖ ਕੈ ਫਕੀਰੀ ਦਿਆ ਪੈਵੰਦਾਂ ਵੱਲਿ ਹੈਰਾਨ ਹੋਇ ਰਹਿਆ । ਹਾਜੀਆਂ ਨੋ ਕਹਿਣ ਲਗਾ ਜੁ ਤੁਸੀਂ ਖੜੇ ਰਹਹੁ ਤਾਂ ਇਸ ਫਕੀਰ ਪਾਸਹੁ ਫਕੀਰੀ ਦਾ ਸੁਆਲ ਕਰਦੇ ਹਾਂ । ਜੇ ਇਸ ਫਕੀਰੀ ਦਾ ਜਵਾਬੁ ਦਰੁਸਤ ਦਿਤਾ ਤਾਂ ਕਾਮਲ ਫਕੀਰ ਹੈ ਅਤੇ ਜੇ ਇਸ ਫਕੀਰੀ ਦਾ ਜਬਾਬੁ ਨ ਦਿਤਾ, ਇਸਕੇ ਬਸਤ੍ਰ ਕਿਸਬਤ ਫਕੀਰੀ ਕੀ ਸਭ ਖੋਹਿ ਲਹਾਂਗੇ ।

ਤਾਂ ਸ਼ਾਹ ਸ਼ਰਫ ਬਾਬੇ ਨਾਨਕ ਪਾਸਿ ਆਇਆ । ਕਹਣ ਲਗਾ, 'ਅਰੇ ਭਾਈ ਫਕੀਰ ! ਤੁਮ ਕਉਣ ਹੋਤੇ ਹੋ ? ਤਾਂ ਬਾਬਾ ਬੋਲਿਆ, ਸੁਣ ਅਹਲਿ ਦਰਵੇਸ਼ ! ਅਵਲਿ ਪੁੱਛਣਾ ਫਕੀਰ ਕੋ ਤਕਸੀਰ ਹੈ, ਕਿਸ ਵਾਸਤੇ ਜੁ ਫਕੀਰ ਦੁਨੀਆ ਥੀਂ ਨਾਉਮੀਦ ਹੈ। ਤਾਂ ਸ਼ਾਹ ਸ਼ਰਫ ਹੈਰਾਨ ਹੋਇ ਕਰਿ ਚੁਪ ਕਰਿ ਰਹਿਆ । ਤਾਂ ਸ਼ਾਹ ਮਨ ਵਿਚਿ ਕਹਿਆ, ਕਿ ਏ ਭਾਈ ! ਇਹ ਫਕੀਰੀ ਦੇ ਇਰਕੇ ਵਿਚ ਕਾਮਿਲ ਹੈ ਜਿਸ ਐਸਾ ਜਬਾਬ ਫਕੀਰੀ ਕਾ ਦਿਤਾ ਹੈ ਪਰ ਭੀ ਪੁਛਦੇ ਹਾਂ, ਦੇਖ ਕੇਹਾ ਕਹੇਗਾ।

ਸੁਆਲ ਸ਼ਾਹ ਸ਼ਰਫ ਫਕੀਰ—

ਏ ਅਹਲਿ ਫਕੀਰ ! ਅਵਲਿ ਸੁਮਾ ਮੇ ਪੁਰਸਮ
ਸੁਖਨ ਰਾ ਜਬਾਬ ਬਿਦੇਹ ਦਰਵੇਸਹਾਂ ।

ਅੱਵਲਿ ਫਕੀਰੀ ਚੀਸਤ । ਆਖਿਰ ਫਕੀਰੀ ਚੀਸਤ । ਖਾਨਾ ਫਕੀਰੀ ਚੀਸਤ । ਕੁਲਫ ਫਕੀਰੀ ਚੀਸਤ । ਕਲੀਦ ਫਕੀਰੀ ਚੀਸਤ । ਸੁਜਨ ਫਕੀਰੀ

ਚੀਸਤ । ਰੇਸ਼ਮ ਫਕੀਰੀ ਚੀਸਤ । ਲੁਕਮਾ ਫਕੀਰੀ ਚੀਸਤ । ਖਿਰਕਾ ਫਕੀਰੀ ਚੀਸਤ । ਖ਼ਫ਼ਨੀ ਫਕੀਰੀ ਚੀਸਤ । ਧੂੰਆਂ ਫਕੀਰੀ ਚੀਸਤ ਫਹੌੜੀ ਫਕੀਰੀ ਚੀਸਤ । ਜਾਮਾ ਫਕੀਰੀ ਚੀਸਤ । ਵਸਲਾ ਫਕੀਰੀ ਚੀਸਤ । ਸੇਹਲੀ ਫਕੀਰੀ ਚੀਸਤ । ਹਰ ਕੋਈ ਸੁਆਲ ਰਾ ਜਵਾਬ ਬਿਦੇਹ ਕਿ ਕਾਮਿਲ ਫਕੀਰੀ ਅਸਤ ।

ਜਵਾਬ ਨਾਨਕ ਸ਼ਾਹ

ਅਵਲਿ ਫਕੀਰੀ ਫਨਾਹ ਅਸਤ । ਆਖ਼ਿਰ ਫਕੀਰੀ ਬਕਾਸਤ । ਖਾਨਾ ਫਕੀਰੀ ਮੁਸੱਲਮ ਅਸਤ । ਕੁਲਫ਼ ਫਕੀਰੀ ਖਾਮੋਸ਼ ਆਂ ਜਹਾਨ ਅਸਤ । ਕਲੀਦ ਫਕੀਰੀ ਆਜਜ਼ੀ ਬੰਦਗੀ ਅਸਤ । ਮਕਬਰੇ ਫਕੀਰੀ ਹਲੀਮੀ ਅਸਤ । ਗਿਜ਼ਾ ਫਕੀਰੀ ਖਾਮੋਸ਼ੀ ਅਸਤ । ਤਰੀਕਾਇ ਫਕੀਰੀ ਬੇਦਾਰੀ ਅਸਤ । ਤਰਕ ਫਕੀਰੀ ਬਦ ਅਮਲ ਅਸਤ । ਸੁਜਨ ਫਕੀਰੀ ਅਕਲਿ ਅਸਤ । ਰੇਸ਼ਮ ਫਕੀਰੀ ਦੀਦਾਰ ਅਸਤ । ਲੁਕਮਾ ਫਕੀਰੀ ਸਬੂਰੀ ਅਸਤ । ਖਿਰਕਾ ਫਕੀਰੀ ਰਾਸਤ ਅਸਤ । ਖ਼ਫ਼ਨੀ ਫਕੀਰੀ ਜ਼ਿੰਦਾ ਮੁਰਦਾ ਅਸਤ । ਧੂੰਆਂ ਫਕੀਰੀ ਮਾਨਿੰਦ ਪਸ ਮੁਰਦਾ ਖਾਕ ਅਸਤ । ਫਹੌੜੀ ਫਕੀਰੀ ਖਾਕਰੋਬੀ ਅਸਤ । ਜਾਮਾ ਫਕੀਰੀ ਹਰ ਕਿਆਂ ਆਮਦ ਅਹਾਰ ਮੁਰਦਾ ਹਾਸਲ ਕੁਨਦਦਾ ਦਿਲ ਕੁਸ਼ਾਦੀ, ਸੇਹਲੀ ਫਕੀਰੀ ਬਰਦਾ ਪੰਜ ਮੁਰਸਦ ਅਸਤ । ਕਿਸ਼ਤੀ ਫਕੀਰੀ ਰੂਹਿ ਗਰਦਾਂ ਆਂ ਜਹਾਨ ਅਸਤ । ਵਸਲਾ ਫਕੀਰੀ ਜ਼ਬਾਨਿ ਸੈਫ ਸਾਹਿਬ ਕਰਾਮਾਤ ਅਸਤ । ਦਰ ਮਹਰਦਾ ਕਹਰ ਮਾਮੂਰ ਅਸਤ । ਮੁਤਕਾ ਫਕੀਰੀ ਮਨ ਬਸਤ, ਗੋਸ਼ਾਨਸ਼ੀਨੀ ਅਸਤ । ਅਗਰ ਕਸ ਬਈਂ ਤਰੀਕਾ ਅਮਲ ਕੁਨਿਦ ਕਾਮਿਲ ਫਕੀਰੀ ਅਸਤ । ਅਲਾਨ ਲੁਕਮਿ ਫਕੀਰੀ ਅਸਤ ਆਂਚਿ ਫਕੀਰੀ ਰਾ ਦਾਨਦ ਰਾਹਿ ਫਕੀਰੀ ਰਾ ਗੁੰਮ ਕਰਦਾ ਅਸਤ ।

ਤਾਂ ਫੇਰ ਸ਼ਾਹ ਸ਼ਰਫ ਪੁਛਿਆ, ਕੁਜਾ ਮਨੀ ? ਨਾਨਕ ਸ਼ਾਹ ਕਹਿਆ,

'ਯਾ ਮਨੀ ਯਾ ਮਨੀ' । ਸ਼ਾਹ ਸ਼ਰਫ ਫਿਰ ਪੁਛਿਆ,

ਚਿ ਅਸਤ ਮਨੀ ? ਚਿ ਅਸਤ ਮਨੀ ?

ਤਾਂ ਬਾਬੇ ਨਾਨਕ ਆਖਿਆ, 'ਖ਼ੁਦੀ ਨਾਨਕ ਏਕ ਧਨੀ । ਏਕ ਧਨੀ ।'

——

(੫)

ਗੋਸ਼ਟਿ ਸ਼ਾਗਿਰਦ ਅਰ ਉਸਤਾਦ ਕੀ

ਸੁਾਲ ਸ਼ਾਗਿਰਦ—ਪ੍ਰਥਮੇ ਇਹ ਸੁਆਲ ਚਲਿਆ
ਹੇ ਮਿਹਰਵਾਨ ਉਸਤਾਦ ਜੀ।
ਸਾਈਂ ਪਾਸਹੁ ਕਿਆ ਮੰਗਿਆ ਚਾਹੀਐ ?
ਜਵਾਬ ਉਸਤਾਦ— ਸੁਖ ਮੰਗੀਐ। ੧।

ਸੁਾਲ— ਮਲੂਕ ਕੀ ਹੈ ?
ਜਵਾਬ— ਸਤ ਕਰਿ ਮੰਨਣਾ ਹੁਕਮ ਠਾਕੁਰ ਕਾ ਅਰੁ ਦਇਆ ਕਰਣੀ ਖਲਕ ਉਪਰਿ। ੨।

ਸੁਾਲ— ਆਰਬਲਾ ਕਿਉਂ ਕਰ ਬਿਤਾਏ
ਜਵਾਬ— ਨਾਲ ਪ੍ਰਸੰਨਤਾ ਖਲਕ ਦੀ ਦੇ। ੩।

ਸੁਾਲ—ਕਿਸ ਪਰਦੇ ਨਾਲਿ ਅਉਧ ਪੂਰੀ ਕੀਚੈ
ਜਵਾਬ—ਨਾਲ ਪੜ੍ਹਨੇ ਵਿਦਿਆ ਦੇ। ੪।

ਸੁਾਲ— ਵਿਦਿਆ ਕੀ ਗੁਣ ਹੈ ?
ਜਵਾਬ — ਵਿਦਿਆ ਨੀਚੋਂ ਊਚ, ਅਰੁ ਨਿਰਧਨੋਂ ਧਨ-ਪਾਤ੍ਰ ਕਰਦੀ ਹੈ। ੫।

ਸੁਾਲ— ਰਾਹੁ ਕਿਉਂ ਕਰਿ ਪਛਾਣੀਐ
ਜਵਾਬ— ਨਾਲਿ ਪ੍ਰਕਾਸ਼ ਵਿਦਿਆ ਦੇ। ੬।

ਸੁਾਲ— ਧਰਮੁ ਕੀ ਹੈ ?
ਜਵਾਬ— ਜੋ ਪਰਲੋਕ ਕੰਮਿ ਆਵੈ। ੭।

ਸੁਆਲ— ਰਾਹ ਜਗਿਆਸਾ ਦਾ ਕੀ ਹੈ

ਜਵਾਬ— ਲਿੱਸਾ ਕਰਣਾ ਮਨ ਅਰ ਇੰਦ੍ਰੀਆਂ ਦਾ । ੮ ।

ਸੁਆਲ— ਇੰਦ੍ਰੀਆਂ ਕਿਉਂ ਕਰਿ ਬਸ ਹੋਵਨਿ

ਜਵਾਬ— ਅਹਾਰ ਤੇ ਥੋੜਾ ਖਾਣੇ । ੯ ।

ਸ— ਬੁਰਿਆਈ ਕੈ ਨਾਲਿ ਕੀਚੈ

ਜ— ਨਾਲਿ ਇੰਦ੍ਰੀਆਂ ਆਪਣੀਆਂ ਦੇ । ੧੦ ।

ਸ— ਉਹ ਕੀ ਹੈ ਜੋ ਇਸ ਲੋਕ ਵਿਚਿ ਰਾਹੀਐ ਅਰੁ ਪਰਲੋਕ ਲੁਣੀਐ

ਜ— ਭਲਿਆਈ ਇਸ ਲੋਕ ਦੀ, ਬਦਲਾ ਪਰਲੋਕ ਵਿਚਿ ਮਿਲੈ । ੧੧ ।

ਸ— ਸਲਾਹ ਕੈ ਨਾਲਿ ਕੀਚੈ

ਜ- ਨਾਲਿ ਮਰਦੁ ਦਾਨਾਇ ਦੇ । ੧੨ ।

ਸ— ਦਾਨਾਉ ਕਿਸਨੂੰ ਕਹਿੰਦੇ ਹਨ

ਜ— ਜੋ ਥੋੜਾ ਆਖੇ ਅਰ ਬਹੁਤ ਸੁਣੇ । ਉਹ ਦਾਨਾਉ ਕਹੀਐ । ੧੩ ।

ਸ— ਕਿਉਂ ਕਰਿ ਦਾਨਾਉ ਕਹੀਦਾ ਹੈ

ਜ— ਦਾਨਾਉ ਬਿਨ ਪੁਛੇ ਬੋਲਦਾ ਨਹੀਂ ਅਰ ਬਚਨ ਸਮਝ ਕਰਿ ਕਰਦਾ ਹੈ । ੧੪ ।

ਸ— ਭਾਗਵਾਨ ਕਿਉਂ ਕਰਿ ਪਛਾਣੀਐ

ਜ— ਤ੍ਰਿਹੁੰ ਗੁਣ ਕਰ---ਪ੍ਰਥਮੇ ਜਗਿਆਸੀ ਵਿਦਿਆ ਕਾ, ਦੁਤੀਏ ਉਦਾਰੂ ਤ੍ਰਿਤੀਏ ਪ੍ਰਸੰਨ ਬਦਨ । ੧੫ ।

ਸ— ਉਦਾਰ ਕਿਸ ਕਉ ਕਹਤੇ ਹੈਨਿ

ਜ— ਜੋ ਕੋਲ ਹੋਵੇ ਸੋ ਸਭ ਬਖਸ਼ ਉਠਾ ਕਰੇ । ੧੬ ।

ਸ— ਭਲਿਆਂ ਕੰਮਾਂ ਥੇ ਵਿਸੇਖ ਕੰਮ ਕਉਣ ਹੈ

ਜ— ਵਿਚ ਸੰਗਤਿ ਪੜ੍ਹਿਆਂ ਅਰ ਫਕੀਰਾਂ ਦੀ ਬੈਠਣਾ । ੧੭ ।

ਸ — ਪਤ੍ਰਿਆ ਕਿਸਨੂੰ ਕਹਿੰਦੇ ਹੈਨ
ਜ — ਪਤ੍ਰਿਆ ਸਾਧੂ ਨੂੰ ਕਹਿੰਦੇ ਹੈਨ । ੧੮ ।

ਸ— ਸਾਧੂ ਕਿਸਨੂੰ ਕਹਿੰਦੇ ਹਨ
ਜ— ਸੋਈ ਸਾਧ ਜੋ ਕਿਸੈ ਦੁਖਾਵੈ ਨਾਹੀ । ੧੯ ।

ਸ— ਨਿਰ ਦੁਖਾਇ ਕਿਉਂ ਕਰਿ ਹੋਵੈ
ਜ— ਜਾਂ ਆਪ ਨੂੰ ਹੋਰਨਾ ਥੀਂ ਘਟ ਜਾਣੈ । ੨੦ ।

ਸ— ਇਹ ਰਿਦਾ ਸੁੱਧ ਕਿਉਂ ਕਰਿ ਹੋਵੈ
ਜ— ਸਾਧ ਸੰਗ ਤੇ । ੨੧ ।

ਸ— ਫਕੀਰੀ ਵਿਚ ਕਿ ਕੀਤਾ ਚਾਹੀਏ
ਜ— ਰਜਾਇ ਮੰਨੀ ਚਾਹੀਐ । ੨੨ ।

ਸ— ਰਜਾਇ ਕਿਉਂ ਕਰਿ ਮੰਨੀ ਵੰਞੈ
ਜ— ਜਬ ਗਿਆਨ ਦ੍ਰਿੜ੍ਹ ਹੋਵੈ । ੨੩ ।

ਸ— ਸਾਮਾਨ ਗਿਆਨ ਕਾ ਕਿਆ ਹੈ
ਜ— ਸੰਤੋਖੁ ਅਰੁ ਸੁਕਰੁ । ੨੪ ।

ਸ— ਨਾਕਸ ਕਿਸ ਕਉ ਕਹਤੇ ਹੈਂ
ਜ— ਬਹੁਤਾ ਬੋਲਣਾ ਅਰ ਬਹੁਤਾ ਖਾਵਣਾ, ਇਹ ਨਾਕਸ ਕੀ ਰੀਤਿ ਹੈ ਅਰ ਨਾਕਸ ਕਾ ਅਰਥ ਮੂਰਖ ਹੈ । ੨੫ ।

ਸ— ਨਾਮਰਦ ਕਿਸ ਕਉ ਕਹਤੇ ਹੈਂ
ਜ— ਜੋ ਆਲਸ ਭਜਨ ਮੈਂ ਕਰੇ ਸੋਈ ਨਾਮਰਦੁ ਕਹੀਐ। ੨੬ ।

ਸ— ਰਉਸ਼ਨੀ ਦਿਲਾਂ ਦੀ ਕੀ ਹੈ
ਜ— ਯਾਦ ਕਰਣਾ ਮਉਲਾ ਅਰ ਮਉਤ ਦਾ । ੨੭ ।

ਸ— ਤਾਰੀਕੀ ਦਿਲ ਦੀ ਕੀ ਹੈ
ਜ— ਮਸ਼ਗੂਲੀ ਮਾਲ ਅਰ ਦਉਲਤ ਦੀ । ੨੮ ।

ਸ— ਦੁਨੀਆ ਵਿਚਿ ਕਿਉਂ ਕਰਿ ਰਹੀਐ

ਜ— ਮਾਨਿੰਦੁ ਰਾਹ-ਗੁਜਰੂ ਦੀ । ੨੯ ॥

ਸ— ਮੰਜਲ ਕਿਉਂ ਕਰਿ ਸੁਖਾਲਾ ਪਹੁੰਚੀਐ

ਜ— ਥੋੜੇ ਬੋਝ ਨਾਲਿ । ੩੦ ।

ਸ— ਮਰਦ ਨੂੰ ਜਾਨ ਥੇ ਕ੍ਰਿ ਭਲਾ ਹੈ

ਜ— ਧਰਮੀ ਨੂੰ ਧਰਮੁ ਅਰ ਅਧਰਮੀ ਨੂੰ ਦਿਰਮੁ । ੩੧ ।

ਸ— ਆਦਮੀ ਕਿਉਂ ਕਰਿ ਪਛਾਣੀਐ

ਜ— ਕੰਮਿ ਪਇਆ । ੩੨ ।

ਸ— ਇਸਤ੍ਰੀ ਕਿਉਂ ਕਰਿ ਜਬਤ ਵਿਚ ਹੋਵੈ

ਜ— ਦਹਿਸਤ ਥੇ । ੩੩ ।

ਸ— ਫਰਜੰਦ ਕਪੂਤੁ ਕਿਸਦੀ ਨਿਆਇ ਹੈ ?

ਜ— ਜਿਉਂ ਛਿਵੀਂ ਅੰਗਲ ਹੋਤੀ ਹੈ ਜੇਕਰਿ ਕਟੀਐ ਤਾਂ ਦਰਦੁ ਅਰ ਰਖੀਐ ਤਾਂ ਐਬੁ । ੩੪ ।

ਸ— ਮੁਹਬਤਿ ਕਿਉਂ ਕਰਿ ਵਧਦੀ ਹੈ

ਜ— ਤਵਾਜਾ ਥੇ । ੩੫ ।

ਸ— ਇਖਲਾਸ ਕਿਸ ਸਬਬ ਘਟਦਾ ਹੈ

ਜ— ਕਰਜ ਮੰਗਣੇ ਥੇ । ੩੬ ।

ਸ— ਪਾਣੀ ਕਿਸ ਜੁਗਤਿ ਪੀਚੈ

ਜ— ਥੋੜਾ ਥੋੜਾ ਬਹੁਤ ਵਾਰੀ ਕਰਿ ਪੀਚੈ । ੩੭ ।

ਸ— ਖਾਣਾ ਕਿਸ ਜੁਗਤਿ ਖਾਜੇ

ਜ— ਭੁਖ ਬਿਨਾ ਨ ਖਾਜੇ । ੩੮ ।

ਸ— ਕੋ ਜੁਗਤਿ ਕਮਾਈਐ ਜੋ ਇਹ ਸਰੀਰ ਸਰਬ ਕਾਲ ਵਿਖੇ ਅਰੋਗ ਹੀ ਰਹੇ

ਜ— ਛੇਰ ਸਾਧਨ ਇਸ ਕੇ ਹੈਨ---ਪ੍ਰਿਥਮੇ ਥੋੜਾ ਖਾਣਾ, ਅਰ ਦੁਤੀਆ ਥੋੜਾ ਸਵਣਾ, ਤ੍ਰਿਤੀਏ ਬਸਤ੍ਰ ਧੋਤਾ ਉਜਲ ਅਰ ਚਉਥੇ ਨਰਮ ਪਹਿਰਣਾ, ਅਰ ਪੰਜਵੇਂ ਖੁਸਬੋਇ ਲੈਣੀ, ਅਰ ਛਿਵਾਂ ਦੀਦਾਰ ਦੋਸਤਾਂ ਦਾ ਦੇਖਣਾ । ਕਵਨ ਦੋਸਤ ? ਹਰਿਜਨ । ੩੯ ।

ਸ— ਦੰਦ ਕਿਉਂ ਕਰਿ ਪਵਿਤ੍ਰ ਹੋਂਦੇ ਹੈਨ
ਜ— ਛਿਗ ਸਾਂਖ ਪਵਿਤ੍ਰ ਹੋਂਦੇ ਹੈਨਿ । ੪੦ ।

ਸ— ਇਹ ਦੰਦ ਕਿਉਂ ਕਰਿ ਸਾਫ ਹੋਵਨਿ
ਜ— ਦੰਦ ਨਕੀਏ ਸਾਫ ਹੋਂਦੇ ਹੈਨਿ । ੪੧ ।

ਸ— ਮਕਬੂਲ ਦਿਲਾਂ ਦਾ ਕਉਣ ਹੈ
ਜ— ਸਾਦਕ ਮਕਬੂਲ ਦਿਲਾਂ ਦਾ ਹੁੰਦਾ ਹੈ । ੪੨ ।

ਸ— ਸਾਦਕ ਕਿਸ ਕੋ ਕਹਿੰਦੇ ਹੈਨ
ਜ— ਸੋ ਸਾਦਕ ਜੋ ਦਰੋਗ ਨ ਕਹੇ । ੪੩ ।

ਸ— ਸਾਦਕ ਬਿਹਤਰ ਕੇ ਸਾਕਰ
ਜ— ਸਿਵਾਇ ਸਿਦਕੁ, ਸੁਕਰ ਕਿਥੇ ਹੈ । ੪੪ ।

ਸ— ਸਾਬਰ ਕਿਸਨੂੰ ਕਹੀਐ
ਜ— ਜੋ ਤਹੰਮਲ ਬਹੁਤੁ ਕਰੈ । ੪੫ ।

ਸ— ਸਬਰ ਕਿਉਂ ਕਰਿ ਆਵੈ
ਜ— ਜਾਂ ਸਚੁ ਕਮਾਈਐ । ੪੬ ।

ਸ— ਸਚੁ ਕਿਉਂ ਕਰਿ ਹਥਿ ਆਵੈ
ਜ— ਜਾ ਹਲਾਲੁ ਖਾਜੇ । ੪੭ ।

ਸ— ਕਸਬਾਂ ਤੇ ਬਿਹਤਰ ਕਸਬ ਕੈਹੜਾ ਹੈ

ਜ— ਖੇਤੀ ਕਰਣੀ ।੪੮।

ਸ— ਕਸਬ ਬਤ੍ਰ ਕੁਬਤ੍ਰ ਕਉਣ ਹੈ

ਜ— ਮੈਂ ਵੇਚਣੀ ।੪੯।

ਸ— ਪੁਰਖ ਅਰ ਇਸਤ੍ਰੀ ਵਿਚਿ ਫਰਕ ਕੀ ਹੈ ?

ਜ— ਜਿਉਂ ਅਕਾਸ਼ ਅਰ ਧਰਤੀ, ਜਬ ਅਕਾਸ਼ ਤੇ ਬਰਖਾ ਨ ਹੋਇ ਧਰਤੀ ਤੇ ਕੁਛ ਜੰਮੇ ਨਾਹੀ ।੫੦।

ਸੰਮਤ ਅਸ਼ਟ ਦਸਾ ਸਤ ਪੂਰੇ । ਸੱਠ ਚਾਰ ਮਹਿ ਕਰੀ ਭਰਪੂਰੇ
ਸੁਦੀ ਦੁਆਦਸ ਥਿਤ ਹੋ ਬਾਪਤਿ । ਗੁਰੂ ਕ੍ਰਿਪਾ ਜਿਉਂ ਕਰੀ ਸਮਾਪਤਿ ।੧।

ਸਪੂਰਨ

(੪)

ਆਚਾਰ-ਸਾਹਿੱਤ

(੧)

ਅਨੂਪ ਮੰਤ੍ਰ

ਇਕ ਦਿਨ ਪੰਜਾਬ ਕੀ ਧਰਤੀ ਨਗਰਿ ਕਰਤਾਰ ਪੁਰਿ ਬੈਠਾ ਥਾ। ਅਰੁ ਦਰਗਾਹ ਪਰਮੇਸਰ ਕੀ ਬੁਲਾਇਆ ਤਾ ਫੇਰਿ ਹੁਕਮੁ ਆਇਆ ਪਰਮੇਸਰ ਕਾ, ਲਹਿ ਆਏ ਏਸੁ ਜਹਾਨ ਵਿਚ। ਤਬ ਇਕਨਾ ਅੰਗਦ ਸਿਖ ਨੋ ਬੁਲਾਇਕੈ ਗੁਰੂ ਬਾਬੇ ਨਾਨਕ ਜੀ ਕਹਿਆ, ਜਿ ਪੁਰਖਾ ਅੰਗਦਾ! ਪਾਰਬ੍ਰਹਮ ਕੀ ਆਗਿਆ ਹੋਈ ਹੈ ਜਿ ਮੇਰੀ ਸਿਫਤਿ ਕਰਣੀ। ਅਰ ਲੋਕਾਂ ਤੇ ਕਰਵਾਣੀ। ਪੁਰਖਾ ਇਕ ਐਸੀ ਸਿਫਤਿ ਕਰੀਐ, ਸੈਤੁ ਬੰਧੀਐ। ਪੁਰਖਾ ਪਾਰਬ੍ਰਹਮ ਕਾ ਹੁਕਮ ਹੈ ਜਿ ਸਿਫਤਿ ਮੇਰੀ ਕਰਣੀ। ਪ੍ਰਿਥਮੀ ਮੇਰੇ ਨਾਇ ਲਾਵਣੀ। ਉਪਦੇਸੁ ਧਰਮ ਦ੍ਰਿੜਾਵਣਾ। ਗ੍ਰਿਹਸਤ ਵਿਚਿ ਨਾਮੁ ਦਾਨੁ ਇਸਨਾਨ ਦਇਆ, ਧਰਮ, ਸੰਤੋਖ, ਸੀਲ: ਕਮਾਵਣਾ। ਅਤੇ ਬੈਰਾਗੁ ਖੇਲਣਾ। ਪਾਰਬ੍ਰਹਮ ਕੀ ਆਗਿਆ ਹੈ, ਪੰਥ ਚਲਾਵਣਾ, ਧਰਮਸਾਲਾ ਬੰਧਣੀਆ। ਸਤ ਕਰਣਾ। ਪੁਰਖਾ ਅੰਗਦਾ! ਏਹੀ ਸਿਫਤਿ ਪਾਰਬ੍ਰਹਮ ਕੀ ਕੀਜੀਐ ਜੋ ਉਸ ਨੂੰ ਭਾਵੈ। ਪੁਰਖਾ! ਏਹੀ ਸਿਫਤਿ ਹੋਇ ਜਿਤੁ ਲਾਗਿ ਕਰਿ ਪਾਪੀ ਧਰਮੀ ਸਭਸ ਦੀ ਮੁਕਤਿ ਹੋਇ। ਤਬਿ ਫੇਰ ਗੁਰੂ ਬਾਬੇ ਨਾਨਕ ਜੀ ਪਾਸਿ ਗੁਰੂ ਅੰਗਦ ਬੇਨਤੀ ਕੀਤੀ, ਜੀ ਮਿਹਰਵਾਨ ਜਿ ਕਿਛੁ ਤੇਰਿਅਹੁ ਮੁੰਹਹੁ ਨਿਕਲਦਾ ਹੈ ਸੁ ਸਭ ਜਪੁ ਹੈ ਜੀ। ਤੇਰੇ ਦਰਸਨ ਜਪੁ ਹੈ। ਜੀ ਜਿ ਕਿਛੁ ਤੂੰ ਕਰਹਿ ਸੁ ਹੋਵੈ ਜੀ। ਕੀਤਾ ਲੋੜੀਐ ਸੁ ਕਰੀਐ। ਤੇਰੇ ਬਚਨ ਮੁਕਤਿ ਹੈ। ਤੇਰੇ ਹਥਿ ਗਤਿ ਮੁਕਤਿ ਹੈ, ਕਰਣਹਾਰ ਤੂਹੀ ਹੈਂ। ਤਾ ਫਿਰਿ ਬਾਬੇ ਨਾਨਕ ਜੀ ਕਹਿਆ ਜਿ ਪੁਰਖਾ ਅੰਗਦਾ! ਜਿਚਰ ਹਉ ਤਾ ਜਿਚਰੁ ਏਵੈ ਹੈ। ਜਿਉ ਤੂ ਆਖਦਾ ਹੈ ਪੁਰਖਾ! ਪਰੁ ਇਕ ਮੰਤ੍ਰ ਹੋਵੈ ਜਿਸ ਪੜਿ ਕਰਿ ਸੰਸਾਰੁ ਸਭ ਮੁਕਤਿ ਹੋਵੈ। ਪੁਰਖਾ ਅੰਗਦਾ! ਇਕਨਾ ਨੋ ਦਰਸਨ ਮੇਰਾ ਹੋਇਗਾ, ਇਕਨਾ ਨੋ ਨ ਹੋਇਗਾ ਪਰ ਪੁਰਖਾ ਏਹ ਸਿਫਤਿ ਪਰਮੇਸਰ ਜੀ ਕਾ ਮੰਤ੍ਰ ਜਪੁ ਹੋਇ, ਮੈ ਥੀਂ ਪਿਛੋ ਜਿ ਕੋਈ ਏਹ ਜਪੁ ਪੜੈਗਾ ਸੋ ਅਸਾਨੋ ਆਇ ਮਿਲੈਗਾ। ਮੇਰਾ ਨਾਉ ਲਏਗਾ, ਸੁਣੈਗਾ ਤਿਸ ਦਾ ਹਉਂ ਜਾਮਨ ਹੋਵਊਂਗਾ। ਪੁਰਖਾ, ਬਿਨਾ ਜਪੁ ਜਪਿਆ ਮੈ ਪਾਸਿ ਆਵਣ ਨ ਮਿਲਸੀ, ਉਹਾ ਦਰਗਾਹ ਵਿਚਿ। ਜਿਸੁ ਪਾਸਿ ਜਪੁ ਨੀਸਾਣੁ ਹੋਵੈਗਾ ਸੁ ਮੈਂ ਪਾਸਿ ਆਵੈਗਾ। ਏਹੋ ਜਪੁ ਪੜੈਗਾ, ਜੀਉ ਲਾਇ ਕਰਿ ਸੁ ਮੁਕਤ ਹੋਵੈਗਾ। ਬਿਨਾ ਸਿਫਤ ਪਰਮੇਸਰ ਕੀਤੇ ਮਨੁਖ ਮੁਕਤ ਨਹੀਂ ਹੋਂਦਾ। ਅਤੇ ਪਰਮੇਸਰ ਨੋ ਨਾਹੀ ਮਿਲਦਾ, ਬਿਨਾ ਸਿਫਤਿ ਕੀਤੇ।

(੨)

ਪੰਚ ਤਸਕਰ

ਫਿਰਿ ਬਾਬੇ ਅਰਦਾਸਿ ਕੀਤੀ ਜੀ ਸਚੇ ਪਾਤਸਾਹ ! ਜੋ ਦਾਸ ਹੋਣਾ ਹੈ ਸੋ ਕਿਤ ਗੁਣ ਹੋਣਾ ਹੈ ? ਤੁਧਨੋ ਕੇ ਪ੍ਰਵਾਹ ਪਈ ਹੈ ਜੀਅ ਜੰਤ ਸਭ ਤੇਰੇ ਕੀਤੇ ਹੈਨਿ । ਫੇਰਿ ਅਗਾਧੁ ਨਿਰੰਕਾਰ ਬੋਲਿਆ, ਜੀਅ ਤਾਂ ਕੀਤੇ ਹੋਏ ਅਸਾਡੇ ਹੀ ਸਹੀ ਹੈਨਿ ਪਰ ਅਸਾਂ ਪੰਜ ਵਸਤੂ ਹੋਰ ਭੀ ਉਨ੍ਹਾਂ ਵਿਚਿ ਪਾਈਆਂ ਹੈਨਿ, ਉਨ੍ਹਾਂ ਦਾ ਨਾਉਂ ਤਸਕਰ ਹੈ । ਉਨ੍ਹਾਂ ਤਸਕਰਾਂ ਕਾ ਨੇਹੁ ਬਹੁਤ ਲਗਦਾ ਹੈ ।

ਕਾਮ ਕਿਵਾੜ ਹੈ, ਕ੍ਰੋਧ ਪ੍ਰਧਾਨ ਹੈ, ਲੋਭ ਕੁਟਵਾਲ ਹੈ, ਚਿਤਵਣੀ ਪਿਅਦ ਹੈ, ਮੋਹ ਹੈ ਇਨ੍ਹਾਂ ਪੰਜ ਵਸਤੂ ਨੂੰ ਕੋਈ ਛੋਡ ਸਕੇਗਾ ਨਾਹੀ । ਇਨ੍ਹਾਂ ਵਿਚਦੋਂ ਹੋਇ ਕਰਿ ਜੋ ਨਾਮ ਜਪੈਗਾ ਤਾਂ ਮੈਂ ਉਸਕਾ ਦਾਸ ਹੋਵਾਂਗਾ । ਫਿਰਿ ਬਾਬੇ ਅਰਦਾਸਿ ਕੀਤੀ ਜੀ ਸੱਚੇ ਪਾਤਸ਼ਾਹ ! ਓਹ ਵਸਤੂ ਕਿਉਂ ਕਰਿ ਰਹਸਨਿ ? ਕੋਈ ਇਨ੍ਹਾਂ ਕਾ ਭੀ ਗੁਰੂ ਹੈ । ਹੁਕਮ ਹੋਆ ਇਨ ਕਾ ਗੁਰੂ ਮਨ ਹੈ, ਮਨ ਕਾ ਗੁਰੂ ਸੁਆਦੁ ਹੈ. ਇਨ੍ਹਾਂ ਨੂੰ ਏਹੋ ਭਰਮਾਇਦੇ ਹੈਨਿ । ਸਭ ਨਾਦਹ ਕਾ ਰਸ ਸੁਆਦੁ ਹੈ । ਸੁਆਦ ਕਉ ਵਸਿ ਰਖੈਗਾ । ਤਿਸਕੋ ਨਾਮ ਚਿਤਿ ਆਵੈਗਾ । ਜਹਾਂ ਕਾਮ ਹੈ ਤਹਾਂ ਜਤ ਕਉ ਬੈਠਾਲੇ, ਜਹਾਂ ਲੋਭ ਹੈ ਤਹਾਂ ਸੰਤੋਖ ਕੋ ਬੈਠਾਲੇ, ਜਹਾਂ ਚਿਤਵਨੀ ਹੈ ਤਹਾਂ ਪ੍ਰੇਮ ਕੀ ਜੇਵੜੀ ਪਾਇ ਕਰਿ ਰਾਖੈ, ਜਹਾਂ ਮੋਹ ਹੈ ਤਹਾਂ ਨਿਰਮੋਹ ਕਉ ਬੈਠਾਲੇ । ਜਹਾਂ ਮਨ ਆਪਣਾ ਅਮਲ ਕਰਤਾ ਹੈ ਤਾਂ ਭਉ ਆਨਿ ਖੜਾ ਕਰੈ । ਜਹਾਂ ਸੁਆਦ ਹੈ ਤਹਾਂ ਨਿਰਸੁਆਦੁ ਹੋਇ ਰਹੈ । ਪੰਚਉ ਤਹਾਂ ਦੂਰਿ ਹੋਹੁ, ਏਨਾਂ ਸਭਨਾਂ ਕਾ ਠਉਰ ਭਾਉ ਹੈ । ਤਾਂ ਫੇਰਿ ਬਾਬੇ ਅਰਦਾਸਿ ਕੀਤੀ ਜੀ ਸਚੇ ਪਾਤਸ਼ਾਹ ! ਤੇਰੀ ਦਇਆ ਬਗੈਰ ਇਹ ਵਸਤੂ ਕਿਉਂ ਕਰਿ ਵਸਿ ਹੋਵਨਿ ? ਤਾਂ ਫਿਰਿ ਨਿਰੰਕਾਰ ਬੋਲਿਆ ਸੁਣ ਨਾਨਕ ਸੇਵਕ ਏਹ ਜੁ ਮੈਂ ਕੀਤੇ ਹੈਨਿ, ਸੋ ਮੈਂ ਬਿਆਈ* ਕੀਤੀ ਹੈ ਸੰਸਾਰ ਕੇ ਬਿਖੇ ; ਮੈਂ ਇਵ ਕਹਿੰਦਾ ਹਾਂ ਜੋ ਬਿਆਈ ਭੀ ਕਰੇ ਅਰੁ ਛੋਡਹੁ ਨਾਹੀ ।

*ਪੈਦਾਇਸ਼

['ਨਿਰੰਕਾਰ ਤੇ ਬਿਹੰਗਮ ਦੀ ਕਥਾ' ਵਿਚੋਂ

(੩)

ਹਾਜ਼ਰਨਾਮਾ

'ਹਾਜ਼ਰਾਂ ਕਉ ਮਿਹਰਿ ਹੈ। ਗੈਰ-ਹਾਜ਼ਰਾਂ ਕਉ ਨਾ ਮਿਹਰਿ ਹੈ। ਈਮਾਨੁ ਦੋਸਤੁ ਹੈ। ਬੇਈਮਾਨ ਕਾਫਰੁ ਹੈ। ਤਿਕੱਬਰੁ ਕਹਰੁ ਹੈ। ਗੁੱਸਾ ਹਰਾਮ ਹੈ। ਨਫਸ ਸ਼ੈਤਾਨ ਹੈ। ਗੁਮਾਨ ਕੁਫਰੁ ਹੈ, ਤਸ ਗ਼ੈਬਤਿ ਕਾ ਮੂਹੁ ਕਾਲਾ ਹੈ। ਮੋਮਦਿਲ ਪਾਕ ਹੈ, ਬੇਈਮਾਨ ਨਾਪਾਕੁ ਹੈ। ਇਲਮ ਹਲੀਮੀ ਹੈ ਹਿਰਸੁ ਫਰਊਨ ਹੈ, ਬੇਹਿਰਸਿ ਅਉਲੀਆਉ ਹੈ। ਅਕਿਰਤਘਣ ਜ਼ਰਦਰੂ ਹੈ, ਬੇਦਿਆਨਤਿ ਨ ਸੁਰਖਰੂ ਹੈ। ਬਦਜ਼ਬਾਨ ਪਲੀਤ ਹੈ, ਬਦਨਜ਼ਰ ਕੱਸਾਬ ਹੈ। ਸਚੁ ਭਿਸਤੁ ਹੈ, ਦਰੋਗ ਦੋਜ਼ਕ ਹੈ, ਇਨਸਾਫੁ ਮੁਸਾਫ ਹੈ, ਸਿਫਤਿ ਨੂਰੁ ਹੈ, ਬਾਂਗ ਬਲੋਲੂ ਹੈ, ਇਲਮ ਹਲੀਮੀ ਹੈ, ਜ਼ੋਰ ਜ਼ੁਲਮ ਹੈ। ਚੋਰੀ ਲਾਲਚੁ ਹੈ, ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਹੈ, ਨਸਬੂਰੀ ਮਕਰੂਹ ਹੈ। ਦਇਆ ਦਉਲਤਿ ਹੈ, ਬੇ ਦਇਆ ਹੈਵਾਨੁ ਹੈ। ਦਿਆਨਤੁ ਦੋਸਤੁ ਹੈ, ਬੇਦਿਆਨਤਿ ਨਕਾਰੁ ਹੈ। ਤੇਗ ਮਰਦਾ ਹੈ, ਅਦਲੁ ਬਾਦਸ਼ਾਹਾਂ ਹੈ। ਰਾਹ ਪੀਰਾਂ ਹੈ, ਬੇਰਾਹੁ ਬੇਪੀਰਾਂ ਹੈ।

ਏਤੇ ਬੋਲਿ ਜਾਣੈ ਜਾਣਿ ਰਹੈ
ਤਉ ਨਾਨਕ ਦਾਨਸ਼ਬੰਦੁ, ਦਰ ਕੀ ਖਬਰਿ ਲਹੈ।*

---

* ਪੁਰਾਤਨ ਜਨਮਸਾਖੀ ਵਿਚ ਇਸਦੇ ਕੁਝ ਪਾਠ ਭੇਦ ਹਨ।

(੪)

'ਰਹਿਤਨਾਮਾ ਭਾ. ਨੰਦ ਲਾਲ' ਵਿਚੋਂ

'ਗੁਰੂ ਸੱਚਾ ਬੋਲਿਆ, 'ਜੁ ਬ੍ਰਾਹਮਣ ਪੰਡਿਤ, ਮੀਏਂ ਮਹਤੇ, ਮੜ੍ਹੀ ਮਸਾਣ ਪੂਜੇਗਾ ਸੋ ਮੈਂ ਥੀਂ ਦੂਰਿ ਹੋਵੈਗਾ। ਅਤੇ ਜੋ ਮੇਰਾ ਸਿਖ ਹੋਵੈਗਾ ਸੋ ਬ੍ਰਾਹਮਣ ਅਗੈ ਬਹਿ ਕਰਿ ਕਰਮ ਨਾ ਕਰਵਾਵੈਗਾ। ਮੇਰੇ ਪੰਥ ਕੇ ਕਰਮ ਸਤਿਗੁਰੂ ਅਕਾਲ ਪੁਰਖ ਜੀ ਕਰਿ ਛੋੜੇ ਹੈਨਿ। ਜਦ ਇਸ ਪ੍ਰਾਣੀ ਨੋ ਕੋਈ ਵਿਘਨ ਹੋਵੈ ਤਾਂ ਪੰਜਾਂ ਸਿਖਾਂ ਪ੍ਰਸਾਦ ਖਾਧਾ ਅਤੇ ਅਰਦਾਸਿ ਭੀ ਕੀਤੀ। ਇਕ ਕਰਮ ਕੀਆ ਕੋਟਿ ਕ੍ਰਿਆ ਕਰਮ ਹੋਵੈਂ, ਕਰਮ ਭੀ ਹੋਏ, ਪਿਤ੍ਰਾਂ ਨੂੰ ਭੀ ਪਹੁਤਾ ਅਤੇ ਇਸ ਕਾ ਭੀ ਭਲਾ ਹੋਇਆ। ਮਣਸਣਾ ਮਣਸਾਵਣਾ ਇਹ ਸੰਸਾਰ ਕੀ ਭੇਡ ਚਾਲ ਹੈ। ਕਿਆ, ਜੁ ਅਉਖੀ ਘਾਟੀ ਆਂਵਦੀ ਹੈ, ਤਾਂ ਭੇਡਾਂ ਦਾ ਇੱਜੜ ਜਾਂਦਾ ਨਹੀਂ, ਏਕ ਭੇਡ ਗਈ ਤਾਂ ਸਭੇ ਜਾਂਦੀਆਂ ਹੈਨਿ, ਤੈਸਾ ਇਹੁ ਸੰਸਾਰ ਹੈ।

ਕ੍ਰਿਆ ਕਰਮ ਪੂਜਾ ਆਦਿ ਕੁਕਰਮ ਹੈਨਿ, ਇਹ ਸਭ ਕਰਮ ਮਾਨੁਖ ਕੇ ਹੈਨਿ ਕਿਉਂ ਜੋ ਇਹ ਮਣਸਦਾ ਹੈ ਤਾਂ ਆਖਦਾ ਹੈ, ਜੋ ਮੈਂ ਕੀਤਾ, ਮੈਂ ਮਣਸਿਆ ਹੈ। ਜਦ ਇਹ ਗੱਲਾਂ ਆਖਦਾ ਹੈ ਤਾਂ ਇਸਦਾ ਕੀਤਾ ਕਤਰਿਆ ਸਭੇ ਬਿਰਥਾ ਗਇਆ। ਜੋ ਗੁਰੂ ਕਾ 'ਅਨੰਦ' ਪੜ੍ਹਿਆ ਤੇ ਅਰਦਾਸਿ ਕੀਤੀ। ਸਿਖ ਤਾਂ ਭੀ ਗੁਰੂ ਕੇ ਅਖਰ ਹਿਦੇ ਖਾਂਵਦੇ, ਸਭ ਗੁਰੂ ਕਾ ਹੋਇਆ ਤਾਂ ਸਭ ਕਾਰਜ ਏਸ ਕੇ ਸਿਧ ਹੋਏ ਕਿਉਂ ਜੁ ਗੁਰਮੁਖੀ ਬਾਤ ਐਸੀ ਹੈ। ਮਨਮੁਖੀ ਬਾਤ ਅਉਰ ਬਹੁਤ ਹੈ। ਸਤਿਗੁਰੂ ਕਾ ਆਖਣਾ ਹੈ, ਸਤਿ ਸਤਿ ਕਰਿ ਮੰਨਣਾ ਮੰਨੈਗਾ ਸੋ ਨਿਹਾਲੁ ਹੋਵੈਗਾ। ਨ ਮਨੈਗਾ ਗੋਤੇ ਖਾਵੈਗਾ। ਗੁਰੂ ਚਾਹੇ ਤਾਂ ਭਲੀ ਵਸਤੂ ਨੂੰ ਬੁਰੀ ਚਾ ਕਰੈ ਗੁਰੂ ਕੀਤਾ ਲੋੜੈ ਸੋ ਕਰੈ, ਕਰੇ ਸੋ ਹੋਵੈ।

---

(੫)

'ਰਹਿਤਨਾਮਾ ਭਾਈ ਦਇਆ ਸਿੰਘ' ਵਿਚੋਂ

ਰਹਿਤ ਏਹੀ ਹੈ ਜੁ ਮਸੰਦ ੧ ਮਸੰਦੀਏ ੨ ਧੀਰਮੱਲੀਏ ੩ ਰਾਮਰਾਈਏ ੪ ਸਿਰ ਮੁੰਡਿਤ ੫ ਇਨ੍ਹਾਂ ਨਾਲ ਵਰਤਣਾ ਨਹੀਂ । ਸਿੱਖਾਂ ਕੀ ਸੇਵਾ, ਸ਼ਬਦ ਕਾ ਅਭਿਆਸ, ਸਸਤ੍ਰ ਵਿਦਿਆ ਸੀਖਣੀ । ਮਨ ਵਾਹਿਗੁਰੂ ਚਿਤ ਰਖੈ, ਉਪਰ ਕਾ ਸੁਆਸ ਆਵੈ ਤੌ ਵਾਹ, ਅੰਤ ਕਾ ਵਾਹ ਗੁਰੂ ਮਨ ਵਸਾਰ ਕਰੇ । ਮਿਥਿਆ ਨ ਬੋਲੈ, ਪਰਨਾਰੀ ਤਿਆਗੈ ਕ੍ਰੋਧ, ਅਹੰਕਾਰ, ਮੋਹ, ਨਿੰਦਾ, ਹਿੰਸਾ, ਅਸਤਿ, ਤਿਆਗੈ, ਬੁਰਾ ਨ ਕਰੇ, ਅੰਤ ਕੀ ਓਰਿ ਦੇਖੈ, ਦੁਖੈ ਦੁਖਾਵੈ ਨਹੀਂ, ਮੀਠਾ ਬੋਲੈ, ਮਨ ਸੁਧ ਰਖੈ, ਦਰਬ ਸੰਗ ਹਰੈ ਧਰਮ ਕਿਰਤ ਖਾਇ, ਦੂਸਰੇ ਪੰਥ ਮਾਰਗ ਕੀ ਮੜੀ ਨ ਸੇਵੈ, ਮਠ, ਬੁਤ, ਤੀਰਥ, ਦੇਵੀ ਦੇਵਤਾ ਬਰਤ, ਪੂਜਾ ਅਰਚਾ, ਮੰਤ੍ਰ, ਪੀਰ ਪੁਰਖ ਬ੍ਰਾਹਮਣ, ਪੁੱਛਣਾ, ਤਰਪਣ, ਗਾਇਤ੍ਰੀ, ਸੰਧਿਆ ਹੋਰ ਕਿਤੈ ਵਲਿ ਚਿਤ ਦੇਵੈ ਨਾਹੀ । ਅਕਾਲ, ਚਰਨ ਖਾਲਸੇ ਨਾਲਿ ਜੁੜੇ । ਖਾਲਸਾ ਸੋ, ਜਿਨ ਤਨ ਮਨ ਧਨ ਗੁਰੂ ਅਕਾਲ ਪੁਰਖ ਕਉ ਸੌਂਪਿਆ ਹੈ ।

ਸੰਗਤਿ ਮੈਂ ਖਾਲੀ ਜਾਵੈ ਨਾਹੀ ਕੀਰਤਨ ਸੁਣੈ ਸੁਣਾਵੈ ਅਰਥੀ ਨੋ ਦਾਨ ਦੇਇ, ਜਿਸ ਨੇ ਕੋਈ ਕੁੜਮਾਈ ਕਰੈ, ਨਾਹੀ, ਤਿਸਨੋ ਛੇਕਕੇ ਕਰੇ ਕਰਾਵੈ । ਕੁਸਿਖ ਹੋਵੈ ਤਿਸਕੋ ਸਿਖ ਕਰੈ ਦੁਖੈ ਦੁਖਾਵੈ ਨਾ । ਸਿਖ ਸ਼ਬਦ ਤੇ ਜਾਣੀਐ, ਰਹਿਤ ਤੇ ਪਛਾਣੀਇ ਐ ਅੰਤਰਾਤਮਾ ਮੈ ਏਹੁ ਰਹਤ ਧਾਰੇ-ਨਾਮ ਰੂਪੀ ਅੰਮ੍ਰਿਤ ਪੀਵੈ ਸੀਲ ਜੁਗਤਿ ਕੀ ਕੱਛ ਪਹਿਰੈ, ਹਰਿਧ ਮਨ ਜੀਤਬੇ ਕੀ ਝੁਲਾਵਹਿ, ਗੁਰੂ ਜੀ ਕੀ ਬਾਣੀ ਕੇ ਹਥਯਾਰ ਪਹਿਰੇ, ਬੁਧਿ ਕਾ ਨਿਹਚਲ ਇਹ ਕੇਸ ਧਾਰੇ, ਕੇਸਾਂ ਕਾ ਬੜਾ ਅਦਬ ਹੈ । ਕੇਸ ਮਾਤਾ ਕਾ ਸਰੂਪ ਹੈ । ਜਾਂ ਕੇਸਾਂ ਕਾ ਜਲ ਪੜ ਸੋ ਅਸਥਾਨ ਸਰੀਰ ਦੀ ਪਵਿਤ੍ਰ ਹੋਤਾ ਹੈ । ਸਿੱਖਾਂ ਕੇ ਚਰਣੋਂ ਕਾ ਜਲ ਪੜੇ, ਰਿਧਿ ਸਿਧਿ ਪਿਛੇ ਫਿਰੇ, ਅੰਤ ਕੋ ਗਤੀ ਕਰੇ । ਜੂੜਾ ਸੀਸ ਕੇ ਮੱਧ ਭਾਗ ਮੇਂ ਰਾਖੈ, ਔਰ ਪਾਗ ਬਡੀ ਬਾਂਧੈ, ਕੇਸ ਢਾਪ ਰਖੈ, ਕੰਘਾ ਦੂੰ ਕਾਲ ਕਰੈ ਪਾਗ ਚੁਨਕੇ ਬਾਂਧੈ, ਕੱਛ ਪਾਂਚ ਗਜ ਵਾਲੀ ਗਜ ਕੂ ਹੈ । ਚਉਥੇ ਦਿਨ ਕੇਸੀ ਸ਼ਨਾਨ ਕਰੇ, ਢਾਈ ਗਜ ਕਾ ਸਾਫ਼ਾ ਕਛਹਿਰਾ ਬਦਲਾਨੇ ਕੋ ।

ਚਤੁਰ ਬਰਣ ਮੈਂ ਕੋਊ ਅੰਮ੍ਰਿਤ ਛਕੈ, ਉਹ ਮੇਰਾ ਸਰੂਪ ਹੈ, ਅਪਣਾ ਧਰਮ ਸੁਮੇਰ ਤੁਲ, ਪਰਾਇਆ ਰਾਈ ਤੁੱਲ । ਸੰਸਾਰ ਸਾਗਰ ਤੇ ਗੁਰੂ ਤਰਾਵੈ ।

'ਰਹਿਤਨਾਮਾ ਭਾਈ ਚੌਪਾ ਸਿੰਘ' ਵਿਚੋਂ

'ਗੁਰੂ ਕਾ ਸਿਖ ਸ਼ਬਦ ਦੀ ਖੋਜਨਾ ਵਿਚਾਰ ਕਰਦਾ ਰਹੇ, ਸਿਖੀ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਕਾ ਸਿਖ ਦੁਨੀਆ ਦੇ ਰਸਾਂ ਕਸਾਂ ਵਿਚ ਨ ਪਵੇ।

ਗੁਰੂ ਕਾ ਸਿਖ ਗੁਰੂ ਕੀ ਬਾਣੀ ਬਿਨਾ ਹੋਰ ਬਾਤਾਂ ਨ ਸੁਣੇ।

ਗੁਰੂ ਕਾ ਸਿਖ ਧਰਮਸਾਲੇ ਗ੍ਰੰਥ ਸਾਹਿਬ ਜੀ ਦੇ ਪਾਸਿ ਸਾਧਸੰਗਤਿ ਸਿਖਾਂ ਦੀ ਸਾਬਤਿ ਵਿਚ ਬੈਠਕੇ ਕਿਸੇ ਗੁਣ, ਚਤੁਰਾਈ, ਧਨ, ਜੁਆਨੀ ਦਾ ਮਾਣ, ਨ ਕਰੇ।

ਗੁਰੂ ਕਾ ਸਿਖ ਤਨ ਮਨ ਧਨ ਗੁਰੂ ਨੂੰ ਅਰਪੇ; ਅਪਣਾ ਨ ਰੱਖੇ; ਗੁਰੂ ਉਸੇ ਦਾ ਹੁੰਦਾ ਹੈ ਜੋ ਗੁਰੂ ਦਾ ਹੋਇ ਰਹੇ।

ਗੁਰੂ ਕਾ ਸਿਖ ਗੋਰ, ਮੜੀ, ਕਬਰ, ਦੇਹੁਰਾ, ਮਸੀਤ, ਮੁੱਲਾ, ਕਾਜ਼ੀ ਨੂੰ ਨ ਮੰਨੇ, ਬਿਨਾ ਗੁਰੂ ਅਪਣੇ।'

'ਸਿਖੀ ਕੇਸਾਂ ਸੁਆਸਾਂ ਕੀ, ਚਰਚਾ ਸ਼ਬਦ ਕਾ, ਫਲ ਸੰਗਤਿ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਸ਼ਿੰਗਾਰ ਜਤ ਕਾ, ਦ੍ਰਿੜ ਸਤ ਕਾ, ਬੀਜ ਕਰਮਾਂ ਭਾਰ ਪਰਬਤ ਕਾ, ਜਸ ਦੇਗ ਕਾ, ਰਾਜ ਤੇਗ ਕਾ, ਪੂਜਾ ਅਕਾਲ ਕੀ, ਸੇਤਾ ਸੇਦਾ ਕੀ, ਸ਼ੀਰੀ ਬਚਨ ਕੀ, ਲਾਜ ਲੋਣ ਕੀ, ਹਿਜਾਉ ਅੱਖੀਂ ਕਾ; ਧ੍ਰੋਹ ਪਰਨਾਰਿ ਕਾ, ਕਿਰਮਤ ਭਲੀ ਨਾਰਿ ਕਾ, ਨਾਰਿ ਭਲੀ ਕੁਲ ਦੀ, ਰਹਣਾ ਹਜ਼ੂਰ ਕਾ, ਮੰਨਣਾ ਕੁਲ ਕਾ, ਹੁਕਮ ਗੁਰੂ ਕਾ, ਸੇਵਾ ਸਿਖ ਕੀ, ਆਗਿਆ ਗ੍ਰੰਥ ਸਾਹਿਬ ਕੀ, ਦੀਦਾਰ ਖ਼ਾਲਸੇ ਕਾ, ਜਾਗਣਾ ਨਾਰਿਜਸ ਕਾ, ਇਸਨਾਨ ਕੇਸਾਂ ਕਾ, ਤਿਆਗ ਵਿਕਾਰਾਂ ਕਾ, ਵਰਤਣ ਸੁਚੇਤੀ ਕੀ, ਬੋਲਣੁ ਮਿਰਜਾਦਾ ਕਾ, ਰਹਿਤ ਰਿਦੇ ਕੀ, ਬਿਬੇਕ ਮੰਨਣ ਕਾ, ਸੇਵਾ ਸਿਖ ਕੀ, ਸਿਖ ਗੁਰੂ ਕਾ; ਪ੍ਰੀਤਿ ਗੁਰਬਾਣੀ ਕੀ, ਟਹਿਲ ਮਾਤਾ ਪਿਤਾ ਦੀ, ਪੜ੍ਹਨਾ ਸੋਕ ਕਾ, ਗਾਵਣਾ ਕੰਠ ਕਾ, ਜੀਤਣਾ ਮਨ ਕਾ, ਸਿਰਦਾਰੀ ਟਹਲ ਕੀ, ਭਉ ਅੰਦਰਿ ਕਾ, ਵੰਡ ਖਾਣਾ ਹੁੰਦੇ ਕਾ, ਚਿਤਵਣਾ ਭਲਿਆਈ ਕਾ, ਮਾਰਨਾ ਪਾਪਾਂ ਕਾ, ਵਰਤਣ ਜੁਗਤਿ ਕੀ, ਅਮਲ ਪ੍ਰਸਾਦ ਕਾ; ਪ੍ਰਸਾਦ ਕੜਾਹ ਕਾ ਲੰਗਰ ਲੁੱਟੇ ਕਾ, ਬਲ ਸ਼ਬਦ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ, ਤ੍ਰਿਸਨਾ ਭਜਨ ਕੀ।

[ਰਹਿਤਨਾਮੇ, ਪੰਨਾ 86

(੭)

'ਪਰਮ ਸੁਮਾਰਗ ਗ੍ਰੰਥ' ਵਿਚੋਂ

ਪ੍ਰਥਮ ਬਚਨ—ਇਸ ਪ੍ਰਾਣੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਨੋ ਚਾਹੀਐ ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਉਠੇ । ਪਹਿਲੇ ਦਿਸ਼ਾ ਭੂਮਿ ਜਾਇ, ਜਬ ਉਹਾ ਸਿਉਂ ਫਾਰਗ ਹੋਵੈ । ਤਬ ਹਥ ਪਾਣੀ ਲਏ, ਗੁਦਾ ਕਉ ਧੋਵੇ । ਜਬ ਧੋਵੇ ਸੱਤ ਵਾਰੀ... ਵਿਚ ਅੰਗੁਰੀ ਡਾਲੇ । 2 । ਜਬ ਪੇਸ਼ਾਬ ਕਰੈ, ਇੰਦ੍ਰੀ ਨੋ ਭਿ ਧੋਵੇ, ਫੇਰਿ ਹਥ ਅਪਣੇ ਮਿਟੀ ਮਲ ਕੇ ਤੀਨ ਵਾਰੀ ਧੋਵੇ, ਫਿਰ ਗੋਡਿਆਂ ਸਿਉਂ ਲੇ ਕੇ ਪੈਰ ਧੋਵੈ, ਜਬ ਫਨੇ ਇਉਂ ਹੀ ਕਰੇ । 3 । ਫਿਰਿ ਦਾਤਨ ਕਰੇ, ਮੂੰਹ ਧੋਵੇ ਗੁਰੂ ਪੁਰਖ ਨਾਮ ਲੈਂਦਾ ਜਾਏ । 4 । ਤਿਸ ਤੇ ਉਪਰਾਂਤ ਇਸ਼ਨਾਨ ਕਰੇ ਕੇਸਾ ਸੁਧਾ ਪਾਣੀ ਪਾਇ ਨ੍ਹਾਏ, ਸੱਤ ਗੜਵੀਆ ਨਾਲਿ ਨ੍ਹਾਵੈ ਗੜਵੀ ਜਿਸ ਵਿਚ ਸੇਰ ਪਾਣੀ ਪਵੈ । ਫੇਰਿ ਗੁਰਮੰਤ੍ਰ ਸਬਦ-ਬਾਣੀ ਪੜ੍ਹੈ, ਉਚਾਰ ਕਰੈ ।

ਦਿਨ ਚੜ੍ਹੇ ਕੀਰਤਨ ਕਰੇ ਅਥਵਾ ਇਕ ਸਬਦ, ਦੁਇ ਸਬਦ, ਜੋ ਕਿਛੁ ਗੁਰੂ ਪੜ੍ਹਾਵੇ ਗ੍ਰੰਥ ਪੋਥੀ ਸੋਂ ਪੜ੍ਹੈ । ਫੇਰਿ ਚਰਨ ਕੰਵਲ ਆਰਤੀ ਪੜ੍ਹਕੇ ਕਿਰਤ ਨੂੰ ਲਗੈ । ਜਦ ਦੁਇ ਪਹਰ ਦਿਨ ਗੁਜਰੇ, ਫੇਰਿ ਹਥ ਮੂੰਹ ਪੈਰ ਗੋਡਿਆਂ ਤਕ ਧੋਇਕੈ ਸੋਦਰੁ ਰਹਰਾਸਿ ਨਾਲਿ ਪੜ੍ਹੈ । ਸੰਧਿਆ ਨੂੰ ਗੁਰਮੰਤ੍ਰ ਪੜੇ । ਫੇਰਿ ਰਾਤਿ ਨੂੰ ਸਬਦ ਬਾਣੀ ਪੜੇ,ਗਾਵੈ, ਕੀਰਤਨ ਕਰੈ । ਜਬ ਜਾਨੈ ਜੁ ਨਿੰਦ੍ਰਾ ਬਹੁਤ ਗਲਬਾ ਆਇ ਕੀਤਾ ਹੈ ਤਾਂ ਆਰਤੀ ਸੋਹਿਲਾ ਪੜ੍ਹ ਕੇ ਸੋਵੈ । ਧਿਆਨ ਅਪਣਾ ਸ੍ਰੀ ਵਾਹਿਗੁਰੂ ਅਕਾਲ ਪੁਰਖ ਵਿਚੇ ਰਖ ਕੇ ਸੁਰਤਿ ਸਿਉਂ ਸੋਵੈ । ੧੦ ।

ਦੁਤੀਆ ਬਚਨ—ਅਹਾਰੁ ਥੋੜਾ-ਬਹੁਤ ਸਵੇਰ ਹੀ ਖਾਏ ਪਰ ਭੁਖ ਲਗੀ ਰੋਟੀ ਦਾਲ ਅਥਵਾ ਕਿਛੁ ਹੋਰ । ੧ । ਫੇਰਿ ਚਾਰ ਅਥਵਾ ਤਿਨ ਘੜੀਆਂ ਦਿਨ ਰਹਿੰਦੇ ਰਿੰਧਾ ਅੰਨ ਖਾਏ, ਦਾਲ, ਚਾਵਲ, ਖਿਚੜੀ, ਮਾਸ ਚਾਵਲ, ਪਲਾਵ । ਰੋਟੀ ਦੁਇ ਵਖਤ ਨ ਖਾਏ ਮਨ੍ਹਾ ਹੈ । ੨ । ਪਰ ਕਿਛ ਭੁਖ ਰਖਕੇ ਖਾਏ, ਭਰੇ ਉਪਰਿ ਭਰੇ ਨਾਹੀ । ੩ । ਮੇਵਾ ਜੋ ਖਾਏ ਨਿਰਾਹਾਰ ਖਾਏ, ਖੁਸ਼ਕ ਮੇਵਾ । ੪ । ਤਰ ਮੇਵਾ ਖਾਏ ਦੁਇ ਚਾਰ ਪੈਸਾ ਭਰ ਅੰਨ ਦੀ ਅੰਸ ਮੂੰਹ ਪਾਇਕੈ ਖਾਏ । ੫ । ਜੋ ਕਿਛੁ ਖਾਏ ਸੋ ਭੁਖ ਮੈਂ ਖਾਏ ਅਰੁ ਭੁਖ ਰਖਕੈ ਖਾਏ । ੬ ।

ਤ੍ਰਿਤੀਆ ਬਚਨ—ਅਬ ਪੋਸ਼ਾਕ ਪਹਰੈ, ਤਉਂ ਕਿਉਂ ਕਰਿ ਪਹਰੈ, ਜੋ ਜੈਸੀ ਗੁਰੂ ਬਾਬਾ ਦੇਇ ਤੈਸੀ ਪਹਰੈ । 1 । ਪ੍ਰਿਥਮੇ ਦੋ ਚਾਰ ਦਿਨ ਪਿਛੇ ਧੁਆਇ ਪਹਿਰੈ ।

ਕੈ ਤੋ ਛਿਅ ਦਿਨ ਪਿਛੈ ਅਥਵਾ ਆਠ ਦਿਨ ਪਿਛੇ ਧੁਆਇ ਪਹਰੇ। ਜੋ ਸਿਖ ਗੁਰੂ ਬਾਬੇ ਅਕਾਲ ਪੁਰਖ ਜੀ ਕਾ ਅੱਠਵੇਂ ਦਿਨ ਤੇ ਵਧੀਕ ਧੁਆਇ ਪਹਿ-ਰੈਗਾ, ਦਲਿਦ੍ਰੀ ਹੋਵੇਗਾ। ੨।

ਅਰ ਜਬ ਕਪੜੇ ਪਹਰੈ, ਤਬ ਜਥਾ ਸ਼ਕਤਿ ਖੁਸ਼ਬੋਈ ਲਗਾਇ ਪਹਰੇ। ੩। ਤਾਤਪ੍ਰਜ ਇਸਕਾ ਏਹੀ ਹੈ ਜੋ ਸਿਖ ਖਾਲਸੇ ਕੇ ਉਜਲ ਪਾਕ ਸਾਫ ਰਹਨ, ਮਲੀਨ ਨ ਰਹਨ, ਕਿਆ ਇਸਤ੍ਰੀ, ਕਿਆ ਮਰਦ ਸਭਨਾ ਨੋ ਕਹਿਆ ਹੈ। ਜੁ ਇਸ ਤਰਾਂ ਪੋਸ਼ਾਕ ਪਹਰੈ ।੩।

ਚਤੁਰਥ ਬਚਨ—ਅਰ ਜੋ ਪੁਸ਼ਾਕ ਪਹਰੇ ਸੋ ਕੈਸੀ ਪਹਰੇ, ਪ੍ਰਿਥਮੇ ਪਗੜੀ ਝਾਂ ਲੰਮੀ ਕੇਸ ਸਿਰ ਉਪਰਿ ਕਲਗੀ ਪਰਾਂ ਦੀ। ਔਰ ਜੋ ਕਿਛ ਗੁਰੂ ਦੇਇ-ਸਰਪੇਚ ਗੋਸ਼ਪੇਚ ਸੋ ਪਗੜੀ ਉਪਰਿ ਪਹਰੈ। ੧। ਜੈਸਾ ਗੁਰੂ ਦੇਵੇ ਸੋ ਪਹਰੇ ਜਾਮਾ ਅਗਲ ਬੰਦੀ। ੨। ਪਾਇਜਾਮਾ ਮੋਜਿਆ ਦੀ ਤਰਹ, ਜੇ ਕਦਾਚ ਸਾਰਾ ਨ ਪਹਰੈ ਤਾਂ ਪਤਾਵੇ ਕਪੜੇ ਦੇ ਉਪਰਿ ਪਹਰੈ। ੩। ਅਰ ਜੋ ਮੋਜੇ ਚਮੜੇ ਵ ਬਨਾਤ ਅਥਵਾ ਮਖਮਲ ਕੇ ਪਹਰੇ ਤਾਂ ਅਤਿ ਭਲਾ। ੪। ਫੇਰਿ ਤਿਸ ਉਪਰਿ ਪਟਕਾ ਬੰਨ੍ਹੇ, ਉਪਰ ਪਰਮ ਜਨੇਊ ਪਹਰੇ, ਹਥਿਆਰ ਬੰਨ੍ਹੇ ।੫। ਅਰੁ ਜੁ ਘੋੜਾ ਗੁਰੂ ਦੇਇ ਤਾਂ ਘੋੜੇ ਉਪਰਿ ਚੜ੍ਹੇ ਹੋਰ ਜੋ ਸਵਾਰੀ ਮਉਜੂਦ ਹੋਵੇ, ਉਸ ਉਪਰਿ ਚੜ੍ਹੇ। ੬। ਕੰਨੀਂ ਮੋਤੀ ਪਾਇ ਅਰੁ ਜੋ ਜੋ ਗਹਣੇ ਮਰਦਾਨੇ ਹੈਨਿ, ਸੋ ਪਹਰੇ। ੭। ......

ਪੰਚਮ ਬਚਨ—ਅਰ ਜਿਸ ਜਗਹਿ ਇਸ ਪ੍ਰਾਣੀ ਕਾ ਨਿਵਾਸ ਹੋਵੇ ਤਹਾਂ ਇਸ ਰਊਂਸ ਜਗਹ ਬਨਾਇਕੇ ਰਹੈ। ਪ੍ਰਿਥਮੇ ਤੋ ਏਕ ਅੰਦਾਨ ਕੱਚਾ ਅਥਵਾ ਪੱਕਾ ਅਥਵਾ ਛੱਪਰ ਛਾ ਹੋਵੈ। ਉਸ ਅੰਦਰਿ ਦੁਇ ਕੋਠੜੀਆਂ ਹੋਨਿ, ਅਛਾ ਪਾਕ ਸਾਫ਼ ਰਖੇ। ੧ ਫੇਰਿ ਏਕ ਜਗਹਿ ਜਹਾਂ ਛੱਪਰ ਨ ਹੋਇ, ਤਹਾਂ ਪ੍ਰਸਾਦ ਕਰਨੇ ਕੀ ਬਿਧਿ ਕਰੇ ਉਸ ਮੈਂ ਭੀ ਇਕ ਕੋਠੜੀ ਹੋਇ, ਉਹ ਜਗਹ ਭੀ ਅਛੀ ਸਾਫ ਰਹੇ। ੨। ਫਿਰਿ ਇਕ ਗੋਸ਼ੇ ਦਿਸ਼ਾ-ਭੂਮਿ ਦੀ ਜਗਹ ਬਣਾਏ, ਉਸ ਉਪਰਿ ਭੀ ਸਾਇਆ ਹੋਵੇ, ਉਹ ਭੀ ਸਾਫ ਰਹੈ। ੩। ਫਿਰ ਜਹਾਂ ਬੈਠੇ, ਸੋਵੈ, ਤਹਾਂ ਗੁਲਜ਼ਾਰ ਕਰੇ, ਬੂਟੇ ਬੀਜੇ, ਚੁਬੱਚਾ ਪਾਣੀ ਦਾ ਅਰੁ ਫੁਹਾਰਾ ਕਰੇ ਅਰ ਜਗਹ ਪਾਕ ਸਾਫ ਰਖੇ। ੪। ਜਥਾਸ਼ਕਤਿ ਫਰਸ਼ ਬਿਛਾਇ ਰਖੇ। ੫। ਫੇਰਿ ਏਕ ਜਗਹ, ਉਸਤੇ ਬਾਹਰਿ ਦੀਵਾਨਖਾਨਾ

ਕਰੈ, ਊਹਾਂ ਏਕ ਐਵਾਨ ਚਾਹੀਐ ਅਤੇ ਏਕ ਕੋਠੜੀ ਕਰੈ । ੭ । ਅਰੁ ਉਸਦੇ ਗੋਸ਼ੇ, ਦਿਸਾ-ਭੂਮਿ* ਦੀ ਜਗਹ ਕਰੇ । ੮ । ਅਰੁ ਐਵਾਨ ਦੇ ਅਗੇ ਭੀ ਗੁਲਜ਼ਾਰ ਬੂਟਿਆਂ ਦੀ ਕਰੈ, ਅਰ ਚੁਬੱਚਾ ਫੁਹਾਰਾ ਭੀ ਕਰੇ । ੯ । ਅਰੁ ਏਕ ਤਬੇਲੇ ਕੀ ਜਗਹ ਕਰੇ । ੧੦ । ਅਰ ਜਬ ਸ਼ਕਤਿ ਗੁਰੂ ਖੂਹੇ ਦੀ ਹੋਵੇ ਤਾਂ ਅਵੱਸ਼ ਕਰੇ । ੧੧ । ਅਰੁ ਜੈਸੀ ਗੁਰੂ ਸ਼ਕਤਿ ਦੇਇ ਤੈਸੀ ਜਗਹ ਬਨਾਇ । ੧੨ ।

ਛਠਮ ਬਚਨ—ਅਬ ਕਿਰਤ ਰੁਜ਼ਗਾਰ ਕੀ ਬਿਧਿ ਕਿਉਂ ਕਰ ਕਰੇ, ਪ੍ਰਿਥਮੇ ਕਿਰਤ ਜੋ ਕਰੈ, ਸੋ ਧਰਮ ਕੀ ਕਰੈ, ਬਰਕਤਿ ਧਾਵਨਹਾਰਾ ਗੁਰੂ ਬਾਬਾ ਹੈ । ੧ । ਚਾਕਰੀ ਕਰਨੀ ਸਿਖ ਖਾਲਸੇ ਸ੍ਰੀ ਗੁਰੂ ਅਕਾਲ ਪੁਰਖ ਦੇ ਨੇ ਮਨ੍ਹਾਂ ਹੈ । ੨ । ਤਰਾਜੂ-ਕਸ਼ੀ ਮਨ੍ਹਾ ਹੈ, ਦੁਕਾਨ ਬੈਠਣਾ ਮਨ੍ਹਾ ਹੈ । ੩ । ਕਸਬ ਕਰਨਾ ਘਰ ਬਿਖੇ ਫੁਰਮਾਇਆ ਹੈ, ਕਸਬ ਕਰਕੇ ਬਾਜ਼ਾਰ ਬਿਖੇ ਬੇਚ ਆਵੈ, ਐਬ ਨਾਹੀ । ਕਸਬ ਕਰਨੇ ਤੇ ਆਲਸ ਨ ਕਰੇ । ੪ । ਸਭ ਤੇ ਉਤਮ ਕਿਰਤ ਸਉਦਾਗਰੀ ਹੈ । ੫ । ਉਸ ਤੇ ਉਤਰ ਕੇ ਖੇਤੀ ਹੈ, ਕਿਰਤ ਰੁਜ਼ਗਾਰ ਇਹ ਕਰੇ । ੬ । ਅਰੁ ਜੋ ਕਿਛੁ ਕਮਾਈ ਕਰੈ ਉਸ ਕੇ ਹਿਸੇ ਕਰੇ ਪ੍ਰਿਥਮੇ ਤੇ ਗੁਰੂ ਕਾ ਹਿਸਾ ਨਿਕਾਲੇ, ਚਾਲੀਸਵਾਂ, ਬੀਸਵਾਂ, ਦਸਵਾਂ, ਜੋ ਗੁਰੂ ਹਿੰਮਤ ਦੇਇ । ਫਿਰਿ ਮਾਤਾ ਪਿਤਾ ਕਾ ਹਿਸਾ ਨਿਕਾਲੇ ਜਿਉਂ ਉਪਰਿ ਕਹਿਆ ਹੈ, ਫੇਰਿ ਖਾਲਸੇ ਕਾ ਹਿਸਾ ਨਿਕਾਲੇ, ਪ੍ਰਸਾਦ ਕੋ । ਫੇਰਿ ਅਪਨੀ ਪੁਸ਼ਾਕ, ਖੁਰਾਕ, ਖੁਸ਼ਬੋਈ, ਕਾ ਹਿੱਸਾ ਨਿਕਾਲੇ ਅਰੁ ਜੋ ਬਾਕੀ ਰਹੇ ਸੋ ਨੇਕ ਬਦ ਦਿਨ ਕੇ ਵਾਸਤੇ ਰਖੇ । ੭ ।

ਅਰੁ ਜੋ ਚਾਕਰੀ ਕਰੈ, ਤਉ ਸਿਪਾਹਗਰੀ ਕਰੈ, ਕੈਸੀ ਕਰੇ ਜੋ ਬੇਪ੍ਰਵਾਹ ਰਹੈ ਅਰੁ ਜੋ ਮਹੀਨਾ ਹੋਵੇ ਉਸ ਉਪਰਿ ਸੰਤੋਖ ਕਰੇ । ੮ । ਅਰੁ ਜਿਸਕਾ ਚਾਕਰ ਹੋਵੈ ਕਹੀਂ ਭੇਜੈ ਲੜਾਈ ਕੋ, ਤਾਂ ਉਸ ਸਮੇਂ ਅਪਣੀ ਮਰਾਦ ਨੂੰ ਛਡੇ ਜਾਣੈ, ਸੂਰ-ਬੀਰ ਹੋਇ ਰਹੈ । ੯ । ਅਰੁ ਜੋ ਲੜਾਈ ਹੋਇ ਤਾਂ ਲੂਟੇ ਨਾਹੀ, ਕਿਸੀ ਦੇ ਮਾਲ ਦੀ ਵਲਿ ਨਦਰਿ ਨ ਕਰੈ । ੧੦ । ਅਰ ਜੋ ਕਿਛੁ ਖ਼ਾਵੰਦ ਕਾਰ ਫੁਰਮਾਵੇ, ਸੋ ਸਿਰ ਮਾਥੇ ਉਪਰਿ ਮਾਨੈ । ੧੧ ।

---

*ਟੱਟੀ

(੮)

'ਪੱਕੀ ਰੋਟੀ' ਵਿਚੋਂ

ਜੇ ਕੋ ਪੁਛੇ ਬਿਸਮਿੱਲਾ ਦੇ ਮਹਿਨੇ ਕਿਹੜੇ ਹੈਨ, ਤੂੰ ਆਖ ਜੀ ਇਹ ਸ਼ੁਰੂ ਕਰਨਾ ਮੈਂ ਕਿਤਾਬ ਨੂੰ ਨਾਲ ਨਾਮ ਖੁਦਾ ਤਆਲਾ ਦੇ, ਜਿਹੜਾ ਰੋਜ਼ੀ ਦੇਂਦਾ ਹੈ ਸਭ ਜੀ ਨੂੰ ਵਿਚ ਦੁਨੀਆਂ ਦੇ ਅਤੇ ਬਖਸ਼ੇਗਾ ਮੋਮਨਾਂ ਨੂੰ, ਕਾਫ਼ਰਾਂ ਨੂੰ, ਦਿਹਾੜੇ ਕਿਆਮਤ ਦੇ ।

ਜੇ ਕੋ ਪੁਛੇ ਤੂੰ ਬੰਦਾ ਕਿਸਦਾ ਹੈਂ, ਤੂੰ ਆਖ ਜੀ ਖੁਦਾ ਤਆਲਾ ਦਾ ।

ਜੇ ਪੁਛੇ ਤੂੰ ਉੱਮਤ ਕਿਸਦੀ ਹੈਂ, ਤੂੰ ਆਖੀਂ ਹਜ਼ਰਤ ਮੁਹੰਮਦ ਰਸੂਲ ਅੱਲ੍ਹਾ ਸਲਾ ਅਲਾ ਅਲੈ ਓ ਆਲ੍ਹਾ ਓ ਸਲਮ ਦੀ ।

ਜੇ ਕੋ ਪੁਛੇ ਤੂੰ ਦੋਸਤਦਾਰ ਕਿਸਦਾ ਹੈਂ, ਤੂੰ ਆਖ ਜੀ ਚੌਹਾਂ ਯਾਰਾਂ ਹਜ਼ਰਤ ਸਲੀ ਅਲਾ ਅਲੈ ਓ ਆਲ੍ਹਾ ਓ ਸਲਮ ਦਿਆਂ ਦਾ । ਪਹਿਲਾ ਯਾਰ ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅਲਾ ਤਆਲਾ ਅਨਾ, ਦੂਜਾ ਹਜ਼ਰਤ ਉਮਰ ਬਿਨ ਖਿਤਾਬ ਰਜ਼ੀ ਅਲਾ ਤਆਲਾ ਅਨਾ, ਤਰੀਜਾ ਯਾਰ ਹਜ਼ਰਤ ਉਸਮਾਨ ਇਬਨ ਅਫ਼ਾਨ ਰਜ਼ੀ ਅਲਾ ਤਆਲਾ ਅਨਾ, ਚੌਥਾ ਯਾਰ ਹਜ਼ਰਤ ਅਲੀ ਕਰਮ ਅਲਾ ਵਜ਼ਹ ।

ਜੇ ਕੋ ਪੁਛੇ ਤੂੰ ਔਲਾਦ ਕਿਸਦੀ ਹੈਂ, ਤੂੰ ਆਖ ਜੀ ਹਜ਼ਰਤ ਆਦਮ ਸਫ਼ੀ ਅੱਲ੍ਹਾ ਦੀ ।

ਜੇ ਕੋ ਪੁਛੇ ਤੂੰ ਮਿੱਲਤ ਕਿਸਦੀ ਹੈਂ, ਤੂੰ ਆਖ ਜੀ ਹਜ਼ਰਤ ਇਬਰਾਹੀਮ ਖ਼ਲੀਲ-ਅਲਾ ਦੀ ।

ਜੇ ਕੋ ਪੁਛੇ ਤੂੰ ਗਰੋਹ ਕਿਸਦੇ ਚੋਂ ਹੈਂ, ਤੂੰ ਆਖ ਜੀ ਮੁਸਲਮਾਨਾਂ ਦੇ ਚੋਂ ।

ਜੇ ਕੋ ਪੁਛੇ ਤੂੰ ਮਜ਼ਬ ਕਿਸਦੇ ਚੋਂ ਹੈਂ, ਤੂੰ ਆਖ ਜੀ ਹਜ਼ਰਤ ਅਮਾਮ ਆਜ਼ਮ ਰਹਿਮਤ ਅੱਲਾ ਅਲੈ ਦੇ ਚੋਂ।

ਜੇ ਕੋ ਪੁਛੇ ਸਭੇ ਇਮਾਮ ਮਜ਼ਬ ਦੇ ਕਿਤਨੇ ਹੈਨ, ਤੂੰ ਆਖ ਜੀ ਚਾਰ, ਪਹਿਲ ਮਜ਼ਬ ਇਮਾਮ ਆਜ਼ਮ ਰਹਿਮਤ ਅਲਾ ਅਲੈ ਦਾ, ਦੂਜਾ ਮਜ਼ਬ ਹਜ਼ਰਤ ਇਮਾਮ ਸ਼ਾਫ਼ਈ ਰਹਿਮਤ ਅਲਾ ਅਲੈ ਦਾ, ਤਰੀਜਾ ਮਜ਼ਬ ਹਜ਼ਰਤ ਇਮਾਮ ਮਾਲਕ ਰਹਿਮਤ ਅਲਾ ਅਲੈ ਦਾ, ਚੌਥਾ ਮਜ਼ਬ ਹਜ਼ਰਤ ਅਮਾਮ ਅਹਿਮਦ ਬਿਨ ਖ਼ਲੀਲ ਰਹਿਮਤ ਅੱਲਾ ਅਲੈ ਦਾ।

ਜੇ ਕੋ ਪੁਛੇ ਪੈਗੰਬਰ ਸਾਹਿਬ ਦੀਆ ਕਿਤਨੀਆਂ ਪੀਹੜੀਆ ਜ਼ਾਤੀਆਂ ਫ਼ਰਜ਼ ਹੈਨ। ਤੂੰ ਆਖ ਜੀ ਚਾਰ,ਹਜ਼ਰਤ ਮੁਹੰਮਦ ਰਸੂਲ ਅਲਾ ਸਲੈ ਅਲਾ ਅਲੈ ਓ ਆਲ੍ਹਾ ਓ ਸਲਮ ਬੇਟਾ ਅਬਦੁੱਲਾ ਦਾ,ਅਬਦੁੱਲਾ ਬੇਟਾ ਮੁਤਲਬ ਦਾ, ਮੁਤਲਬ ਬੇਟਾ ਹਾਸ਼ਮ ਦਾ, ਹਾਸ਼ਮ ਬੇਟਾ ਅਬਦੁਲਮਨਾਫ਼ ਦਾ।

ਜੇ ਕੋ ਪੁਛੇ ਤੂੰ ਮੁਸਲਮਾਨ ਕਦੋਂਕਾ ਹੋਇਆ ਹੈਂ, ਤੂੰ ਆਖ ਜੀ ਰੋਜ਼ ਮੀਸ਼ਾਕ੧ ਦਾ, ਜਿਸ ਦਿਹਾੜੇ ਖ਼ੁਦਾ ਤਆਲਾ ਨੇ ਸਭੇ ਅਰਵਾਹ੨ ਪੈਦਾ ਕੀਤੇ ਨੇ।

ਜੇ ਕੋ ਪੁਛੇ ਈਮਾਨ ਕਿਤਨੇ ਹੈਨ, ਤੂੰ ਆਖ ਜੀ ਪੰਜ, ਜਿਹੜਾ ਈਮਾਨ ਪੈਗੰਬਰਾ ਦਾ ਉਸ ਦਾ ਨਾਮ ਮਕਬੂਲ ਹੈ ਅਤੇ ਜਿਹੜਾ ਈਮਾਨ ਫ਼ਰਿਸ਼ਤਿਆਂ ਦਾ, ਉਸ ਦਾ ਨਾਮ ਮਤ੍ਰੂ ਹੈ ਅਤੇ ਜਿਹੜਾ ਈਮਾਨ ਮੋਮਨਾਂ ਦਾ, ਉਸਦਾ ਨਾਮ ਈਮਾਨ ਮਾਸੂਮ ਹੈ ਅਤੇ ਜਿਹੜਾ ਈਮਾਨ ਬਦੋਤੀਆਂ ਦਾ ਉਸ ਦਾ ਨਾਮ ਈਮਾਨ ਮੌਕੂਫ਼ ਹੈ ਅਤੇ ਜਿਹੜਾ ਈਮਾਨ ਕਾਫ਼ਰਾਂ ਦਾ ਉਸ ਦਾ ਨਾਮ ਈਮਾਨ ਮਰਦੂਦ ਹੈ।

ਜੇ ਕੋ ਪੁਛੇ ਤੇਰਾ ਈਮਾਨ ਬੈਠਾ ਹੈ ਯਾ ਖਲੋਤਾ, ਤੂੰ ਆਖ ਜੀ ਜਿਸਨੇ ਸਭੇ ਹੁਕਮ ਖ਼ੁਦਾ ਤਆਲਾ ਦੇ ਮੰਨੇ, ਉਸਦਾ ਈਮਾਨ ਬੈਠਾ ਹੈ ਅਤੇ ਜਿਸਨੇ ਨਾਫ਼ਰ-ਮਾਨੀਆਂ ਕੀਤੀਆਂ, ਉਸਦਾ ਈਮਾਨ ਖਲੋਤਾ ਹੈ। ਦੇਖਾਂ ਕਿਤ ਵੇਲੇ ਟੁਰ ਵੈਂਦਾ।

ਜੇ ਕੋ ਪੁਛੇ ਤੇਰਾ ਈਮਾਨ ਨੰਗਾ ਹੈ ਜਾਂ ਕਜਿਆਂ ਹੋਇਆ ? ਤੂੰ ਆਖ ਜੀ

ਹੈ ਉਸ ਦਾ ਈਮਾਨ ਕਜਿਆ ਹੋਇਆ ਅਤੇ ਜਿਸ ਵਿਚ ਹਯਾ ਨਹੀਂ, ਉਸਦਾ ਈਮਾਨ ਨੰਗਾ ਹੈ।

੧ਸ੍ਰਿਸ਼ਟੀ ਰਚਨਾ ਦਾ ਪਹਿਲਾ ਦਿਨ ੨ਰੂਹਾਂ

ਜੇ ਕੋ ਪੁਛੇ ਤੇਰੇ ਈਮਾਨ ਦੀ ਜਗਹ, ਕਿਹੜੀ ਹੈ ਤੂੰ ਆਖ ਜੀ ਪੜ੍ਹਨਾ ਇਲਮ ਸ਼ਰੀਅਤ ਦਾ ।

ਜੇ ਕੋ ਪੁਛੇ ਰੁਕਨ ਈਮਾਨ ਦੇ ਕਿਤਨੇ ਹੈਨ ਤੂੰ ਆਖ ਜੀ ਦੋ :—

ਇਕਰਾਰ ਕੀਤਾ ਨਾਲ ਜ਼ਬਾਨ ਦੇ ਤੇ ਸਚ ਕਰ ਮੰਨਿਆ ਨਾਲ ਦਿਲ ਦੇ ਖੁਦਾ ਇਕ ਹੈ, ਖੁਦਾ ਦਾ ਭੇਜਿਆ ਹੋਇਆ ਮੁਹੰਮਦ ਰਸੂਲ ਅੱਲ੍ਹਾ ਸਲੀ ਅਲਾ ਅਲੈ ਓ ਆਲ੍ਹਾ ਓ ਸਲਮ ਬਰ ਹਕ ਹੈ ।

ਜੇ ਕੋ ਪੁਛੇ ਹੁਕਮ ਈਮਾਨ ਦੇ ਕਿਤਨੇ ਹੈਨ, ਤੂੰ ਆਖ ਜੀ ਸੱਤ: ਅੱਵਲ ਜੋ ਕੋਈ ਮੁਸਲਮਾਨ ਹੋਵੇ ਉਸ ਨੂੰ ਕਤਲ ਨ ਕੀਜੀਏ, ਦੂਜਾ ਉਸ ਨੂੰ ਬੰਦ ਨ ਦੀਜੀਏ, ਤਰੀਜਾ ਉਸ ਦਾ ਮਾਲ ਨ ਖੱਸੀਏ, ਚੋਥਾ ਉਸ ਨੂੰ ਬਗੈਰ ਹੁਕਮ ਸ਼ਰ੍ਹਾ ਦੇ ਨਾ ਨਜਾਨੀਏ, ਪੰਜਵਾਂ ਉਸ ਦਾ ਗਿਲਾ ਨਾ ਕੀਜੀਏ, ਛੇਵਾਂ ਉਸ ਦਾ ਘਰ ਬਹਿਸ਼ਤ ਵਿਚ ਹੋਸੀ. ਸੱਤਵਾਂ ਉਸ ਤੇ ਦੋਜ਼ਖ ਭਾਹ ਹਰਾਮ ਹੋਸੀ ।

ਜੇ ਕੋ ਪੁਛੇ ਸ਼ਰਤਾਂ ਈਮਾਨ ਦੀਆਂ ਕਿਤਨੀਆਂ ਹੈਨ, ਤੂੰ ਆਖ ਜੀ ਸੱਤ: ਅਵਲ ਈਮਾਨ ਲਿਆਵਣਾ ਨਾਲ ਗੈਬ ਦੇ, ਦੂਜੇ ਇਲਮ ਗੈਬ ਦਾ ਖ਼ਾਸ ਖੁਦਾ ਤਆਲਾ ਨੂੰ ਮਲੂਮ ਹੈ, ਤਰੀਜਾ ਇਖ਼ਤਿਆਰ ਅਪਣੇ ਤੇ ਈਮਾਨ ਲਿਆਵਣਾ, ਚੋਥਾ ਫ਼ਜ਼ਲਾਂ ਖੁਦਾ ਤਆਲਾ ਦੀਆਂ ਦਾ ਉਮੀਦਵਾਰ ਰਹਿਣਾ, ਪੰਜਵਾਂ ਖੁਦਾ ਤਆਲਾ ਦੇ ਅਜ਼ਾਬਾਂ ਥੀਂ ਡਰਨਾ, ਛੇਵਾਂ ਹਲਾਲਾਂ ਖੁਦਾ ਤਆਲਾ ਦਿਆਂ ਨੂੰ ਹਲਾਲ ਕਰ ਜਾਣਨਾ ਸੱਤਵਾਂ ਹਰਾਮਾਂ ਖੁਦਾ ਤਆਲਾ ਦਿਆਂ ਨੂੰ ਹਰਾਮ ਕਰ ਜਾਣਨਾ ।

ਜੇ ਕੋ ਪੁਛੇ ਸਿਫ਼ਤਾਂ ਈਮਾਨ ਦੀਆਂ ਕਿਤਨੀਆ ਹੈਨ, ਤੂੰ ਆਖ ਜੀ ਸੱਤ: ਮੰਨਿਆ ਮੈਂ ਖੁਦਾ ਤਆਲਾ ਨੂੰ...ਅਤੇ ਮੰਨੇ ਸਭ ਫ਼ਰਿਸ਼ਤੇ ਮੈਂ ਖੁਦਾ ਤਆਲਾ ਦੇ ਅਤੇ ਮੰਨਿਆਂ ਮੈਂ ਸਭ ਕਿਤਾਬਾਂ ਉਸ ਦੀਆ...ਅਤੇ ਮੰਨੇ ਮੈਂ ਸਭ ਪੈਗੰਬਰ ਉਸਦੇ ਅਤੇ ਮੰਨਿਆ ਮੈਂ ਦਿਨ ਕਿਆਮਤ ਦਾ, ਅਤੇ ਮੰਨਿਆ ਮੈਂ ਅੰਦਾਜ਼ਾ ਨੇਕੀਆ ਅਤੇ ਬਦੀਆ ਦਾ ਤਰਫੋਂ ਖੁਦਾ ਤਆਲਾ ਦੇ । ਨੇਕੀਆ ਵਿਚ ਖੁਦਾ ਤਆਲਾ ਰਾਜ਼ੀ ਹੈ ਅਤੇ ਬਦੀਆਂ ਵਿਚ ਰਾਜ਼ੀ ਨਹੀਂ । ਮਾਰੇਗਾ ਮਾਰ ਕੇ ਜਿਵਾਏਗਾ, ਵਤ ਨਹੀਂ ਮਾਰੇਗਾ ।

ਜੇ ਕੋ ਪੁਛੇ ਈਮਾਨ ਮਜਮਲ ਕਿਹੜਾ ਹੈ, ਤੂੰ ਆਖ ਜੀ ਮੰਨਿਆ ਮੈਂ ਖੁਦਾ ਤਆਲਾ ਨੂੰ ਜਿਉਂ ਕਰ ਹੈ ਉਹ ਨਾਲ ਨਾਵਾਂ ਆਪਣਿਆਂ ਦੇ .. ਅਤੇ ਨਾਲ ਸਿਫਤਾਂ ਆਪਣੀਆਂ ਦੇ...ਅਤੇ ਕਬੂਲ ਕੀਤੇ ਮੈਂ ਸਭ ਹੁਕਮ ਖੁਦਾ ਤਆਲਾ ਦੇ ।

ਜੇ ਕੋ ਪੁਛੇ ਸ਼ਰਤਾਂ ਈਮਾਨ ਦੇ ਬਕਾ ਰਹਿਣ ਦੀਆਂ ਕਿਤਨੀਆਂ ਹੈਨ, ਤੂੰ ਆਖ ਜੀ ਤ੍ਰੈ: ਅੱਵਲ ਬੰਦਾ ਸ਼ੁਕਰ ਕਰੇ ਜੋ ਅੱਲਾ ਤਆਲਾ ਨੇ ਈਮਾਨ ਦਿਤਾ, ਦੂਜਾ ਡਰਦਾ ਰਹੇ ਜੋ ਈਮਾਨ ਦਿਤਾ ਹੋਇਆ ਮਤ ਖੁੱਸ ਜਾਵੇ, ਤਰੀਜਾ ਜ਼ੁਲਮ ਨ ਕਰੇ ਕਿਸੇ ਤੇ ।

ਜੇ ਕੋ ਪੁਛੇ ਬਨਾਈਂ ਮੁਸਲਮਾਨੀ ਦੀਆਂ ਕਿਤਨੀਆਂ ਹੈਨਿ ਤੂੰ ਆਖ ਜੀ ਪੰਜ—ਕਲਮਾ ਪੜ੍ਹਨਾ ਇੱਕ, ਨਮਾਜ਼ ਪੜਨੀ ਦੋ, ਰੋਜ਼ੇ ਮਾਹ ਰਮਜ਼ਾਨ ਦੇ ਰਖਣੇ ਤ੍ਰੈ, ਜ਼ਕਾਤ ਮਾਲ ਦੀ ਦੇਣੀ ਚਾਰ, ਹੱਜ ਕਰਨਾ ਪੰਜ ।

ਜੇ ਕੋ ਪੁਛੇ ਵਾਜਬ ਇਸਲਾਮ ਦੇ ਕਿਤਨੇ ਹੈਨ ਤੂੰ ਆਖ ਜੀ ਸੱਤ । ਖਿਦਮਤ ਕਬੀਲੇ ਭੁਖੇ ਦੀ ਕਰਨੀ ਇਕ, ਕੁਰਬਾਨੀ ਦੇਵਣੀ ਦੋ, ਸਦਕਾ ਈਦੁਲਫਿਤਰ ਦਾ ਦੇਵਣਾ ਤ੍ਰੈ, ਮਾਂ ਪਿਉ ਦੀ ਖਿਦਮਤ ਕਰਨੀ ਚਾਰ, ਔਰਤ ਨੇ ਖਿਦਮਤ ਖਸਮ ਦੀ ਕਰਨੀ ਪੰਜ, ਉਮਰਾ ਬਜਾ ਲਿਆਵਣਾ ਛੇ, ਵੇਤਰ ਪੜ੍ਹਨੇ ਸੱਤ ।'

....

(੯)

ਵਿਕਾਰ ਜ਼ਬਾਨ ਕੇ

ਵਿਕਾਰੁ ਪਹਿਲਾ ਏਹੁ ਜੋ ਵਚਨੁ ਬੋਲੀਏ ਜਿਸ ਦੀ ਜ਼ਰੂਰੀ ਨ ਹੋਵੇ । ਜਿਵੇਂ ਕਿਸੇ ਮਜਲਸ ਵਿਚਿ ਆਪਣੀ ਮੁਸਾਫ਼ਰੀ ਕੀ ਗੱਲ ਕਰਣੀ ਅਤੇ ਜੇੜੀਆ ਜੇੜੀਆ ਵਸਤੂ ਖਾਧੀਆਂ ਹੋਵਨਿ ਅਤੇ ਜੇਤੇ ਬਹੁਤ ਸ਼ਹਰ ਡਿਠੇ ਹੋਵਨਿ । ਅਤੇ ਬਾਗ਼ ਬੁਸਤਾਨ ਪਹਾੜ ਜੋ ਜੋ ਸੈਲਾ ਕੀਤੀਆਂ ਹੋਵਨਿ ਸੋ ਆਖਿ ਸੁਣਾਵਣੀਆਂ । ਜੇੜੀਆਂ ਗਾਲੀਆਂ ਗੁਜਰ ਗਈਆ ਹੁਣ ਆਖਣ ਵਿਚੋਂ ਜਿਨਾ ਗਾਲੀਂ ਦਾ ਘਟਦਾ ਵਧਦਾ ਕੁਝ ਨਹੀਂ । ਅਤੇ ਜੇ ਨਾ ਆਖੀਐ ਤਾਂ ਵਿਗੜਦਾ ਕੁਝ ਨਾਹੀਂ । ਤਿਸ ਬੋਲਨ ਵਿਚੋਂ ਧਰਮ ਦੀ ਸ਼ੋਭਾ ਵੈਂਦੀ ਹੈ । ਜਿਉਂ ਕਰਿ ਕੋਈ ਮਿਲੇ ਤਿਸ ਕੋਨੋ ਸੁਧਿ ਖਬਰ ਪੁਛੀਏ ਜਿਸ ਨਾਲ ਆਪਣਾ ਪਰੋਜਨੁ ਕੁਝ ਨਾ ਹੋਵੈ ਸੋ ਇਹੁ ਪੁਛਣੁ ਵਧੀਕੁ ਹੈ । ਸੋ ਵਧੀਕ ਭੀ ਤਾ ਹੀ ਆਖਦਾ ਹੈ ਜੋ ਉਸ ਵਿਚੋਂ ਬਹੀ ਉਪਾਧਿ ਕਾਈ ਨ ਉਠੇ । ਪਰ ਜੇ ਕਿਸੇ ਕੋਨੋ ਪੁਛੀਐ ਜੋ ਵਰਤੁ ਰਾਖਿਆ ਹੈ ਕਿ ਨੀ । ਜੇ ਕਰਿ ਸਚੁ ਆਖੇ ਜੋ ਵਰਤ ਰਾਖਿਆ ਹੈ ਤਾਂ ਆਪਣਾ ਪੁੰਨੁ ਜਾਹਰੁ ਕੀਤੁਸੁ । ਅਤੇ ਜੇ ਵਰਤੁ ਨਾ ਰਾਖਿਆ ਆਹੁ ਤਾਂ ਸ਼ਰਮਿੰਦਗੀ ਕੋਨੋ ਸਚੁ ਨਾ ਆਖਿ ਸਖਿਉਸ । ਝੂਠ ਆਖਣਾ ਪਇਉਸੁ । ਸੋ ਅਪਰਾਧ ਪੁਛਣ ਵਾਲੇ ਦੇ ਸਿਰਿ ਕੀਆ ਤਿਸ ਵਧੀਕ ਬੋਲਣ ਦਾ ਇਲਾਜੁ ਏਹੁ ਹੈ ਜੋ ਜਾਣੇ ਜੋ ਮਰਣਾ ਨੇੜੇ ਹੈ ਅਤੇ ਜੋ ਸਾਇਤ ਪਲ ਕਥਨਨ ਵਿਚਿ ਗੁਜਰੇ ਸੋ ਪਰਲੋਕ ਦੀ ਖਰਚੀ ਹੋਂਦੀ ਹੈ । ਸਮਾਂ ਅਕਾਰਥ ਵੰਞਾਵਣਾ ਘਾਟਾ ਹੁੰਦਾ ਹੈ । ੧ ।

ਵਿਕਾਰ ਦੂਜਾ ਖੋਟ ਖਪਟ ਦੀਆਂ ਗਾਲੀਂ ਕਰਣੀਆਂ । ਆਪਣੀਆ ਭਾਵੇਂ

ਬੰਧਨਾ ਦੀਆ ਭਾਵੇਂ ਕੋਈ ਆਪਸ ਅੰਦਰ ਲੜੇ ਹੋਵਨਿ। ਅਤੇ ਇਕ ਕਿਏ ਕੂ ਦੁਰਵਚਨ ਅਲਾਏ ਹੋਵਨੇ ਤਿਨਾ ਦੀ ਗੱਲ ਕਰਣੀ। ਭਾਵੇਂ ਆਪਿ ਦੁਰਵਚਨ ਅਲਾਵਣੇ ਜਿਸ ਕੰਨੋਂ ਹਾਸਾ ਆਵੇ। ੨।

ਵਿਕਾਰ ਤੀਜਾ ਝਗੜਾ ਕਰਨਾ। ਅਤੇ ਹੋਰਨਾ ਦਾ ਵਚਨੁ ਢਾਹਿ ਛੋਡਣਾ। ਇਸ ਵਿਚੋਂ ਦੁਇ ਪ੍ਰਕਿਰਤਾਂ ਬਹੁਤ ਪਾਈਆਂ ਹਿਨਿ। ਇਕੁ ਅਭਿਮਾਨ। ਦੂਜਾ ਭਿਗਿਆੜਾਂ ਦਾ ਸੁਭਾਉ। ਇਹ ਨਖਿਧ ਹੈ ਜੋ ਦੁਖਾਉ ਇਸ ਵਿਚੋਂ ਨਿਕਲਦਾ ਹੈ। ਜੇ ਅਵਸ ਕਿਸੇ ਕੂ ਧਰਮ ਦੇ ਰਾਹ ਵਿਚ ਕੁਝ ਆਖਣਾ ਹੋਵੇ ਤਾਂ ਇਕਾਂਤ ਵੇਲੇ ਜਥਾਰਥੁ ਖੋਲਿ ਸੁਣਾਈਏ। ਜੇ ਮਨੀਵਣ ਦੀ ਉਮੈਦ ਹੋਵੇ ਨਾਹੀ ਤਾਂ ਚੁਪ ਕਰਿ ਰਹੀਏ। ੩।

ਵਿਕਾਰੁ ਚਉਥਾ ਝੇੜਾ ਕਰਣਾ ਵਿਚਿ ਵਿਹਾਰ ਦੇ, ਸੋ ਵਡਾ ਵਿਕਾਰੁ ਹੈ। ਕਿਸੇ ਰਹਤਵਾਨ ਝੇੜਾ ਨਹੀਂ ਕੀਤਾ। ਜੋ ਵਰਾਇ ਵਧੀਕ ਬੋਲਣ ਦੇ ਝੇੜਾ ਨਹੀਂ ਨਿਬੜਦਾ ਅਤੇ ਰਹਤਵਾਨ ਵਧੀਕ ਨਹੀਂ ਬੁਲੇਂਦਾ। ਜੇ ਕਿਸੇ ਕੂ ਝੇੜਾ ਆਇ ਬਣੇ ਭੀ ਤਾਂ ਜੋ ਕਰ ਫੁਰਮਾਵਿਸਿ ਤਾਂ ਵੀ ਵਰਾਏ ਸਚ ਦੇ ਅਲਾਏ ਨਹੀਂ। ਅਤੇ ਦੁਖਾਵਣ ਦੀ ਮਨਸਾ ਨਾ ਕਰੇ ਅਤੇ ਕਠੋਰ ਨ ਅਲਾਏ ਅਤੇ ਵਧੀਕ ਨ ਅਲਾਏ ਜੋ ਧਰਮ ਨਾਸੁ ਹੋਂਦਾ ਹੈ। ੪।

ਵਿਕਾਰੁ ਪੰਜਵਾਂ ਦੁਰਵਚਨ ਅਲਾਵਣਾ ਪਰਲੋਕ ਦਾ ਸੁਖੁ ਪਿਰਾਪਤੁ ਨਹੀਂ ਹੋਂਦਾ, ਦੁਰਵਚਨ ਅਲਾਵਣ ਵਾਲੇ ਕੂ। ੫।

ਵਿਕਾਰੁ ਛਿਹਵਾਂ ਧ੍ਰਿਕਾਰ ਕਰਣੀ। ਸੋ ਨਖਿਧ ਹੈ ਆਦਮੀ ਕੂ ਆਖੇ ਭਾਵੇਂ ਪਸੂ ਕੂ ਆਖੇ ਭਾਵੇਂ ਕਪੜੇ ਕੂ ਆਖੇ। ਨਹੀਂ ਲਾਇਕੁ। ੬।

ਵਿਕਾਰੁ ਸੱਤਵਾਂ ਗੀਤ ਅਲਾਵਣੇ ਜਿਸ ਵਿਚ ਉਸਤਤਿ ਵਿਚ ਨਿੰਦਾ ਹੋਵੇ। ੭।

ਵਿਕਾਰੁ ਅੱਠਵਾਂ ਹਾਸੀ ਮਸ਼ਕਰੀ ਕਰਨੀ। ੮।

ਵਿਕਾਰੁ ਨਉਵਾਂ ਠਾਠਾ ਬਾਗਾ ਕਰਣਾ। ਅਤੇ ਅਗਲੇ ਦਾ ਸਾਂਗ ਬਣਾਵਣਾ। ਜਿਸ ਵਿਚੋਂ ਕੋਈ ਦਲਗੀਰੁ ਥੀਵੇ ਸੋ ਨਖਿਧ ਹੈ। ੯।

ਵਿਕਾਰੁ ਦਸਵਾਂ ਵਾਇਦਾ ਕਰਣਾ ਝੂਠਾ, ਸੋ ਝੂਠੇ ਪਾਪ ਕਿਤੇ ਕੇਤੇ ਹਿਨਿ। ਕੂੜ ਬੋਲਣਾ, ਵਾਇਦਾ ਝੂਠਾ ਭੇਜਣਾ, ਵਿਸਾਹ ਵਿਚਿ ਧ੍ਰੋਹ ਕਰਣਾ। ਵਾਇਦਾ ਕਰਜ ਦੇ ਡਿਤਾ ਲੋੜੀਏ। ਅਤੇ ਜੇ ਪੁਗਾਇ ਨਾ ਸਕੀਏ ਤਾਂ ਵਾਇਦਾ ਪੱਕਾ ਨਾ ਡਿਚੈ। ੧੦।

ਵਿਕਾਰੁ ਯਾਰ੍ਹਵਾਂ ਝੂਠੁ ਬੋਲਣਾ ਅਤੇ ਸਹੁੰ ਕਰਣੀ ਝੂਠੀ, ਸੋ ਵਡਾ ਪਾਪੁ ਹੈ। ਝੂਠੁ ਬੋਲਣਾ ਅਧਰਮ ਦਾ ਦਰਵਾਜ਼ਾ ਹੈ। ਅਤੇ ਝੂਠ ਕੋਨੇ ਆਜੀਵਕਾ ਘਟਦੀ ਹੈ। ਜੇੜਾ ਝੂਠੀ ਸਹੁੰ ਕਰਿ ਕਿਸੇ ਕੂ ਮੋਹਿ ਘਿਨੇ ਉਸ ਤੇ ਸਾਹਿਬ ਦਾ ਕਰੋਧੁ ਹੋਂਦਾ ਹੈ। ਕੂੜੁ ਇਸ ਵਾਸਤੇ ਨਖਿਧ ਹੈ ਜੋ ਦਿਲ ਕੂ ਅੰਧੇਰਾ ਕਰੇਂਦਾ ਹੈ। ਪਰ ਕਿਸੇ ਸੁਲਾਹ ਵਾਸਤੇ ਝੂਠੁ ਆਖਣਾ ਭੀ ਪਰਵਾਨੁ ਹੋਂਦਾ ਹੈ। ਜਿਵੇਂ ਕੋਈ ਨੱਠਾ ਹੋਵੇ ਕਿਸੇ ਜ਼ਾਲਮ ਕੋਨੋਂ ਤਾਂ ਡੱਸਣਾ ਨਹੀਂ ਬਣਦਾ। ਅਤੇ ਦੂ ਮਨੁਖਾਂ ਵਿਚਿ ਸੁਲਾਹ ਕਰਾਉਣੀ ਹੋਵੇ ਤਾਂ ਭੀ ਕੁਝੁ ਵਧੀਕੁ ਆਖੀਏ, ਹਿਕ ਝੂਠੇ ਕੂ ਵਾਸਤੇ ਸੁਲਾਹ ਦੇ ਤਾਂ ਪਰਵਾਨੁ ਹੈ। ੧੧।

ਵਿਕਾਰੁ ਬਾਰ੍ਹਵਾਂ ਨਿੰਦਾ ਕਰਣੀ। ਸੋ ਮਹਾਂ ਅਪਰਾਧ ਹੈ ਅਤੇ ਕੋਈ ਵਿਰਲਾ ਜੇਕੋ ਸਾਈਂ ਰਖੇ ਜਾਈ ਇਸ ਵਿਕਾਰ ਕੋਨੋਂ ਬਚਦਾ ਹੈ। ਨਿੰਦਾ ਦਾ ਦ੍ਰਿਸਟਾਂਤੁ ਇਵੇਂ ਹੈ ਜਿਵੇਂ ਕੋਈ ਆਦਮੀ ਦਾ ਮਾਸੁ ਖਾਵੇ। ਨਿੰਦਾ ਉਹੁ ਆਖੀਦੀ ਹੈ ਜੋ ਕਿਸੇ ਦੀ ਗੱਲ ਕਰੀਏ ਕੰਡੋਂ ਪਿਛੋਂ ਜੇ ਕਰਿ ਉਹੁ ਸੁਣੇ ਤਾਂ ਰੁਖੇ। ਜੇੜ੍ਹੇ ਸਚੁ ਆਖਿਆ ਹੋਵੇ। ਅਤੇ ਜੋ ਕੂੜ ਆਖਿਆ ਹੋਵੇ ਤਾਂ ਅਬਰੁ ਸਡੀਂਦਾ ਹੈ। ਜੋ ਕਛੁ ਕਿਸੇ ਦੀ ਘਟਤਾ ਆਖੀਏ ਭਾਵੇਂ ਸੁਭਾਉ ਵਿਚਿ, ਭਾਵੇਂ ਕਰਮ ਵਿਚਿ, ਭਾਵੇਂ ਕੁਲ ਵਿਚਿ ਭਾਵੇਂ ਵਰਤਣ ਵਿਚਿ ਸੋ ਸਭ ਨਿੰਦਾ ਹੈ। ਜਿਵੇਂ ਨਿੰਦਾ ਵਚਨ ਵਿਚਿ ਨਖਿਧ ਹੈ ਤਿਵੇਂ ਹੱਥਾਂ ਨਾਲਿ, ਅੱਖੀਆਂ ਨਾਲਿ ਨਖਿਧ ਹੈ, ਤਿਵੇਂ ਦਿਲ ਵਿਚ ਨਖਿਧ ਹੈ। ਦਿਲ ਦੀ ਨਿੰਦ ਮਲੀਨੁ ਸੰਕਲਪੁ ਹੈ ਜੋ ਕਿਸੇ ਦੇ ਉਤੇ ਦਿਲੁ ਮੈਲਾ ਪਾਇਆ ਹੋਵੇ। ਫਰਾਇਜ਼ ਅਖੀਂ ਡਿਠੇ ਦੇ ਅਤੇ ਵਰਾਂਟੇ ਤਕਰਾਰ ਜਾਤੇ ਦੇ ਜੋ ਮੁਬਾਦਕ ਕਿਸੇ ਦੇ ਉਤੇ ਮੈਲਾ ਸੰਕਲਪੁ ਰੇਤਾਰਲੇ ਪਾਸੇ ਉਨਮਾਨੁ ਕਰੀਏ ਜਿਤਨਾ ਵਰਸਾਏ ਅਤੇ ਉਸਦਾ ਖੋਜੁ ਨ ਪਾਇਆ ਕੀਚੇ। ਅਤੇ ਜਡਾਂ ਕਿਸੇ ਵਿਚਿ

ਮੰਦਾਈ ਤਕਰਾਰੁ ਸਾਰੀ ਤਬਾਂ ਨਿੰਦਾ ਨ ਕਰੇ। ਵਿਚਿ ਇਕਾਂਤ ਦੇ ਸਿਖਿਆ ਦੇਵੈ।...ਗੱਲ ਵਧਾਇ ਨਹੀਂ ਪਾਇਆ, ਅਤੇ ਨਾਲਿ ਪਿਆਰ ਦੇ ਆਖੈ। ਇਲਾਜ ਇਸ ਰੋਗ ਦੇ ਦੁਇ ਹਿਨਿ। ਹਿਕੁ ਏਹੁ ਇਲਾਜ ਹੈ ਜੋ ਜਾਣੈ ਨਿੰਦਾ ਕਰਣ ਵਿਚ ਇਸ ਦੇ ਪੁੰਨ ਉਸ ਦੇ ਲੇਖੇ ਪਉਂਦੇ ਹਿਨਿ। ਅਤੇ ਉਸ ਦੇ ਪਾਪ ਇਸ ਦੇ ਲੇਖੇ ਪਉਂਦੇ ਹਿਨਿ। ਦੂਜਾ ਇਲਾਜੁ ਏਹੁ ਹੈ ਜੋ ਆਪਣੇ ਅਉਗਣ ਦਾ ਵਿਚਾਰੁ ਕਰੇ। ਜਿਵੇਂ ਆਪ ਪ੍ਰਕਿਰਤਾਂ ਦੇ ਵਸਿ ਪਰਾਧੀਨੁ ਵਰਤਦਾ ਹੈ ਤਿਵੇਂ ਅਗਲੀਆਂ ਦਾ ਕੀ ਵਸੁ ਨਹੀਂ ਚਲਦਾ। ਅਤੇ ਜੇ ਆਪਣੇ ਵਿਚਿ ਅਉਗੁਣ ਕੋਈ ਨੀ ਸੀ ਬੁਝਦਾ ਤਾਂ ਜਾਣੇ ਜੋ ਅਣਜਾਣਤਾ ਜੇਡਾ ਅਉਗੁਣ ਕੋਈ ਨਹੀਂ।੧੨।

ਵਿਕਾਰੁ ਤੇਰ੍ਹਵਾਂ ਚੁਗਲੀ ਕਰਨੀ। ਕਿਸੇ ਦਾ ਵਰਨੁ ਭਾਵੇਂ, ਕਰਮੁ ਭਾਵੇਂ ਕਾਈ ਗੱਲ ਜਾਹਿਰ ਕੀਤੇ ਜਿਸ ਵਿਚੋਂ ਅਗਲਾ ਦਲਗੀਰੁ ਥੀਵੇ ਸੋ ਚੁਗਲੀ ਆਖੀਂਦੀ ਹੈ। ਚੁਗਲੀਆਂ ਇਜੇਹਾ ਮੰਦਾ ਕਰਮੁ ਹੈ। ਸਚੁ ਬੋਲਣੁ ਸਭਸੇ ਕੂ ਭਲਿਆਈ ਹੈ। ਅਤੇ ਚੁਗਲੀਆਂ ਕੇ ਸਚੁ ਬੋਲਣੁ ਅਪਰਾਧੁ ਹੈ।੧੩।

ਵਿਕਾਰੁ ਚਉਤ੍ਹਵੀਂ ਏਹੁ ਜੋ ਦੂ ਦੁਸਮਨ ਹੋਵਨਿ ਆਪਸ ਅੰਦਰਿ ਉਨਾ ਕੂ ਆਪੋ ਆਪਣੀ ਜਹਗਾ ਮਿਤ੍ਰੁ ਹੋਇ ਡਿਖਾਵੇ। ਅਤੇ ਦੂਹਾਂ ਕੂ ਆਪ ਕੋਨੋ ਖੁਸ ਰਖੇ। ਅਤੇ ਹਿਕ ਦੂਜੇ ਦੀ ਗਲਿ ਦੂਹਾਂ ਕੂ ਆਖਿ ਡੇਵੇ। ਸੋ ਇਹ ਚੁਗਲੀ ਨਾਲੋਂ ਭੀ ਮੰਦੀ ਹੈ। ਜੋ ਕਦਾ ਹੀ ਅਵਸ ਦੂ ਪਖ ਵਾਲਿਆ ਨਾਲਿ ਬਣੇ। ਤਾ ਜਿਵੇਂ ਜਥਾਰਥੁ ਹੋਵੇ ਆਪੋ ਆਪਣੀ ਜਹਗਾ ਦੂਹਾਂ ਕੂ ਆਖੇ। ਜੋ ਨ ਆਖਿ ਸਕੇ ਤਾਂ ਚੁਪ ਕਰਿ ਰਹੇ। ਪਰ ਹਿਕ ਦੂਜੇ ਦੂ ਗਲ ਕੂੜੁ ਨ ਸੁਣਾਏ ਜੋ ਕੁਝ ਆਖੇ ਸੋ ਦੂਹੀਂ ਦੀ ਭਲਿਆਈ ਵਾਸਤੇ ਆਖੇ।੧੪।

ਵਿਕਾਰੁ ਪੰਦ੍ਹਵਾਂ ਏਹੁ ਹੈ ਜੋ ਉਸਤਤਿ ਕਰਣੀ ਕਿਸੇ ਦੇ ਮੂੰਹ ਉਤੇ। ਸੋ ਇਸ ਵਿਚਿ ਛਿਹ ਵਿਕਾਰ ਹਿਨਿ। ਚਾਰਿ ਆਖਣ ਵਾਲੇ ਕੋ, ਦੁਇ ਸੁਣਣ ਵਾਲੇ ਕੂ ਪਰ ਆਖਣ ਵਾਲੇ ਕੂ ਚਾਰਿ ਵਿਕਾਰ ਏਹ ਹਿਨਿ—ਹਿਕ ਤਾਂ ਵਧੀਕੁ ਆਖਦਾ ਹੈ। ਦੂਜਾ ਕਪਟੁ ਹੋਂਦਾ ਜੋ ਦਿਲ ਵਿਚਿ ਉਤਨਾ ਪਿਆਰੁ ਨਹੀਂ ਹੋਂਦਾ ਅਤੇ ਮੂਹੋਂ ਆਖਿ ਸੁਣੇਂਦਾ ਹੈ। ਤ੍ਰੀਜਾ ਹੋਂਦਾ ਹੈ ਜੋ ਅਣਜਾਣਤਾ

ਵਿਚਿ ਸਿਫਤਿ ਕਰੇਂਦਾ ਹੈ ਜੋ ਗੁਣ ਮਲੂਮ ਨੀ ਸੀ ਪਾਇਆ ਆਖਦਾ ਹੈ । ਸੋ ਅਵਗਿ ਕਿਸੇ ਦੀ ਸਿਫਤਿ ਕਰਣੀ ਬਣੇ ਤਾਂ ਆਖੀਏ ਜੋ ਮੈਂਡੀ ਜਾਣ ਵਿਚਿ ਇਜੇਹਾ ਹੈ । ਵਡੁਖਿਆ ਹੋਂਦਾ ਹੈ ਜੋ ਜਿਸ ਦੀ ਸਿਫਤਿ ਕਰਦਾ ਹੈ ਸੋ ਅਗੋਂ ਅਨਿ-ਆਈਂ ਹੋਵੇ ਸੋ ਅਨਿਆਈਂ ਕੂ ਹਰਖੁ ਭੇਵਣੁ ਨਹੀ ਬਣਦਾ । ਪਰੁ ਸੁਣਣ ਵਾਲਾ ਜਿਸ ਦੀ ਸਿਫਤਿ ਹੋਂਦੀ ਹੈ, ਉਸ ਕੂ ਭੂ ਘਾਟੇ ਹਿਨਿ । ਇਕੁ ਅਭਮਾਨੁ, ਕੂੜਾ ਆਲਸ । ਜੋ ਜੜਾਂ ਆਪਣੀ ਸਿਫਤਿ ਸੁਣੀਉਨੁ ਹੋਰ ਉਦਮੁ ਨ ਕਰਿ ਸਮਝੀ ਆਪ ਕੂ ਪੂਰਾ । ਸਾਖ ਆਈ ਹੈ, ਕਾਤੀ ਤਿਖੀ ਮਾਰਣ ਚੰਗੀ ਹੈ, ਸਿਫਤਿ ਕਰਨ ਨਾਲੋਂ । ਪਰੁ ਪ੍ਰੀਤਵਾਨੁ ਆਪ ਕੂ ਸਿਞਾਣਦਾ ਹੈ । ਸਿਫਤਿ ਸੁਣਿ ਕੇ ਹਰਖੁ ਨਹੀ ਮਨੇਂਹੀ । ਪਰੁ ਆਪਣੀ ਸਿਫਤਿ ਆਪ ਕਰਣੀ ਸਾਂ ਬਹੁ ਮੰਦੀ ਹੈ । ੧੧੫ ।

। ਸੰਪੂਰਨੰ ।

[ਲਾਇਬ੍ਰੇਰੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
(ਖਰੜਾ ਨੰ: 1156)

(੧੦)

ਗੁਫਤਾਰ ਸਾਦਕਾਂ ਕੀ

ਗੁਫਤਾਰ ਸਾਦਕਾਂ ਕੀ ਕੀਤੀ ਹੋਈ ਜਿ ਕੋਈ ਓਇ ਕਮਾਵੈ
ਸੋ ਪਾਵੈ ਅਰ ਜਿ ਸੁਣ ਕਰਿ ਨ ਕਮਾਵੈ,
ਗੁਫਤਾਰ ਹੀ ਕਰੈ ਉਸਕਾ ਨਾਮ ਸਾਦਕ ਨਹੀ ਪਵੈ।

ਗੁਫਤਾਰ ਕਿਸਕਾ ਨਾਮ,ਗੱਲਾਂ ਕਾ ਨਾਮ। ਇਕਿ ਗੱਲਾਂ ਏਹੀਆ ਹੈਨਿ ਜਿਨੀ ਕੀਤੀਂ ਪੀਰ ਗੁਰੂ ਸੱਦੀਐ। ਸੋ ਕੇ ਬਾਤਾਂ ਹੈਨਿ, ਖੁਦਾਇ ਦੀਆਂ ਗੱਲਾਂ ਕਰੈ, ਖੁਦਾਇ ਦਾ ਮਸਲਾ ਕਰੈ, ਜਦ ਕਰੈ ਤਦਿ ਖੁਦਾਇ ਦੀ ਗੱਲ ਕਰੈ, ਉਸਤਾਦ ਦੀ ਬਾਤ ਕਰੈ, ਬਹਦਾ ਉਠਦਾ ਉਹੀ ਬਾਤ ਸੁਣੈ, ਉਹੀ ਬਾਤ ਸੁਣਾਵੈ ਜਿ ਉਸਤੇ ਸੁਣ ਕਰਿ ਕੋਈ ਸਮਝੈ ਤਿਸਦੇ ਤਾਈਂ ਲੋਕ ਪੀਰ ਕਰਿ ਮੰਨੈ, ਗੁਰੂ ਕਰਿ ਮੰਨੈ। ਖੁਦਾਇ ਦੇ ਰਾਹ ਦੀਆਂ ਗੱਲਾ ਏਹੋ ਹੈਨਿ ਜਿ ਲੋਕ ਪੀਰ ਗੁਰੂ ਕਹੈਂ। ਇਕਿ ਗੱਲਾ ਏਹੀਆਂ ਹੈਨਿ ਜਿਨ੍ਹਾਂ ਥੀਂ ਪੰਡਿਤ ਕਹੀਐ। ਸੇ ਗੱਲਾਂ ਬਾਤਾਂ ਕਵਨਿ ਹੈਨਿ—ਜੁਗਾਂ ਕੀ ਬਾਤ ਕਰੈ, ਸ਼ਾਸਤ੍ਰ ਕੀ ਬਾਤ ਕਰੈ, ਦੇਵਤਿਆਂ ਕੀ ਬਾਤ ਕਰੈ, ਪੋਥੀ ਭਾਗਵਤਿ ਕੀ ਵਾਚੈ, ਲੇਖਾ ਪੜੈ, ਪੜ੍ਹਾਵੈ, ਅਖਰ ਸਮਝਾਏ, ਥਿਤਿ ਵਾਰ ਕੀ ਮਿਰਜਾਦ ਸਮਝਾਏ, ਸਾਹੇ ਜੋੜੇ, ਸਾਹੇ ਰਖੈ, ਪਤ੍ਰੀ ਵਾਚੈ, ਜੋਤਕੀ ਹੋਇ ਅਗਮ ਨਿਗਮ ਕੀਆਂ ਬਾਤਾਂ ਕਰੈ, ਤਿਸਕਾ ਨਾਮੁ ਪੰਡਿਤ ਕਹੀਐ। ਏ ਬਾਤਾਂ ਜਿਨ ਥੀਂ ਇਸ ਕਾ ਨਾਮੁ ਪੰਡਿਤੁ ਕਹੀਐ। ਏ ਬਾਤਾਂ ਜਿਨ ਥੀਂ, ਇਸਕਾ ਨਾਮੁ ਪੰਡਿਤੁ ਪੜੈ।

ਇਕਿ ਬਾਤਾ ਐਸੀ ਹੈਨਿ ਜਿਨ੍ਹਾਂ ਕੀਤਿਆਂ ਕਰਿ ਇਸ ਕਾ ਨਾਮੁ ਚਉਧਰੀ ਪੜੈ। ਚਉਧਰੀਆਂ ਕੀਆ ਕਵਨ ਬਾਤਾ ਹੈਨਿ-ਸਿਕਦਾਰ ਸਾਥਿ ਬਾਤਾਂ ਕਰੈ, ਮਹੀਅਤਿ ਪਰਗਨੇ ਦੀ ਬਾਤ ਨਾਲਿ ਸਮਝਾਇ, ਕੋਇ ਉਸ ਕਉ ਸਭ ਕੋਈ

ਕਹੇ ਜਿ ਭਲਾ ਹੈ, ਪਹੁੰਚਤਾ ਹੈ। ਉਸ ਕਉ ਸਭ ਕਉ ਕੋਈ ਸੱਦਿ ਬਾਤ ਪੂਛੈ ਸੁ ਉਹ ਮੂੰਹ ਦੀ ਜ਼ਬਾਨ ਸਾਥਿ ਬਾਤਾਂ ਸਮਝਾਇ ਦੇਇ। ਬਾਤੀਂ ਕਰਿ ਕਰਿ ਸਿਕਦਾਰ ਕੋਊ ਸੰਤੋਖੇ। ਬਾਤੀਂ ਕਰਿ ਕਰਿ ਰਯਤ ਕੋਊ ਸੰਤੋਖੈ; ਤਿਸ ਕਾ ਨਾਮ ਕਿਆ ਚਉਧਰੀ। ਚਉਧਰੀ ਕਿਆ ਜਿ ਚਉਂ ਹੀ ਧਿਰੀਂ ਹੂ ਖਾਇ, ਬਾਤੀਂ ਕਰਿ ਕਰਿ ਰਯਤਿ ਤੇ ਭੀ ਦੀਵਾਨ ਤੇ ਭੀ ਕਹਮਸਾਹ ਤੇ ਭੀ, ਸਿਕਦਾਰ, ਕਾਨੂੰਗੋਈਆਂ ਤੇ ਭੀ। ਪਟਵਾਰੀਆਂ ਮਹਿਸਾਲ ਤੇ ਵੀ। ਜਿ ਚਉ ਹੀ ਧਿਰ ਕੀ ਬਾਤਾਂ ਜਾਣੈ ਤਉ ਚਉਧਰੀ। ਜੇ ਏਕਸੁ ਧਿਰ ਕੀਆ ਬਾਤਾ ਜਾਣੈ ਤ ਮੁਕੱਦਮ, ਨ ਜਾਣੈ ਤਾਂ ਰਯਤਿ। ਹਲ ਵਾਹੇ ਹਾਲਾ ਦੇ: ਹੀਲ ਨ ਹੁਜਤਿ।

ਏਕ ਬਾਤ ਐਸੀ ਹੈ ਜਿਨ ਤੇ ਇਸ ਕਾ ਨਾਮੁ ਸਿਕਦਾਰ, ਕਾਨੂੰਗੋ, ਕੁੜੀਆ, ਪੜੈ। ਪੜ੍ਹਿਆ ਹੋਇ ਹਿੰਦਵੀ, ਫਾਰਸੀ, ਅਰਬੀ ਬਾਤੀਂ ਸਾਹਿਬ ਕਉ ਸਮਝਾਏ। ਸਾਹਿਬ ਬੂਝੇ ਜਿ ਏਹੁ ਭਲੀ ਬਾਤ ਪਹੁਚਤਾ ਹੈ, ਲੇਖਾ ਹਿਸਾਬ ਜਾਨਤਾ ਹੈ। ਏਹੁ ਕਰੋੜੀ ਕੀਜੀਐ, ਏਹੁ ਦਫਤਰੀ ਕੀਜੀਐ, ਏਹੁ ਪੋਤੇਦਾਰ੧ ਕੀਜੀਐ, ਜਿਸ ਬਾਤ ਕਉ ਜਾਨਤਾ ਹੋਇ ਸਾਈ ਬਾਤ ਟਹਲ ਹਵਾਲੇ ਹੋਇ, ਸੋਈ ਨਾਮ ਪੜੈ। ਜਿ ਪਟਵਾਰੀ ਕੀ ਬਾਤ ਜਾਨਤਾ ਹੋਇ ਤਉ ਪਟਵਾਰੀ ਨਾਮ ਪੜੈ, ਜੇ ਦਫਤਰ ਕੀ ਬਾਤ ਜਾਨਤਾ ਹੋਇ ਤਾਂ ਦਫਤਰੀ, ਜੇ ਪੋਤੇਦਾਰ ਕੀ ਬਾਤ ਜਾਨਤਾ ਹੋਇ ਤਾਂ ਨਾਉਂ ਕਰੋੜੀਆ ਪੜੈ।

ਜੇ ਸਾਧ ਕੀਆਂ ਬਾਤਾਂ ਜਾਣੈ ਸਾਧਾਂ ਸਾਥਿ ਬੈਠੇ ਰਹੈ, ਤਿਸਕਾ ਨਾਮੁ ਸਾਧੂ ਕਹੀਐ। ਅਰੁ ਜਿ ਚੋਰੀ ਕੀ ਬਾਤ ਕਰੇ ਚੋਰਾਂ ਸਾਥਿ ਮਿਲੇ ਬਹੈ, ਚੋਰਾਂ ਸਾਥਿ ਬਾਤਾਂ ਕਰੇ, ਤਿਸ ਕਾ ਨਾਮੁ ਚੋਰੁ ਪੜੈ। ਜੇ ਛਿਨਾਰ੨ ਸਾਥਿ ਬਹੈ ਛਿਨਾਰੀ ਕੀ ਬਾਤ ਕਰੇ ਛਿਨਾਰਾਂ ਕੇ ਸਾਥਿ ਮਿਲੇ ਤਿਸਕਾ ਨਾਮੁ ਬਾਤੀਂ ਕਰਿ ਕਰਿ ਛਿਨਾਰੁ ਪੜੈ। ਜੇ ਦਿਵਾਨੀਆਂ ਬਾਤਾਂ ਕਰੇ, ਕਿਸੈ ਤਰਫ ਦੀ ਬਾਤ ਕਹੈ, ਕਿਸੈ ਤਰਫ ਕੀ ਬਾਤ ਕਹੈ, ਬਾਤੀਂ ਹੀ ਕਰਿ ਕਰਿ ਉਹ ਦੇਵਾਨਾ ਕਹੀਐ। ਅਰੁ ਜਿ ਦਿਵਾਨਗੀ ਕੀਆਂ ਬਾਤਾਂ ਕਰੇ ਤਿਸ ਕਾ ਨਾਉਂ ਦਿਵਾਨਉ ਪੜੈ।

ਏ ਨਾਵੇ ਅਰ ਬਾਤ ਜਿ ਹੈਂ ਸੁ ਜ਼ਬਾਂ ਕੀਆਂ ਬਾਤਾਂ ਹੈਂ। ਦ੍ਰਿਸਟਿ ਕੇ ਨਾਵੇ

੧ ਖਜ਼ਾਨਚੀ   ੨ ਵਿਭਚਾਰਨ

ਕੈਸੇ। ਸਰਾਫ ਨਾਮ ਜਿ ਹੈ ਸੁ ਦ੍ਰਿਸ਼ਟੀ ਕਰਿ ਕਰਿ ਹੋਤਾ ਹੈ। ਬਜਾਜ ਨਾਮ ਜਿ ਪਰਤਾ ਹੈ ਸੁ ਨਜ਼ਰ ਕਰਿ ਕਰਿ ਹੋਤਾ ਹੈ ਅਰਜਿ ਏ ਨਾਮ ਹੈਂ ਸੁ ਨਜ਼ਰ ਕੇ ਹੈਂ। ਏਕ ਨਾਮ ਜਿ ਹੈਂ ਸਿ ਧਨ ਕਰਿ ਨਾਮ ਹੈ, ਬਪਾਰੀ, ਸਉਦਾਗਰ, ਹਟਵਾਣੀਆ, ਸ਼ਾਹ, ਵਣਜਾਰਾ, ਇ ਜੋ ਕਾਮ ਹੈਂ ਸੋ ਧਨ ਕਰਿ। ਏਕ ਜਿ ਨਾਮ ਹੈ ਸੋ ਹਥ ਕਰਿ ਨਾਮ ਹੈਂ—ਤੀਰੰਦਾਜ਼, ਤੋਪਚੀ, ਤਰਕਸ਼ਬੰਦੁ, ਵਰੀਆਮ, ਤੇਗਜ਼ਨ। ਏਕ ਜਿ ਨਾਮ ਹੈਂ ਜਿ ਜ਼ੋਰ ਕਰਿ ਕਰਿ ਨਾਮ ਹੈਂ—ਜ਼ੋਰਾਵਰੁ, ਪਹਲਵਾਨੁ, ਮਲੁ, ਬਲੁਾਰੁ। ਇਕ ਜਿ ਨਾਮ ਹੈਂ ਸਿ ਵਾਜੰਤ੍ਰ ਕਰਿ ਕਰਿ ਨਾਮ ਹੈਂ—ਰਬਾਬੀ; ਤਾਲਧਾਰੀ, ਪਖਾਵਜੀ, ਢੋਲੀ, ਸ਼ਹਨਾਈ, ਢੇਬਲੀ, ਨਗਾਰਚੀ, ਢਾਡੀ, ਕੇਂਗਰੀ, ਸਰਮੰਲੀ ਜੰਤ੍ਰਧਾਰੀ। ਇਕਿ ਜਿ ਨਾਵੇ ਹੈਂ ਸਿ ਪਰੈਹੁ ਕਰਿ ਕਰਿ ਹੈਂ—ਵਟਾਊ; ਪਰਦੇਸੀ; ਧਾਵਾ, ਚਾਲਾਕਾ। ਏਕ ਜਿ ਨਾਮ ਹੈਂ ਸਿ ਕਲਾ ਸੁਰਤਿ ਕੇ ਹੈਂ, ਜਿਸ ਕਉ ਪਰਮੇਸਰ ਕੀ ਮੂਰਤਿ ਅਰੁ ਸੂਰਤਿ ਕਰਿ ਕਰਿ ਸਮਝੈ ਸੋ ਸਭ ਬਾਤਾ ਪਾਵ। ਵਾਹੁ ਗੁਰੂ, ਧੰਨ ਗੁਰੂ ਜਿਸਦੇ ਪ੍ਰਸਾਦਿ ਸੁਰਤਿ ਪਾਈਐ।

[ਲਾਇਬ੍ਰੇਰੀ ਭਾਸ਼ਾ ਵਿਭਾਗ ਪਟਿਆਲਾ
(ਖਰੜਾ ਨੰ: 359)

———

(੧੧)

ਸੁਖ਼ਨ ਫਕੀਰਾਂ ਕੇ

(ੳ)

ਇਕ ਫਕੀਰ ਇਕ ਰੋਜ਼ ਆਖਦਾ ਆਹਾ ਜੁ ਇਕ ਖਜ਼ਾਨੇ ਦੱਬੇ ਹੋਏ ਦੇ ਉਤੇ ਸੱਤ ਸਤਰਾਂ ਨਸੀਹਤਾਂ ਦੀਆਂ ਲਿਖੀਆਂ ਹੋਈਆਂ ਡਿੱਠੀਆਂ ਮੈਂ। ਪਹਿਲੀ ਇਹ ਜੋ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੁ ਮਰਣਾ ਸਚੁ ਹੈ ਅਰ ਉਹ ਹਸਣੇ ਖੇਡਣੇ ਵਿਚ ਲਾਗਿ ਰਹਿਆ ਹੈ। ਦੂਜਾ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੁ ਦੁਨੀਆ ਨਾਸਵੰਤੁ ਹੈ ਅਰੁ ਇਸਥਿਰ ਨਹੀਂ ਅਰੁ ਊਪਰਿ ਉਸਦੇ ਭਰੋਸਾ ਕਰਦਾ ਹੈ। ਤੀਜਾ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੁ ਕੰਮ ਸਭੋ ਲਿਖੇ ਧੁਰ ਦਾਰਗਾਹਿ ਦੇ ਹੁੰਦੇ ਹੈਨ ਅਰ ਉਹ ਅਫਸੋਸ ਕਰਦਾ ਹੈ, ਉਸ ਵਕਤ ਕਾ ਜਿਹੜਾ ਗੁਜ਼ਰ ਜਾਵੇ। ਚਉਥਾ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੁ ਦਿਨ ਉਮਰ ਦੇ ਥੋੜੇ ਹੈਨਿ ਅਰ ਉਹ ਇਕੱਠੇ ਕਰਨੇ ਮਾਲ ਦੇ ਉਤੇ ਉਦਮ ਕਰਦਾ ਹੈ। ਪੰਜਵਾਂ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੁ ਅਗਨਿ ਨਰਕ ਦੀ ਤੇਜ਼ ਡਾਢੀ ਹੈ ਅਰ ਪਾਪ ਕਰਨੇ ਦੇ ਵਿਚਿ ਦਿਲਾਵਰੀ ਕਰਦਾ ਹੈ। ਛਿਵਾਂ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੁ ਜਾਣਦਾ ਹੈ ਸਾਈਂ ਦਾ ਸੁਖ ਸੱਚ ਹੈ ਅਰੁ ਉਹ ਕੰਮਾਂ ਧਰਮ ਦਿਆਂ ਵਿਚ ਢਿੱਲਾ ਹੋਇ ਰਹਿੰਦਾ ਹੈ। ਸੱਤਵਾਂ ਅਫਸੋਸ ਆਂਵਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਸਾਈਂ ਇਕ ਹੈ ਅਰ ਦੂਸਰਾ ਸਰੀਕ ਹੋਰ, ਉਸ ਦਾ ਕੋਈ ਨਹੀਂ ਅਰੁ ਉਹ ਪ੍ਰੀਤਿ ਹੋਰਨਾਂ ਦੇ ਨਾਲਿ ਕਰਦਾ ਹੈ।

ਸੋ ਸਾਈਂ ਰਖਿਆ ਕਰੇ ਮੇਰੀ, ਇਨ੍ਹਾਂ ਸੱਤਾਂ ਆਦਮੀਆਂ ਦੇ ਕੋਲਹੁ, ਨ ਕਰ ਢਿਲ ਕੰਮ ਧਰਮ ਦੇ ਵਿਚ ਹੇ ਪਿਆਰੇ, ਜੋ ਕੱਲ ਨੂੰ ਕਰੇਂਗਾ ਅਫਸੋਸ ਅਫਸੋਸ, ਸੋ ਹੁਣਿ ਹੀ ਮਨ ਆਪਣੇ ਦੇ ਕੰਨ ਛਿਕ ਰੱਖਿ, ਜੁ ਕੱਲ ਨੂੰ ਆਵੇ ਦਿਲ ਤੇਰੇ ਤੇ ਖੁਸ਼ਹਾਲੀ।

(ਅ)

ਇਕ ਰੋਜ਼ ਇਕ ਫਕੀਰ ਆਖਦਾ ਥਾ, ਜੁ ਚਾਰ ਹਜ਼ਾਰ ਕਿਤਾਬ ਪੜ੍ਹੀ ਮੈਂ, ਜੋ ਉਨ੍ਹਾਂ ਦੇ ਵਿਚੋਂ ਚਾਰਿ ਗੱਲਾਂ ਲਈਆਂ ਮੈਂ। ਉਨ੍ਹਾਂ ਚਹੁੰਹਾਂ ਗੱਲਾਂ ਨੂੰ ਦਿਨ ਵਿਚ ਚਾਰ ਹਜ਼ਾਰ ਵਾਰੀ ਪੜ੍ਹਦਾ ਹਾਂ ਮੈਂ। ਪਹਿਲੀ ਇਹ ਜ ਮਨ ਮੇਰੇ ਜੁ ਬੰਦਗੀ ਸਾਈਂ ਦੀ ਕਰਦਾ ਹੈਂ ਤਾ ਕਰੁ ਨਹੀਂ ਤਾਂ ਰਿਜ਼ਕ ਉਸ ਦਾ ਨ ਖਾਹਿ ਅਰੁ ਦੂਜਾ ਇਹ ਹੇ ਮਨ ਮੇਰੇ! ਜੁ ਸਾਈਂ ਦੇ ਕਿਤੇ ਤੇ ਰਾਜ਼ੀ ਨ ਹੋਵਹਿ ਤਬ ਤੂੰ ਸਾਈਂ ਹੋਰ ਢੂੰਡ ਜੁ ਤੈਨੂੰ ਰਿਜ਼ਕ ਬਹੁਤਾ ਦੇਵੇ। ਤੀਜਾ ਹੇ ਮਨ ਮੇਰੇ! ਜੇ ਕਾਈ ਗੱਲ ਸਾਈਂ ਮਨਹਿ ਕੀਤੀ ਹੈ, ਤਿਸ ਕੋਲਹੁੰ ਤੂ ਹਟ, ਨਹੀਂ ਤਾਂ ਮੁਲਖ ਉਸ ਦੇ ਵਿਚਹੁੰ ਦੂਰ ਹੋਇ। ਚਉਥੇ ਹੇ ਮਨ ਮੇਰੇ! ਜੁ ਤਉ ਪਾਪ ਕਰਨਾ ਹੈ, ਪਹਿਲਾ ਐਸੀ ਜਗ੍ਹਾ ਪੈਦੇ ਕਰ, ਜਿਥੇ ਸਾਈਂ ਤੈਨੂੰ ਨ ਦੇਖਹਿ।

(ੲ)

ਜੋ ਇਕ ਦਿਨ ਮਿਹਤਰ ਈਸਿ ਆਜੜੀ ਨੂੰ ਡਿੱਠਾ ਥਾ ਅਰ ਕਿਹਾ ਜੁ ਆਜੜੀ! ਇਲਮ ਕਿਉਂ ਨਹੀਂ ਸਿਖਦਾ ਤੈਨੂੰ ਸਾਈਂ ਦਾ ਪੁਛਣਾ ਹੋਵਹਿਗਾ। ਤਬ ਆਜੜੀ ਨੇ ਆਖਿਆ, ਜੁ ਹੇ ਮਿਹਤਰ ਈਸਾ! ਇਲਮ ਵਿਚਹੁ ਪੰਜ ਗੱਲਾਂ ਜਾਣਦਾ ਹਾਂ ਮੈਂ, ਜੇ ਤੂੰ ਭੀ ਪੜ੍ਹੇਂ ਤਾਂ ਇਲਮ ਤੇਰਾ ਭੀ ਵਧ ਜਾਵੇ। ਤਬ ਮਿਹਤਰਿ ਈਸੇ ਨੇ ਭੀ ਕਹਿਆ, ਜੁ ਉਹ ਕਉਣ ਗੱਲਾਂ ਹੈਨ ਤਾਂ ਆਜੜੀ ਕਹਿਆ, ਜੁ ਪਹਿਲਾ ਇਹੁ ਹੈ ਜਾ ਬੰਦਗੀ ਸਕਾਂ ਮੈਂ ਕੀਤੀ ਤਾਂ ਗੁਨਾਹ ਕਿਸ ਵਾਸਤੇ ਕਰਾਂ ਮੈਂ। ਦੂਜਾ ਇਹ ਜੁ ਸਚੁ ਸਕਾਂ ਮੈਂ ਬੋਲ ਤਾਂ ਤਬ ਝੂਠ ਕਿਸ ਵਾਸਤੇ ਬੋਲਾਂ ਮੈਂ। ਤੀਜਾ ਇਹ ਹੈ, ਜਾਂ ਹਲਾਲੁ ਪਾਵਾਂ ਮੈਂ ਤਾਂ ਹਰਾਮ ਕਿਸ ਵਾਸਤੇ ਖਾਵਾਂ। ਚਉਥਾ ਇਹ ਜਾਂ ਉਪਰ ਐਬ ਆਪਣੇ ਦੇ ਸੋਝੀ ਰੱਖਾਂ ਮੈਂ ਤਾਂ ਕਿਸ ਵਾਸਤੇ ਐਬ ਹੋਰਨਾਂ ਦੇ

ਢੂੰਡਤਾ ਸੈਂ। ਅਰ ਪੰਜਵਾ ਇਹ ਜੋ ਕਿ ਜਾਂ ਯਾਦਗੀਰੀ ਸਾਈਂ ਹੀ ਵਿਚ ਹੋਵਾਂ ਮੈਂ, ਤਬ ਕਿਸ ਵਾਸਤੇ ਦੁਨੀਆ ਨਾਲਿ ਭੀ ਪ੍ਰੀਤਿ ਲਾਵਾਂ ਮੈਂ। ਤਬ ਮਿਹਤਰਿ ਈਸੇ ਨੇ ਕਹਿਆ, ਜੁ ਇਹ ਪੰਜ ਗੱਲਾਂ ਜੁ ਤੂੰ। ਤੂੰ ਜਾਣਦਾ ਹੈਂ ਸੋ ਤੈਨੂੰ ਅਰ ਸਭ ਦੁਨੀਆ ਨੂੰ ਬਹੁਤ ਹੈਨਿ।

(ਸ)

ਸੁਖਨ ਹੈ ਇਕ ਫਕੀਰ ਦਾ, ਭਲਾ, ਜੋ ਬਾਰਾਂ ਗੱਲਾਂ ਕਿਤਾਬ ਤਉਰੇਤ ਵਿਚਹੁ ਲਈਆਂ ਹੈਨ। ਸੋ ਦਿਨ ਹਿਕ ਵਿਚਿ ਵਿਚਿ ਤ੍ਰਿਹੁੰ ਵਾਰੀ ਪੜ੍ਹਦਾ ਹਾ ਮੈਂ। ਪਹਿਲਾ ਇਹੁ ਜੁ ਸਾਈਂ ਕਹਿਆ ਹੈ ਜੁ ਹੇ ਮੇਰੇ ਬੇਟੇ ਆਦਮ ਦੇ। ਨਹੀਂ ਡਰਣਾ ਤੂੰ ਪਾਤਸਾਹੀ ਮੇਰੀ ਤੇ ਜੋ ਮੈਂ ਸਦਾ ਸਦਾ ਹਾਂ। ੧। ਦੂਜਾ ਇਹ ਫਿਕਰ ਤੂ ਰਿਜ਼ਕ ਕਾ ਮਤ ਕਰੁ। ਅਰ ਨਾ ਡਰ, ਕਾਹੇ ਤੇ ਜੁ ਘਰ ਮੇਰਾ ਭਾਰਾ ਭਰਿਆ ਹੋਇਆ ਹੈ ਅਰ ਜਾਣ ਤੂ ਖਜਾਨਾ ਮੇਰਾ ਖਾਲੀ ਨਹੀਂ। ਤੀਜਾ ਇਹੁ ਤੂ ਜੁ ਜਿਸ ਜਗ੍ਹਾ ਹਟਾਇ ਜਾਵੇ, ਜਿਸ ਕੰਮ ਕੋਲੂੰ ਆਜਜਿ ਹੋਵੇਂ ਤਾਂ ਮੈਨੂੰ ਚਿਤਿ ਕਰੇਂ ਕਰੇਂ ਤਬ ਮੈਂ ਕੰਮ ਤੇਰਾ, ਭਲੀ ਤਰ੍ਹਾਂ ਕਰ ਦੇਵਾਂ। ਚਉਥਾ ਇਹੁ ਜੁ ਮੈਂ ਤੈਨੂੰ ਦੋਸਤ ਰਖਦਾ ਹਾਂ ਤੂੰ ਭੀ ਮੇਰਾ ਹੋ ਮੈਨੂੰ ਦੋਸਤੁ ਰਾਖੁ। ਪੰਜਵਾ ਇਹੁ ਜੁ ਡਰ ਮੇਰੇ ਕੋ ਥੀਂ ਨਿਰਭਉ (ਬੇਡਰ) ਨ ਹੋਹੁ ਜੁ (ਅਜੇ) ਪੁਰਸਲਾਤ ਨਹੀਂ ਲੰਘਿਆ। ਛੇਵਾਂ ਛੇਵਾਂ ਇਹੁ ਹੈ ਜੋ ਹੇ ਬੇਟੇ ਆਦਮੀ ਦੇ ਮੈਂ ਪੈਦਾ ਕਰਣੇਹਾਰਾ ਹਾਂ, ਮਿਟੀ ਅਰ ਬੂੰਦ ਗੰਦੇ ਪਾਣੀ ਤੇ ਤੈਨੂੰ ਬਣਾਇਆ ਹੈ ਸੋ ਮੈਨੂੰ ਕਛੂ ਜਤਨ ਨਹੀਂ ਹੋਇਆ, ਸੋ ਤੂੰ ਪੈਸਾਂ ਪੈਦਾ ਕਰਣੇ ਰੋਟੀ ਦੇ ਫਿਕਰ ਕਿਉਂ ਕਰਦਾ ਹੈਂ। ਸੱਤਵਾਂ ਇਹੁ ਹੈ, ਜੁ ਸਭ ਵਸਤੂ ਵਸਤੂ ਬਣਾਈ ਹੈਨ ਮੈਂ ਵਾਸਤੇ ਤੇਰੇ ਅਤੇ ਤੈਨੂੰ ਬਣਾਇਆ ਮੈਂ ਵਾਸਤੇ ਬੰਦਗੀ ਆਪਣੀ ਦੇ ਅਤੇ ਤੂ ਗੁਲਾਮੁ ਉਨ੍ਹਾਂ ਵਸਤੂੰ ਦਾ ਹੋਇਆ ਹੈਂ, ਜਿਹੜੀਆ ਵਸਤੂ ਵਸਤੂ ਵਾਸਤੇ ਤੇਰੇ ਬਣੀਆ ਹੈਨ। ਸੋ ਤੈਂ ਆਪਣਾ ਆਪੁ ਦੂਰਿ ਕੀਤਾ ਹੈ ਮੇਰੇ ਥੋਂ। ੭॥ ਅੱਠਵਾਂ ਇਹੁ ਜੋ ਸਭੇ ਚੀਜ਼ਾਂ ਅਰੁ ਆਦਮੀ ਤੈਨੂੰ ਢੂੰਡਦੇ ਹੈਨ ਵਾਸਤੇ ਮਨ ਅਪਣੇ ਆਪਣੇ ਦੇ ਅਰ ਮੈਂ ਜੁ ਤੈਨੂੰ ਚਾਹਤਾ ਹਾਂ ਵਾਸਤੇ ਭਲੇ ਤੇਰੇ ਦੇ ਅਰ ਤੂੰ ਮੈਥੋਂ ਨੱਸਦਾ ਨੱਸਦਾ ਹੈਂ। ਨਾਵਾਂ ਇਹ ਜੋ ਕ੍ਰੋਧ ਉਪਰ ਮੇਰੇ ਕਰਦਾ ਹੈਂ ਵਾਸਤੇ ਮਨ ਆਪਣੇ ਵਡੇ ਦੇ ਪਰ ਉਪਰ ਮਨ ਆਪਣੇ ਦੇ ਕ੍ਰੋਧ ਨਹੀਂ ਕਰਦਾ ਵਾਸਤੇ ਮੇਰੇ ਦੇ। ਦਸਵਾਂ ਖ਼ਾਸ ਇਹ ਜੁ ਕਰਮ ਤੇਰਾ ਬੰਦਗੀ ਕਰਨਾ ਹੈ

ਅਰ ਮੇਰਾ ਕਰਮ ਰਿਜ਼ਕ ਦੇਵਣਾ ਹੈ। ਸੋ ਜੇ ਤੂੰ ਬੰਦਗੀ ਕੋਲਹੁੰ ਨੱਸਦਾ ਹੈਂ ਤਾਂ ਮੈਂ ਰਿਜ਼ਕ ਦੇਣੇ ਕੋਲਹੁੰ ਨਹੀਂ ਨੱਸਦਾ, ਦੇਂਦਾ ਰਹਿੰਦਾ ਹਾਂ। ਯਾਰ੍ਹਵਾਂ ਇਹ ਹੈ ਜੋ ਤੂ ਮੰਗਦਾ ਹੈਂ ਹੱਕ ਹਲਾਲ ਦਾ ਮੈਂ ਕੋਲਹੁੰ ਅਤੇ ਮੈਂ ਨਹੀਂ ਮੰਗਦਾ ਖ਼ਿਦਮਤ ਕਲ ਦਾ ਤਉ ਕੋਲਹੁੰ, ਮੇਰੇ ਵਾਇਦੇ ਤੇਰੇ ਨਾਲ ਸੱਚੇ ਹੈਨ, ਤੂ ਭੀ ਸ਼ਰਮ ਕਰ ਕਦੀ।

ਬਾਰ੍ਹਵਾਂ ਇਹੁ ਹੈ ਜੇਕਰ ਤੂੰ ਰਾਜ਼ੀ ਨਹੀਂ ਹੁੰਦਾ ਉਸ ਵਸਤੂ ਨਾਲਿ ਜਿਹੜੀ ਪ੍ਰਾਲਬਧ ਮਹਿ ਕੀਤੀ ਹੈ ਤਾਂ ਉਸ ਵੇਲੇ ਦਰਿ ਦਰਿ ਫਿਰਾਂਵਦਾ ਹਾਂ ਮੈਂ, ਸ਼ਰਮਿੰਦਾ ਨਹੀਂ ਹੁੰਦਾ ਤੂ।

(ਗ)

ਪ੍ਰੀਤਿਵਾਨ ਕੀ ਤਾਈਂ ਤਿੰਨ ਪੜਦੇ ਅੜ੍ਹਿਖੇ ਹੈਨ। ਜੇਕਰ ਤੂੰ ਪੜਦੇ ਦੂਰ ਕਰੇਂ ਅਗੋਂ ਆਪਣੇ ਦੇ ਦਰਵਾਜੇ ਓੜਕ ਦੇ ਨੂੰ ਪਹੁੰਚੇਂ। ਪਹਿਲਾ ਇਹੁ ਜੁ ਮਾਇਆ ਏਹ ਪੜਦਾ ਓੜਕ ਦਾ ਹੈ, ਦੂਜਾ ਸ਼ੈਤਾਨ ਇਹ ਪੜਦਾ ਧਰਮ ਦਾ ਹੈ। ਤੀਜਾ ਪਰਦਾ ਮਨ ਹਰਾਮਜ਼ਾਦਾ ਹੈ, ਇਹ ਪੜਦਾ ਸਾਈਂ ਦਾ ਹੈ।

(ਕ)

ਸੁਖਨ ਫ਼ਕੀਰ ਦਾ, ਜੋ ਕਹਿੰਦੇ ਆਹੇ ਅਫ਼ਸੋਸ ਹੈ, ਆਦਮੀਆਂ ਤ੍ਰਿਹੁ ਉਤੇ ਇਕ ਮੰਗਣ ਵਾਲੇ ਦੁਨੀਆ ਦੇ ਜੋ ਪਿਛੇ ਉਸ ਦੇ ਵੈਂਦੇ ਹੈਨ ਅਰੁ ਏਹ ਨਹੀਂ ਜਾਣਦੇ ਜੋ ਪਿਛੈ ਅਸਾਡੇ ਮਉਤ ਫਿਰਦੀ ਹੈ। ਦੇਖਾਂ ਕਿਸ ਵੇਲੇ ਆਣ ਪਹੁੰਚੇਗੀ। ਦੂਜਾ ਏਹੁ ਜੁ ਭੁਲੇ ਹੋਏ ਸਾਈਂ ਤੇ ਪਏ ਪਾਪ ਕਰਦੇ ਹੈਨ ਅਤੇ ਜਾਣਦੇ ਨਹੀਂ ਜੁ ਪਾਪ ਕਾ ਬਦਲਾ ਦੁਖ ਹੋਸੀ। ਤੀਜਾ ਇਹੁ ਜੋ ਆਪਣੇ ਆਪ ਹੱਸਣ ਖੇਡਣ ਵਿਚ ਪਰਚੇ ਹੈਨਿ ਅਰੁ ਜਾਣਦੇ ਨਹੀਂ ਜੁ ਸਾਈਂ ਇਨ੍ਹਾਂ ਗੱਲਾਂ ਤੇ ਰਾਜ਼ੀ ਹੈ ਕਿ ਨਾਹੀ ਰਾਜ਼ੀ।

(ਖ)

ਸੁਖਨ ਹੈ, ਜੋ ਮਾਇਆ ਦੇ ਤਾਈਂ ਦਿਹਾੜੇ ਓੜਕ ਦੇ ਸਾਈਂ ਕੇ ਅਗੇ ਹਾਜ਼ਰ ਕਰੀਐਗਾ, ਸੋ ਸੂਰਤਿ ਬੁਢੀ ਮਾਈ ਦੀ, ਮੂੰਹ ਉਸ ਦਾ ਕਾਲਾ ਅਤੇ ਅੱਖੀਆਂ

ਖਿੱਲੀ ਹੋਈਆ, ਅਰੁ ਦੰਦ ਬਾਹਰ ਨਿਕਲੇ ਹੋਏ । ਅਰ ਹੋਂਠ ਉਪਰ ਦੇ ਤਲੇ ਅਰ ਤਲੇ ਦੇ ਉਪਰਿ ਚੜ੍ਹੇ ਹੋਏ । ਸੋ ਜੋ ਕੋਈ ਦੇਖਹਿਗਾ ਸੋ ਡਰੇਗਾ । ਫੇਰ ਦਰਗਾਹ ਸਾਈਂ ਦੀ ਤੇ ਅਵਾਜ਼ ਆਵੇਗੀ ਜੁ ਹੇ ਲੋਕੋ ! ਪਛਾਣਦੇ ਹੋ ਇਸਦੇ ਤਾਈਂ ? ਤਬ ਸਭੇ ਕਹਿਣਗੇ ਹੇ ਸਾਈਂ, ਰਖ ਲੈ ਅਸਾਨੂੰ ਇਸ ਥੋਂ, ਅਸੀਂ ਤਾਂ ਨਹੀਂ ਪਛਾਣਦੇ ਤਬਿ ਫੇਰ ਆਵਾਜ਼ ਹੋਵੇਗੀ ਜੁ ਇਹ ਮਾਇਆ ਹੈ ਜਿਸ ਦੀ ਤੁਸੀਂ ਵਡਿਆਈ ਕਰਦੇ ਸੋ ਅਰ ਜਿਸ ਕਰ ਕੈ ਗਰੀਬਾਂ ਨੂੰ ਦੁਖ ਪਹੁੰਚਾਂਦੇ ਆਹੇ ਅਰ ਧਰਮ ਆਪਣੇ ਦੇ ਤਾਈਂ ਵੇਚਦੇ ਆਹੇ, ਸੋ ਉਹ ਮਾਇਆ ਹੈ ਜਿਹੜੀ ਤੁਸਾਡੀ ਪਿਆਰੀ ਆਹੀ । ਤਬ ਫੇਰਿ ਹੁਕਮ ਹੋਵੇਗਾ, 'ਜੁ ਮਾਇਆ ਨੂੰ ਨਰਕਿ ਘੱਤੋ ।' ਤਬ ਮਾਇਆ ਉਸ ਵਕਤ ਪੁਕਾਰ ਕਰੇਗੀ ਜੁ ਹੇ ਸਾਈਂ ! ਕਿਥੇ ਹੈਨ ਪਿਆਰੇ ਮੇਰੇ ! ਅਰ ਹੁਕਮ ਮੰਨਣੇ ਵਾਲੇ ਮੇਰੇ ? ਤਬ ਫੇਰਿ ਹੁਕਮ ਹੋਸੀ, 'ਜੁ ਇਸ ਦੇ ਪਿਆਰਿਆਂ ਨੂੰ ਭੀ ਨਰਕਿ ਘੱਤੋ ।'

(ਗ)

ਇਕ ਦਿਨ ਸਾਈਂ ਆਵਾਜ਼ ਕੀਤੀ ਮਿਹਤਰ ਮੂਸੇ ਦੇ ਤਾਈਂ 'ਜੁ ਜਾਣਦਾ ਹੈਂ ਜੁ ਸਭਨਾਂ ਪ੍ਰਾਣੀਆਂ ਵਿਚਹੁੰ ਮੈਂ ਤੇਰੇ ਤਾਈਂ ਪਸਿੰਦ ਕਿਸ ਵਾਸਤੇ ਕੀਤਾ ਹੈ ਅਤੇ ਆਪਣੇ ਰੂਬਰੂ ਬਾਤਾਂ ਕਰਨੇ ਵਾਲਾ ਕੀਤਾ ਹੈ ਮੈਂ ਤੈਨੂੰ । ਤਬ ਮੂਸੇ ਆਖਿਆ, ਜੁ ਹੇ ਸਾਹਿਬ ! ਮੈਂ ਨਹੀਂ ਜਾਣਦਾ ਤੂ ਸਭ ਕਿਛੁ ਜਾਣਦਾ ਹੈਂ । ਤਬ ਸਾਈਂ ਨੇ ਆਖਿਆ ਜੁ ਸਭਨਾਂ ਲੋਕਾਂ ਵਿਚ ਮੈਂ ਨਜ਼ਰ ਕੀਤੀ ਸੋ ਮੈਂ ਤੈਂ ਕੋਲਹੁ ਹੋਰ ਨ ਕੋਈ ਨਜ਼ਰ ਆਇਆ । ਸਭਸੈ ਦੇ ਮਨ ਅਹੰਕਾਰ ਦਿਸ ਆਇਆ ਤੁਧੁ ਜੇਹਾ ਕੰਗਾਲ ਅਰ ਖੁਆਰ, ਅਧੀਨ ਅਰ ਟੁਟਾ ਹੋਇਆ ਜੇਹਾ ਤੂੰ ਹੈਂ ਹੇ ਮੂਸੇ ! ਜਿਸ ਵਖਤ ਬੰਦਗੀ ਪੜ੍ਹਦਾ ਸਿਰ ਜ਼ਮੀਨ ਹੈਂ ਤੂ ਰਦ ਨਾਲ ਲਾਂਦਾ ਸਿਰ ਉਪਰ ਛਾਤੀ ਮੇਰੀ ਤੇ ਟਿਕਦਾ ਹੈ ।

ਤੂ ਭੀ ਟੁਟਿਆਂ ਹਿਰਦਿਆਂ ਸਾਥਿ ਪ੍ਰੀਤਿ ਕਰ ।

(ਘ)

ਬਚਨ ਹੈ ਇਕ ਫਕੀਰ ਦਾ, ਜੋ ਸ਼ੈਤਾਨ ਕਹਿੰਦਾ ਹੈ ਜੁ ਮੈਨੂੰ ਪੰਜਾਂ

ਆਦਮੀਆਂ ਵਿਚ ਦਖਲ ਨਹੀਂ, ਹੋਰ ਸਾਰਾ ਜਗਤ ਮੇਰੇ ਵਸ ਹੈ । ਪਹਿਲਾ ਇਹ ਜੁ ਬੰਦਗੀ ਸਾਈਂ ਦੀ ਕੂ ਲਗਾ ਹੋਵੈ । ਅਰ ਨਿਹਚਾ ਕਰਕੇ ਸਭ ਕੰਮਾਂ ਵਿਚ ਆਸਾ ਸਾਈਂ ਦੀ ਕਰੈ । ਅਰ ਦੂਜਾ ਇਹ ਜੁ ਭਜਨ ਰਾਤ ਦਿਨ ਸਦਾ ਕਰੇ । ਅਰੁ ਤੀਜਾ ਇਹ ਜੇਹਾ ਆਪਣੇ ਸੁਖ ਨੂੰ ਚਾਹੇ ਤੇਹਾ ਸਭਨਾਂ ਨੂੰ ਲੋੜੇ । ਚਉਥਾ ਇਹੁ ਹੈ ਜੋ ਸਾਈਂ ਚਾਹਿਆ ਹੋਵੈ ਸੋ ਜਿਸ ਉਪਰਿ ਰਾਜ਼ੀ ਰਹੇ । ਪੰਜਵਾਂ ਏਹੁ ਹੈ ਜੁ ਪ੍ਰਾਲਬਧ ਅਪਣੀ ਤੇ ਵਧੀਕ ਨ ਚਾਹੈ ।

(ਙ)

ਬਚਨ ਹੈ ਵਡਕੇ ਦਾ ਯਾਰਾਂ ਨਾਲ, ਜੋ ਪਿਛੇ ਮੇਰੇ ਦੁਨੀਆ ਤੁਸਾਡੇ ਨਿਕਟਿ ਆਵੇਗੀ ਅਰੁ ਖਾਵੇਗੀ ਵਿਸਾਹ ਤੁਹਾਡੇ ਨੂੰ । ਜੁ ਜੈਸੇ ਅਗਨਿ ਖਾਂਦੀ ਹੈ ਲੱਕੜੀਆਂ ਨੂੰ । ਪਸ, ਡਰਨਾ ਕਰੋ ਇਸ ਮਾਇਆ ਤੇ ਜੁ ਜਾਦੂਗਰ ਹੈ, ਹਾਰੂਤ ਮਾਰੂਤ ਕੀ ਨਿਆਈਂ, ਮਿਠਿਆਈ ਦੁਨੀਆਦੀ ਓੜਕ ਦੀ, ਕੜਿਤਣ ਦੁਨੀਆ ਦੀ ਮਿਠਿਆਈ ਆਖਰ ਦੀ ।

(ਚ)

ਬਚਨ ਹੈ ਇਕ ਸਾਈਂ ਲੋਕ ਦਾ, ਜੋ ਕੋਈ ਛਿਆਂ ਜਾਹਗਾ ਵਿਚ ਦੁਨੀਆਂ ਦੀਆ ਗੱਲਾਂ ਨਾਲ ਖਰਚੇ ਤਾਂ ਤੇਹਾ ਬਰਸਾਂ ਦੀ ਬੰਦਗੀ ਉਸ ਦੀ ਜਾਂਦੀ ਹੈ । ਇਕ ਧਰਮਸਾਲਾ, ਦੂਜੀ ਮਜਲਸ ਪੜ੍ਹਿਆ ਹੋਇਆ ਦੀ, ਤੀਜੇ ਪਿਛੇ ਮੁਰਦੇ ਦੇ, ਚਉਥਾ ਵਿਚ ਮਸਾਣਾਂ, ਪੰਜਵਾਂ ਪਿਛਲੀ ਰਾਤਿ, ਛੇਵਾਂ ਵੇਲੇ ਭਜਨ ਦੇ । ਬਚਨ ਹੈ ਜੋ ਗੁਨਾਹਗਾਰ ਸਾਈਂ ਦਾ ਛਿਆਂ ਗੱਲਾਂ ਨਾਲਿ ਹੋਂਦਾ ਹੈ, ਪਹਿਲਾ ਪਿਆਰ ਦੁਨੀਆ ਦਾ, ਦੂਜੀ ਸਿਰਦਾਰੀ, ਤੀਜਾ ਖੁਸਿ ਖਾਣਾ, ਚਉਥੀ ਸੰਗਤਿ ਵਿਸਰੂੀਆਂ ਦੀ, ਪੰਜਵਾਂ ਸਵਣ ਬਹੁਤਾ, ਛੇਵਾਂ ਹਰਖਵਾਨ ਹੋਵਣਾ ।

(ਛ)

ਬਚਨ ਹੈ ਜੋ ਤਿੰਨਾਂ ਗੱਲਾਂ ਕਰਕੇ ਆਦਮੀ ਅਗਿਆਨੀ ਹੋਂਦਾ ਹੈ, ਪਹਿਲਾ ਪਿਆਰ ਅਉਰਤ ਦਾ ਕਿਉਂ ਜੁ ਤਲਵਾਰ ਸੈਤਾਨ ਦੀ ਹੈ । ਦੂਜੀ ਕੋਹ ਪੀਣੀ ਕਿਉਂ ਜੋ ਲੌਂਡੀ ਸੈਤਾਨ ਦੀ ਹੈ । ਤੀਜੇ ਮੁਹੱਬਤ ਟਕਿਆਂ ਦੀ ਕਿਉਂ ਜੋ ਯਾਰ ਸੈਤਾਨ ਦੀ ਹੈ ਪਰ ਕਿਸੀ ਨੋ ਜੋ ਨਫਾ ਆਪਣਾ ਜੀਵਣੇ ਕਾ ਨ ਲੁੜੀਂਦਾ ਹੋਵੇ,

ਸੋ ਕੋਫ਼ ਪੀਐ ਅਰ ਧਰਮ ਉਸਦੇ ਉਤੇ ਹਰਾਮੁ ਹੋਂਦਾ ਹੈ, ਅਰੁ ਜੋ ਕੋਈ ਦੁਨੀਆ ਨੂੰ ਦੋਸਤੁ ਰਖਦਾ ਹੈ, ਸੋ ਬੰਦਾ ਦਾ ਦੁਨੀ ਦਾ ਹੈ, ਸਾਈਂ ਦਾ ਨਹੀਂ।

(ਜ)

ਬਚਨ ਹੈ ਸਾਈਂ ਨੇ ਮੂ ਮੂਸੇ ਨਾਲ ਆਵਾਜ਼ ਕੀਤਾ। ਜਿਸ ਵਖਤੁ ਕੰਗਾਲ ਤੇਰੇ ਪਾਸਿ ਆਵੈ, ਕਹੁ ਖੁਸ਼ੀਆਂ, ਨ ਨਾਲ, ਨੀਸ਼ਾਨੀ ਨੇਕਾਂ ਦੀ। ਅਰ ਜਿਸ ਵਖਤ ਦਉਲਤ ਵੰਦ ਤੇਰੇ ਪਾਸਿ ਆਵੈ, ਜਾਣਸਾਨੁ ਕੋਈ ਵੱਡਾ ਗੁਨਾਹੁ ਕੀਤਾ ਹੈ। ਧਿਰਕਾਰ ਹੈ ਉਸ ਆਦਮੀ ਤੇ ਜੋ ਕੰਗਾਲ ਨੂੰਨੂੰ ਕੰਗਾਲੀ ਕਰਕੇ ਨੀਚ ਜਾਣੇ ਅਤੇ ਅਮੀਰ ਨੂੰ ਦੌਲਤ ਕਰਕੇ ਵਿਸ਼ੇਖ ਜਾਣੇ, ਇਹ ਨਿਸ਼ਨਿਸ਼ਾਨੀ ਕਾਫ਼ਰਾਂ ਦੀ ਹੈ।

(ਝ)

ਬਚਨ ਹੈ ਹਜ਼ਰਤ ਦਾਊਦ ਜੋ ਵਿਚ ਜੁਸੇ ਆਦਮੀ ਦੇ ਤਿੰਨਿ ਪਾਤਸ਼ਾਹੁ ਹੈਨਿ ਅਰ ਤਿੰਨੇ ਵਜ਼ੀਰ ਹੈਨ। ।। ਅਰੁ ਤਿੰਨੇ ਵਜ਼ੀਰ ਅਪਣਿਆਂ ਤਿੰਨਾਂ ਪਾਤਸ਼ਾਹਾਂ ਨੂੰ ਨਸੀਹਤਾਂ ਕਰਦੇ ਹੈਨਿ ਅਰ ਉਪਰਿ ਉਨਾਂ ਦੇ ਬਚਨਾਂ ਦੇ ਪਾਤਸ਼ਾਹ ਅਮਲ ਕਰਦੇ ਹੈਨ। ਪਹਿਲਾ ਪਾਤਿਸਾਹੁ ਰੂਹ ਹੈ ਅਰ ਵਜ਼ੀਰ ਉਸਦਾ ਅਕਲ ਹੈ, ਸਾਥਿ ਪਾਤਿਸ਼ਾਹ ਆਪਣੇ ਦੇ ਆਖਾਖਦਾ ਹੈ ਜੁ ਹੇ ਪਾਤਸ਼ਾਹ! ਅਮਲ ਭਲੇ ਕਰ ਅਰੁ ਬੁਰਿਆਈਆਂ ਛਡਿ ਦੇਹ। ਕਿਉਂ ਜੋ ਸਾਈਂ ਭਲਿਆਈਆਂ ਉਤੇ ਰਾਜ਼ੀ ਹੈ, ਬੁਰਿਆਈਆਂ ਤੇ ਰਾਜ਼ੀ ਨਹੀਂਹੀਂ। ਦੂਜਾ ਪਾਤਸ਼ਾਹ ਦਿਲ ਹੈ ਅਰ ਵਜ਼ੀਰ ਇਸਦਾ ਜ਼ਬਾਨ ਹੈ, ਇਹ ਵਜ਼ੀਰ ਹੁਕਮੁਕਮ ਪਾਤਸ਼ਾਹ ਦੇ ਚਲਦੇ ਹੈਂ ਜੋ ਕਛੁ ਵਿਚ ਦਿਲ ਦੇ ਆਂਵਦਾ ਹੈ, ਨਾਲਿ ਜ਼ਬਾਨ ਦੇ ਵੋ ਆਖਦਾ ਹੈ। ਤੀਜਾ ਪਾਤਸ਼ਾਹੁ ਮਨ ਹੈ ਅਰ ਵਜ਼ੀਰ ਇਸਦਾ ਸ਼ੈਤਾਨ ਹੈ। ਨਾਲਿ ਪ. ਪਾਤਿਸਾਹ ਆਪਣੇ ਦੇ ਆਖਦਾ ਹੈ, ਜੁ ਹੇ ਪਾਤਸ਼ਾਹ! ਸੁਵਰਗ ਅਰ ਨਰਕ ਕਿਨਾਂ ਨਾ ਡਿਠਾ ਹੈ, ਚਾਹੀਐ ਜੋ ਅਜ ਕਰਿ ਲੈ, ਭਲਕੇ ਕਿਨ ਡਿਠਾ ਸੁਣਿਆ ਹੈ। ਅਫਸੋਸ ਜੋ ਭਲਕੇ ਕੀਤਾ ਨ ਚਾਹੀਐ।

(ਞ)

ਸੁਖਨ ਹੈ, ਇਕ ਆਦਆਦਮੀ ਪਰਲੋਕ ਵਿਖੇ ਇਸੀਵੇਗਾ, ਇਕ ਜ਼ਬਾਨ ਅਗੇ ਅਰ ਇਕ ਜ਼ਬਾਨ ਪੀਛੇ ਹੋਵੇਂਗੀਵੇਗੀ, ਮੂੰਹ ਉਸ ਦਾ ਵਿਲਕਿਆ ਹੋਇਆ ਅਰ ਜ਼ਬਾਨ

ਤੇ ਪਾਕ ਰਹਿੰਦੀ, ਇਹ ਦੁਖ ਸਜ਼ਾਇ ਉਸ ਨੂੰ ਹੋਂਦੀ ਹੈ ਜੋ ਕਪਟੀ ਹੋਵੇ ਅੰਦਰਹੁ ਹੋਰ ਤੇ ਬਾਹਰਹੁੰ ਹੋਰ।

(ਟ)

ਸੁਖਨ ਹੈ, ਜੋ ਵਿਚ ਸੰਸਾਰ ਦੇ ਅਠ ਵਸਤੂ ਭਲੀਆਂ ਹੈਨਿ, ਪਹਿਲਾ ਹਿਯਾਉ ਇਸਤ੍ਰੀਆਂ ਤੇ, ਦੂਜਾ ਤੋਬਾ ਜੁਆਨਾਂ ਤੇ, ਤੀਜੇ ਬੰਦਗੀ ਪੜ੍ਹਿਆਂ ਹੋਇਆਂ ਤੇ ਚਉਥਾ ਉਦਾਰਤਾ ਧਨ ਵਾਲੇ ਕੋਲੋਂ। ਪੰਜਵਾਂ ਪਿਆਰ ਦੋਸਤਾਂ ਥੋਂ, ਛਿਵਾਂ ਨਿਰਬਾਹੁ ਸੂੰਦ੍ਰਾ ਥੋਂ, ਸੱਤਵਾਂ ਇਨਸਾਫ ਬਾਦਸ਼ਾਹ ਤੇ, ਅੱਠਵਾਂ ਮਾਰਫਤ ਫ਼ਕੀਰਾਂ ਥੀ। ਅਰ ਇਉਂ ਭੀ ਕਹਾ ਹੈ ਜੋ ਇਸਤ੍ਰੀ ਹਯਾਉ ਨ ਕਰੈ ਤਬ ਖਾਣਾ ਹੈ ਬਿਨਾ ਲੂਣ। ਜੁਆਨ ਜੋ ਤੋਬਾ ਨ ਕਰੇ, ਸਿਧ ਹੈ, ਪਰ ਮੱਤੀ ਬਿਨਾ। ਦੌਲਤਬੰਦ ਹੈ ਪਰ ਸਖੀ ਨਹੀਂ, ਜਾਣੋ ਜੁ ਨਾਲਾ ਹੈ ਪਰ ਬਿਨਾ ਪਾਣੀ। ਯਾਰ ਹੈ ਪਰ ਪਿਆਰ ਨਹੀਂ ਜਾਣੋ ਜੁ ਕਮਾਣ ਹੈ ਪਰ ਬਿਨਾ ਚਿੱਲੇ। ਪਾਤਸ਼ਾਹ ਹੈ ਅਰ ਇਨਸਾਫ ਨਹੀਂ, ਜਾਣੋ ਜੋ ਬੱਦਲ ਹੈ ਪਰ ਬਿਨਾ ਪਾਣੀ। ਫ਼ਕੀਰ ਹੈ ਅਰ ਮਾਰਫਤ ਨਹੀਂ, ਜਾਣੋ ਜੁ ਦੀਵਾ ਹੈ ਪਰ ਬਿਨਾ ਤੇਲੁ।

(ਠ)

ਦਸ ਖਸਲਤਾਂ ਕੁੱਤੇ ਦੀਆਂ ਹੈਨਿ—

ਜੋ ਕਰਿ ਇਨ੍ਹਾਂ ਵਿਚੋਂ ਇਕ ਭੀ ਆਵੈ ਤਾਂ ਆਦਮੀ ਹੋਵੈ।

ਪਹਿਲਾ ਇਹੁ ਹੈ, ਜੁ ਸਦਾ ਭੁੱਖਾ ਰਹਿੰਦਾ ਹੈ, ਇਹੋ ਖਸਲਤ ਨੇਕਾਂ (ਭਲਿਆਂ) ਦੀ ਹੈ।

ਦੂਜਾ ਜਾਗ੍ਹਾ ਮੁਕਰਰ ਨਾਹੀ, ਇਹੋ ਖਸਲਤ ਭਰੋਸੇ ਵਾਲਿਆਂ ਦੀ ਹੈ

ਜਿਨ੍ਹਾਂ ਨੂੰ ਭਰਮਾ ਸਾਈਂ ਦਾ ਹੈ।

ਤੀਜਾ ਰਾਤਿ ਜੁ ਜਾਗਦੇ ਹੈਨਿ, ਸੋ ਇਹੋ ਖਸਲਤਿ ਪ੍ਰੀਤਵਾਨਾਂ ਦੀ ਹੈ

ਚਉਥਾ ਇਹੁ ਹੈ ਜੋ ਜਦ ਉਹੁ ਮਰਦਾ ਹੈ ਤਬ ਪਿਛੇ ਉਸ ਦੇ ਵਿਰਸਾ ਕਛੁ ਨਹੀਂ ਨਿਕਲਦਾ। ਸੋ ਇਹੋ ਨਿਸ਼ਾਨੀ ਵੈਰਾਗੀਆਂ ਦੀ ਹੈ।

ਪੰਜਵੀਂ ਇਹੁ ਹੈ, ਜੋ ਖਾਵੰਦ ਆਪਣੇ ਤਾਈਂ ਛੱਡਦਾ ਨਹੀਂ; ਏਹੋ ਨਿਸ਼ਾਨੀ ਜਗਿਆਸੀਆਂ ਦੀ ਹੈ।

ਛਿਵੀਂ ਇਹੁ ਹੈ,ਜਹਰਗਾ ਥੋੜੀ ਮੱਲਦਾ ਹੈ,ਏਹੋ ਨਿਸ਼ਾਨੀ ਦੀਨਤਾ ਵਾਲਿਆਂ ਦੀ ਹੈ

ਸੱਤਵੀਂ ਇਹ ਹੈ ਜੋ ਕੋਈ ਜਾਗ੍ਹਾ ਉਸਦੀ ਤੇ ਜ਼ੋਰ ਪਾਉਂਦਾ ਹੈ,ਤਾਂ ਛਡ ਦੇਂਦਾ ਹੈ ਏਹੋ ਨਿਸ਼ਾਨੀ ਆਗਿਆ ਮੰਨਣ ਵਾਲਿਆਂ ਦੀ ਹੈ।

ਅੱਠਵੀਂ ਇਹ ਹੈ, ਜੋ ਕੋਈ ਮਾਰਦਾ ਹੈ ਤਾਂ ਚਲਦਾ ਰਹਿੰਦਾ ਹੈ, ਜੇ ਫਿਰ ਸੱਦਦਾ ਹੈ ਤਾਂ ਮੁੜਿ ਆਂਵਦਾ ਹੈ। ਗੁਜ਼ਰੀ ਗੱਲ ਦਾ ਗੁੱਸਾ ਦਿਲ ਵਿਚ ਨਹੀਂ ਰਖਦਾ। ਏਹੋ ਨਿਸ਼ਾਨੀ ਅਸਲ ਗਰੀਬਾਂ ਦੀ ਹੈ।

ਨਾਵੀਂ ਇਹੁ ਹੈ, ਜ ਦ ਲੋ ਖਾਵਣ ਦੇ ਚੁਪ ਕਰ ਰਹਿੰਦਾ ਹੈ, ਇੰਤਜ਼ਾਰ ਹੋਂਦਾ ਹੈ ਦੇਖਾਂ ਕਿਆ ਖਵਾਨ, ਇਹੋ ਨਿਸ਼ਾਨੀ ਸਬਰ ਵਾਲਿਆਂ ਦੀ ਹੈ।

ਦਸਵੀਂ ਇਹੁ ਹੈ ਜੋ ਕੋਈ ਉਸ ਵਲ ਦੇਖਦਾ ਰਹਿੰਦਾ ਹੈ, ਤਬ ਵਹੁ ਨਜ਼ਰ ਨੀਵੀਂ ਕਰਿ ਲੈਂਦਾ ਹੈ, ਏਹੋ ਨਿਸ਼ਾਨੀ ਅਸਲ ਅਤਾਈਆਂ ਦੀ ਹੈ, ਸਉਕ ਵਾਲਿਆਂ ਦੀ ਹੈ, ਪ੍ਰੀਤਿ ਵਾਲਿਆਂ ਦੀ ਹਹਿ, ਜਿਨ੍ਹਾਂ ਨੂੰ ਪ੍ਰੀਤਿ ਭਗਵੰਤ ਕੀ ਹੈ। ਇਹ ਵਾਰਤਾ ਉਨ੍ਹਾਂ ਦੀ ਹੈ।

———

(੧੨)

'ਬਚਨ ਗੋਬਿੰਦ ਲੋਕਾਂ ਕੇ' ਵਿਚੋਂ:

ਭਲਿਆਈ ਮਨੁਖ ਦੀ ਚਹੁੰ ਬਸਤਾਂ ਮਹਿੰ ਹੈ—ਏਕ ਪ੍ਰੀਤਿ ਪਰਮੇਸ਼ਰ ਕੀ, ਦੂਸਰੀ ਮਾਇਆਵਾਨਹੁ ਸਿਉਂ ਬੇਪਰਵਾਹੀ। ਤੀਸਰੀ ਗਰੀਬੀ। ਚਉਥੀ ਮਨ ਊਪਰਿ ਖਬਰਦਾਰੀ ਰਾਖਣੀ ਜੋ ਕਰਮ ਅਸੁਭ ਨ ਕਰੇ। ੫।

ਅੰਤਹਕਰਣ ਤੇਰੇ ਕਉ ਪਰਮੇਸਰ ਦੇਖਦਾ ਹੈ, ਅਤੇ ਸਰੀਰ ਤੇਰੇ ਕਉ ਜਗਤ ਦੇਖਦਾ ਹੈ। ਤਾਂ ਤੇ ਸਰੀਰ ਕਉ ਸੁੱਧ ਰਾਖਹਿੰਗਾ ਤਾਂ ਜਗਤ ਕੀ ਪ੍ਰਸੰਨਤਾ ਲੇਵਹਿੰਗਾ ਅਤੇ ਅੰਤਾਹਕਰਣ ਕਉ ਸੁਧ ਰਾਖਹਿੰਗਾ, ਤ ਉ ਪ੍ਰਸੰਨਤਾ ਪਰਮੇਸਰ ਕੀ ਲੇਵਹਿੰਗਾ। ੧੦।

ਇਹ ਤੀਨ ਲੱਛਣ ਜਗਿਆਸੀ ਕੇ ਹੈਂ—ਸਹਿਨਸ਼ੀਲਤਾ ਧਰਤੀ ਕੀ ਨਿਆਈਂ ਹੋਇ, ਉਦਾਰਤਾ ਨਦੀ ਕੀ ਨਿਆਈਂ ਹੋਇ, ਦਿਆਲਤਾ ਮੇਘਹੁ ਕੀ ਨਿਆਈਂ ਹੋਇ। ਇਸ ਤੀਨੋਂ ਲੱਛਣੋਂ ਵਿਖੇ ਜਗਿਆਸੀ ਬਿਚਰੈਗਾ ਤਬ ਹੀ ਪਰਮੇਸਰ ਜੋਗ ਹੋਇਗਾ। ੫੪।

ਇਹ ਦਸ ਸੱਸੇ ਮੁਕਤਿ ਦਾਇਕ ਹੈਂ—ਸਚੁ, ਸੰਤੋਖ, ਸੇਵਾ, ਸਿਮਰਨ ਸੁਮਤਿ, ਸਾਧਸੰਗ, ਸਮਤਾ, ਸਹਿਨਸ਼ੀਲਤਾ, ਸਿਫਤਿ ਪਰਮੇਸਰ ਕੀ, ਸ਼ਬਦ ਗੁਰਹੁ ਕਾ—ਜਿਸ ਸੱਸੇ ਕਉ ਦ੍ਰਿੜ੍ਹ ਕਰਿ ਪਕੜੈਗਾ, ਉਹੀ ਸੱਸਾ ਮੁਕਤਿ ਕਰਨਿ ਕਉ ਸਮਰੱਥ ਹੈ। ੧੧।

ਕਿਸੀ ਸਾਧ ਸਿਉਂ ਸਾਖ ਸੰਤ ਨੁ ਕੀ ਰਹਤ ਪੂਛੀ ਜੁ ਸੰਤਹੁ ਕੀ ਕਿਆ ਰਹਤ ਹੈ ? ਤਬ ਸਾਧ ਉਤਰ ਦੀਆ, ਅਰ ਕਹਿਆ ਜੁ ਸੰਤਹੁ ਕੀ ਏਹ ਰਹਤ ਹੈ—ਸੰਤ ਜਨ ਬਾਸੀ ਤਉ ਸੱਚ ਦੇਸ ਕੇ ਹੈਂ ਅਰ ਨਗਰ ਸੰਤਹੁ ਕਾ ਬੇਗਮਪੁਰਾ

ਅਰ ਘਰ ਸੰਤਹੁ ਕਾ ਸੰਤੋਖ ਰੂਪੀ ਹੈ ਅਰੁ ਕੁਟੰਬ ਸੰਤਹੁ ਕਾ ਬਿਬੇਕੀ ਪੁਰਖ ਹੈ, ਅਰ ਇਸਤ੍ਰੀ ਸ਼ਾਂਤਿ ਹੈ, ਸ਼ਾਂਤਿ ਸੁਖ ਜਿਉਂ ਮਿਲ ਕਰਿ ਕਲੋਲ ਕਰਤੇ ਹੈਂ, ਅਮਰ ਸ਼ੁਭ ਗੁਣ ਰੂਪੀ ਸੰਤਹੁ ਕੀ ਸੰਪਤਾ ਹੈ ਅਰ ਹਰਿਜਸ ਸੰਤਹੁ ਕਾ ਬਿਉਹਾਰ ਹੈ ਅਰ ਟਹਲੂਆ ਸੰਤਹੁ ਕਾ ਪਰਮੇਸਰ ਹੈ, ਸੰਤਹੁ ਕੀ ਰਹਤ ਹੈ।੨੦੨।

ਅਉਰ ਬਚਨ ਇਹੁ ਹੈ, ਕਿਸੀ ਸਾਧ ਮਾਇਆ ਕਉ ਇਸਤ੍ਰੀ ਕੇ ਸਰੂਪ ਮਹਿ ਦੇਖਿਆ ਥਾ। ਮਾਇਆ ਕੇ ਸੀਸ ਕੇ ਵਾਲ ਅਗਲੇ, ਨਾਲੇ ਪਿਛਲੇ ਝੂਰੇ ਹੂਏ। ਤਬ ਸਾਧ ਪੂਛਿਆ, ਹੇ ਮਾਇਆ! ਤੇਰੇ ਸੀਸ ਕੇ ਵਾਲ ਅਗਲੇ ਪਿਛਲੇ ਕਿਉਂ ਝੂਰੇ ਹੂਏ ਹੈਂ? ਤਬ ਮਾਇਆ ਉਤਰ ਦੀਆ — ਜੋ ਅਗਲੇ ਵਾਲ ਤਉ ਮੇਰੇ ਸੀਸ ਕੇ ਇਉਂ ਕਰਿ ਝੂਰੇ ਹੈਂ ਜੋ ਸਦਾ ਸੰਤਹੁ ਕੇ ਆਗੇ ਮਸਤਕ ਟੇਕਿਆ ਰਾਖਤੀ ਹੈਂ ਅਰ ਮਾਥਾ ਟੇਕ ਟੇਕ ਕਰਿ ਕਹਤੀ ਹੈਂ — 'ਸੰਤ ਕਬ ਤੁਮ ਮੇਰਾ ਅੰਗੀਕਾਰ ਕਰੋ।' ਅਤੇ ਸੰਤ ਮੇਰਾ ਅੰਗੀਕਾਰ ਨਹੀਂ ਕਰਤੇ। ਕਹਤੇ ਹੈਂ, 'ਹੇ ਮਾਇਆ! ਹਮ ਪਰਮੇਸਰ ਕਰ ਕੇ ਹੀ ਸੰਤੁਸ਼ਟ ਹੈਂ ਤਾ ਤੇ ਤੇਰਾ ਅੰਗੀਕਾਰ ਨਹੀਂ ਕਰਤੇ। ਇਸੀ ਕਰਿ ਸੀਸ ਕੇ ਵਾਲ ਅਗਲੇ ਝੂਰੇ ਹੈਂ।

ਅਤੇ ਪਿਛਲੇ ਵਾਲ ਸੀਸ ਕੇ ਇਉਂ ਝੂਰੇ ਹੈਂ, ਜੋ ਜਗਤ ਮੇਰੇ ਕਉ ਫੜਤਾ ਹੈ ਅਤੇ ਮੈਂ ਫੜਾਈ ਨਹੀਂ ਦੇਤੀ। ਉਹ ਮੇਰੇ ਵਾਲ ਫੜਤੇ ਹਨ ਅਤੇ ਮੈਂ ਨਿਕਸਿ ਜਾਤੀ ਹੈਂ, ਇਸੀ ਕਰ ਕੇ ਪਿਛਲੇ ਵਾਲ ਭੀ ਮੇਰੇ ਝੂਰੇ ਹੈਂ।੨੦੩।

ਅਉਰ ਬਚਨ ਇਹ ਹੈ, ਜਉ ਕਛੁ ਸੁਕ੍ਰਿਤ ਕਰੀਐ, ਤਬ ਬਦਲਾ ਤੁਰਤ ਨਾ ਮਾਂਗੀਐ। ਤੁਰਤ ਮਾਂਗਣ ਮਹਿ ਦੁਇ ਅੰਗੁਣ ਹੋਤੇ ਹੈਂ— ਏਕ ਤਉ ਅਹੰਕਾਰ ਸਿਧ ਹੋਤਾ ਹੈ, ਜੁ ਸੁਕ੍ਰਿਤ ਮੈਂ ਕੀਨਾ ਹੈ ਸੁਕ੍ਰਿਤ ਕੇ ਫਲ ਚਿਰ ਕਿਉਂ ਲਾਇਆ ਹੈ ਅਤੇ ਦੂਸਰਾ ਅਧੀਰਜ ਸਿਧ ਹੋਤਾ ਹੈ ਪਰਮੇਸਰ ਆਪ ਜੋ ਧੀਰਜਵਾਨ ਹੈ, ਉਸ ਕੋ ਸਭ ਕਾਰਜ ਧੀਰਜ ਕੇ ਹਿਤ ਆਵਤ ਹੈਂ। ਜੇਤੇ ਕਾਰਜ ਪਰਮੇਸਰ ਕਰਤਾ ਹੈ, ਸੋ ਸਭ ਧੀਰਜ ਸਾਥਿ ਕਰਤਾ ਹੈ ਅਰ ਜੋ ਜੀਉ ਅਧੀਰਜ ਵਾਲਾ ਹੋਇ ਮਿਲਤਾ ਹੈ, ਤਿਸ ਕੇ ਊਪਰਿ ਪ੍ਰਸੰਨ ਨਹੀਂ ਹੋਤਾ। ਤਾਂਤੇ ਪਰਮੇਸਰ ਕਉ ਉਹੀ ਕਰਮ ਹਿਤ ਆਵਤਾ ਹੈ ਜਿਸ ਮਹਿ ਨ ਅਹੰਕਾਰ ਆਵੈ, ਅਰੁ ਨ ਅਧੀਰਜ ਆਵੈ।੨੦੪।

(੧੩)

ਬਚਨ ਗੁਰਮੁਖਾਂ ਕੇ

(ੳ)

ਪ੍ਰਿਥਮ ਬਚਨ ਇਹ ਹੈ, ਸਉ ਕੰਮ ਤਿਆਗ ਕੇ ਇਸ਼ਨਾਨ ਕਰ ਲੈਣਾ ।੧। ਦੂਜਾ, ਬਚਨ ਇਹ ਹੈ, ਹਜ਼ਾਰ ਕੰਮ ਛੋੜ ਕੇ ਦਾਨ ਕਰਨਾ ।੨। ਤੀਜਾ ਬਚਨ ਇਹ ਹੈ, ਲੱਖ ਕੰਮ ਛੋੜ ਕੇ ਭਜਨ ਕਰਨਾ ।੩। ਚੌਥਾ ਬਚਨ ਇਹ ਹੈ, ਕਰੋੜ ਕੰਮ ਤਿਆਗ ਕੇ ਪ੍ਰਸਾਦਿ ਪਾਇ ਲੇਵਣਾ, ਰੋਸ ਕਰਿ ਨਹੀਂ ਬੈਠਣਾ ਕਿਸੀ ਬਾਤ ਕਰਿ ਪ੍ਰਸਾਦ ਕੇ ਸਮੇਂ ।੪। ਪੰਜਵਾਂ ਬਚਨ ਇਹ ਹੈ ਜੋ ਅਸੰਖ ਕੰਮ ਤਿਆਗਕੇ ਆਤਮ ਦੇਵ ਕੀ ਪੂਜਾ ਕਰ ਲੈਣੀ । ਆਤਮਦੇਵ ਦੀ ਪੂਜਾ ਇਹ ਹੈ, ਜੋ ਦੀਨ ਹੋਇ ਕਰਿ ਅਰਦਾਸਿ ਕਰੇ ਤਿਸਕੀ ਅਰਦਾਸਿ ਮੰਨ ਲੈਣੀ, ਜਿਥੋਂ ਤਕ ਪਹੁੰਚ ਹੋਵੇ ਢਿਲ ਨਾਹੀ ਕਰਣੀ । ਮਨ ਬਾਛਤ ਦੀਨ ਜਨ ਕਉ ਸੁਖ ਦੇਵਣਾ । ਇਸ ਕਰ ਪਰਮਾਤਮ ਦੇਵ ਜੋ ਹੈ ਸਰਬੱਗ, ਸੋ ਪ੍ਰਸੰਨ ਹੋਤਾ ਹੈ । ਜਬ ਪਰਮੇਸ਼ਰ ਪ੍ਰਸੰਨ ਹੂਆ, ਤਬਿ ਸਰਬ ਦੁਖਹੁੰ ਕਾ ਨਾਸ ਹੋਤਾ ਹੈ ।੫।

(ਅ)

ਧਰਤੀ ਮਾਤਾ ਕਹਤੀ ਹੈ ਜੋ ਮੇਰੀ ਸਿਖਿਆ ਧਾਰਤਾ ਹੈ ਸੋ ਸੰਤ ਹੈ । ਸੋ ਮੇਰੀ ਸਿਖਿਆ ਕਿਆ ਹੈ—ਸਹਿਨਸ਼ੀਲਤਾ । ਜੋ ਸਹਿਨਸ਼ੀਲ ਹੋਤਾ ਹੈ, ਸੋਈ ਸੰਤ ਹੋਤਾ ਹੈ, ਜਬ ਸੰਤ ਹੂਆ ਤਬ ਭਗਵੰਤ ਹੀ ਹੂਆ ।

ਧਰਤੀ ਮਾਤਾ ਕਹਤੀ ਹੈ, ਜੋ ਮੇਰੀ ਸਿਖਿਆ ਨ ਧਾਰੀ ਜਾਇ ਤਬ ਇਹ ਕੰਮ ਕਰੇ, ਮੇਰੇ ਗੁਣ ਧਾਰੇ । ਜੋ ਮੇਰੀ ਓਰ ਦੇਖ ਕਰ ਤੁਰੇ ਤਾਂ ਭੀ ਸਨੇ ਸਨੇ ਗੁਣਵੰਤ ਹੋਤਾ ਹੈ । ਸੋ ਪ੍ਰਿਥਮੇ ਇਹੁ ਗੁਣ ਹੈ ਜੋ ਮੇਰੀ ਓਰ ਦੇਖ ਕਰ ਤੁਰੇ ਤਿਸ ਕੇ ਪਾਉਂ ਕਉਂ ਚੋਟ ਨਹੀਂ ਲਗਨੇ ਦੇਤੀ ।੧। ਦੂਜਾ ਗੁਣ ਇਹ ਜੋ ਮੇਰੀ ਓਰ

ਦੇਖ ਕਰ ਤੁਰੇ, ਤਿਸ ਕੇ ਪਾਉਂ ਮਲੀਨ ਭੀ ਨਹੀਂ ਹੋਨੇ ਦੇਤੀ। ੨। ਤੀਜਾ ਗੁਣ ਇਹ ਜੋ ਮੇਰੀ ਓਰ ਦੇਖ ਕਰ ਤੁਰੇ, ਜੋ ਮੇਰੇ ਊਪਰਿ ਪਦਾਰਥ ਹੋਤਾ ਹੈ, ਸੋ ਭਿ ਬਤਾਇ ਦੇਤੀ ਹੋਂ। ੩। ਚੌਥਾ ਗੁਣ ਹੋਰ ਬਡਾ ਹੈ, ਜੁ ਮੇਰੀ ਓਰ ਦੇਖ ਕਰ ਤੁਰੇ ਤਿਸ ਕੀ ਪਾਪਹੁ ਤੇ ਰੱਛਿਆ ਕਰਤੀ ਹੋਂ, ਕਾਹੇ ਤੇ ਕੀਟ ਆਦਿਕ ਭੀ ਨਹੀਂ ਮਰਤੇ, ਨੀਚੇ ਦੇਖਨੇ ਕਰ ਤੇ ਊਪਰ ਦ੍ਰਿਸ਼ਟ ਪਦਾਰਥ ਦੇਖਨੇ ਕਰ ਬਡਾ ਪਾਪ ਹੋਤਾ ਹੈ ਸੋ ਭੀ ਨਹੀਂ ਹੋਤਾ। ੪। ਇਕ ਅਉਰ ਪਾਂਚਵਾਂ ਗੁਣ ਹੈ, ਸੋ ਵਡੇ ਤੇ ਵਡਾ ਗੁਣ ਹੈ, ਜੋ ਮੇਰੀ ਓਰ ਦੇਖ ਕਰਿ ਤੁਰਤਾ ਹੈ ਤਿਸ ਕਾ ਨਾਉਂ ਮੈਂ 'ਸੰਤ' ਪਾਵਤੀ ਹੋਂ। ਲੋਕ ਜਗਤ ਕੇ ਉਸ ਕੋ ਸੰਤ ਕਹਨੇ ਲਗ ਜਾਤੇ ਹੈਂ, ਜਬ ਸੰਤ ਨਾਉਂ ਪੜਾ ਤਬ ਭਗਵੰਤ ਕਉ ਸ਼ਰਮ ਪੜ ਜਾਤੀ ਹੈ, ਜੁ ਇਸ ਕੋ ਲੋਕ ਮੇਰਾ ਕਹਤੇ ਹੈਂ, ਅਬ ਮੈਂ ਇਸ ਕੋ ਜੋਨੀ ਮੇਂ ਨ ਪੜਨੇ ਦੇਵਉਂ, ਆਪਣੇ ਬੀਚ ਸਮਾਇ ਲੇਤਾ ਹੈ।

(ਦ)

ਕਿਸੇ ਸਿਖ ਗੁਰੂ ਅਰਜਨ ਜੀ ਪਾਸਿ ਅਰਦਾਸਿ ਜਾਇ ਕਰੀ ਜੁ ਗੁਰੂ ਜੀ! ਮੇਰੇ ਪਰ ਕ੍ਰਿਪਾ ਕਰਹੁ ਜੋ ਦੂਜਾ ਮੈਨੂੰ ਦ੍ਰਿਸ਼ਟਿ ਨਾ ਆਵੈ, ਏਕ ਪਰਮੇਸ਼ਰ ਹੀ ਸਾਰੇ ਮੈਂ ਦੇਖਉਂ। ਬਚਨ ਹੋਇਆ ਸਿਖਾ! ਤੂ ਏਕ ਹੀ ਛਾਲ ਕਰ ਕੋਠੇ ਊਪਰਿ ਚੜ੍ਹਿਆ ਚਾਹਤਾ ਹੈਂ। ਸੋ ਨਾਹੀ ਚੜੀਤਾ, ਪਉੜੀਆਂ ਕੇ ਰਾਹ ਸਨੇ ਸਨੇ ਚੜ੍ਹਤਾ ਹੈ। ਸ਼ਾਸਤ੍ਰਕਾਰੋਂ ਨੇ ਸੱਤ ਭੂਮਿਕਾਂ ਜੋ ਕਹੀਆਂ, ਇਸੀ ਕਰ ਕਹੀਆਂ ਹੈਂ।

ਪ੍ਰਿਥਮੇ ਸੰਤਾਂ ਮੈਂ ਮਿਲਣ ਕੀ ਚਿਤਵਨੀ ਕਰਣਾ
ਦੂਜੇ ਸੰਤ ਸਾਥਿ ਜਾਇ ਮਿਲਣਾ
ਤੀਜੇ ਸੰਤਾਂ ਕੇ ਬਚਨ ਸ੍ਰਵਣ ਕਰੇ
ਚੌਥੇ ਸੰਤਾਂ ਜੋ ਕਹਿਆ, ਤਿਸ ਕਉ ਬਾਰੰਬਾਰ ਰਿਦੇ ਮੈ ਵਿਚਾਰਨਾ
ਪੰਜਵਾਂ ਉਨਾਂ ਬਚਨਾਂ ਊਪਰਿ ਚਲਣਾ
ਛੇਵਾਂ ਮਨ ਅਪਨੇ ਕਉ ਰੋਕਣਾ
ਸੱਤਵੇਂ ਮਨ ਕੀ ਬਿਰਤੀ ਕਉ ਪਰਮੇਸ਼ਰ ਕੇ ਸਾਥਿ ਮਿਲਾਇ ਛੋਡਣਾ
ਜੁ ਸ੍ਵਾਸ ਅਮੋਲਕ ਹੈਂ, ਬਿਰਥੇ ਨ ਜਾਵੈਂ।

[ਸਾਖੀਆਂ ਸ੍ਰੀ ਭਾਈ ਅੱਡਣ ਜੀ ਕੀਆਂ

(੧੪)

'ਸਿਖ ਅਰਦਾਸ' ਵਿਚੋਂ

'ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹਠੀਆਂ, ਜਪੀਆਂ ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ। ਜਿਨ੍ਹਾਂ ਪਿਆਰਿਆਂ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਰੰਬੀਆਂ ਨਾਲ ਖੋਪਰੀਆਂ ਲੁਹਾਈਆਂ ਪੁੱਠੀਆਂ ਖੱਲਾਂ ਉਤਰਵਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਸੀਸ ਚਿਰਾਏ, ਜਾਨਾਂ ਦਿਤੀਆਂ, ਧਰਮ ਨਹੀਂ ਹਾਰਿਆ ਤਿਨਾਂ ਦੀ ਕਮਾਈ ਦਾ ਧਿਆਨ ਕਰ ਕੇ ਬੋਲੋ ਜੀ ਵਾਹਿਗੁਰੂ।

ਪ੍ਰਿਥਮੇ ਸੰਮੂਹ ਖਾਲਸੇ ਜੀ ਕੀ ਅਰਦਾਸ ਹੈ, ਸਮੂਹ ਖਾਲਸਾ ਜੀ ਕਉ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਨਾਮ ਚਿਤ ਆਵੇ, ਚਿਤਿ ਆਵਨ ਕਾ ਸਦਕਾ ਸਰਬ ਸੁਖ ਹੋਵੇ।

ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫਤਿਹ ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ, ਬੋਲਣਾ ਜੀ ਸ੍ਰੀ ਵਾਹਿਗੁਰੂ।

ਸਿਖਾਂ ਨੂੰ ਸਿਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਕੇ ਸਿਰ ਦਾਨ—ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ— ਬੋਲਣਾ ਜੀ ਸ੍ਰੀ ਵਾਹਿਗੁਰੂ।

ਸਿਖ ਦਾ ਮਨ ਨੀਵਾਂ, ਮਤਿ ਉਚੀ, ਮਤ ਕਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ। ਜੋ ਜੀ ਆਵੇ ਸੋ ਰਾਜ਼ੀ ਜਾਵੇ।

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।'

(੫)

ਅਨੁਵਾਦ-ਸਾਹਿਤ

(੧)

ਉਪਨਿਸ਼ਦ

'ਉਪਨਿਖਧਿ ਨਾਰਾਇਣ' ਇਹ ਅਥਰਵਣ ਬੇਦ ਥੀਂ ਹੈ।

ਨਾਰਾਇਣੁ ਕੈਸਾ ਹੈ ਜੋ ਸਭਨਾਂ ਜੀਵਾਂ ਵਿਖੇ ਰਹਤਾ ਹੈ, ਅਰ ਜੀਵ ਸਭ ਤਿਸ ਮੇਂ ਰਹਤੇ ਹੈਂ। ਉਸ ਪਰਮਾਤਮਾ ਏਕਾ ਏਕੀ ਨੇ ਚਾਹਿਆ, ਜੋ ਇਕ ਥੀਂ ਮੈਂ ਬਹੁਤੁ ਹੋਵਾਂ ਅਰੁ ਇਸ ਏਕਤਾ ਥੀਂ ਵਿਚ ਅਨੇਕਤਾ ਦੇ ਪ੍ਰਕਾਸ਼ ਕਰਾਂ। ਪ੍ਰਥਮੈ ਇਸ ਨਾਰਾਇਣ ਥੀਂ ਇਛਾ ਸ਼ਕਤਿ ਗੁਪਤ ਅਪ੍ਰਗਟਿ, ਪ੍ਰਗਟਿ ਸਿ ਹੋਈ, ਬਹੁੜਿ ਭੂਤਾਕਾਸ਼ ਹੋਤਿ ਭਯਾ। ਬਹੁੜਿ ਵਾਉ ਅਰੁ ਅਗਨਿ ਅਰੁ ਜਲ ਅਰੁ ਪ੍ਰਿਥਵੀ ਜੋ ਆਧਾਰ ਸਭਨਾਂ ਦੀ ਹੈ, ਪ੍ਰਕਾਸ਼ ਹੋਏ।

ਅਰੁ ਉਸ ਪਰਮਾਤਮਾ ਨਾਰਾਇਣ ਥੀਂ ਹਿਰਨਾਂਣ ਗਰਭ ਅਰੁ ਇੰਦ੍ਰ ਅਰੁ ਮਹਾਦੇਵ ਅਰੁ ਪ੍ਰਿਜਾਪਤਿ ਅਰੁ ਅਸਟ੍ਰ ਵਿਸੁ ਅਰੁ ਸਮਸਤ ਦੇਵਤਾ ਅਰ ਸਭ ਜੀਵ ਜਾਤਿ ਅਖਲ ਉਸੀ ਥੀਂ ਪ੍ਰਕਾਸ਼ ਹੋਏ ਹੈਨਿ ਅਰੁ ਉਸੀ ਮੈਂ ਲੈ ਹੋਤੇ ਹੈਂ। ਅਰੁ ਉਹੁ ਨਾਰਾਇਣੁ ਜੋ ਅਖਲ ਵਿਸ਼ਵ ਕਾ ਪ੍ਰਕਾਸ਼ਕ ਹੈ, ਆਪਿ ਇਕ ਅਦੂਤੀ ਹੈ ਅਰੁ ਸਦਾ ਸਰਵਦਾ ਆਪਣੇ ਆਧਾਰ ਇਸਥਿਤ ਹੈ। ਓਹੋ ਨਾਰਾਇਣ ਬ੍ਰਹਮਾ ਹੈ, ਸੋਈ ਨਾਰਾਇਣ ਮਹਾਂ ਦੇਵ ਹੈ, ਓਹੀ ਨਾਰਾਇਣ ਇੰਦ੍ਰ ਹੈ। ਓਹੀ ਨਾਰਾਇਣ ਯਾਹਰਾ ਰੁਦ੍ਰ ਹੈ ਅਰੁ ਓਹੀ ਨਾਰਾਇਣ ਅਸਟ ਵਿਸੁ ਹੈ। ਅਰੁ ਓਹੀ ਨਾਰਾਇਣ ਅਸੁਨੀ ਕੁਮ ਰ ਹੈ। ਅਰ ਓਹੀ ਨਾਰਾਇਣ ਸਭਿ ਰਿਖੀਸੁਰ ਅਰੁ ਤਪੀਸੁਰ ਹੈ ਅਰੁ ਮੁਨੀਸੁਰ ਹੈ। ਅਰੁ ਓਹੀ ਨਾਰਾਇਣ ਕਾਲ ਹੈ, ਅਰੁ ਸੋਈ ਨਾਰਾਇਣ ਦਿਸ਼ਾ ਹੈ।

ਊਰਧਿ ਨਾਰਾਇਣ ਹੈ, ਅਰਧਿ ਨਾਰਾਇਣ ਹੈ। ਅਗੇ ਨਾਰਾਇਣ ਹੈ, ਪਾਛੇ

ਨਾਰਾਇਣ ਹੈ, ਬਾਂਦੇ ਨਾਰਾਇਣੁ, ਚਾਵੇ ਨਾਰਾਇਣੁ, ਗੁਪਤ ਨਾਰਾਇਣੁ, ਪ੍ਰਗਟ ਨਾਰਾਇਣੁ । ਭੂਤ ਭਵਿਖਤ ਵਰਤਮਾਨ ਸਭਿ ਕਿਛੁ ਨਾਰਾਇਣੁ ਹੈ, ਐਸਾ ਨਾਰਾਇਣੁ ਨਿਤ ਹੈ, ਸਤਿ ਹੈ, ਸਦਾ ਹੈ, ਅਵਿਛੇਦਿ ਹੈ, ਅਖੰਡ ਹੈ। ਐਸਾ ਨਾਰਾਇਣ ਬਾਣੀ ਤੇ ਅਗੋਚਰਿ ਹੈ, ਪ੍ਰਨਾਮ ਤੇ ਪਰੇ ਹੈ ਅਰੁ ਉਹ ਨਾਰਾਇਣ ਸੁਧਿ ਨਿਰਮਲ ਹੈ, ਜੋਤੀ ਸਰੂਪ ਹੈ, ਅਦਵੈਤਿ ਜਾਣੋ, ਸੋਈ ਦੁਨੀਆ ਰਹਤ ਹੈ।

ਜੋ ਕੋਈ ਦੇਹਿ ਆਪਨੇ ਕੋ ਤਾਈਂ ਰਥੁ, ਅਰੁ ਗਿਆਨ ਕਉ ਰਥਵਾਹੀ ਜਾਣੈ ਅਰੁ ਮਨ ਆਪਣੇ ਕੇ ਤਾਈਂ ਰੱਸਣੇ। ਅਰੁ ਇੰਦ੍ਰੀਆ ਕੇ ਤਾਈਂ ਖੈਂਚਣ ਵਾਲਾ ਜਾਣੈ, ਜੀਵ ਆਤਮਾ ਕੇ ਤਾਈਂ ਉਪਰਿ ਇਸ ਰਥ ਦੇ ਸਵਾਰ ਕਰੈ। ਆਪਣੇ ਤਾਈਂ ਸਾਖਿ ਪੂਰਨ ਪਰਸਨ ਦੇ ਜੁ ਪਰਮਾਤਮਾ ਬਿਸਨੁ ਅਬਿਨਾਸ਼ੀ ਹੈ ਅਰੁ ਨਿਰਵਿਕਾਰ ਈਸਰਿ ਹੈ, ਪਹੁੰਚਾਵਿਦਾ ਹੈ।

(ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ, ਖਰੜਾ ਨੰ. 21)

(੨)

ਭਾਗਵਤ ਗੀਤਾ

ਏਕ ਸਮੇ ਕਈ ਸਾਲ ਪਰਬਤ ਊਪਰਿ ਮਹਾਂਦੇਉ ਅਰੁ ਪਾਰਬਤੀ ਕੀ ਆਪਸ ਮੈਂ ਗੋਸ਼ਟਿ ਹੋਈ । ਤਾਂ ਗਉਰਾਂ ਪਾਰਬਤੀ ਪੂਛੈ ਹੈ, ਹੇ ਸ੍ਰੀ ਮਹਾਦੇਵ ਜੀ ! ਤੁਮ ਅੰਤਹਕਰਣ ਮਨ ਮਹਿ ਕਿਸ ਗਿਆਨ ਕਰਿ ਪਵਿਤ੍ਰ ਹੋਸੀ, ਜਿਸ ਗਿਆਨ ਕਰਿ ਸੰਸਾਰ ਕੇ ਮਨੁਖ ਤੁਮ ਕਉ 'ਸ਼ਿਵ' ਕਰਿ ਪੂਜਦੇ ਹੈਂ ਜੀ ਅਰ ਬਾਹਰ ਦੇ ਤੁਮ੍ਹਾਰੇ ਕਰਮ ਦਿਖਾਈ ਦਿੰਦੇ ਹੈ ਜੀ—ਮ੍ਰਿਗਛਾਲਾ ਓਢ, ਅੰਗ ਵਿਖੇ ਬਿਭੂਤ ਅਰੁ ਗਲੇ ਮੈਂ ਸਰਪ ਪਾਇਆ ਹੋਇਆ ਹੈ ਜੀ ਅਰ ਮੁੰਡੀਆਂ ਕੀ ਮਾਲਾ ਪਹਿਰੇ ਹੋਏ, ਇਨ ਮੈਂ ਤਾਂ ਕੋਈ ਕਰਮ ਪਵਿਤ੍ਰ ਨਹੀਂ ਜੀ । ਤੁਮ ਮੋਨੋ ਇਹ ਗਿਆਨੁ ਸੁਣਾਵੋ ਜੀ, ਜਿਸ ਗਿਆਨ ਕਰਿ ਤੁਮ ਅੰਤਹਕਰਨ ਮੇਂ ਪਵਿਤ੍ਰ ਹੋ ਜੀ । ਤਾਂ ਸ੍ਰੀ ਮਹਾਂਦੇਵ ਜੀ ਕਹਿਆ, ਹੇ ਪਾਰਬਤੀ ਤੂੰ ਸੁਣ, ਜਿਸ ਗਿਆਨ ਕਰ ਕੇ ਬਾਹਰ ਕੇ ਕਰਮ ਬਿਆਪਦੇ ਨਹੀਂ, ਸੋ ਵਹੁ ਗੀਤਾ ਗਿਆਨ ਹੈ, ਤਿਸਕਾ ਹਿਰਦੇ ਬਿਖੇ ਧਿਆਨ ਕਰੇਹੋ । ਤਿਸ ਗੀਤਾ ਕੇ ਗਿਆਨ ਕਰਿ ਮੈਨਉ ਕੋਈ ਬਾਹਰ ਕਾ ਕਰਮ ਬਿਆਪਦਾ ਨਹੀਂ । ਤਾਂ ਗਉਰਾਂ ਪਾਰਬਤੀ ਕਹਿਆ ਸ੍ਰੀ ਮਹਾਦੇਵ ਜੀ ਜੋ ਗੀਤਾ ਗਿਆਨ ਐਸਾ ਹੈ ਜੀ, ਜਿਸ ਗਿਆਨ ਕੀ ਤੁਮ ਐਸੀ ਉਸਤਤਿ ਕਰਦੇ ਹੋ ਜੀ ਤਿਸ ਗਿਆਨ ਕੋ ਕੋਈ ਸੁਨ ਕਰਿ ਕ੍ਰਿਤਾਰਥ ਭੀ ਭਇਆ ਹੈ ਜੀ ? ਤਾਂ ਸ੍ਰੀ ਮਹਾਂਦੇਵ ਜੀ ਕਹਿਆ, ਹੇ ਪਾਰਬਤੀ ਤਿਸ ਗਿਆਨ ਕੋ ਸੁਨ ਕਰਿ ਬਹੁਤ ਜੀਵ ਕ੍ਰਿਤਾਰਥ ਭਏ ਹੈਂ । ਮੈਂ ਤੁਮ ਸੋਂ ਇਕ ਪੁਰਾਤਨ ਕਥਾ ਕਹੋਂ ਹੋਂ ਤੂੰ ਸ੍ਰਵਨ ਕਰਿ—

ਪਾਤਾਲ ਖੰਡ ਵਿਖੇ ਸ਼ੇਸਨਾਗ ਕੇ ਸੀਸ ਪਰਿ ਸ੍ਰੀ ਨਾਰਾਇਣ ਜੀ ਨੇਤ੍ਰਮੂੰਦ

ਕਰਿ ਅਨੰਦ ਮੈਂ ਮਗਨ ਭਏ ਥੇ ਅਰੁ ਸ੍ਰੀ ਲੱਛਮੀ ਜੀ ਚਰਣ ਝੱਸਤੀ ਥੀ। ਤਾਂ ਏਕ ਸਮੇਂ ਬਿਖੇ ਸ੍ਰੀ ਲਛਮੀ ਜੀ ਪੁਛਿਆ ਏ ਸ੍ਰੀ ਨਾਰਾਇਣ ਜੀ ! ਤੁਮ ਚਉਦਹ ਲੋਕ ਕੇ ਈਸ਼ਰ ਹੋ ਜੀ, ਕਿਆ ਤੁਮ ਕਉ ਭੀ ਨੀਂਦ ਬਿਆਪਦੀ ਹੈ ਜੀ। ਨੀਂਦ ਅਰ ਆਲਸ ਤਿਨ ਕਉ ਬਿਆਪਦਾ ਹੈ ਜੀ ਜੋ ਜੀਉ ਤਾਮਸੀ ਹੈਂ ਜੀ ਅਰ ਜੀ ! ਤੁਮ ਤਾਂ ਤਿਨਾ ਗੁਣਾਂ ਤੇ ਰਹਤ ਹੋ ਜੀ, ਤੁਮ ਤਾਂ ਸ੍ਰੀ ਨਾਰਾਇਣ ਹੋ ਜੀ, ਵਾਸਦੇਵ ਹੋ ਜੀ। ਤੁਮ ਜੋ ਨੇਤ੍ਰ ਮੁੰਦ ਰਹੇ ਹੋ ਜੀ, ਇਹ ਤਾਂ ਮੋਕਉ ਵਡਾ ਅਸਚਰਜ ਸਾ ਲਾਗੇ ਹੈ ਜੀ।

ਸ੍ਰੀ ਨਾਰਾਇਣੋ ਵਾਚ—ਸੁਨੋ ਲਛਮੀ ! ਮੋਕਉ ਨੀਂਦ ਅਰੁ ਆਲਸ ਨਹੀਂ ਬਿਆਪਦਾ, ਇਕ ਮੇਰੀ ਸ਼ਬਦ ਰੂਪੀ ਭਗਵਤ ਗੀਤਾ ਹੈ ਤਿਸ ਮੈਂ ਜੋ ਗਿਆਨ ਹੈ, ਤਿਸ ਗਿਆਨ ਕਰਿ ਮੈਂ ਸਦਾ ਮਗਨ ਅਨੰਦ ਮੈਂ ਰਹਿੰਦਾ ਹਾਂ ਅਰੁ ਵਹੁ ਕੈਸਾ ਗਿਆਨ ਹੈ, ਤਿਸ ਗਿਆਨ ਕੇ ਉਪਜਤੇ ਇਹ ਜੀਉ ਸਦਾ ਅਨੰਦ ਮੈਂ ਰਹਤਾ ਹੈ, ਕੋਈ ਕਲੇਸ਼ ਦੁਖ ਇਸ ਜੀਆ ਕਉ ਬਿਆਪ ਨਹੀਂ ਸਕਦਾ। ਜੈਸੇ ਚਉਬੀਸ ਅਵਤਾਰ ਮੇਰੇ ਅਕਾਰ ਰੂਪੀ ਹੈ ਤਿਉਂ ਇਹ ਗੀਤਾ ਸ਼ਬਦ ਰੂਪੀ ਅਉਤਾਰੁ ਹੈ। ਤਿਸ ਗੀਤਾ ਮੈਂ ਮੇਰੇ ਅੰਗ ਹੈਂ, ਪੰਜ ਧਿਆਉ ਮੇਰਾ ਮੁਖ ਹੈ, ਪੰਜ ਧਿਆਉ ਮੇਰੀਆਂ ਭੁਜਾ ਹੈਂ। ਪੰਜ ਧਿਆਉ ਮੇਰਾ ਹੀਆ ਹੈ, ਸੋਲਮਾਂ ਧਿਆਉ ਮੇਰਾ ਉਦਰੁ ਹੈ। ਸਤਾਰਮਾਂ ਧਿਆਉ ਮੇਰੀਆਂ ਜੰਘਾਂ ਹੈਂ, ਅਠਾਰਮਾਂ ਧਿਆਉ ਮੇਰੇ ਚਰਨ ਹੈਂ ਅਰ ਗੀਤਾ ਕੇ ਜੋ ਸਲੋਕੁ ਹੈਂ ਤੇ ਮੇਰੀਆਂ ਨਾੜੀਆਂ ਹੈਂ, ਬਹਰੁ ਕੋਠੇ ਹੈਂ ਅਰੁ ਗੀਤਾ ਕੇ ਜੋ ਅੱਛਰ ਹੈਂ, ਸੋ ਮੇਰੇ ਅੰਗ ਹੈਂ। ਐਸੀ ਜੋ ਹੈ ਮੇਰੀ ਸ਼ਬਦ ਰੂਪੀ ਗੀਤਾ ਤਿਸ ਕਾ ਅਰਥ ਮੈਂ ਰਿਦੇ ਬਿਖੇ ਬਿਚਾਰੇ ਹੌਂ ਤਾਂ ਬਹੁਤ ਅਨੰਦ ਬਿਖੇ ਪ੍ਰਾਪਤਿ ਹੋਂਦਾ ਹਾਂ।

ਖਰੜਾ ਨੰ. 2879 (1-3 ਪੱਤਰਾ)
ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ।

(ੜ)

ਯੋਗ ਵਸਿਸ਼ਟ

ਸਤਿ ਚਿਤ ਅਨੰਦ ਰੂਪ ਜੋ ਆਤਮਾ ਹੈ, ਤਿਸ ਕਉ ਨਮਸਕਾਰ ਹੈ। ਕੈਸਾ ਹੈ ਸਤਿ ਚਿਤ ਅਨੰਦ ਰੂਪ ਸੋ ਆਤਮਾ ਸੋ ਕਹਤ ਹੈਂ ਜਿਸ ਤੇ ਇਹ ਸਰਬ ਭਾਸਤੇ ਹੈਂ ਅਰੁ ਜਿਸ ਵਿਖੇ ਸਰਬ ਲੀਨ ਹੋਤੇ ਹੈਂ ਅਰ ਜਿਸ ਵਿਖੇ ਸਰਬ ਇਸਥਿਤ ਹੈਂ। ਤਿਸ ਆਤਮਾ ਕਉ ਨਮਸਕਾਰ ਹੈ। ਜਿਸ ਅਨੰਦ ਕੇ ਸਮੁੰਦ੍ਰ ਕੇ ਕਣ ਕਰ ਸੰਪੂਰਨ ਵਿਸ਼ਵ ਅਨੰਦਵਾਨ ਹੈ ਅਰੁ ਜਿਸ ਅਨੰਦ ਕਰਿ ਸਰਬ ਜੀਵ ਜੀਵਤੇ ਹੈਂ, ਤਿਸ ਅਨੰਦ ਆਤਮਾ ਕਉ ਨਮਸਕਾਰ ਹੈ। ਕੋਊ ਏਕ ਸੁਤੀਛਣ ਬ੍ਰਾਹਮਣ ਅਗਸਤ ਕਾ ਸਿਖੁ ਹੋਤਾ ਭਇਆ, ਤਿਸ ਕੇ ਮਨ ਵਿਖੇ ਏਕ ਸੰਸੈ ਉਤਪਤਿ ਭਇਆ, ਤਿਸ ਕੇ ਨਵਿਰਤ ਕਰਣੇ ਕੇ ਅਰਥ ਅਗਸਤ ਮੁਨਿ ਕੇ ਆਸ੍ਰਮ ਕਉ ਗਮਨ ਕੀਆ, ਜਾਇ ਕਰਿ ਵਿਧਿ ਸੰਜੁਗਤ ਪ੍ਰਣਾਮ ਕਰਿ ਇਸਥਿਤ ਭਇਆ ਅਰੁ ਨੰਮ੍ਰਭਾਵ ਸਿਉਂ ਪ੍ਰਸ਼ਨ ਕਰਤ ਭਇਆ। ਸੁਤੀਛਣੋਵਾਚ—ਹੇ ਭਗਵਨ ! ਸਰਬ ਤਤਗਯ, ਸਰਬ ਸ਼ਾਸਤ੍ਰ ਕੇ ਗਿਆਤਾ ! ਏਕ ਸੰਸੈ ਮੁਝ ਕਉ ਹੈ, ਕ੍ਰਿਪਾ ਕਰ ਕੇ ਤੁਮ ਨਵਿਰਤ ਕਰਹੁ ਜੁ ਮੋਛ ਕਾ ਕਾਰਣ ਕਰਮ ਹੈ ਅਥਵਾ ਗਿਆਨ ਹੈ ਅਥਵਾ ਦੋਨੋਂ ਹੈਂ, ਜੁ ਮੋਛ ਕਾ ਸਾਧਨ ਹੈ ਕਹਹੁ।

ਅਗਸਤੋਵਾਚ—ਹੇ ਬ੍ਰਾਹਮਣ ! ਕੇਵਲ ਕਰਮ ਮੋਛ ਕਾ ਕਾਰਣ ਨਹੀਂ ਅਰੁ ਕੇਵਲ ਗਿਆਨ ਤੇ ਭੀ ਮੋਛ ਨਹੀਂ ਪ੍ਰਾਪਤ ਹੋਤੀ; ਦੋਨੋਂ ਕਰਿ ਮੋਛ ਪ੍ਰਾਪਤ ਹੋਤੀ ਹੈ। ਕਰਮਹੁ ਕਰਿ ਅੰਤਹਕਰਣ ਸੁਧ ਹੋਤਾ ਹੈ, ਮੋਛ ਨਹੀਂ ਹੋਤੀ ਅਰੁ ਅੰਤਹ ਕਰਣ ਸੁਧ ਬਿਨਾ ਕੇਵਲ ਗਿਆਨ ਤੇ ਭੀ ਮੁਕਤਿ ਨਹੀਂ ਹੋਤੀ। ਅਰਥ ਇਹ ਜੋ ਸਾਸਤ੍ਰ ਕਾ ਤਾਤਪ੍ਰਜ ਗਿਆਨ, ਨਿਹਚਾ, ਅੰਤਹਕਰਣ ਸੁਧ ਬਿਨਾ ਇਸਥਿਤ ਨਹੀਂ ਹੋਤਾ। ਤਾਂ ਤੇ ਦੋਨੋ ਕਰਿ ਮੋਛ ਕੀ ਪ੍ਰਾਪਤੀ ਹੋਤੀ ਹੈ। ਕਰਮਹੁ ਕਰਿ ਪ੍ਰਥਮ ਅੰਤਹ ਕਰਣ ਸੁਧ ਹੋਤਾ ਹੈ, ਬਹੁੜਿ ਗਿਆਨ ਉਪਜਤਾ ਹੈ ਤਬ ਮੋਛ ਸਿਧਿ ਹੋਤੀ ਹੈ। ਜੈਸੇ ਦੋਨੋ ਪੰਖਹੁ ਕਰ ਪੰਛੀ ਅਕਾਸ ਮਾਰਗ ਕਉ ਉਡਤਾ ਹੈ: ਸੁਖੈਨ ਹੀ। ਤੈਸੇ ਕਰਮ ਅਰ ਗਿਆਨ ਦੋਨੋ ਕਰਿ ਮੋਛ ਕੀ ਸਿਧਤਾ ਹੋਤੀ ਹੈ।

[ਵੈਰਾਗ ਪ੍ਰਕਰਣੇ ਸੁਵਣ ਸਿਮ੍ਰਿਤਿ ਭਾਖਾ
ਖਰੜਾ ਨੰ. 2743 (ਪੱਤਰਾ 1)
ਸੈਂ. ਪ. ਲਾ. ਪਟਿਆਲਾ।

(੪)

ਸ੍ਰੀ ਮਦ ਭਾਗਵਤ ਪੁਰਾਣ

ਸ੍ਰੀ ਕ੍ਰਿਸ਼ਨ ਭਗਵਾਨ ਊਧਉ ਕਉ ਕਹੇ ਹੈਂ—ਜੁ ਸੰਨਿਆਸੀ ਬਸਤ੍ਰ ਕੀ ਰਾਖਿਆ ਕੀਆ ਚਾਹੇ ਤਉ ਏਕਿ ਕੁਪੀਨਿ ਹੀ ਪਹਿਰੈ। ਅਉਰ ਕਿਛੁ ਬਾਸਣ ਭਾਂਡਾ ਨ ਰਾਖੈ। ਬਹੁਰਿ ਇਹ ਧਰਮ ਸਭਨਾ ਕਉ ਕਰਨਾ ਆਇਆ ਹੈ। ਕਉਣ ਧਰਮ ਸੁ ਕਹੇ ਹੈਂ—ਮਾਰਗ ਦੇਖ ਕਰਿ ਚਰਨ ਰਾਖੈ ਜਹਾਂ ਕੋਈ ਨਿਕਾ ਜੀਵ ਚੀਂਟੀ ਅਰ ਅਪਵਿਤ੍ਰ ਵਸਤੁ ਅਰ ਦੁਖਦਾਇਕ ਕਾਂਟਾ ਕਿਕਰੀ ਨ ਹੋਇ, ਐਸੀ ਠਉਰਿ ਬਿਖੈ ਚਰਨੁ ਰਾਖੈ ਅਰ ਬਸਤ੍ਰ ਸਾਥਿ ਪੁਣਿਆ ਜਲ ਪੀਵਣਾ। ਅਰੁ ਸਤਿ ਬਚਨ ਕਹਣਾ ਜੈਸੇ ਕੋਈ ਦੁਖੈ ਨਾਹੀ। ਅਰੁ ਮਨ ਕਰਿ ਬੀਚਾਰੈ ਕਿ ਇਹੁ ਭਲਾ ਹੈ, ਇਹ ਬੁਰਾ ਹੈ। ਭਲਾ ਜਾਣ ਕਰਿ ਅੰਗੀਕਾਰ ਕਰੈ, ਇਹ ਸਭਨ ਕਾ ਧਰਮ ਹੈ।

ਅਬ ਸੰਨਿਆਸਿ ਧਰਮੁ ਨਿਰੂਪਣ ਕਰੇ ਹੈਂ—ਸੰਨਿਆਸੀ ਮੋਨੀ ਹੋਇ, ਬੋਲੈ ਨਾਹੀਂ, ਅਰ ਇੰਦ੍ਰੀਅਹੁ ਕਉ ਜੀਤੈ, ਅਰ ਪ੍ਰਣਾਮ ਕਰੈ। ਏ ਜੁ ਹੈਂ ਤੀਨੋ ਬਾਤ ਇਨੋ ਕਰਿ ਬਚਨ, ਦੇਹਿ ਅਰੁ ਮਨ ਏ ਵਸਿ ਹੋਤੇ ਹੈਂ। ਮੋਨ ਕਰਿ ਬਚਨ ਬਸਿ ਹੋਤਾ ਹੈ, ਅਰੁ ਪ੍ਰਣਾਮ ਕਰਿ ਮਨ ਬਸ ਹੋਤਾ ਹੈ; ਅਰੁ ਇੰਦ੍ਰੀਅਹੁ ਕੇ ਜੀਤੇ ਤੇ ਦੇਹਿ ਬਸ ਹੋਤੀ ਹੈ। ਜਿਸ ਸੰਨਿਆਸੀ ਏ ਤੀਨ ਸਾਧਨਾ ਨਾਹੀ, ਸੋ ਸੰਨਿਆਸੀ ਨਹੀਂ, ਸ੍ਵਾਂਗੀ ਹੈ। ਕਿਛੁ ਦੰਡਿ ਕੇ ਧਾਰੇ ਸੰਨਿਆਸ ਨਹੀਂ। ਬਹੁਰਿ ਸੰਨਿਆਸੀ ਚਾਰੋਂ ਵਰਨੋਂ ਕੀ ਭਿਖਿਆ ਲੇਇ। ਅਰੁ ਨਿੰਦਕ ਲੋਕ ਜੁ ਹੈਂ ਮਲੇਛ—ਤਿਸਕੀ ਭਿਖਿਆ ਨ ਲੇਇ, ਬਹੁਰਿ ਏਕ ਹੀ ਘਰ ਕੀ ਭਿਖਿਆ ਭੀ ਨਾ ਲੇਇ। ਜਥਾਸ਼ਕਤਿ ਕੋਈ ਕਿਛੁ ਥੋੜੀ ਘਣੀ ਭਿਖਿਆ ਦੇਇ, ਤਿਸੀ ਵਿਖੈ ਸੰਤੁਸ਼ਟਿ ਹੋਇ। ਇਉਂ ਨ ਕਹੇ ਕਿ ਇਹ ਭਿਖਿਆ ਥੋੜੀ ਹੈ। ਸਗਰਿ ਕੀ ਭਿਖਿਆ ਲੇਕਰਿ ਬਾਹਰਿ ਜਲ ਕੇ ਨਿਕਟਿ ਜਾਇ ਬੈਸੇ ਜਲ ਕੈ ਆਚਮਨਿ ਕਰੈ। ਆਣੀ ਜੁ ਹੈ ਭਿਖਿਆ, ਤਿਸ ਕਉ ਬਾਂਟੈ। ਕਿਸ ਭਾਂਤਿ ਬਾਂਟੈ—ਬਿਸ਼ਨੁ; ਬ੍ਰਹਮਾ, ਸੂਰਜ ਇਨ ਕਉ ਅੰਸ਼ ਦੇ ਕਰਿ ਭੋਜਨ ਕਰੈ, ਅਰੁ ਸਭ ਹੀ ਅਹਾਰ ਕਰੈ, ਰਾਖੈ ਕਛੁ ਨਾਹੀ। ਅਰ ਭਿਖਿਆ ਭੀ ਤਿਤਨੀ ਹੀ ਲਿਆਵੈ, ਜਿਤਨੀ ਉਦਰ ਪੂਰਨ ਹੋਇ, ਬਹੁਤੁ ਨ ਲਿਆਵੈ।

[ਹੱਥ ਲਿਖਤ ਖਰੜਾ (ਮੇਰੀ ਲਾਇਬ੍ਰੇਰੀ)

ਬਾਲਮੀਕਿ ਰਾਮਾਇਣ

ਹੇ ਲਛਮਣ ! ਕੈਕੇਈ ਕੇ ਉਪਰ ਕ੍ਰੋਧ ਮਿਟਾਇ, ਹਮਾਰੇ ਰਾਜ ਨਾ ਮਿਲਨੇ ਕਾ ਸ਼ੋਕ ਛੋੜ, ਕੇਵਲ ਧੀਰਜ ਧਾਰਨ ਕਰੋ। ਇਸ ਅਪਮਾਨ ਕੋ ਦੂਰ ਕਰੋ ਜੋ ਕਿ ਪਿਤਾ ਨੇ ਬਨਵਾਸ ਦੀਆ ਹੈ। ਪਿਤਾ ਕੇ ਬਚਨ ਕਾ ਪ੍ਰਤਿਪਾਲਨ ਹੋਗਾ, ਇਸਸੇ ਤਉ ਹਰਖ ਹੋਗਾ।

ਜੋ ਜੋ ਬਸਤੂ ਹਮਾਰੇ ਅਭਿਖੇਕ ਕੇ ਲਈ ਇਕੱਠੇ ਹੈਂ, ਉਨ ਕੀ ਤਰਫ ਧਯਾਨ ਨ ਕੀਜੀਏ, ਕਿੰਤੂ ਅਬ ਜਾਨੇ ਕੀ ਤਿਆਰੀ ਕੀਜੀਏ। ਜੋ ਸਮੱਗ੍ਰੀ ਹਮਾਰੇ ਅਭਿਖੇਕ ਕੇ ਲੀਏ ਹੈ ਵਹ ਸਭ ਅਭਿਖੇਕ ਨ ਹੋਨੇ ਕੇ ਲੀਏ ਹੋਵੇ। ਜਿਸ ਹਮਾਰੀ ਮਾਤਾ ਕੈਕਯੀ ਕਾ ਮਨ ਹਮਾਰੇ ਰਾਜ-ਅਭਿਖੇਕ ਹੋਨੇ ਕੇ ਲੀਏ ਜਲਤਾ ਹੈ, ਉਸ ਕਾ ਮਨ ਅਸ਼ੰਕ ਨ ਹੋ, ਵਹੀ ਉਪਾਇ ਕੀਜੀਏ ਕਿਉਂਕਿ ਤਿਸ ਕਾ ਦੁਖ ਹਮ ਮਹੂਰਤ ਭਰ ਭੀ ਦੇਖਨਾ ਨਹੀਂ ਚਾਹਤੇ।

ਤੁਮ ਤੋ ਅੱਛੀ ਤਰਹ ਜਾਨਤੇ ਹੋ ਕਿ ਸਭ ਮਾਤਾਓਂ ਮੇਂ ਹਮ ਕਛੁ ਭੇਦ ਨਹੀਂ ਸਮਝਤੇ ਥੇ ਵ ਕੈਕਈ ਭੀ ਹਮ ਸੇ ਔਰ ਅਪਨੇ ਪੁਤ੍ਰ ਭਰਤ ਮੇਂ ਕਛੁ ਅੰਤਰ ਨਹੀਂ ਸਮਝਤੀ ਥੀ। ਬਸ ਯਹ ਸਭ ਭਾਗਯ ਹੀ ਕਾ ਕਾਰਣ ਹੈ, ਔਰ ਕਛੁ ਨਹੀਂ ਇਸ ਸੇ ਸੋ ਜੋ ਦੁਰਬਚਨ ਅਭਿਖੇਕ ਨ ਹੋਨੇ ਵ ਬਨਵਾਸ ਹੋਨੇ ਕੇ ਵਿਖਯ ਮੇਂ ਉਨਹੋਂ ਨੇ ਕਹਾ ਹੈ, ਸੋ ਸੋ ਹਮ ਦੈਵ ਹੀ ਕੀ ਆਗਯਾ ਮਾਨਤੇ ਹੈਂ, ਔਰ ਕਛੁ ਭੀ ਨਹੀਂ ਮਾਨਤੇ। ਨਹੀਂ ਤਾ ਸਭੀ ਪ੍ਰਕਾਰ ਕੇ ਗੁਣੋਂ ਮੇਂ ਪੂਰਣ ਰਾਜਕੁਮਾਰੀ ਕੈਕਯੀ ਪ੍ਰਕ੍ਰਿਤੀ ਮਨੁਖੋਂ ਕੀ ਇਸਤ੍ਰੀਓਂ ਕੇ ਸਮਾਨ ਪਤਿ ਸੇ ਹਮੇਂ ਪੀੜਾ ਦੇਨੇ ਕੇ ਲੀਏ ਕੈਸੇ ਕਹਤੀ। ਜੋ ਅਚਿੰਤ ਹੈ, ਬ੍ਰਹਮਾਦਿ ਦੇਵਤੀ ਸਧਾਰਣ, ਪਰਬਤ ਪ੍ਰਯੰਤ ਕੋਈ ਜਿਸੇ ਮੇਟ ਨ ਸਕੇ, ਉਸੀ ਕਾ ਭਾਗਯ ਨਾਮ ਹੈ, ਸੋ ਪ੍ਰਸਿਧ ਹੀ ਹੈ। ਕੌਨ ਜਾਨਤਾ ਥਾ ਕਿ ਰਾਮ ਕੋ ਰਾਜ ਛੋੜ ਬਨਵਾਸ ਹੋਗਾ ਵ ਕੈਕਈ ਕੀ ਮਤਿ ਐਸੀ ਹੋਇ ਜਾਏਗੀ ਇਸ ਮੇਂ ਕੋਈ ਐਸਾ ਪੁਰਖ ਨਹੀਂ ਜੋ ਭਾਗਯ ਸੇ ਲੜ ਸਕੇ ਕਯੋਂਕਿ ਉਸ ਕੇ ਫਲ ਕੋ ਸਭ ਕੋਈ ਜਾਨ ਸਕਤਾ ਹੈ, ਉਸ ਕੇ ਰੂਪ ਕੋ ਕੋਈ ਨਹੀਂ ਜਾਨ ਸਕਤਾ, ਨ ਦੇਖ ਸਕਤਾ ਹੈ। [ਅਯੋਧਯਾ ਕਾਂਡ, ਬਾਈਸਵੇਂ ਸਰਗ

ਅਧਿਆਤਮ ਰਾਮਾਇਣ

ਹੇ ਲਛਮਣ ! ਬੁਧਿਵਾਨ ਪੁਰਖ ਇਸ ਜਗਤ ਕਉ ਅਪਣੇ ਵਿਖੇ ਅਭੇਦ ਜਾਣੇ, ਜੁ ਇਹ ਸਭ ਜਗਤ ਮੇਰੇ ਵਿਖੇ ਸਿਥਿਤ ਹੈ ਅਰ ਸਭ ਜਗਤ ਮੇਰਾ ਹੀ ਰੂਪ ਹੈ। ਇਸਦਾ ਅਰਥ ਇਹ ਹੈ ਜੁ ਅਸਤਿ, ਭਾਤਿ, ਪ੍ਰੇਯ ਰੂਪ ਕਰਿ ਆਤਮ ਦੇਵ ਸਿਥਿਤ ਹੈ, ਤਿਸ ਵਿਖੇ ਜੋ ਜਗਤ ਹੈ ਸੋਈ ਰੂਪ ਕਰਿ ਸਿਥਿਤ ਹੈ, ਤਾ ਤੇ ਓਹੀ ਰੂਪ ਹੈ। ਇਸ ਪ੍ਰਕਾਰ ਜਗਤ ਕਉ ਆਪਣੇ ਵਿਖੇ ਅਭੇਦ ਜਾਣ ਕਰਿ ਫੇਰ ਆਪਣੇ ਆਪ ਕਉ ਮੇਰੇ ਬਿਖੇ ਅਭੇਦ ਰੂਪ ਜਾਣੇ ਜੈਸੇ ਸਮੁੰਦ੍ਰ ਵਿਖੇ ਨਦੀਆਂ ਤਰੰਗ ਹੋਤੀਆਂ ਹੈਂ, ਤੈਸੇ ਹੀ ਆਪਣੇ ਆਪ ਕਉ ਮੇਰੇ ਬਿਖੇ ਜਾਣੇ ਅਭੇਦ ਰੂਪ। ਜੈਸੇ ਜਲ ਵਿਖੇ ਜਲ; ਜੈਸੇ ਦੁਗਧ ਵਿਖੇ ਦੁਗਧ, ਜੈਸੇ ਅਗਨਿ ਵਿਖੇ ਅਗਨਿ, ਵਾਉ ਵਿਖੇ ਵਾਉ, ਆਕਾਸ਼ ਵਿਖੇ ਆਕਾਸ਼, ਅਭੇਦ ਰੂਪ ਸਿਥਿਤ ਹੋਤਾ ਹੈ ਤੈਸੇ ਆਪਣੇ ਆਪ ਕੋ ਮੇਰੇ ਵਿਖੇ ਦੇਖੇ। ਜੈਸੇ ਪ੍ਰਿਥਵੀ ਵਿਖੇ ਬੜਾ ਟਿੱਬਾ ਤੈਸੇ ਆਪ ਕੋ ਮੇਰੇ ਵਿਖੇ ਦੇਖੇ। ਜੋ ਐਸਾ ਦੇਖਤਾ ਹੈ ਸ ਪੁਰਖ ਬੰਧਨ ਤੇ ਰਹਤ ਹੋ ਕਰ ਪਰਮ ਪਦ ਕਉ ਪ੍ਰਾਪਤ ਹੋਤਾ ਹੈ। ਹੇ ਲਛਮਣ ! ਜੋ ਪੁਰਖ ਬੁਧਿਵਾਨ ਹੈ, ਸੋ ਇਸ ਜਗਤ ਕਉ ਮਿਥਿਆ ਜਾਣ ਕਰਿ ਸੁਖੀ ਹੋਵੇਗਾ; ਕੈਸਾ ਹੈ ਇਹ ਜਗਤ ਹੈ, ਜੈਸੇ ਚੰਦ੍ਰਮਾ ਭ੍ਰਮਤਾ ਹੂਆ ਪੁਰਸ਼ ਦਿਸ਼ਾ ਕੋ ਹੋਰ ਦਿਸ਼ਾ ਰੂਪ ਜਾਨਤਾ ਹੈ, ਤੈਸੇ ਹੀ ਭ੍ਰਮ ਕਰਿ ਆਤਮਾ ਹੀ ਕੋ ਜਗਤ ਰੂਪ ਜਾਣ ਕਰਿ ਪ੍ਰੀਤਿ ਕਰਤਾ ਹੈ ਅਰੁ ਦੁਖ ਪਾਵਤਾ ਹੈ ਤਾਂ ਤੇ ਸਤਿ ਪ੍ਰਮਾਣੋਂ ਕਰਿ ਇਸ ਦ੍ਵੈਤ ਜਗਤ ਕੋ ਮਿਥਿਆ ਰੂਪ ਜਾਣ ਕਰਿ ਤਯਾਗ ਕਰੇ। ਤਯਾਗ ਕਰੀਏ ਜੋ ਇਸ ਕੀ ਸਤਿ ਰੂਪ ਕਾਮਨਾ ਕੋ ਛੋਡ ਕਰਿ ਆਤਮ ਪਦ ਵਿਖੇ ਸਿਥਿਤ ਹੈ, ਸੋ ਸੁਖੀ ਹੋਵੇ।

ਹੇ ਲਛਮਣ ! ਜਬ ਤਕ ਇਹ ਪੁਰਖ ਇਸ ਸੰਪੂਰਣ ਜਗਤ ਕਉ ਮੇਰਾ ਰੂਪ ਨ ਦੇਖੇ, ਅਰਥ ਜਾਂ ਮੈਂ ਜੁ ਅਖੰਡ ਸੱਚਿਦਾ ਨੰਦ ਰੂਪ ਹਾਂ, ਜਬ ਤਕ ਇਸ ਜਗਤ ਕੋ ਭੀ ਐਸਾ ਨ ਜਾਣੈ ਤਬ ਤਕ ਮੇਰੇ ਸਗੁਣ ਵਿਖੇ ਲਾਗੈ, ਸਰਧਾ ਪ੍ਰੀਤਿ ਯੁਕਤ ਹੋ ਕਰ ਅਰੁ ਨਵਧਾ ਭਗਤਿ ਕਰਿ ਪ੍ਰੇਮ ਦਿਨ ਦਿਨ ਵਿਖੇ ਬ੍ਰਿਧ ਕਰਤਾ ਜਾਵੇ। ਜਬ ਐਸੇ ਪ੍ਰੀਤਿਵਾਨ ਭਗਤ ਹੋਤਾ ਹੈ, ਤਬ ਮੈਂ ਇਸ ਭਗਤ ਕਉ ਪ੍ਰਤਖ ਹੋਤਾ ਹਉਂ।

[ਰਾਮ ਗੀਤਾ, ਪੰਚਦਸੋ ਅਧਯਾਯ (ਮੇਰੀ ਲਾਇਬ੍ਰੇਰੀ)

(੭)

ਸਾਰ ਗੀਤਾ

ਹੇ ਅਰਜਨ ! ਊਰਧ ਮੁਖ ਜੋ ਰਿਦੇ ਬਿਖੇ ਕਮਲ ਹੈ, ਤਿਸ ਕੋ ਓਅੰਕਾਰ ਕੀ ਅਰਾਧਨਾ ਕਰਿ ਸੀਧਾ ਕਰੈ । ਤਿਸ ਕਮਲ ਕੇ ਗਰਭ ਬਿਖੈ ਜਾਇ ਕੇ ਕਮਲ ਕੋ ਪ੍ਰਕਾਸ਼ ਕਰੈ । ਤਉ ਬਿਆਧਿ ਆਧਿ ਕਾ ਨਾਸ ਹੋਇ, ਤਉ ਸਾਰੇ ਸਰੀਰ ਬਿਖੈ ਪਰਮ ਸੁਖ ਊਪਜੈ । ਤਿਸ ਕਮਲ ਬਿਖੇ ਡੋਡੀ ਹੈ, ਤਿਸ ਡੋਡੀ ਕੇ ਚਉਫੇਰੇ ਕੇਸਰ ਹੈਂ ਤਿਸ ਡੋਡੀ ਬਿਖੇ ਪੂਰਨ ਪੁਰਖ ਬਿਸਨੁ ਹੈ, ਅੰਗੁਸਟ ਮਾਤ੍ਰ ਹੈ—ਮੁਨਿ ਕਹਤੇ ਹੈਂ । ਤਿਸ ਕਮਲ ਕੇ ਅਸਟ ਪੱਤ੍ਰ ਹੈਂ, ਅਸਟ ਪੱਤ੍ਰੋਂ ਬਿਖੇ ਇੰਦ੍ਰਾਦਿਕ ਦੇਵਤਾ ਹੈਂ; ਸੋ ਦੇਵਤਾ ਜੋਤੀ ਸਰੂਪ ਹੈਂ, ਤਿਸ ਕਮਲ ਕੀ ਡੋਡੀ ਮਹਿ ਸੂਰਜ ਹੈ, ਸੂਰਜ ਪਰਿ ਚੰਦ੍ਰਮਾ ਹੈ, ਚੰਦ੍ਰਮਾ ਪਰਿ ਅਗਨਿ ਹੈ, ਅਗਨਿ ਮਹਿ ਜੋਤਿ ਹੈ, ਜੋਤਿ ਮਹਿ ਸਿੰਘਾਸਨ ਹੈ । ਸੋ ਸਿੰਘਾਸਨ ਕੈਸਾ ਹੈ, ਨਾਨਾ ਪ੍ਰਕਾਰ ਕੇ ਰਤਨੋਂ ਕਰਿ ਖਚਤ ਹੈ । ਸੂਰਜ ਕਾ ਜੈਸਾ ਪ੍ਰਕਾਸ਼ ਹੈ ਐਸੇ ਸਿੰਘਾਸਨ ਬਿਖੇ ਦੇਵਾਧਿ ਦੇਵ-ਪਤਿ ਨਾਰਾਇਣ ਹੈਂ । ਸੋ ਨਾਰਾਇਣ ਕੈਸਾ ਹੈ—ਨਿਰਲੇਖ ਹੈ, ਸੁਖ ਨਿਧਾਨੁ ਹੈ ।

ਅਤਿ ਸੁੰਦਰ ਅਸਟ ਭੁਜਾ, ਪ੍ਰਫੁਲਤ ਕਮਲ ਕੀ ਨਿਆਈਂ ਅਸਟ ਹਸਤ ਕਮਲ, ਅਸਟ ਹਸਤੋਂ ਵਿਖੇ ਅਸਟ ਆਯੁਧ ਹੈਂ । ਕਉਣ ਕਉਣ—ਸੰਖ, ਚਕ੍ਰ, ਗਦਾ, ਪਦਮ, ਖੜਗ, ਧਨੁਖ, ਬਾਣ, ਅੰਕੁਸ, ਐਸਾ ਹਰਿ ਹੈ । ਕੰਚਨ ਕੇ ਕਮਲ ਕੀ ਨਿਆਈਂ ਤਿਸ ਹਰਿ ਕਾ ਪ੍ਰਕਾਸ਼ ਹੈ, ਸੁਧ ਫਟਕ ਕੀ ਨਿਆਈਂ ਪਰਮ ਸੁਧ ਹੈ । ਕੋਟਿ ਚੰਦ੍ਰਮਾ ਕੀ ਜੈਸੀ ਕਾਂਤਿ ਕਾ ਹਰਨ ਧਰੇ ਹੈ । ਕੋਟਿ ਸੂਰਜ ਕਾ ਜੈਸਾ ਪ੍ਰਕਾਸੁ ਹੈ ਅਰੁ ਚੰਦ੍ਰਮਾ ਕੀ ਜੈਸੀ ਸੀਤਲਤਾਈ ਹੈ । ਭੁਜਾ ਬਿਖੇ ਬਹੂਟੇ ਹੈਂ, ਚਰਨੋਂ ਬਿਖੇ ਨੂਪਰ ਹੈਂ, ਕੰਠ ਬਿਖੇ ਚੰਦ੍ਰ ਘਟਾ ਹੈ, ਕਾਨੋਂ ਬਿਖੇ ਮਕਰਾਕਾਰ ਕੁੰਡਲ ਹੈ, ਚਾਰੇ ਜੁਗ ਬਰਨ ਧਾਰੇ ਹੈਂ । ਸਤਿਜੁਗ ਸੁਕਲ, ਤ੍ਰੇਤਾ ਰਕਤੁ, ਦੁਆਪਰੁ ਪੀਤ, ਕਲਿਜੁਗ ਨੀਲ । ਇਹ ਚਾਰੋਂ ਬਰਨ ਹੈਂ । ਸੂਖਮ ਹੈ, ਨਿਰੰਕਾਰ ਹੈ, ਅਪ੍ਰਮੇਯ ਹੈ, ਬੇਮਿਰਜਾਦਾ ਹੈ, ਅਤਿ ਨਿਰਮਲੁ ਹੈ, ਜੋਤੀ ਸਰੂਪ ਹੈ, ਐਸਾ ਪੁਰਖੋਤਮੁ ਹੈ । ਬਹੁੜਿ ਕੈਸਾ ਹੈ, ਜੋਗ ਅਰੁ ਬਿਗਿਆਨ ਕਾ ਕਾਰਨ ਰੂਪ ਹੈ, ਕਿਸੀ ਵਸਤੁ ਕੀ ਸਾਧਨਾ ਕਰਤਾ ਨਾਹੀ । ਨਾਦ ਅਰੁ ਬਿੰਦ ਕੀ ਕਲਾ ਤੇ ਅਤੀਤੁ ਹੈ । ਜੋ ਐਸੇ ਪੁਰਖੋਤਮ ਕੋ ਜਾਨੈ, ਸੋ ਵੇਦ ਕਾ ਵੇਤਾ ਹੈ ।

ਹੱਥ-ਲਿਖਤ ਖਰੜਾ (ਮੇਰੀ ਲਾਇਬ੍ਰੇਰੀ)

(੮)

ਭੂਗੋਲ ਪੁਰਾਣ

ਆਦਿ ਨਿਰੰਜਨ ਨਿਰੰਕਾਰੁ, ਅਬਿਨਾਸੀ ਪੁਰਖ ਕੀ ਪੈਦਾਇਸਿ, ਪ੍ਰਿਥਮੇ ਬ੍ਰਹਮਾ ਮਨਸਾ ਦੇਵੀ ਤੇ, ਤਾਤੇ ਓਅੰਕਾਰ ਸ਼ਬਦ ਅਨਾਹਦ ਭਇਆ। ਤਾਤੇ ਪ੍ਰਿਥਮੇ ਆਕਾਸ਼ ਉਪੰਨਾ, ਆਕਾਸ਼ ਤੇ ਵਾਇ ਉਤਪੰਨਾ, ਵਾਇ ਤੇ ਤੇਜ, ਤੇਜ ਤੇ ਪਾਣੀ ਉਤਪੰਨਾ, ਪਾਣੀ ਮਧੇ ਬ੍ਰਹਿਮੰਡ ਉਪਾਇਣੇ। ਬ੍ਰਹਮੰਡ ਫੂਟੇ ਕੰਟਾਕੁ ਹੋਇ। ਤੇ ਜਲ ਮਧੇ ਵਿਸਨ ਰਹੇ ਹੈ। ਬਿਸਨ ਕੇ ਨਾਭ ਕਵਲ ਮਧੇ ਬ੍ਰਹਮਾ ਰਹੇ ਹੈ, ਸੋ ਬ੍ਰਹਮਾ ਉਤਪੰਨ ਕੀਉ, ਪਚਾਸ ਕੋਟਿ ਜੋਜਨ ਪ੍ਰਿਥਮੀ ਪ੍ਰਮਾਣੀ ਕੀਉ, ਪ੍ਰਿਥਮੀ ਮਧੇ ਸੁਮੇਰ ਪਰਬਤੁ ਹੈ, ਚਉਰਾਸੀ ਲਾਖ ਜੋਜਨ ਊਚਾ ਹੈ, ਸੋਲਹ ਸਹੰਸਰ ਜੋਜਨ ਭੂਮਿ ਮਧੇ ਗਡਿਆ ਹੈ। ਬੀਸ ਲਖ ਜੋਜਨ ਊਪਰ ਬਿਸਥਾਰ ਹੈ। ਸੁਮੇਰ ਪਰਬਤ ਕੇ ਊਪਰ ਅਸ਼ਟ ਸ੍ਰਿੰਗ ਹੈ। ਸੋ ਨਾਰਾਇਣ ਤਹਾਂ ਬੈਸੇ ਹੈਂ।

ਚਹੁੰ ਜੁਗਾਂ ਕਾ ਬਿਰੋਤੁ ਚਲਿਆ——ਆਦਿ ਮਨਸਾ ਦੇਵੀ, ਮਨਸਾ ਸੰਭੂਤੀ, ਮਨਸਾ ਤੇ ਸੁੰਨ, ਸੁੰਨ ਕੀ ਰਾਣੀ ਬੈਸਨਾ, ਬੈਸਨ ਕੇ ਪੁਤ੍ਰ ਤ੍ਰਿਅੰਧ, ਤ੍ਰਿਅੰਧ ਕੀ ਰਾਣੀ ਸ਼ਾਵਲਿਗਾ, ਸਾਵਲਗਾ ਕੇ ਪੁਤ੍ਰ ਧੰਧ, ਧੰਧ ਕੀ ਰਾਣੀ ਸਮੁੰਦ, ਸਮੁੰਦ ਕੇ ਪੁਤ੍ਰ ਅਨੀਲੁ, ਅਨੀਲ ਕੀ ਰਾਣੀ ਸਾਵਿਤ੍ਰੀ, ਸਵਿਤ੍ਰੀ ਕੇ ਪੁਤ੍ਰ ਸਦਾ ਸਦਾ, ਸਦਾ ਸਦਾ ਕੀ ਰਾਣੀ ਤ੍ਰਿਸੂਲ ਸ਼ਕਤਿ, ਤ੍ਰਿਸੂਲ ਸ਼ਕਤਿਕਾ ਪੁਤ੍ਰ ਈਸਰ, ਈਸਰ ਕੀ ਰਾਣੀ ਆਤਮਾ ਦੇਵੀ, ਆਤਮਾ ਦੇਵੀ ਕਾ ਪੁੱਤ੍ਰ ਮੰਤਰਿਖ, ਮਮੰਤਰਿਖ ਕੀ ਰਾਣੀ ਸੰਧਿਆਵਲੀ, ਸੰਧਿਆਵਲੀ ਕਾ ਪੁਤ੍ਰ ਬ੍ਰਹਮਾ, ਬ੍ਰਹਮੇ ਕੀ ਰਾਣੀ ਬਿਦਿਆ, ਬਿਦਿਆ ਕਾ ਪੁਤ੍ਰ ਕਸਬੁ ਰਿਖਿ, ਕਸਬੁ ਕੀ ਰਾਣੀ ਚਉਦਹ—ਤਿਨਕੀ ਉਤਪਤਿ

ਸ੍ਰਿਸਟਿ ਸੰਸਾਰੁ ਭਇਓ ।

ਪ੍ਰਿਥਮੇ ਰਾਣੀ ਦਿਤਿ ਆਦਿਤਿ ਕੇ ਪੁਤ੍ਰ ਤੇਤੀਸ ਕ੍ਰੋੜ ਦੇਵਤੇ ਭਏ, ਦੂਜੀ ਰਾਣੀ ਅਦਿਤਿਆ ਕੇ ਪੁਤ੍ਰ ਦਈਤ ਦਾਨੋ, ਤੀਜੀ ਰਾਣੀ ਕੁੰਤਤਾ ਕੇ ਪੁਤ੍ਰ ਅਸਟ ਕੁਲੀ ਨਾਗ ਭਏ, ਚਉਥੀ ਰਾਣੀ ਬਨਤਾ ਕੇ ਪੁਤ੍ਰ ਗਰੁੜ ਪੰਖੀ, ਪੰਚਮੀ ਰਾਣੀ ਸੁਵਰਨ ਪ੍ਰਭਾ ਕੇ ਪੁਤ੍ਰ ਸਤਾਈ ਕੋਟਿ ਨਖਤ੍ਰ ਮਾਲਾ, ਛਠਵੀਂ ਰਾਣੀ ਅਮ੍ਰਿਤਵੰਤੀ ਕਾ ਪੁਤ੍ਰ ਚੰਦ੍ਰਮਾ, ਸਪਤਵੀਂ ਰਾਣੀ ਸੁਲਤਾਨ ਦੇਵੀ ਤਿਸਕਾ ਪੁਤ੍ਰ ਸੂਰਜ ਦੇਵਤਾ । ਅਸਟਵੀਂ ਰਾਣੀ ਕਰਮਲੀ ਤਿਸਕੇ ਪੁਤ੍ਰ—ਕਾਮ, ਕ੍ਰੋਧ, ਲੋਭ, ਮੋਹ, ਵਿਗਿਆਨ, ਤ੍ਰਿਸਨਾ, ਅਰਸ ਕਉਤਕਾ, ਮਿਠਾ । ਨਵੀਂ ਰਾਣੀ ਮੇਘਨੰਦੀ ਤਿਸਕੇ ਪੁਤ੍ਰ ਛਿਆਨਵੇਂ ਕੋਟਿ ਮੇਘ ਮਾਲਾ, ਦਸਵੀਂ ਰਾਣੀ ਪਦਮਾਵਤੀ ਤਿਨ ਕੇ ਪੁਤ੍ਰ ਤੀਨ ਲਾਖ ਛਿਆਸੀ ਸਹੰਸ੍ਰ ਰਖੀਸਰ, ਇਕਾਦਸੀ ਰਾਣੀ ਕਨਕ ਹਿਧਿਆ ਤਿਸਕੇ ਪੁਤ੍ਰ ਸਪਤ ਰਿਖਿ । ਦੁਆਦਸੀ ਰਾਣੀ ਰੂਪਵੰਤੀ ਤਿਸਕੇ ਪੁਤ੍ਰ ਅਠਾਰਹ ਭਾਰ ਬਨਾਸਪਤੀ, ਤ੍ਰਿਉਦਸੀ ਰਾਣੀ ਰੂਪ ਮਾਲਾ ਤਿਸਕੇ ਪੁਤ੍ਰ ਅਠਾਰ ਵਰਨ, ਚਉਦਸਮੀ ਰਾਣੀ ਸੋਮਵੰਤੀ ਤਿਸਕੇ ਪੁਤ੍ਰ ਅਠਸਠਿ ਤੀਰਥ । ਅਤੇ ਸੁਮੇਰ ਪਰਬਤ ਊਪਰਿ ਜੰਬੂ ਬਿਰਖ ਹੈ, ਏਕ ਲਾਖ ਜੋਜਨ ਜੰਬੂ ਬਿਰਖ ਕੋ ਬਿਸਥਾਰ ਹੈ । ਤਿਸ ਬਿਰਖ ਕੇ ਫਲਿ ਹਸਤੀ ਪ੍ਰਮਾਣ ਹੈ, ਸੋ ਫਲ ਧਰਤੀ ਮਾਤ ਪਰ ਪਰਵ ਹੁ ਹੋਇ ਚਲਤਾ ਹੈ, ਤਿਸ ਫਲ ਤੇ ਰਸ ਕੀ ਨਦੀ ਚਲਤੀ ਹੈ ।

[ਹੱਥ ਲਿਖਤ ਖਰੜਾ (ਮੇਰੀ ਲਾਇਬ੍ਰੇਰੀ)

(੯)

ਮਸਨਵੀ ਮੌਲਾਨਾ ਰੂਮੀ ਭਾਖਾ

ਸੁਨੁ ਬੰਸਰੀ ਜੋ ਕਿਆ ਕਥਾ ਕਰਤੀ ਹੈ ਅਰੁ ਵਿਛੋੜੇ ਕੇ ਦੁਖ ਕਾ ਵਖਿਆਨੁ ਕਰਤੀ ਹੈ ਅਰ ਕਹਤੀ ਹੈ ਜੋ ਜਬ ਕਾ ਬਨ ਸਿਉਂ ਕਾਟਿਆ ਹੈ, ਅਰੁ ਮੁਝ ਕਉ ਜੁਦਾ ਕੀਆ ਹੈ ਤਬ ਤੇ ਹਮਾਰੀ ਪੁਕਾਰ ਸੁਣ ਕਰਿ ਇਸਤ੍ਰੀਆਂ ਅਰੁ ਪੁਰਖ ਰੁਦਨ ਕਰਤੇ ਹੈਂ ਪਰ ਮੈਂ ਵਹ ਛਾਤੀ ਚਾਹਤੀ ਹਾਂ ਜੁ ਵਿਛੋੜੇ ਕੇ ਦਰਦ ਸੋਂ ਖੰਡ ਖੰਡ ਹੋਈ ਹੋਵੈ, ਦਰਦ ਪ੍ਰੇਮ ਕਾ ਮੈਂ ਵਖਿਆਣ ਕਰਉਂ। ਜੋ ਕੋਈ ਆਪਿ ਆਪਣੇ ਮੂਲ ਤੇ ਵਿਛੁੜਿਆ ਹੈ, ਸੋ ਅਵਸ਼ ਆਪਣੇ ਮੇਲੇ ਕਾ ਸਮਾ ਹੀ ਢੂੰਢਤਾ ਹੈ। ਸੋ ਮੈਂ ਭੀ ਹਰ ਪੰਗਤਹੁ ਵਿਖੇ ਅਰ ਉਨਹੁ ਆਗੈ ਰੁਦਨ ਕਰਨਹਾਰੀ ਹੂਈ ਹਾਂ ਅਰ ਖੁਸ਼ਹਾਲਹੁ ਅਰ ਬਦਹਾਲਹੁ ਕਾ ਜੋੜਾ ਹੂਈ ਹਾਂ। ਸੋ ਆਪਣੇ ਉਨਮਾਨ ਥੀਂ ਹਰ ਕੋਈ ਹਮਾਰਾ ਪ੍ਰੀਤਮ ਹੂਆ ਹੈ ਪਰ ਹਮਾਰੇ ਅੰਤਰ ਸੋਂ ਉਨਹੁ ਨੇ ਹਮਾਰਾ ਭੇਦ ਨਹੀਂ ਪਾਇਆ ਅਰ ਨਾ ਹੀ ਪਾਇ ਸਕਤੇ ਹੈਂ। ਅਰ ਢੂੰਢਿ ਭਿ ਨਹੀਂ ਦੇਖਿਆ। ਅਰੁ ਹਮਾਰਾ ਜੋ ਭੇਦ ਹੈ ਸੋ ਰੋਵਨ ਤੇ ਛਪਾ ਨਹੀਂ, ਪਰਗਟ ਹੀ ਹੈ।

ਪਰ ਇਨਹੁ ਨੇਤ੍ਰਉਂ ਅਰੁ ਸ੍ਰਵਣਹੁ ਕਉ ਪਰਕਾਸੁ ਐਸਾ ਨਹੀਂ ਜੁ ਭੇਦ ਕਉ ਦੇਖਹਿ। ਕੇ ਜੈਸੇ ਸਰੀਰ ਸੋਂ ਚੇਤੰਨ ਦੂਰਾ ਹੂਆ ਨਹੀਂ ਅਰੁ ਚੇਤੰਨ ਸੋਂ ਸਰੀਰ ਛਪਿਆ ਹੂਆ ਨਹੀਂ, ਪਰਸਪਰ ਦੋਨਹੂੰ ਮਿਲੇ ਹੂਏ ਹੈਂ ਪਰ ਕਿਸੀ ਕਉ ਚੇਤਨ ਕੇ ਦੇਖਣੇ ਕੀ ਆਗਿਆ ਨਹੀਂ। ਅਰੁ ਯਹ ਜੁ ਬੰਸਰੀ ਸ਼ਬਦ ਕਰਤੀ ਹੈ ਸੋ ਅਗਨਿ ਹੈ ਅਰੁ ਪਉਣ ਤੈ ਨਹੀਂ। ਪਰ ਜਿਨ ਕੇ ਅੰਤਰਿ ਇਹ ਪ੍ਰੀਤਿ ਕੀ ਅਗਨਿ ਜਾਗੀ ਨਹੀਂ, ਸੋ ਉਸ ਕਉ ਮਿਰਤਕ ਹੀ ਭਲਾ ਹੈ ਪਰ ਜੀਵਣਾ ਬਿਅਰਥ ਹੈ ਪਰ ਇਸ ਬੰਸਰੀ ਬਿਖੇ ਜੋ ਅਗਨਿ ਹੈ, ਸੋ ਦਰਦ ਅਰੁ ਪ੍ਰੇਮ ਕੀ ਹੈ ਅਰੁ ਸੁਰਾ-ਪਾਨਹੁ ਵਿਖੇ ਜੋ ਖੁਮਾਰੀ ਹੈ, ਸੋ ਭੀ ਇਸ ਪ੍ਰੇਮ ਕੀ ਜੋਸ਼ ਹੈ। ਅਰੁ ਯਹ ਜੁ ਬੰਸਰੀ ਹੈ ਸੋ ਉਨ ਹੀ ਕੀ ਸੰਗੀ ਹੈ ਜੋ ਆਪਣੇ ਪ੍ਰੀਤਮ ਸਿਉਂ ਵਿਛੁੜਿਆ ਹੈ ਅਰ ਉਨ ਕੇ ਸ਼ਬਦੋਂ ਨੇ ਹਮਾਰੇ ਪੜਦੇ ਫਾਰਿ ਡਾਰੇ ਹੈਂ।

[ਪੱਤਰਾ 512

[ਸਿ. ਪ. ਲ. (ਖਰੜਾ ਨੰ: 2916)

ਕੀਮੀਆਇ ਸਾਅਦਤ ਭਾਖਾ (ਪਾਰਸ ਭਾਗ)

ਅਬ ਧਿਆਉ ਆਪਣੀ ਪਛਾਣ ਕਾ। ਉਤਪਤਿ ਅਰ ਸੁਕਰ ਜੋ ਹੈ ਮਹਾਰਾਜ
ਕਾ। ਸੋ ਅੰਬਰ ਕੇ ਤਾਰੇ ਅਰੁ ਮੇਘ ਕੀਆਂ ਬੂੰਦਾਂ, ਅਰ ਪੱਤ੍ਰ ਬਨਾਸਪਤੀ ਕੇ, ਅਰ
ਰੇਤ ਕੇ ਕਿਣਕੇ ਅਰ ਆਕਾਸ਼ ਕੇ ਅਣਹੂੰ ਤੇ ਭੀ ਅਧਿਕ ਹੈ। ਅਰ ਬਹੁਰਿ ਵਹ
ਮਹਾਰਾਜ ਕੈਸਾ ਹੈ, ਜੋ ਸਦਾ ਅਦਭੁਤ ਹੈ, ਉਸਕਾ ਈਸਰਜੁ ਅਰ ਉਸਕੀ
ਬਡਾਈ ਅਰ ਬੇਪਰਵਾਹੀ ਭੀ ਅਪਾਰ ਹੈ ਅਰ ਉਸਕੀ ਪੂਰਨਤਾਈ ਅਰ ਸੰਪੂਰ-
ਤਾ ਕਹੁ ਕੋਈ ਜੀਉ ਪਛਾਣ ਨਹੀਂ ਸਕਤਾ। ਬਹੁਤ ਉਸਕੇ ਸੰਪੂਰਨ ਪਛਾਣਨੇ
ਕੇ ਮਾਰਗ ਕਹੁ ਕੋਈ ਪਾਇ ਨਹੀਂ ਸਕਤਾ ਅਰ ਉਸ ਮਹਾਰਾਜ ਕੀ ਸ੍ਰਿਸਟਿ
ਵਿਖੇ ਕਿਸੀ ਅਵਰ ਜੀਵ ਕੀ ਸੰਮ੍ਰਥਤਾ ਅਰੁ ਬਲ ਨਹੀਂ ਚਲਤਾ। ਤਾਂ ਤੇ ਜੋ
ਮਹਾਪੁਰਖ ਉਤਮ ਸਰਿਆਰ ਅਹਿ, ਸੋ ਉਨਕੀ ਅਵਸਥਾ ਕਾ ਅੰਤੁ ਭੀ ਇਹੀ ਹੈ।
ਸੋ ਵਹੁ ਭੀ ਉਸ ਕੇ ਸੰਪੂਰਣ ਪਛਾਨਣੇ ਵਿਖੇ ਆਪਣੀ ਅਸੰਮਰਥਤਾ ਵਰਨਣ
ਕਰਤੇ ਹੈਂ। ਬਹੁਰਿ ਦੇਵਤੇ ਬਡੇ ਅਰ ਈਸੁਰ ਭੀ ਮਹਾਰਾਜ ਕੀ ਉਸਤਤਿ ਅਰ
ਬਡਾਈ ਵਿਖੇ ਅਪਣੀ ਲਘੁਤਾ ਮਾਨਤੇ ਹੈਂ। ਅਰ ਮਹਾ ਬੁਧਿਵਾਨਹੁੰ ਕੀ ਬੁਧਿ
ਭੀ ਉਸ ਕੇ ਆਦਿ ਪ੍ਰਕਾਸ਼ ਅਰੁ ਸੰਮ੍ਰਥਤਾ ਵਿਖੇ ਵਿਸਮਾਦਤਾ ਕਉ ਪ੍ਰਾਪਤ ਹੋਤੀ
ਹੈ। ਬਹੁਤ ਜਗਿਆਸੀ ਅਰ ਪ੍ਰੀਤਵਾਨ ਭੀ ਉਸ ਕੀ ਦਰਬਾਰ ਕੀ ਨਿਕਟਤਾ ਕੀ
ਬੂਝ ਵਿਖੇ ਵਿਸਮੇ ਹੋਇ ਰਹੇ ਹੈਂ ਅਰ ਉਸ ਕੇ ਸਰੂਪ ਕਾ ਧਾਵਣਾ ਸੰਕਲਪ ਵਿਖੇ
ਪ੍ਰਾਪਤਿ ਨਹੀਂ ਹੋਤਾ। ਬਹੁਰਿ ਉਸ ਕਾ ਸਮਝਣਾ ਆਕਾਰ ਅਰੁ ਆਭੂਸ਼ਨ
ਦ੍ਰਿਸਟਾਂਤ ਹੂ ਤੇ ਵਿਲੱਖਣ ਹੈ। ਇਸੀ ਕਾਰਨ ਤੇ ਬੁਧਿ ਰੂਪੀ ਨੇਤ੍ਰਹੁ ਕੀ ਦ੍ਰਿਸਟਿ
ਉਸ ਕੇ ਸਰੂਪ ਦੇਖਨੇ ਵਿਖੇ ਮੰਦ ਹੋ ਜਾਤੀ ਹੈ। ਤਾਂ ਤੇ ਸਰਬ ਬੁਧਿਹੁ ਕਾ ਫਲ
ਇਹ ਹੈ ਜੋ ਉਸ ਕੀ ਅਸਚਰਜ ਕਾਰੀਗਰੀ ਕਉ ਦੇਖ ਕਰਿ ਮਹਾਰਾਜ ਕਉ
ਪਛਾਣਹਿ। ਅਰੁ ਕਿਸੀ ਮਾਨੁਖ ਕਾ ਐਸਾ ਅਧਿਕਾਰ ਹੀ ਨਹੀਂ ਜੋ ਉਸ ਕੇ
ਸਰੂਪ ਕੀ ਬਡਾਈ ਕਾ ਬੀਚਾਰੁ ਕਰੈ, ਜੋ ਵਹੁ ਕੈਸਾ ਹੈ। ... ਤਾਂ ਤੇ ਚਾਹੀਐ ਸੋ
ਕਾਰੀਗਰੀ ਕਉ ਦੇਖ ਕਰਿ ਇਸ ਪਰਕਾਰ ਜਾਣੇ ਜੋ ਇਹ ਸਰਬ ਜਗਤ ਭੀ ਉਸ
ਮਹਾਰਾਜ ਕੇ ਹੀ ਸੂਰਜ ਕਾ ਪ੍ਰਤਿਬਿੰਬ ਹੈ ਅਰ ਉਸੀ ਕੇ ਤੇਜ ਕਾ ਪ੍ਰਕਾਸ਼ ਹੈ।

[ਸੰ. ਪ. ਲ. ਨੰ: 2916 (ਪੱਤਰਾ 1-2)

(੧੧)

ਅਕਬਰ ਨਾਮਾ

ਜੇੜ੍ਹੇ ਦਾਨਾਇ ਦੂਰਬੀਨ ਤੇਜ਼ ਫ਼ਹਮ ਹੈਂ, ਉਨ੍ਹਾਂ ਨੂੰ ਏਹ ਬਾਤ ਜ਼ਾਹਰ ਹੋਵੇ ਜੋ ਅਕਬਰ ਨਾਮੇ ਦੀ ਕਿਤਾਬ ਬੜੀ ਮੁਤਬਰ ਹੈ ਅਤੇ ਹੋਰ ਤਾਂ ਅਜਬ ਹੈ ਜੋ ਲਿਖਾਰੀਆਂ ਗ਼ਲਤ ਲਿਖਣ ਵਾਲੇ ਬੇਇਲਮਾਂ ਨੇ ਗ਼ਲਤ-ਨਵੀਸੀ ਕਰ ਕੇ ਮੁਸ਼ਕਲ ਤੇ ਮੁਸ਼ਕਲ ਭੀ ਕਰ ਦਿਤਾ ਹੈ। ਅਰੁ ਕਿਤਾਬ ਅਕਬਰਨਾਮੇ ਦੀ ਸਹੀ ਜਿਸ ਵਿਚ ਕੋਈ ਕਸੂਰ ਨਾ ਹੋਵੇ ਸੋ ਨਾਯਾਬ ਹੈ। ਜਬ ਸਾਡੇ ਦਿਲ ਦਾ ਸ਼ੌਕ ਅਕਬਰਨਾਮੇ ਦੀ ਹਕੀਕਤਿ ਮਾਲੂਮ ਕਰਨੇ ਵਾਸਤੇ ਬਹੁਤ ਹੋਯਾ ਅਰੁ ਚੰਗੀ ਕਿਤਾਬ ਜਿਸ ਵਿਚ ਕੋਈ ਫ਼ਰਕ ਨ ਹੋਵੇ, ਉਸਦੀ ਢੂੰਡ ਵਿਚ ਬਹੁਤ ਮੁੱਦਤ ਚਾਹੀਦੀ ਹੈਸੀ। ਅਰ ਨਾਲੇ ਫ਼ਾਰਸੀ ਦੀਆਂ ਕਿਤਾਬਾਂ ਪੜ੍ਹਦਿਆਂ ਅਰ ਸਮਝਦਿਆਂ ਇਕ ਉਮਰ ਗੁਜ਼ਰ ਹੁੰਦੀ ਹੈਸੀ ਤਬ ਅਪਣੇ ਜ਼ਰੂਰ ਮਤਲਬ ਸਮਝਣੇ ਵਾਸਤੇ ਅਰੁ ਲੋਕਾਂ ਨੂੰ ਫ਼ੈਜ਼ ਪਹੁੰਚਾਉਣੇ ਵਾਸਤੇ ਅਕਬਰਨਾਮੇ ਫ਼ਾਰਸੀ ਦੇ ਤੇ ਹਿੰਦੀ ਵਿਚ ਪੋਥੀ ਉਲਟਾਈ ਹੈ। ਖੁਲਾਸੇ ਤ੍ਵਾਰੀਖ਼, ਅਰ ਤਬਕਾਤਿ ਅਕਬਰੀ ਅਰ ਇਕਬਾਲਨਾਮਹ ਵਿਚੋਂ ਭੀ ਜੇੜ੍ਹੀਆਂ ਬਾਤਾਂ ਮੁਨਾਸਬ ਸਮਝੀਆਂ, ਸੋ ਭੀ ਇਸ ਵਿਚ ਦਾਖ਼ਲ ਕੀਤੀਆਂ ਹੈਨਿ। ਜਬ ਗਰਜ਼ ਆਪਣੀ ਸਿਰਫ਼ ਬਾਦਸ਼ਾਹ ਅਕਬਰ ਦੀ ਬਹਾਦਰੀ ਅਰ ਹੋਰ ਕਿਰਦਾਰ ਗੁਫ਼ਤਾਰ ਸਮਝਣੇ ਦੀ ਹੈਸੀ ਤਬ ਸਭ ਬਾਦਸ਼ਾਹ ਦੀ ਹਕੀਕਤਿ ਅਰੁ ਹੋਰ ਸਭ ਨਾਮੀ ਅਮੀਰਾਂ ਦੀ ਏਹ ਚੰਗੀ ਤਰ੍ਹਾਂ ਨਾਲ ਲਿਖੀ ਹੈ। ਇਨ੍ਹਾਂ ਵਿਚੋਂ ਕੁਸ਼ ਨਹੀਂ ਛਡਿਆ। ਅਰੁ ਬਾਕੀਆਂ ਹਕੀਕਤਾਂ ਜੋ ਮੁੱਦਾ ਥੋੜਾ ਅਰ ਇਬਾਰਤ ਲੰਮੀ ਹੈਸੀ, ਉਨ੍ਹਾਂ ਨੂੰ ਥੋੜਾ ਕਰਕੇ ਲਿਖਿਆ ਹੈ ਅਰ ਕਈ ਕੁ ਮੁਕੱਦਮੇ ਜੋ ਅਕਬਰ ਨਾਮੇ ਨੂੰ ਹੀ ਸਜ਼ਾਵਾਰ ਹੈਸੇ, ਜੈਸੇ ਕੁ ਜਨਮ ਪਤ੍ਰੀਆਂ, ਅਰੁ ਫੈਜ਼ੀ ਦੇ ਕਸੀਦੇ ਅਰ ਹੋਰ ਐਸੇ ਕਈ ਜਿਨਾਂ ਵਿਚ ਤਬਾਅਰਾਈ ਦੀ ਨਿਰੀ ਗੁਫ਼ਤਗੋ ਹੈਸੀ, ਅਰ ਦੁਨੀਆ ਦੇ ਮਤਲਬ ਕੁਸ ਨਹੀਂ ਸੇ, ਸੋ ਉਨਾਂ ਦਾ ਉਤਾਰਾ ਨਹੀਂ ਕੀਤਾ। ਅਰ ਜਬ ਫ਼ਾਰਸੀ ਦੀ ਇਬਾਰਤ ਵਿਚ ਨਾਉਂ ਥਾਉਂ ਦਾ ਫ਼ਰਕ ਅਕਸਰ ਰਹਿੰਦਾ ਹੈ, ਤਬ ਪੜ੍ਹਨ ਵਾਲੇ ਬੇਜ਼ਹਨ ਉਤੇ ਇਹ ਉਮੈਦ ਹੈਗੀ ਜੋ ਕਿਸੇ ਜਾਗ੍ਹਾ ਗ਼ਲਤੀ ਵੇਖਣ ਤਬ ਕੁਸ਼ਾਦਾ ਪੇਸ਼ਾ ਉਸ ਨੂੰ ਸਹੀ ਕਰ ਦੇਣ ਅਰੁ ਔਕੜੇਈ ਵਲਿ ਨਿਗਾਹ ਨ ਕਰਨ।

[ਸਿੰ: ਪ. ਲ. ਖਰੜਾ 2435 (ਪੱਤਰਾ 2-3)

(੧੨)

'ਬਾਇਬਲ' ਵਿਚੋਂ ਪਰਮੇਸ਼ਰ ਦੇ ਦਸ ਹੁਕਮ

(੧) ਮੇਰੇ ਅੱਗੇ ਦੂਜੇ ਨੂੰ ਈਸ਼੍ਵਰ ਨ ਜਾਣ।

(੨) ਜਿਹੜੀ ਚੀਜ਼ ਉਤਲੇ ਸੁਰਗ ਵਿਚ ਜਾਂ ਹੇਠਲੀ ਧਰਤੀ ਵਿਚ ਜਾਂ ਧਰਤੀ ਦੇ ਹੇਠ ਪਾਣੀ ਵਿਚ ਰਹਿੰਦੀ ਹੈ, ਤੂੰ ਆਪਣੇ ਲਈ ਤਿਨ੍ਹਾਂ ਦੀ ਕੋਈ ਉਕਰੀ ਘੜੀ ਮੂਰਤਿ ਜਾਂ ਮੂਰਤਿ ਨ ਬਣਾਉ ਅਤੇ ਨ ਤਿਨ੍ਹਾਂ ਦੇ ਅੱਗੇ ਝੁਕ, ਨ ਤਿਨ੍ਹਾਂ ਨੂੰ ਸੇਵ, ਕਿਉਂਕਿ ਮੈਂ ਤੇਰਾ ਪਰਮੇਸਰ, ਪ੍ਰਭੂ ਗੈਰਤ ਵਾਲਾ ਪਰਮੇਸ਼ਰ ਹਾਂ, ਜੋ ਪਿਤਰਾਂ ਦੇ ਪਾਪਾਂ ਦਾ ਬਦਲਾ, ਤਿਨਾਂ ਦੇ ਪੁਤਾਂ ਧੀਆਂ ਉਪਰ, ਜੋ ਮੇਰੇ ਨਾਲ ਵੈਰ ਰਖਦੇ ਹਨ, ਤੀਜੀ ਚੌਥੀ ਪੀੜ੍ਹੀ ਤਕ ਦੇਣੇਹਾਰ ਹਾਂ ਅਤੇ ਉਨ੍ਹਾਂ ਦੀਆਂ ਹਜਾਰਾਂ ਪੀੜ੍ਹੀਆਂ ਉਪਰ ਜੋ ਮੇਰੇ ਨਾਲ ਪ੍ਰੀਤਿ ਰਖਦੇ ਹਨ ਅਤੇ ਮੇਰੇ ਹੁਕਮਾਂ ਨੂੰ ਮੰਨਦੇ ਹਨ, ਕ੍ਰਿਪਾ ਕਰਨ ਵਾਲਾ ਹਾਂ।

(੩) ਆਪਣੇ ਪਰਮੇਸਰ ਪ੍ਰਭੂ ਦਾ ਨਾਉਂ ਅਵਿਰਥਾ ਨ ਲੈ। ਕਿਉਂਕਿ ਜੋ ਤਿਸ ਦੇ ਨਾਉਂ ਨੂੰ ਅਵਿਰਥਾ ਲੈਂਦਾ ਹੈ, ਪ੍ਰਭੂ ਤਿਸ ਨੂੰ ਨਿਰਅਪਰਾਧੀ ਨਹੀਂ ਜਾਣੇਗਾ।

(੪) ਸਬਤ ਦੇ ਦਿਨ ਨੂੰ ਪਵਿਤ੍ਰ ਜਾਣ ਕੇ ਚੇਤੇ ਰੱਖ, ਛੇ ਦਿਨ ਧੰਦਾ ਕਰ ਅਤੇ ਆਪਣਾ ਸਭ ਕੰਮ ਕਾਜ ਕਰ ਪਰ ਤੇਰੇ ਈਸ਼੍ਵਰ ਪ੍ਰਭੂ ਦੇ ਲਈ ਸੱਤਵਾਂ ਦਿਨ ਸਬਤ ਹੈ। ਇਸ ਵਿਚ ਕੋਈ ਕੰਮ ਨ ਕਰੇ ਕਿਉਂਕਿ ਪ੍ਰਭੂ ਨੇ ਅਕਾਸ਼, ਧਰਤੀ ਅਤੇ ਸਮੁੰਦ੍ਰ ਅਤੇ ਤਿਨਾਂ ਦੇ ਸਭਨਾ ਵਿਚਲਿਆਂ ਨੂੰ, ਛਿਆਂ ਦਿਨਾਂ ਵਿਚ ਬਣਾਇਆ ਅਤੇ ਸੱਤਵੇਂ ਦਿਨ ਵਿਸਰਾਮ ਕੀਤਾ। ਇਸ ਕਾਰਣ ਪ੍ਰਭੂ ਨੇ ਸਬਤ ਦੇ ਦਿਨ ਨੂੰ ਵਰ ਦਿਤਾ ਅਤੇ ਤਿਸ ਨੂੰ ਪਵਿਤ੍ਰ ਕੀਤਾ ਹੈ।

(੫) ਆਪਣੇ ਮਾ, ਪਿਉ ਦਾ ਆਦਰ ਕਰ ਤਾਂ ਤੇਰੀ ਆਰਜਾ ਉਸ ਧਰਤੀ ਉਪਰ ਜੋ ਤੇਰਾ ਪਰਮੇਸ਼ਰ ਪ੍ਰਭੂ ਤੈਨੂੰ ਦਿੰਦਾ ਹੈ, ਵਧ ਜਾਵੇ।

(੬) ਖੂਨ ਨ ਕਰ (੭) ਜਾਰੀ ਨ ਕਰ (੮) ਚੋਰੀ ਨ ਕਰ (੯) ਆਪਣੇ ਗੁਆਂਢੀ ਪਰ ਝੂਠੀ ਸਾਖੀ ਨ ਦੇਹ (੧੦) ਆਪਣੇ ਗੁਆਂਢੀ ਦੇ ਘਰ ਪੁਰ ਲੋਭ ਨ ਕਰ। ਆਪਣੀ ਗੁਆਂਢੀ ਦੀ ਤੀਮੀਂ, ਤਿਸਦੇ ਦਾਸ, ਦਾਸੀ, ਤਿਸਦੇ ਬੈਲ, ਗਧੇ ਸਗੋਂ ਆਪਣੇ ਗੁਆਂਢੀ ਦੀ ਕਿਸੇ ਚੀਜ਼ ਉਪਰ ਭੀ ਲੋਭ ਨ ਕਰ।

[ਵਿਵਸਥਾ ਦੇਣ ਦਾ ਬਰਨਨ—(1877) ਲੁਧਿਆਣਾ

(੧੩)

ਬਾਜ਼ਨਾਮਾ

'ਜਦ ਮੌਸਮ ਸਿਆਲ ਹੋਵੇ ਤਾਂ ਵਲਾਇਤਿ ਤੁਰਕਸਤਾਨ ਦੀ ਵਿਚ ਤਮਾਮ ਵਰਫ ਪੈਂਦੀ ਜਾਂਦੀ ਹੈ ...ਸੂਰਜ ਜੁ ਸੁੰਬਲੇ ਬੁਰਜ ਵਿਚ ਆਉਂਦਾ ਹੈ ਸੋ ਸੰਕਰਾਂਦ ਅਸੂ ਦੀ ਉਸੇ ਦਿਨ ਹੋਸ। ਉਸ ਦਿਨ ਬਾਜ਼ ਉਥੋਂ ਦੇ ਨਠਿ ਕੇ ਮੂਹੁ ਅਪਣਾ ਤਰਫਿ ਖਲਾਇਤਿ ਗਰਮੀ ਵਾਲੀ ਦੀ ਰਖਦੇ ਹੈਨਿ ਅਰੁ ਮੁਰਗਾਬੀਆਂ ਉਨ੍ਹਾਂ ਦੇ ਅਗੇ ਅਗੇ ਆਂਵਦੀਆ ਹੈਨ। ਜਦਿ ਖੁਰਾਸਾਨ ਹਦਿ ਵਿਚ ਆਮਦੇ ਹੈਨਿ ਤਾਂ ਬਹੁਤ ਚਕੋਰ ਆਦਿਕ ਜਾਨਦਰਾਂ ਦੀ ਖੁਰਾਕ ਕਰਦੇ ਹੈਨਿ। ਸ਼ਹਰ ਕੁਰਾਸਾਨ ਵਿਆਂ ਦੇ ਬਾਜ਼ ਰਹਾਇਸ਼ ਕਰਦੇ ਹੈਨਿ। ਉਸ ਜਾਗਾ ਤੇ ਮੌਸਮ ਗਰਮੀ ਤੇ ਬਿਨਾਂ ਆਇਆ ਆਪਣੇ ਮੁਲਖ ਨੂੰ ਨਹੀਂ ਜਾਂਦੇ। ਕੱਤਿਕ ਦੇ ਚੜ੍ਹਦੇ ਉਸ ਜਾਗ੍ਹਾ ਫਾਹੀਆਂ ਵਾਲੇ ਫਾਹੀਆਂ ਲਾਂਵਦੇ ਹੈਨਿ, ਬਹੁਤ ਬਾਜ਼ ਪਕੜਦੇ ਹੈਨ। ਉਨ੍ਹਾਂ ਮਕਾਨਾਂ, ਦਰਿਆ ਪਹਾੜਾਂ ਦੇ ਵਿਚ ਦਰਖਤ ਬਹੁਤ ਹੈਨਿ। ਬਾਜ਼ ਜੁ ਹੈ ਸੋ ਉਨ੍ਹਾਂ ਦਰਖਤਾਂ ਉਪਰਿ ਖੌਫ ਉਲੂਆਂ ਦੇ ਅਰੁ ਉਕਾਬਾਂ ਦੇ ਸੋ ਲੁਕਿ ਰਹਦੇ ਹੈਨਿ। [ਪੱਤਰਾ ੯

ਹਕੀਕਤਿ ਬਦਿਵਾਜ਼ ਦੀ—ਵੱਡਾ ਸਿਰ, ਮੱਖਾ ਰੰਗ, ਸਿਰ ਵਾਲ ਕੇ ਉਠੇ ਹੋਏ, ਸਬਜ਼ੀ ਨੇਹਾ ਦੀ ਬਹੁਤ, ਮੂੰਹ ਛੋਟਾ ਤੇ ਜ਼ਬਾਨ ਸੁਪੇਦ, ਹਲਕ ਤੰਗ, ਅਖੀਆਂ ਛੋਟੀਆਂ, ਭਵਾਂ ਸਪੈਦ ਤੇ ਨੱਕ ਦਾ ਸੁਰਾਕ ਛੋਟਾ ਤੇ ਸਖਤ, ਪੈਰਾਂ ਦਾ ਵਿਚ-ਕਾਹਾ ਤੰਗ, ਤੇ ਹਾਂਦਾ ਲੰਮੀਆਂ ਦੁੰਮ ਲੰਬੀ ਤੇ ਬਾਰੀਕ, ਆਵਾਜ਼ ਬੁਰੀ ਤੇ ਬਦਰੰਗ ਅਰ ਭਜਿ ਜਾਣੇ ਵਾਲਾ ਅਰ ਥੋੜਾ ਖਾਣੇ ਵਾਲਾ ਅਰ ਤਾਮਾ ਚਿਰਾਕਾ ਹਜ਼ਮ ਕਰਨੇ ਵਾਲਾ। ਐਸਾ ਜੋ ਬਾਜ਼ ਹੈ ਜਿਸ ਦਾ ਰਖਣਾ ਚੰਗਾ ਨਹੀਂ, ਉਹ ਬਦਸ਼ਗੂਨ ਹੁੰਦਾ ਹੈ।

ਸਿਫਤਿ ਬਾਜ਼ ਦੇ ਰੰਗ ਦੀ—ਐਬ ਅਰ ਹੁਨਰ ਇਸਕੇ, ਬਾਜ਼ ਜ਼ਰਦਾ ਰੰਗ ਦਾ ਤੰਦਰੁਸਤ ਹੁੰਦਾ ਹੈ ਤੇ ਖੋਊ ਹੋਰ ਨੇਕ ਹੁੰਦਾ ਹੈ ਪਰ ਛੋਟਾ ਸ਼ਿਕਾਰ ਪਕੜਦਾ ਹੈ। ਸਿਆਹ ਜ਼ਰਦੇ ਦਾ ਇਹ ਹੈ ਜੋ ਕਮਰ ਸਾਰ ਜਰਦੀ ਦੇ ਮਾਇਲ ਬਹੁਤ ਹੁੰਦੀ ਹੈ। ਅਰ ਖਤ ਸੀਨੇ ਦੇ ਬਹੁਤ ਸਿਆਹ ਹੁੰਦੇ ਹੈਨਿ ਅਰ ਕੁਸਾਦਾ ਬਾਜ਼ ਆਹੂ ਪਾਇ ਬਹੁਤ ਨੇਕ ਖੋਰਿ ਹੁੰਦਾ ਹੈ ਅਰ ਦਲੇਰ ਉਪਰਿ ਵਡਿਆਂ ਜਾਨਵਰਾਂ ਦੇ

ਹੁੰਦਾ ਹੈ। ਐਸਾ ਜੋ ਬਾਜ਼ ਹੈ ਸੋ ਮੁਬਾਰਕ ਹੁੰਦਾ ਹੈ। ਕਦੇ ਹੀ ਹਥਿ ਆਉਂਦਾ ਹੈ ਇਸ ਵਾਸਤੇ ਆਹੂ-ਪਾਇ ਨਾਮ ਇਸਕਾ ਹੈ। ਜੋ ਪਰਾਂ ਦੁੰਬ ਦਿਆਂ ਊਪਰਿ ਖਤ ਜਿਹੜੇ ਹੁੰਦੇ ਹੈਨਿ ਸੋ ਚੌੜੇ ਹੁੰਦੇ ਹੈਨ ਤੇ ਬਾਜ਼ ਸਬਜ਼ ਕਮਰ ਵਾਲਾ ਨੇਕ ਖੋਇ ਹੁੰਦਾ ਹੈ ਅਰ ਸ਼ਿਤਾਬ ਸਿਖਦਾ ਹੈ ਅਰ ਸ਼ਿਕਾਰ ਪਰ ਬਹੁਤ ਪਿਆਰ ਰਖਦਾ ਹੈ। ਉਹ ਸਭਨਾਂ ਬਾਜ਼ਾਂ ਤੇ ਚੰਗਾ ਹੁੰਦਾ ਹੈ ਪਰ ਤਬਾਅ ਉਸ ਕੀ ਬਹੁਤ ਨਾਜ਼ਕ ਹੁੰਦੀ ਹੈ। ਅਰ ਬਾਜ਼ ਜੋ ਸੁਰਖ ਹੈ ਸੋ ਸਬਜ਼ ਤੇ ਭੀ ਚੰਗਾ ਹੁੰਦਾ ਹੈ ਅਰ ਜ਼ੋਰ ਵਾਲਾ ਹੁੰਦਾ ਹੈ। ਸ਼ਿਕਾਰ ਮੁਰਗਾਬੀਆਂ ਵਡੀਆਂ ਦੇ ਉਪਰਿ ਬਹੁਤ ਹਿਰਸ ਰਖਦਾ ਹੈ ਅਰ ਦਲੇਰ ਹੁੰਦਾ ਹੈ। ਖੋਇ ਕਰੜੀ ਵਾਲਾ ਹੁੰਦਾ ਹੈ। ਅਰ ਇਕ ਬਾਜ਼ ਐਸਾ ਹੁੰਦਾ ਹੈ ਜੋ ਤਾਰਾਂ ਦਾ ਉਸ ਕੀਆਂ ਊਪਰਿ ਜੋ ਪਰ ਹੁੰਦੇ ਹੈਂ ਕਿਸਮੂੰ ਉਨ ਕਾ ਖਤ ਚੌੜਾ ਹੁੰਦਾ ਹੈ ਜੈਸੇ ਪਰ ਨਵੀਂ ਕੁਰੀਜ਼ ਵਾਲੇ ਦੇ ਹੁੰਦੇ ਹੈ। ਐਸਾ ਭੀ ਕਦੀ ਬਾਜ਼ ਹਥਿ ਲਗਦਾ ਹੈ। ਉਸ ਨੂੰ ਖ਼ਤਲਕ ਕਹਿੰਦੇ ਹੈਨਿ। ਪਰਾਂ ਦੇ ਖਤਾਂ ਕਰਕੇ, ਖੋਇ ਕਰੜੀ ਵਾਲਾ ਹੁੰਦਾ ਹੈ। ਉਹ ਵਡੇ ਜਾਨਵਰ ਦੇ ਸ਼ਿਕਾਰ ਪਰ ਦਿਲਾਵਰ ਹੁੰਦਾ ਹੈ। ਜੋ ਖਤਿਲਕਿ ਲਾਲਾ ਪਾਇ ਹੋਵੇ ਜੋ ਤਲੀਆਂ ਉਸ ਕੇ ਪੈਰ ਦੀਆਂ ਦੋਵੇਂ ਲਾਲ ਹੋਵਨਿ ਸੋ ਸਭਨਾਂ ਬਾਜ਼ਾਂ ਤੇ ਸਿਵਾ. ਉਹ ਭੀ ਚੰਗੇ ਕੰਮ ਕਰਨ ਵਾਲਾ ਹੁੰਦਾ ਹੈ। ਅਰ ਜੋਹੜਾ ਸਿਆਹ ਬਾਜ਼ ਹੈ, ਸੋ ਇਨਾਂ ਨਾਲੋਂ ਚੰਗਾ ਹੁੰਦਾ ਹੈ ਤੇ ਵਡਾ ਮਰਦ ਤੇ ਦਿਲਾਵਰੁ। ਅਰ ਤੰਦਰੁਸਤ ਹੁੰਦਾ ਹੈ ਅਰੁ ਉਡਦਾ ਬਹੁਤ ਹੈ ਐਪਰ ਦਿਲ ਦਾ ਤੰਗ, ਕਰੜੀ ਖੋਇ ਵਾਲਾ ਤੇ ਨਹਿ ਵਾਲਾ ਹੁੰਦਾ ਹੈ। ਬਾਜ਼ਦਾਰ ਉਸਕਾ ਹਲੀਮੀ ਤੇ ਸਬਰ ਵਾਲਾ ਚਾਹੀਦਾ ਹੈ ਜੋ ਠਹਿਰਕੇ ਕੰਮ ਕਰੇ। ਜੋ ਬਾਜ਼ ਸੁਪੈਦ ਤੇ ਲਾਲ ਕਮਰ ਵਾਲਾ ਹੋਵੇ। ਸੋ ਸਿਖਿਆਕਾਰ ਤੇ ਅਸੀਲ ਹੁੰਦਾ ਹੈ। ਅਰ ਬਾਜ਼ ਸਬਜ਼ ਪਿਠ ਦਾ ਹੈ ਸੁ ਦਰਮਿਆਨਾ ਹੁੰਦਾ ਹੈ। ਬਾਜ਼ ਸੁਪੈਦ ਜੋ ਮਾਂ ਬਾਪ ਉਸ ਕੇ ਕਪੂਰੀ ਤੇ ਸੁਪੈਦ ਜੋ ਪਰਾਂ ਉਸਦਿਆਂ ਉਤੇ ਕੋਈ ਨਿਸ਼ਾਨੀ ਨ ਹੋਵੇ। ਐਸਾ ਸੁਪੈਦ ਹੋਵੇ ਅਰ ਸੁਰਖ ਅਖੀਆਂ ਤੇ ਪੈਰ ਸਬਜ਼ ਹੋਨ ਤੇ ਮਨਸਰ ਯਾਨੇ ਚੁੰਜ ਦਾ ਮੁੱਢ ਬਹੁਤ ਸਬਜ਼ ਹੋਵੇ ਐਸੇ ਬਾਜ਼ ਨੂੰ ਸ਼ਾਹਬਾਜ਼ ਕਹੀਦਾ ਹੈ। ਮਾਵਰਨ ਨਹਿਰ ਦੀ ਜ਼ਬਾਨ ਵਿਚ ਉਸ ਨੂੰ ਲਾਜਰਦੀ ਕਹਿੰਦੇ ਹਨ। ਜਿਤਨਾ ਕੁ ਉਸ ਦਾ ਕੱਦ ਹੁੰਦਾ ਹੈ ਤਿਤਨਾ ਹੀ ਬਾਜ਼ ਚੰਗਾ ਹੁੰਦਾ ਹੈ। ਬਹੁਤ ਦਿਲਾਵਰ ਤੇ ਜਾਬਰ ਹੁੰਦਾ ਹੈ। ਐਸਾ ਬਾਜ਼ ਕਦੇ ਹੀ ਹੱਥ ਲਗਦਾ ਹੈ।

(ਪੱਤਰਾ ੧੧-੧੨; ਸੈ. ਪ. ਲਾ. ਖਰੜਾ ਨੰ: 641)

(੧੪)

ਦਸਤੂਰੁਲ ਇਲਾਜ

ਫ਼ਸਲ ਪਹਿਲੀ ਤਦਬੀਰ ਹਵਾ ਦੀ। ਚਾਹੀਦਾ ਹੈ ਜਾਣਿਆ ਜੁ ਆਦਮੀ ਨੋ ਕੋਈ ਚੀਜ਼ ਹਵਾ ਥੋਂ ਨੇੜੇ ਨਹੀਂ ਤੇ ਹਵਾ ਨਾਲੂੰ ਪੌਣ ਦਾ ਹੈ। ਵਾਸਤੇ ਇਸਦੇ ਸਰੀਰ ਦੀ ਕਾਇਮੀ ਤ੍ਰਿਹੁੰ ਕੂਵਤਾਂ ਨਾਲਿ ਹੁੰਦੀ ਹੈ। ਪਹਿਲੀ ਤਬਈ, ਜਿਹੜੀ ਸੁਭਾਵਕ ਹੈ, ਦੂਸਰੀ ਹੈਵਾਨੀ ਜਿਹੜਾ ਸਾਹ ਅੰਦਰਿ ਬਾਹਰਿ ਆਂਵਦਾ ਹੈ, ਤੀਸਰੀ ਨਫਸਾਨੀ ਜੈਸੇ ਹਿਲਣਾ ਜੁਲਣਾ ਪਰ ਇਹ ਤ੍ਰਿਨੇ ਕੂੱਵਤਾਂ ਅਪਣੇ ਆਪ ਕਿਸ ਬਾਤ ਨੋ ਸਮਰਥ ਨਹੀਂ, ਰੂਹ ਦੀ ਮੱਦਤ ਕਰਕੇ ਸਮਰਥ ਹੁੰਦੀਆਂ ਹਨ। ਰੂਹ ਦਾ ਮੂਲ ਹਵਾ ਹੈ ਜਿਸਨੂੰ ਸਾਹਿ ਨਾਲ ਆਦਮੀ ਅੰਦਰਿ ਖਿਚਦਾ ਹੈ ਉਹ ਤਾਂ ਹਵਾ ਗਰਮ ਤਰ ਹੈ। ਪਰ ਇਹ ਜੇਹੜੀ ਹਵਾ ਨੇੜੇ ਸਾਡੇ ਹੈ ਤਾਂ ਮਿਜਾਜ਼ ਰੂਹ ਦੀ ਤੇ ਅੰਦਰਲੀ ਦੇ ਜੇਹੜੀ ਅਗਨਿ ਹੈ ਤਿਸਦੇ ਲੇਖੇ ਸਰਦੀ ਹੈ। ਜਿਹੜੀ ਹਵਾ ਸਾਹ ਨਾਲ ਅੰਦਰ ਪਹੁੰਚਦੀ ਹੈ, ਰੂਹ ਨੂੰ ਮਿਲਾਕੇ ਗਰਮ ਹੋ ਜਾਂਦੀ ਹੈ ਅਰ ਜਿਸ ਵੇਲੇ ਹਵਾ ਤਾਜ਼ੀ ਰੂਹ ਨੂੰ ਪਹੁੰਚਦੀ ਹੈ, ਤਾਂ ਖੁਸ਼ੀ ਬੜੀ ਹੁੰਦੀ ਹੈ। ਪਰ ਸਮਝਿਆ ਚਾਹੀਦਾ ਹੈ, ਇਹ ਜੇਹੜੀ ਹਵਾ ਸਾਨੂੰ ਪਹੁੰਚਦੀ ਹੈ, ਸਿਰਫ ਹਵਾ ਨਹੀਂ, ਧੂੰਏ ਨਾਲੋਂ ਹੋਰ ਕੇਈਆਂ ਬੁਖਾਰਾਂ ਨਾਲਿ ਮਿਲੀ ਹੋਈ ਹੈ ਤੇ ਹਰ ਇਕ ਬੁਖਾਰ ਆਪੋ ਆਪਣੀ ਤੌਸੀਰ ਰਖਦਾ ਹੈ ਤੈ ਸੇਈ ਬਰਸ ਦੇ ਚੌਹਾਂ ਫਸਲਾਂ ਵਿਚ ਭੀ ਹਵਾ ਫਿਰ ਜਾਂਦੀ ਹੈ ਤਾਂ ਸਬੱਬ ਦੁਖ ਦਾ ਹੁੰਦਾ ਹੈ ਤੇ ਭਲੀ ਉਹ ਹੈ ਜਿਹੜੀ ਨਿਰੀ ਹਵਾ ਹੋਵੇ ਤੇ ਦੁਖ ਦਾ ਕਾਰਣ ਏਹ ਹੈ ਜੇਹੜੀ ਦਰਯਾਉ ਦੀ, ਹੋਰ ਪਾਣੀਆਂ ਦੀ, ਬੁਖਾਰ ਖੇਤੀਆਂ ਦੇ ਜੰਗਲਾਂ ਦੇ ਘਾਹਾਂ ਤੇ ਮਾਤਿਆਂ ਦਰਖਤਾਂ ਨੂੰ ਵੱਟ ਕੇ ਆਵੇ। ਜੈਸੇ ਅਖਰੋਟ, ਅੰਜੀਰ ਹਿਦਵਾਣਾ ਹੋਰ ਸਾਗ ਜੈਸੇ ਕਰਮ ਹਰਵਾਈ, ਲਸਨ, ਗੰਢਾ, ਹਾਲੋਂ ਦੀ ਬੋਂ ਤੇ, ਰੂੜੀ ਦੀ ਬੋਂ, ਚੂਨੇ ਦੀ ਬੋਂ ਤੇ, ਹੋਰ ਬਦਬੋਆਂ। ਤਾਂਤੇ ਬੁਧਿਵਾਨ ਨੂੰ ਚਾਹੀਦਾ ਹੈ ਇਨ੍ਹਾਂ ਥੋਂ ਦੂਰ ਰਹੇ ਤੇ ਨਿਰੀ ਗਰਮ ਹਵਾ ਸਰੀਰ ਨੂੰ ਮਾੜਾ ਕਰਦੀ ਹੈ ਤੇ ਸਰਦ ਹਵਾ ਮਨੁਖ ਨਰੋਏ ਨੂੰ ਚੰਗੀ ਹੈ ਅਤੇ ਹਵਾ ਤਰ ਮਨੁਖ ਮਾੜੇ ਨੂੰ ਨਵਾਂ ਕਰਦੀ ਹੈ।

[ਹਥ-ਲਿਖਤ ਖਰੜਾ, ਮੋਤੀ ਲਾਇਬ੍ਰੇਰੀ (ਪੱਤਰਾ ੧)

(੧੫)

ਖੈਰੁਲ ਤਜਾਰਬ

'ਅਬ ਖੈਰੁਲ ਤਜਾਰਬ ਯੂਨਾਨੀ ਬੈਦਿਕ ਗ੍ਰੰਥ ਲਿਖਯਤੇ, ਫ਼ਾਰਸੀ ਤੇ ਭਾਖਾ ਕੀਤੀ।' ਇਸਦੇ ਅਖੀਰ ਇਉਂ ਦਰਜ ਹੈ—

ਅਬ ਨਾਮ ਵਜ਼ਨ ਦਾਰੂਆਂ ਕੇ ਬਰਨਨੰ।
ਸੁਰਖ ਰੱਤੀ ਨੂੰ ਕਹਿੰਦੇ ਹਨ, ਹਬ ਭੀ ਰੱਤੀ ਨੂੰ ਕਹਿੰਦੇ ਹੈਨ।
ਕੀਰਾਤ ਤਿੰਨ ਰੱਤੀਆਂ ਕਾ, ਔਕੀਆ ਢਾਈ ਮਾਸੇ ਕਾ
ਸੇਰ ਇਕ ਤੋਲੇ ਕਾ, ਤੋਲਾ ਬਾਰਾਂ ਮਾਸੇ ਕਾ, ਮਣ ਚੌਵੀ ਤੋਲੇ ਕਾ.
ਰੱਤਲ ਅੱਧ ਸੇਰ ਕੋ ਕਹਤੇ ਹੈਂ।
ਹੋਰੁ ਤੋਲ ਵਜ਼ਨ ਦਵਾਈਆਂ ਕਾ ਕਹਤਾ ਹਾਂ :—

ਅੱਠੀਂ ਖਸਖਸੀਂ ਇਕ ਤਿਲੁ, ਅੱਠੀਂ ਤਿਲੀਂ ਇਕ ਚਾਵਲੁ, ਅਠੀਂ ਚਾਵਲੀਂ ਇਕ ਰੱਤੀ, ਅਠੀ ਰਤੀ ਇਕ ਮਾਸ਼ਾ, ਬਾਰੀ ਮਾਸੀਂ ਇਕੁ ਤੋਲਾ, ਸਾਢੇ ਚਉ ਮਾਸਿਆਂ ਕਾ ਇਕ ਮਿਸਕਾਲ, ਸਾਢੇ ਤਿਉਂ ਮਾਸਿਆਂ ਕਾ ਇਕੁ ਦਿਰਮ, ਚਉਂ ਰੱਤੀਆਂ ਕਾ ਇਕ ਤਾਕ, ਚਾਰ ਮਾਸ਼ੇ ਕਾ ਇਕ ਟੰਕੁ, ਚੌਦਿਆਂ ਮਾਸਿਆਂ ਕਾ ਇਕ ਫਲਸੁ, ਛੇਇਆਂ ਮਾਸਿਆਂ ਕਾ ਇਕੁ ਦਾਮੁ, ਤਿਹੁੰ ਰੱਤੀਆਂ ਕਾ ਇਕ ਬਲੁ, ਦਸਾਂ ਮਾਸਿਆਂ ਕਾ ਇਕੁ ਕਰਖੁ, ਚਹੁੰ ਕਰਖਾਂ ਕਾ ਇਕ ਪਲ, ਇਕ ਪਲ ਕੀਆਂ ਦੋ ਸਰਸਾਹੀਆਂ, ਅੱਠਾਂ ਸਰਸਾਹੀਆਂ ਕਾ ਇਕੁ ਕੁੜਵਾ, ਚਹੁੰ ਕੁੜਵਾ ਕਾ ਇਕ ਪ੍ਰਸਥ, ਚਹੁੰ ਪ੍ਰਸਥਾਂ ਕਾ ਇਕੁ ਮਾੜਕ, ਚਹੁੰ ਮਾੜਕਾਂ ਕਾ ਇਕ ਦ੍ਰੋਣ, ਚਾਰ ਦ੍ਰੋਣ ਕੀ ਇਕ ਗੋਣੀ, ਚਾਰ ਗੋਣੀ ਕੀ ਇਕ ਖਾਰੀ, ਸਉ ਪਲ ਕੀ ਇਕੁ ਤੁਲਾ। ਏਕ ਗ੍ਰੰਥ ਮੈਂ ਲਿਖਯਾ ਹੈ ਜੁ ਕਰਖ ਸੋਲਾਂ ਮਾਸਿਆਂ ਕੋ ਭੀ ਕਹਤੇ ਹੈਂ। [ਪੱਤਰਾ ੧੨੧

(ਹੱਥ ਲਿਖਤ ਖਰੜਾ, ਮੇਰੀ ਲਾਇਬ੍ਰੇਰੀ)

। ਇਤੀ।

ਨਿਊ ਪਟਿਆਲਾ ਪ੍ਰਿੰਟਰਜ਼, ਗੁਰੂ ਨਾਨਕ ਨਗਰ, ਟੀ.ਬੀ. ਹਸਪਤਾਲ ਰੋਡ ਪਟਿਆਲਾ

ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕਾਵਲੀ

ਪੰਜਾਬੀ ਸਾਹਿਤ ਦੀ ਰੂਪਰੇਖਾ 10।)
ਪੰਜਾਬੀ ਬੋਲੀ ਦਾ ਇਤਿਹਾਸ 15)
ਗੁਰਮੁਖੀ ਲਿਪੀ ਦਾ ਇਤਿਹਾਸ 3)
ਕਲਮ ਦੇ ਧਨੀ [ਦੋ ਭਾਗ] 15)
ਪੰਜ ਦਰਿਆ 5)
ਪੰਜਾਬੀ ਬਾਰਾਂਮਾਹੇ 20)
ਪੰਜਾਬੀ ਵਾਰਾਂ 20)
ਪੰਜਾਬੀ ਮਾਝਾਂ 5)
ਪੰਜਾਬੀ ਸੱਦਾਂ 10)
ਪੰਜਾਬੀ ਝਗੜੇ 10)
ਪੰਜਾਬੀ ਕਿੱਸੇ 10)
ਮਾਲਵੇ ਦੇ ਸੰਤ ਕਵੀ 10)
ਵਾਰਸ ਸ਼ਾਹ 10)
ਹਾਸ਼ਮ ਰਚਨਾਵਲੀ 6)
ਹੁਸੈਨ ਰਚਨਾਵਲੀ 5)
ਸਾਈਂ ਬੁੱਲ੍ਹੇ ਸ਼ਾਹ 5)
ਬਾਬਾ ਸਾਧੂ ਰਤਨ 7॥)
ਦਰਸ਼ਨ ਭਗਤ 3) ਬਾਬਾ ਵਜੀਦ 3)
ਮਹਾਂ ਕਵੀ ਸੰਤੋਖ ਸਿੰਘ 3)
ਸਾਧੂ ਈਸ਼ਰਦਾਸ 5)
ਬਚਨ ਸਾਈਂ ਲੋਕਾਂ ਦੇ 6)
ਪੰਜਾਬੀ ਰਚਨਾਵਲੀ 10)

ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ 4)
ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ 20)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ 30)
ਗੁਰੂ ਨਾਨਕ ਜਿਨ ਸੁਣਿਆ ਪੇਖਿਆ 5)
ਖ਼ਾਲਸੁ ਸਾਹਿਬ ਏਵ ਕਹਤ ਹੈ 5)
ਆਦਿ ਗ੍ਰੰਥ ਦਰਸ਼ਨ 5)
ਦਸਮ ਗ੍ਰੰਥ ਦਰਸ਼ਨ 5)
ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 3)
ਚਾਰ ਸਾਹਿਬਜ਼ਾਦੇ 4)
ਗੋਬਿੰਦ ਸਾਗਰ 5)
ਸਾਡੇ ਗੁਰਦੇਵ 6)
ਗੁਰਬਾਣੀ ਕੋਸ਼ 5)
ਸੰਖੇਪ ਸਿੱਖ ਇਤਿਹਾਸ 20)
ਪ੍ਰਸਿੱਧ ਪੰਜਾਬੀ 5)
ਪੰਜਾਬੀ ਮਹਾਰਾਜਾ 3) ਪੁਸ਼ਪਾਂਜਲੀ 5)
ਹਿੰਦੁਸਤਾਨੀ ਕਲਾ 6)
ਹਿੰਦੁਸਤਾਨੀ ਕਵੀ 6)
ਹਿੰਦੁਸਤਾਨੀ ਕਵਿਤਾ 7॥)
ਪ੍ਰਾਚੀਨ ਪੰਜਾਬੀ ਗੱਦ 13)
ਪੰਜਾਬੀ ਡਾਇਰੈਕਟਰੀ 3)
ਬੋਲੇ ਸ਼ੇਖ ਫਰੀਦ 6)

ਕਲਮ ਮੰਦਿਰ, ਲੋਇਰ ਮਾਲ, ਪਟਿਆਲਾ।